



Tanya's BEAUTY SALON
$40 $20
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA NY 11435 TEL : 718-297-1019
85-03 ROOSEVELT AVE., JACKSON HEIGHTS NY 11373 TEL : 718-205-7832
We Specialize for Bridal & Henna

Ad Space Available
Call: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 32, August 8, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


# 'ਆਪ' ਵਾਲੀ ਥਾਂ ਮੱਲਣ ਲਈ ਨਿੱਤਰਿਆ ਯਾਦਵ ਧੜਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਆਮ ਆਦਮੀ ਪਾਰਟੀ (ਆਪ) ਵਿਚੋਂ ਛੇਕੇ ਗਏ ਲੀਡਰ ਯੋਗੇਂਦਰ ਯਾਦਵ ਨੇ ਆਪਣੇ 'ਸਵਰਾਜ ਅਭਿਆਨ' ਤਹਿਤ ਪੰਜਾਬ ਦੀ ਸਿਆਸਤ ਵਿਚ ਦਸਤਕ ਦੇ ਦਿੱਤੀ ਹੈ। ਯਾਦਵ ਧੜੇ ਨੇ ਪੰਜਾਬ ਵਿਚ 'ਜੈ ਕਿਸਾਨ ਅੰਦੋਲਨ' ਦੇ ਨਾਅਰੇ ਹੇਠ ਸਰਗਰਮੀਆਂ ਵਿੱਢੀਆਂ ਹਨ। ਉਹ ਭਾਵੇਂ ਦਾਅਵਾ ਕਰ ਰਹੇ ਹਨ ਕਿ ਸਵਰਾਜ ਅਭਿਆਨ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਉਹ ਕਦੇ ਵੀ ਇਸ ਨੂੰ ਸਿਆਸੀ ਰੰਗਤ ਨਹੀਂ ਦੇਣਗੇ ਪਰ ਉਨ੍ਹਾਂ ਇਹ ਵੀ ਖੁਲਾਸਾ ਕੀਤਾ ਹੈ ਕਿ 'ਆਪ' ਵਿਚ ਹੁਣ ਕਿਸੇ ਵੇਲੇ ਵੀ ਬਗਾਵਤ ਹੋ ਸਕਦੀ ਹੈ ਤੇ ਹਾਈਕਮਾਨ ਦੀਆਂ ਨੀਤੀਆਂ ਤੋਂ ਅੱਕੇ ਵੱਡੀ ਗਿਣਤੀ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ।

ਦੱਸਣਯੋਗ ਹੈ ਕਿ ਯਾਦਵ ਧੜੇ ਨੇ ਇਕ ਅਗਸਤ ਤੋਂ ਟਰੈਕਟਰ ਯਾਤਰਾ ਸ਼ੁਰੂ ਕੀਤੀ ਹੈ। 10 ਦਿਨਾਂ ਦੀ ਇਹ ਯਾਤਰਾ ਹਰਿਆਣਾ ਤੋਂ ਹੁੰਦੀ ਹੋਈ ਨੌਂ ਅਗਸਤ ਨੂੰ ਦਿੱਲੀ ਪੁੱਜੇਗੀ, ਜਿਥੇ 10 ਅਗਸਤ ਨੂੰ ਪਾਰਲੀਮੈਂਟ ਮੂਹਰੇ ਕਿਸਾਨਾਂ ਦਾ ਇਕੱਠ ਹੋਵੇਗਾ। ਇਸ ਇਕੱਠ ਨੂੰ ਮਿਲੇ ਹੁੰਗਾਰੇ ਪਿੱਛੋਂ ਹੀ ਸ੍ਰੀ ਯਾਦਵ ਵੱਲੋਂ ਸਿਆਸੀ ਪਾਰਟੀ ਦੇ ਐਲਾਨ ਬਾਰੇ ਫੈਸਲਾ ਕਰਨ ਦੀ ਸੰਭਾਵਨਾ ਹੈ। ਇਸੇ ਦੌਰਾਨ ਫਤਹਿਗੜ੍ਹ ਸਾਹਿਬ ਤੋਂ 'ਆਪ' ਦੇ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ, ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਅਤੇ ਪਾਰਟੀ ਵਿਚੋਂ ਕੱਢੇ ਗਏ ਪੰਜਾਬ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਡਾ. ਦਲਜੀਤ ਸਿੰਘ ਨੇ ਸ੍ਰੀ ਯਾਦਵ ਨੂੰ ਸਮਰਥਨ ਦਾ ਐਲਾਨ ਕੀਤਾ ਹੈ।

ਸ੍ਰੀ ਯਾਦਵ ਨੇ ਦੋਸ਼ ਲਾਇਆ ਹੈ ਕਿ ਪੰਜਾਬ ਵਿਚ ਵੀ ਦਿੱਲੀ ਦਰਬਾਰ ਦੀ ਰਾਜਨੀਤੀ ਚੱਲ ਰਹੀ ਹੈ ਜੋ ਇਥੇ ਬਿਲਕੁਲ ਹੀ ਕਾਮਯਾਬ ਨਹੀਂ ਹੋਵੇਗੀ। ਦਿੱਲੀ ਦੀ ਰਾਜਨੀਤੀ ਹਰਿਆਣਾ ਤੱਕ ਹੀ ਚੱਲ ਸਕਦੀ ਹੈ, ਪਰ ਪੰਜਾਬ ਵਿਚ ਇਹ ਤਰੀਕਾ ਬਿਲਕੁਲ ਗ਼ਲਤ ਹੈ।

ਦੱਸਣਯੋਗ ਹੈ ਕਿ 'ਆਪ' ਦੇ ਪੰਜਾਬ ਦੇ ਵੱਡੀ ਗਿਣਤੀ ਸੀਨੀਅਰ ਆਗੂ ਸੂਬੇ ਵਿਚ ਨਵੇਂ ਜਥੇਬੰਧਕ ਢਾਂਚੇ ਵਿਰੁਧ ਆਵਾਜ਼ ਬੁਲੰਦ ਕਰ ਚੁੱਕੇ ਹਨ। ਪੰਜਾਬ ਵਿਚ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੋਂ ਲੈ ਕੇ ਪਾਰਟੀ ਦੇ ਕੌਮੀ ਆਗੂਆਂ ਸੰਜੇ ਸਿੰਘ ਤੇ ਅਰਵਿੰਦ ਕੇਜਰੀਵਾਲ ਉਤੇ ਉਂਗਲਾਂ ਉਠਾਈਆਂ ਜਾ ਰਹੀਆਂ ਹਨ। ਇਸੇ ਵਿਰੋਧ ਕਰ ਕੇ ਡਾ. ਦਲਜੀਤ ਸਿੰਘ ਨੂੰ ਪੰਜਾਬ ਕਾਰਜਕਾਰਨੀ ਕਮੇਟੀ ਦੇ ਮੈਂਬਰ ਤੇ ਜ਼ਾਬਤਾ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਹੱਥ ਧੋਣੇ ਪਏ ਹਨ। ਯਾਦਵ, 'ਆਪ' ਆਗੂਆਂ ਦੀ ਇਸ ਬਗਾਵਤ ਦਾ ਫਾਇਦਾ ਚੁੱਕਣ ਦੀ ਤਾਕ ਵਿਚ ਹੈ ਤੇ 'ਸਵਰਾਜ ਅਭਿਆਨ' ਨੂੰ ਮਿਲੇ ਹੁੰਗਾਰੇ ਪਿੱਛੋਂ ਸਿਆਸੀ ਪਾਰਟੀ ਦਾ ਐਲਾਨ ਕੀਤਾ ਜਾਵੇਗਾ।



## 'ਆਪ' ਬਾਰੇ ਹੋਣਗੇ ਅਹਿਮ ਖੁਲਾਸੇ

**ਚੰਡੀਗੜ੍ਹ:** ਯੋਗੇਂਦਰ ਯਾਦਵ ਨੇ ਕਿਹਾ ਹੈ ਕਿ ਉਹ 11 ਅਗਸਤ ਨੂੰ ਦਿੱਲੀ ਵਿਚ ਆਮ ਆਦਮੀ ਪਾਰਟੀ ਬਾਰੇ ਅਹਿਮ ਖ਼ੁਲਾਸੇ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਾਂਗ ਹੁਣ ਕੇਜਰੀਵਾਲ ਵੀ ਪੰਜਾਬ ਦੀ ਸਿਆਸਤ ਨੂੰ ਦਿੱਲੀ ਤੋਂ ਚਲਾਉਣ ਦੀ ਭੁੱਲ ਕਰ ਰਹੇ ਹਨ, ਇਸੇ ਲਈ 'ਆਪ' ਦੀ ਪੰਜਾਬ ਇਕਾਈ ਵਿਚ ਨਿੱਤ-ਦਿਨ ਫੁੱਟ ਦੀਆਂ ਸੁਰਾਂ ਉਠ ਰਹੀਆਂ ਹਨ। ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਚਾਰ ਸੰਸਦ ਮੈਂਬਰ ਦੇ ਕੇ ਪਾਰਟੀ ਦੀ ਪੂਰੇ ਭਾਰਤ ਵਿਚ ਇੱਜ਼ਤ ਬਚਾਈ ਸੀ, ਪਰ ਹੁਣ ਤੱਕ 'ਆਪ' ਲੀਡਰਸ਼ਿਪ ਨੇ ਪੰਜਾਬ ਲਈ ਕੋਈ ਖ਼ਾਸ ਕੰਮ ਨਹੀਂ ਕੀਤਾ।

## 'ਆਪ' ਆਗੂਆਂ ਵੱਲੋਂ ਕਾਨੂੰਨੀ ਜ਼ੋਰ ਅਜ਼ਮਾਈ


**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਇਕ-ਦੂਜੇ ਵਿਰੁਧ ਕਾਨੂੰਨੀ ਲੜਾਈ ਸ਼ੁਰੂ ਕਰ ਦਿੱਤੀ ਹੈ। 'ਆਪ' ਦੇ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੇ ਪਾਰਟੀ ਦੇ ਪੰਜਾਬ ਇਕਾਈ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਨੂੰ ਕਾਨੂੰਨੀ ਨੋਟਿਸ ਭੇਜ ਕੇ ਮੁਆਫ਼ੀ ਮੰਗਣ ਲਈ ਆਖਿਆ ਹੈ। ਦੂਜੇ ਪਾਸੇ ਸ੍ਰੀ ਸ਼ੇਰਗਿੱਲ ਨੇ ਮੁਆਫ਼ੀ ਮੰਗਣ ਤੋਂ ਇਨਕਾਰ ਕਰਦਿਆਂ ਖ਼ਾਲਸਾ ਨੂੰ ਉਨ੍ਹਾਂ (ਸ਼ੇਰਗਿੱਲ) ਵਿਰੁਧ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਾਇਰ ਕਰਨ ਦੀ ਚੁਣੌਤੀ ਦਿੱਤੀ ਹੈ। ਖ਼ਾਲਸਾ ਨੇ ਆਪਣੇ ਵਕੀਲ ਰਾਹੀਂ ਸ੍ਰੀ ਸ਼ੇਰਗਿੱਲ ਨੂੰ ਕਾਨੂੰਨੀ ਨੋਟਿਸ ਭੇਜ ਕੇ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਉਤੇ ਬਾਦਲਾਂ ਕੋਲੋਂ ਮੋਟੀ ਰਕਮ ਲੈ ਕੇ ਵਿਕੇ ਹੋਣ ਦੇ ਲਾਏ ਦੋਸ਼ ਤੁਰੰਤ ਸਾਬਤ ਕੀਤੇ ਜਾਣ ਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਮੁਆਫ਼ੀ ਮੰਗੀ ਜਾਵੇ। ਦੱਸਣਯੋਗ ਹੈ ਕਿ ਸ੍ਰੀ ਸ਼ੇਰਗਿੱਲ ਨੇ ਦੋਸ਼ ਲਾਏ ਸਨ ਕਿ ਖ਼ਾਲਸਾ ਨੇ ਬਾਦਲਾਂ ਕੋਲੋਂ ਪੈਸੇ ਲੈ ਕੇ 'ਆਪ' ਨੂੰ ਤੋੜਨ ਦੀ ਸਾਜ਼ਿਸ਼ ਘੜੀ ਹੈ।






## ਅਕਾਲੀ-ਭਾਜਪਾ ਗੱਠਜੋੜ 'ਤੇ ਫਿਰ ਖਤਰੇ ਦੇ ਬੱਦਲ

**ਚੰਡੀਗੜ੍ਹ:** ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਵੱਲੋਂ ਮੋਰਚਾ ਖੋਲ੍ਹਣ ਮਗਰੋਂ ਇਕ ਵਾਰ ਮੁੜ ਭਾਜਪਾ-ਅਕਾਲੀ ਦਲ ਦੇ ਰਿਸ਼ਤਿਆਂ ਨੂੰ ਲੈ ਕੇ ਚਰਚਾ ਛਿੜ ਗਈ ਹੈ। ਬੀਬੀ ਸਿੱਧੂ ਨੇ ਐਲਾਨ ਕਰ ਦਿੱਤਾ ਹੈ ਕਿ ਜੇ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ-ਭਾਜਪਾ ਗੱਠਜੋੜ ਕਾਇਮ ਰਿਹਾ ਤਾਂ ਉਹ ਪਾਰਟੀ ਛੱਡ ਦੇਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀਆਂ ਦਾ ਸਮਝੌਤਾ ਕੇਂਦਰੀ ਲੀਡਰਸ਼ਿਪ ਨਾਲ ਹੈ ਜਦਕਿ ਪੰਜਾਬ ਵਿਚ ਭਾਜਪਾ ਵਰਕਰਾਂ ਵਿਚ ਅਕਾਲੀ ਦਲ ਖ਼ਿਲਾਫ਼ ਗੁੱਸੇ ਦੀ ਲਹਿਰ ਹੈ।



ਕਾਬਲੇਗੌਰ ਹੈ ਕਿ ਪੰਜਾਬ ਭਾਜਪਾ ਦੀ ਬਹੁਤੀ ਲੀਡਰਸ਼ਿਪ ਤੇ ਹੇਠਲਾ ਕੇਡਰ ਅਕਾਲੀ ਦਲ ਨਾਲੋਂ ਵੱਖ ਹੋਣ ਦੇ ਹੱਕ ਵਿਚ ਹੈ ਪਰ ਹਾਈਕਮਾਨ ਇਸ ਬਾਰੇ ਦੋਚਿੱਤੀ ਵਿਚ ਹੈ। ਇਸ ਦੇ ਦੋ ਕਾਰਨ ਹਨ- ਪਹਿਲਾ ਇਹ ਕਿ ਭਾਜਪਾ ਦਾ ਸਿਰਫ ਸ਼ਹਿਰਾਂ ਵਿਚ ਆਧਾਰ ਹੈ ਤੇ ਲੱਖ ਕੋਸ਼ਿਸ਼ਾਂ ਮਗਰੋਂ ਵੀ ਪਿੰਡਾਂ ਵਿਚ ਉਸ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਦੂਜਾ ਇਹ ਕਿ ਗੱਠਜੋੜ ਟੁੱਟਣ ਮਗਰੋਂ ਹਿੰਦੂ-ਸਿੱਖ ਵੋਟਰਾਂ ਦਾ ਧਰੁਵੀਕਰਨ ਹੋਏਗਾ। ਇਸ ਨਾਲ ਪੰਜਾਬ ਵਿਚ ਪਹਿਲਾਂ ਹੀ ਸੁਲਗਦੀ ਅੱਗ ਭਾਂਬੜ ਬਣ ਸਕਦੀ ਹੈ। ਇਸ ਲਈ ਭਾਜਪਾ ਅਜੇ ਤੱਕ ਇਹ ਖੇਡ ਖੇਡਣ ਤੋਂ ਕਤਰਾ ਰਹੀ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ, ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਤੇ ਮੁੱਖ ਸੰਸਦੀ

(ਬਾਕੀ ਸਫਾ 6 'ਤੇ)



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
Limited Time Offer. Restrictions & Additional Fees Apply.
800.914.1013 • 408.659.9400

# ਗਿੱਕੀ ਹੱਤਿਆ ਕਾਂਡ ਦੇ ਚਾਰ ਦੋਸ਼ੀਆਂ ਨੂੰ ਉਮਰ ਕੈਦ

**ਗੁਰਦਾਸਪੁਰ:** ਅਦਾਲਤ ਨੇ ਜਲੰਧਰ ਦੇ ਬਹੁਚਰਚਿਤ ਗਿੱਕੀ ਹੱਤਿਆ ਕਾਂਡ ਵਿਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਗੌਰਤਲਬ ਹੈ ਕਿ 20 ਅਪਰੈਲ 2011 ਦੀ ਰਾਤ ਨੂੰ ਜਲੰਧਰ ਦੇ ਮਾਡਲ ਟਾਊਨ ਸਥਿਤ ਬਾਬਾ ਰਸੋਈ ਢਾਬੇ ਨੇੜੇ ਸੇਖੋਂ ਗਰੈਂਡ ਹੋਟਲ ਦੇ ਮਾਲਕ ਰਾਜਬੀਰ ਸਿੰਘ ਸੇਖੋਂ ਦੇ ਲੜਕੇ ਗੁਰਕੀਰਤ ਸਿੰਘ ਸੇਖੋਂ ਉਰਫ਼ ਗਿੱਕੀ (31) ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਹੱਤਿਆ ਕਾਂਡ ਕਾਰਨ ਕਾਫ਼ੀ ਹੰਗਾਮਾ ਹੋਇਆ ਸੀ ਤੇ ਲੋਕ ਸੜਕਾਂ ਉੱਤੇ ਨਿਕਲ ਆਏ ਸਨ।

ਪੁਲਿਸ ਨੇ ਗੁਰਕੀਰਤ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਦੇ ਬਿਆਨਾਂ ਉੱਤੇ ਅਮਰਦੀਪ ਸਿੰਘ ਉਰਫ਼ ਸੰਨੀ, ਕਪੂਰਥਲਾ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਰਬਜੀਤ ਸਿੰਘ ਮੱਕੜ ਦੇ ਭਤੀਜੇ ਰਾਮ ਸਿਮਰਨ ਸਿੰਘ ਮੱਕੜ, ਜਸਦੀਪ ਸਿੰਘ ਉਰਫ਼ ਜੱਸ ਤੇ ਪ੍ਰਿੰਸ ਨਰੂਲਾ ਖ਼ਿਲਾਫ਼ 21 ਅਪਰੈਲ 2011 ਨੂੰ ਕੇਸ ਦਰਜ ਕੀਤਾ ਸੀ। ਕੇਸ ਦੀ ਸੁਣਵਾਈ ਸ਼ੁਰੂ ਵਿਚ ਜਲੰਧਰ ਦੀ ਅਦਾਲਤ ਵਿਚ ਚੱਲੀ ਪਰ ਤਕਰੀਬਨ ਸੱਤ ਮਹੀਨੇ ਪਹਿਲਾਂ ਪੀੜਤ ਪਰਿਵਾਰ ਦੀ ਮੰਗ ਉੱਤੇ ਕੇਸ ਨੂੰ ਜਲੰਧਰ ਤੋਂ ਗੁਰਦਾਸਪੁਰ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ। ਗਿੱਕੀ ਸੇਖੋਂ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਨੇ ਕਿਹਾ ਕਿ ਉਹ ਇਸ ਵਿਰੁੱਧ ਹਾਈ ਕੋਰਟ ਵਿਚ ਰਿੱਟ ਦਾਇਰ ਕਰਨਗੇ ਕਿਉਂਕਿ ਦੋਸ਼ੀਆਂ ਨੂੰ ਅਦਾਲਤ ਨੇ ਧਾਰਾ 302 ਦੀ ਬਜਾਏ ਧਾਰਾ 304 ਤਹਿਤ ਸਜ਼ਾ ਸੁਣਾਈ। ਉਨ੍ਹਾਂ ਦੋਸ਼ ਲਾਇਆ ਕਿ ਸਾਰੇ ਕੇਸ ਦੀ ਸੁਣਵਾਈ ਜਦੋਂ ਸਹੀ ਢੰਗ ਨਾਲ ਚੱਲ ਰਹੀ ਸੀ ਤਾਂ ਡੀ.ਐਸ.ਪੀ. ਨੇ ਜਾਂਚ ਵਿਚ ਦਖ਼ਲ ਦਿੰਦਿਆਂ ਦੋਸ਼ੀਆਂ ਦਾ ਬਚਾਅ ਕਰਨ ਵਾਲੇ ਬਿਆਨ ਦਰਜ ਕਰਵਾਏ।

## ਸ਼੍ਰੋਮਣੀ ਕਮੇਟੀ ਮੁੜ ਸ਼ੁਰੂ ਕਰੇਗੀ ਭਗਤ ਪੂਰਨ ਸਿੰਘ ਐਵਾਰਡ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ 'ਭਗਤ ਪੂਰਨ ਸਿੰਘ ਐਵਾਰਡ' ਮੁੜ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਕੁਝ ਸਮਾਂ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਰਹੂਮ ਭਗਤ ਪੂਰਨ ਸਿੰਘ ਨੂੰ ਭਾਰਤ ਰਤਨ ਐਵਾਰਡ ਨਾਲ ਸਨਮਾਨਤ ਕੀਤਾ ਜਾਵੇ।

ਜਥੇਦਾਰ ਨੇ ਭਗਤ ਪੂਰਨ ਸਿੰਘ ਦੇ ਜੀਵਨ ਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਉਤੇ ਵੀ ਚਾਨਣਾ ਪਾਇਆ। ਸ਼੍ਰੋਮਣੀ ਕਮੇਟੀ ਵੱਲੋਂ ਹਰ ਵਰ੍ਹੇ ਸੰਸਥਾ ਨੂੰ ਦਿੱਤੀ ਜਾਂਦੀ ਦਸ ਲੱਖ ਰੁਪਏ ਦੀ ਮਾਇਕ ਮਦਦ ਵਿਚ ਵਾਧਾ ਕਰਦੇ ਹੋਏ ਪੰਦਰਾਂ ਲੱਖ ਰੁਪਏ ਸਾਲਾਨਾ ਦੇਣ ਦਾ ਫੈਸਲਾ ਕੀਤਾ ਹੈ।

# ਓਂਕਾਰ ਸਿੰਘ ਜਲਾਲਪੁਰ ਨੂੰ ਡੂੰਘਾ ਸਦਮਾ: ਨੌਜਵਾਨ ਭਤੀਜੇ ਦੀ ਮੌਤ

**ਨਿਊ ਯਾਰਕ (ਬਿਊਰੋ):** ਪੰਜਾਬ ਦੇ ਆਈ ਜੀ (ਜੇਲ੍ਹ) ਸ. ਜਗਜੀਤ ਸਿੰਘ, ਅਵਤਾਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਖਜ਼ਾਨਚੀ ਤੇ ਸਥਾਨਕ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸਾਬਕਾ ਮੀਤ ਪ੍ਰਧਾਨ ਓਂਕਾਰ ਸਿੰਘ ਜਲਾਲਪੁਰ 'ਤੇ ਉਸ ਸਮੇਂ ਕਹਿਰ ਢਹਿ ਪਿਆ ਜਦੋਂ ਇੰਡੀਆ ਰਹਿੰਦੇ ਉਨ੍ਹਾਂ ਦੇ ਨੌਜਵਾਨ ਹੋਣਹਾਰ ਭਤੀਜੇ ਅਰਸ਼ਦੀਪ ਸਿੰਘ ਮੁਲਤਾਨੀ ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਸਿਰਫ 23 ਸਾਲਾਂ ਦਾ ਸੀ।

ਇਸ ਪਰਿਵਾਰ 'ਤੇ ਇਹ ਪਹਿਲਾ ਕਹਿਰ ਨਹੀਂ, ਅਜੇ ਛੇ ਮਹੀਨੇ ਪਹਿਲਾਂ ਹੀ ਅਰਸ਼ਦੀਪ ਦੇ ਪਿਤਾ ਇੰਸਪੈਕਟਰ ਵਿਰਿੰਦਰ ਸਿੰਘ ਪਿੰਡ ਜਲਾਲਪੁਰ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਚਲਾਣੇ ਦੇ ਇਕ ਘੰਟੇ ਦੇ ਅੰਦਰ ਹੀ ਉਨ੍ਹਾਂ ਦੀ ਭੈਣ ਅੰਮ੍ਰਿਤ ਕੌਰ ਨੂੰ ਦਿਲ ਦਾ ਦੌਰਾ ਪਿਆ ਅਤੇ ਉਸ ਦੀ ਵੀ ਮੌਤ ਹੋ ਗਈ।

ਅਰਸ਼ਦੀਪ ਨੇ ਅਜੇ ਕੁਝ ਸਮਾਂ ਪਹਿਲਾਂ ਹੀ ਅੰਮ੍ਰਿਤਸਰ ਤੋਂ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਸੀ ਅਤੇ ਉਹ ਨੌਕਰੀ ਦੀ ਤਲਾਸ਼ ਕਰ ਰਿਹਾ ਸੀ। ਪੰਜਾਂ ਭਰਾਵਾਂ ਵਿਚੋਂ ਸਭ ਤੋਂ ਛੋਟੇ ਓਂਕਾਰ ਸਿੰਘ ਜਲਾਲਪੁਰ ਆਪਣੇ ਭੈਣ-ਭਰਾ ਅਤੇ ਭਤੀਜੇ ਦੀ ਮੌਤ ਦੀ ਖਬਰ ਸੁਣ ਕੇ



ਅਰਸ਼ਦੀਪ ਸਿੰਘ ਮੁਲਤਾਨੀ

ਡੂੰਘੇ ਸਦਮੇ ਵਿਚ ਹਨ। ਉਨ੍ਹਾਂ ਨਾਲ ਸੰਪਰਕ ਫੋਨ 917-690-3905 ਰਾਹੀਂ ਕੀਤਾ ਜਾ ਸਕਦਾ ਹੈ।

# ਹਿੰਦੂ ਸੁਰੱਖਿਆ ਸਮਿਤੀ ਦੇ ਆਗੂ ਦੀ ਹੱਤਿਆ

**ਫਤਹਿਗੜ੍ਹ ਸਾਹਿਬ:** ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਪੰਜਾਬ ਦੇ ਇੰਚਾਰਜ ਮੁਨੀਸ਼ ਸੂਦ ਉਰਫ ਬੰਟੀ ਦੀ ਉਸ ਦੇ ਹੀ ਗੰਨਮੈਨ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਵਾਰਦਾਤ ਸਮੇਂ ਸੂਦ ਆਪਣੇ ਘਰ ਵਿਚ ਹੀ ਸੀ। ਪੁਲਿਸ ਮੁਤਾਬਕ ਗੰਨਮੈਨ ਵੱਲੋਂ ਸੂਦ ਉੱਪਰ 16 ਗੋਲੀਆਂ ਦਾਗੀਆਂ ਗਈਆਂ ਤੇ ਉਸ ਦੀ ਮੌਕੇ ਉੱਪਰ ਹੀ ਮੌਤ ਹੋ ਗਈ।

ਹਿੰਦੂ ਸੁਰੱਖਿਆ ਸਮਿਤੀ ਦੇ ਕੌਮੀ ਪ੍ਰਧਾਨ ਪੰਚਾਨੰਦ ਗਿਰੀ ਨੇ ਕਿਹਾ ਹੈ ਕਿ ਮੁਨੀਸ਼ ਸੂਦ ਮੁੱਢੋਂ ਹੀ ਅਤਿਵਾਦ ਦਾ ਵਿਰੋਧ ਕਰਦਾ ਆ ਰਿਹਾ ਸੀ ਤੇ ਉਸ ਨੇ 11 ਨਵੰਬਰ 2011 ਨੂੰ ਚੰਡੀਗੜ੍ਹ ਵਿਚ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਸੀ, ਉਦੋਂ ਤੋਂ ਉਨ੍ਹਾਂ ਨੂੰ ਖਾਲਿਸਤਾਨੀਆਂ ਵੱਲੋਂ ਧਮਕੀ ਭਰੇ ਫੋਨ ਆ ਰਹੇ ਸਨ। ਸ੍ਰੀ ਸੂਦ ਉਪਰ ਪਹਿਲਾਂ ਵੀ ਦੋ ਵਾਰ ਹਮਲਾ ਹੋ ਚੁੱਕਾ ਹੈ। ਵਾਰਦਾਤ ਤੋਂ ਪਹਿਲਾਂ ਦੁਪਹਿਰ ਵੇਲੇ ਮੁਨੀਸ਼ ਨੂੰ ਧਮਕੀ ਭਰੇ ਫੋਨ ਆਏ ਸਨ, ਜਿਸ ਬਾਰੇ ਉਹ ਏ.ਡੀ.ਜੀ.ਪੀ. ਨੂੰ ਚੰਡੀਗੜ੍ਹ ਵਿਚ ਮਿਲਣ ਗਏ ਸਨ। ਹਾਲਾਂਕਿ ਉਨ੍ਹਾਂ ਦੀ ਮੁਲਾਕਾਤ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਪੁਲਿਸ ਦੀ ਕਾਰਜਗੁਜ਼ਾਰੀ ਵੀ ਸ਼ੱਕ ਦੇ ਘੇਰੇ ਵਿਚ ਆਉਂਦੀ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨੀਆਂ ਵੱਲੋਂ ਵੱਡੇ ਤੜਕੇ ਹੀ ਯੂ-ਟਿਊਬ ਉਪਰ ਇਹ ਟਿੱਪਣੀ ਪਾਈ ਗਈ ਹੈ ਕਿ ਉਨ੍ਹਾਂ ਮੁਨੀਸ਼ ਸੂਦ ਨੂੰ ਮਾਰ ਕੇ ਬਦਲਾ ਲੈ ਲਿਆ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਗਰਮਦਲੀ ਸਿੱਖ ਜਥੇਬੰਦੀਆਂ ਦੇ ਇਸ਼ਾਰੇ ਉਪਰ ਕੀਤਾ ਗਿਆ ਕਤਲ ਹੈ।

## ਚੌਟਾਲਾ ਪਿਉ-ਪੁੱਤ ਨਾ ਮਿਲੀ ਰਾਹਤ

**ਨਵੀਂ ਦਿੱਲੀ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਦੇ ਆਗੂ ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਪੁੱਤਰ ਅਜੈ ਸਿੰਘ ਚੌਟਾਲਾ ਨੂੰ ਸੁਪਰੀਮ ਕੋਰਟ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਹੈ।

ਜੇ.ਬੀ.ਟੀ. ਭਰਤੀ ਘੁਟਾਲੇ ਦੇ ਮਾਮਲੇ ਵਿਚ ਦਿੱਲੀ ਹਾਈ ਕੋਰਟ ਵੱਲੋਂ ਸੁਣਾਈ ਗਈ 10 ਸਾਲ ਦੀ ਸਜ਼ਾ ਖ਼ਿਲਾਫ਼ ਪਾਈ ਅਪੀਲ ਨੂੰ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ। ਉਂਜ ਅਦਾਲਤ ਨੇ ਕਿਹਾ ਹੈ ਕਿ ਦੋਸ਼ੀ ਸਿਹਤ ਦੇ ਆਧਾਰ ਉਤੇ ਪੈਰੋਲ ਲੈਣ ਲਈ ਹਾਈ ਕੋਰਟ ਦਾ ਰੁਖ਼ ਕਰ ਸਕਦੇ ਹਨ। ਬੈਂਚ ਨੇ 80 ਵਰ੍ਹਿਆਂ ਦੇ ਸ੍ਰੀ ਚੌਟਾਲਾ ਤੇ ਹੋਰਾਂ ਦੀ ਪਟੀਸ਼ਨ ਉਤੇ ਸੀ.ਬੀ.ਆਈ. ਨੂੰ ਵੀ ਨੋਟਿਸ ਜਾਰੀ ਨਹੀਂ ਕੀਤਾ ਤੇ ਕਿਹਾ ਕਿ ਹਾਈ ਕੋਰਟ ਦਾ ਫ਼ੈਸਲਾ ਤਰਕ ਦੇ ਆਧਾਰ ਉਤੇ ਹੈ।

# ਬੰਦੀ ਸਿੱਖਾਂ ਦੀ ਰਿਹਾਈ ਲਈ ਦਿੱਲੀ ਵਿਚ ਧਰਨਾ

**ਨਵੀਂ ਦਿੱਲੀ:** ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਨੂੰ ਲੈ ਕੇ ਵੱਖ-ਵੱਖ ਜਥੇਬੰਦੀਆਂ ਨੇ ਜੰਤਰ ਮੰਤਰ ਵਿਖੇ ਇੱਕਠ ਰਾਹੀਂ ਬਾਪੂ ਸੂਰਤ ਸਿੰਘ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕੀਤੀ ਤੇ ਬੰਦੀ ਸਿੱਖਾਂ ਦੀ ਰਿਹਾਈ ਤੱਕ ਇਸ ਸੰਘਰਸ਼ ਨੂੰ ਲਗਾਤਾਰ ਜਾਰੀ ਰੱਖਣ ਦਾ ਐਲਾਨ ਕੀਤਾ।

ਬੁਲਾਰਿਆਂ ਨੇ ਇਕਜੁਟਤਾ ਨਾਲ ਬੰਦੀ ਸਿੱਖਾਂ ਦੀ ਰਿਹਾਈ ਦੇ ਮੁੱਦੇ ਉਤੇ ਸੰਸਦ ਵਿਚ ਚਰਚਾ ਕਰਵਾਉਣ ਦੀ ਮੰਗ ਕੀਤੀ। ਇਸ ਸਮੇਂ ਸਵਾਲ ਕੀਤਾ ਗਿਆ ਕਿ ਟਾਡਾ ਕਾਨੂੰਨ ਖਤਮ ਕਰ ਦਿੱਤਾ ਗਿਆ ਹੈ ਤਾਂ ਫਿਰ ਟਾਡਾ ਤਹਿਤ ਹੋਈ ਸਿੱਖਾਂ ਦੀ ਨਜ਼ਰਬੰਦੀ ਨੂੰ ਖਤਮ ਕਿਉਂ ਨਹੀਂ ਕੀਤਾ ਜਾ ਰਿਹਾ। ਇਸ ਕੌਮੀ ਇੱਕਠ ਵਿਚ ਸ਼ਾਮਲ ਹੋਣ ਤੋਂ ਬਾਦਲ ਦਲ ਤੇ ਦਿੱਲੀ ਕਮੇਟੀ ਨੇ ਦੂਰੀ ਬਣਾਈ ਰੱਖੀ। ਸਿੱਖਾਂ ਨੇ ਇਸ ਗੱਲ ਉਤੇ ਨਾਰਾਜ਼ਗੀ ਜਤਾਈ ਕਿ ਜੰਤਰ ਮੰਤਰ ਜਾਣ ਤੋਂ ਪਹਿਲਾਂ ਸਿੱਖਾਂ ਦੇ ਇੱਕਠ ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਅਰਦਾਸ ਕੀਤੀ ਗਈ ਤਾਂ ਦਿੱਲੀ ਕਮੇਟੀ ਦੇ ਪ੍ਰਬੰਧਕ ਉਥੇ ਹੀ ਲੱਖੀਸ਼ਾਹ ਵਣਜਾਰਾ ਹਾਲ ਵਿਚ ਚੱਲ ਰਹੇ ਇਕ ਪ੍ਰੋਗਰਾਮ ਵਿਚ ਮੌਜੂਦ ਹੋਣ ਦੇ ਬਾਵਜੂਦ ਇਸ ਸੰਘਰਸ਼ ਦੀ ਹਮਾਇਤ ਵਿਚ ਸ਼ਾਮਲ ਨਹੀਂ ਹੋਏ।

ਧਰਨੇ ਦੌਰਾਨ ਜੇਲ੍ਹ ਵਿਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਦਾ ਪੱਤਰ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿਚ ਬਾਪੂ ਸੂਰਤ ਸਿੰਘ ਦੇ ਸੰਘਰਸ਼ ਦੀ ਸ਼ਲਾਘਾ ਕਰਦੇ ਹੋਏ ਕੌਮੀ ਮੁੱਦਿਆਂ ਬਾਰੇ ਸਿੱਖ ਕੌਮ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ ਗਈ ਸੀ। ਇਸ ਦੌਰਾਨ ਕੁਝ ਸਿੱਖਾਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਮਾਰੇ ਗਏ।

## ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਨਹੀਂ ਰਹੇ

**ਜਲੰਧਰ:** ਸਾਬਕਾ ਮੰਤਰੀ ਤੇ ਕਾਂਗਰਸ ਪਾਰਟੀ ਵਿਚ ਦਲਿਤਾਂ ਦੇ ਸੀਨੀਅਰ ਆਗੂ ਦੇ ਤੌਰ ਉਤੇ ਜਾਣੇ ਜਾਂਦੇ ਚੌਧਰੀ ਜਗਜੀਤ ਸਿੰਘ (81) ਦਾ ਦੇਹਾਂਤ ਹੋ ਗਿਆ। ਪਿੰਡ ਧਾਲੀਵਾਲ



ਕਾਦੀਆਂ ਵਿਚ ਆਪਣੀ ਰਿਹਾਇਸ਼ ਉਤੇ ਸਵੇਰ ਦੀ ਸੈਰ ਦੌਰਾਨ ਉਨ੍ਹਾਂ ਨੇ ਛਾਤੀ ਵਿਚ ਦਰਦ ਮਹਿਸੂਸ ਕੀਤਾ ਤੇ ਤੁਰੰਤ ਉਨ੍ਹਾਂ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਦੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਚੌਧਰੀ ਜਗਜੀਤ ਸਿੰਘ ਦੇ ਛੋਟੇ ਭਰਾ ਚੌਧਰੀ ਸੰਤੋਖ ਸਿੰਘ ਜਲੰਧਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਹਨ। ਚੌਧਰੀ ਜਗਜੀਤ ਸਿੰਘ ਦੇ ਪਿਤਾ ਮਾਸਟਰ ਗੁਰਬੰਤਾ ਸਿੰਘ ਆਜ਼ਾਦੀ ਤੋਂ ਪਹਿਲਾਂ ਕਾਂਗਰਸ ਦੇ ਸਰਗਰਮ ਆਗੂ ਰਹੇ ਤੇ ਆਜ਼ਾਦੀ ਤੋਂ ਬਾਅਦ ਉਹ ਪੰਜਾਬ ਦੇ ਮੰਤਰੀ ਵੀ ਰਹੇ ਸਨ। ਚੌਧਰੀ ਜਗਜੀਤ ਸਿੰਘ ਨੇ ਪਹਿਲੀ ਵਿਧਾਨ ਸਭਾ ਚੋਣ ਉਨ੍ਹਾਂ ਨੇ 1980 ਵਿਚ ਕਰਤਾਰਪੁਰ ਤੋਂ ਲੜੀ ਸੀ। ਇਸ ਜਿੱਤ ਤੋਂ ਬਾਅਦ ਚੌਧਰੀ ਜਗਜੀਤ ਸਿੰਘ 2002 ਤੱਕ ਲਗਾਤਾਰ ਪੰਜ ਵਾਰ ਵਿਧਾਨ ਸਭਾ ਦੀ ਚੋਣ ਜਿੱਤੇ।

# ਕੈਪਟਨ ਵੱਲੋਂ ਹਕੂਮਤ ਵਿਰੋਧੀ ਲਹਿਰ ਦਾ ਫਾਇਦਾ ਚੁੱਕਣ ਦਾ ਸੱਦਾ

**ਰਾਮਪੁਰਾ ਫੂਲ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਲਵੇ ਦੀ ਧਰਤੀ ਤੋਂ 'ਮਿਸ਼ਨ 2017' ਦਾ ਮੁੱਢ ਕਿਸਾਨੀ ਏਜੰਡੇ ਨਾਲ ਬੰਨ੍ਹਿਆ। ਉਨ੍ਹਾਂ ਐਲਾਨ ਕੀਤਾ ਕਿ ਕਾਂਗਰਸ ਦੀ ਸਰਕਾਰ ਬਣਨ ਉਤੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰਹੇਗੀ। ਉਨ੍ਹਾਂ ਕਿਸਾਨਾਂ ਨੂੰ ਪੁਰਾਣੇ ਦਿਨ ਚੇਤੇ ਕਰਾਏ ਕਿ ਕਿਵੇਂ ਕਾਂਗਰਸੀ ਰਾਜ ਭਾਗ ਸਮੇਂ ਬੀਟੀ ਬੀਜਾਂ ਨੇ ਕਿਸਾਨਾਂ ਨੂੰ ਪੈਰਾਂ ਸਿਰ ਕੀਤਾ ਸੀ। ਕਦੇ ਕਿਸਾਨਾਂ ਨੂੰ ਫ਼ਸਲ ਵੇਚਣ ਲਈ ਮੰਡੀਆਂ ਵਿਚ ਰਾਤ ਨਹੀਂ ਕੱਟਣੀ ਪਈ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਮਾਝੇ ਤੇ ਦੋਆਬੇ ਮਗਰੋਂ ਮਾਲਵਾ ਖਿੱਤੇ ਵਿਚ ਆਪਣੀ ਸੰਪਰਕ ਯਾਤਰਾ ਦੀ ਸ਼ੁਰੂਆਤ ਰਾਮਪੁਰਾ ਦੀ ਦਾਣਾ ਮੰਡੀ ਵਿਚ ਸਿਆਸੀ ਰੈਲੀ ਕਰ ਕੇ ਕੀਤੀ। ਉਨ੍ਹਾਂ ਪਾਣੀਆਂ ਦਾ ਸਮਝੌਤਾ ਰੱਦ ਕਰਨ ਸਮੇਤ ਕਿਸਾਨਾਂ ਨਾਲ ਜੁੜੇ ਮਸਲਿਆਂ ਨੂੰ ਮੁੱਖ ਤੌਰ ਉਤੇ ਉਭਾਰਿਆ। ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਨੇ ਆਖਿਆ ਕਿ ਅਕਾਲੀ ਸਰਕਾਰ ਦੇ ਪੰਥਕ ਏਜੰਡੇ ਕਾਰਨ ਪੰਜਾਬ ਵਿਚ ਅਸਥਿਰਤਾ ਦਾ ਮਾਹੌਲ ਬਣਿਆ, ਜਿਸ ਦਾ ਲਾਹਾ ਵਿਰੋਧੀ ਤਾਕਤਾਂ ਨੇ ਦੀਨਾਨਗਰ ਵਿਚ ਹਮਲਾ ਕਰ ਕੇ ਲਿਆ। ਉਨ੍ਹਾਂ ਆਖਿਆ ਕਿ ਭਾਜਪਾ ਨੂੰ ਆਪਣੇ ਸਿਆਸੀ ਭਾਈਵਾਲ ਨੂੰ ਇਸ ਮਾਮਲੇ ਉਤੇ ਕਾਬੂ ਕਰਨਾ ਚਾਹੀਦਾ ਹੈ। ਉਨ੍ਹਾਂ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਦੇ ਸਟੈਂਡ ਦੀ ਸ਼ਲਾਘਾ ਕੀਤੀ। ਕੈਪਟਨ ਨੇ ਆਖਿਆ ਕਿ ਪੰਜਾਬ ਵਿਚ ਸ਼ਾਂਤੀ ਕਾਇਮ ਰਹਿਣੀ ਚਾਹੀਦੀ ਹੈ ਪਰ ਗਠਜੋੜ ਸਰਕਾਰ ਦੀ ਕਮਜ਼ੋਰੀ ਕਾਰਨ ਦੇਸ਼ ਵਿਰੋਧੀ ਤਾਕਤਾਂ ਨੂੰ ਮੌਕਾ ਮਿਲਿਆ ਹੈ। ਪੰਜਾਬ ਵਿਚ ਹਕੂਮਤ ਵਿਰੋਧੀ ਜ਼ਬਰਦਸਤ ਲਹਿਰ ਚੱਲ ਰਹੀ ਹੈ ਤੇ ਲੋਕ ਤਬਦੀਲੀ ਚਾਹੁੰਦੇ ਹਨ। ਉਨ੍ਹਾਂ ਆਪਣੇ ਭਾਸ਼ਣ ਵਿਚ ਵਾਰ-ਵਾਰ ਵਿਰਸਾ ਸਿੰਘ ਵਲਟੋਹਾ, ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਸੁੱਚਾ ਸਿੰਘ ਲੰਗਾਹ ਨੂੰ ਨਿਸ਼ਾਨੇ ਉਤੇ ਰੱਖਿਆ ਤੇ ਨਾਲੋਂ ਨਾਲ ਚਿਤਾਵਨੀ ਵੀ ਦਿੱਤੀ।

## ਲਿਬੀਆ ਵਿਚ ਅਗਵਾ ਭਾਰਤੀਆਂ ਬਾਰੇ ਭੇਤ ਬਰਕਰਾਰ

**ਨਵੀਂ ਦਿੱਲੀ:** ਲਿਬੀਆ ਵਿਚ ਇਸਲਾਮਿਕ ਸਟੇਟ ਦੇ ਜਹਾਦੀਆਂ ਵੱਲੋਂ ਅਗ਼ਵਾ ਕੀਤੇ ਗਏ ਭਾਰਤੀ ਅਧਿਆਪਕਾਂ ਬਾਰੇ ਭੇਤ ਬਰਕਰਾਰ ਹੈ। ਇਨ੍ਹਾਂ ਨੂੰ ਤ੍ਰਿਪੋਲੀ ਤੋਂ ਭਾਰਤ ਪਰਤਣ ਸਮੇਂ 29 ਜੁਲਾਈ ਨੂੰ ਅਗ਼ਵਾ ਕੀਤਾ ਗਿਆ ਸੀ। ਚਾਰ ਅਧਿਆਪਕਾਂ ਵਿਚ ਦੋ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦਾਅਵਾ ਕੀਤਾ ਹੈ ਕਿ ਲਿਬੀਆ ਵਿਚ ਅਗ਼ਵਾ ਚਾਰ ਭਾਰਤੀਆਂ ਵਿਚੋਂ ਲਕਸ਼ਮੀ ਕਾਂਤ ਤੇ ਵਿਜੈ ਕੁਮਾਰ ਨੂੰ ਸੁਰੱਖਿਅਤ ਰਿਹਾਅ ਕਰਾਉਣ ਵਿਚ ਕਾਮਯਾਬੀ ਮਿਲੀ ਹੈ ਤੇ ਬਾਕੀ ਦੋ ਦੀ ਰਿਹਾਈ ਲਈ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਿਕਾਸ ਸਵਰੂਪ ਨੇ ਕਿਹਾ ਕਿ ਦੋ ਭਾਰਤੀਆਂ ਨੂੰ ਸਿਰਤੇ ਯੂਨੀਵਰਸਿਟੀ ਵਿਚ ਸੁਰੱਖਿਅਤ ਲਿਆਂਦਾ ਗਿਆ ਹੈ। ਇਸ ਦਾ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਨੂੰ ਛੁਡਵਾਇਆ ਕਿਵੇਂ ਗਿਆ ਹੈ।

# ਸਾਢੇ ਤਿੰਨ ਸਾਲਾਂ ਦੌਰਾਨ ਡੇਢ ਲੱਖ ਤੋਂ ਵੱਧ ਬੱਚੇ ਲਾਪਤਾ

**ਲੁਧਿਆਣਾ:** ਦੇਸ਼ ਭਰ ਵਿਚੋਂ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਗੁੰਮ ਹੋਏ ਇਕ ਲੱਖ 53 ਹਜ਼ਾਰ 265 ਬੱਚਿਆਂ ਵਿਚੋਂ 60468 ਅਜੇ ਵੀ ਲਾਪਤਾ ਹੀ ਹਨ, ਜਦਕਿ ਇਸ ਦੌਰਾਨ ਲੱਭੇ ਗਏ 92797 ਬੱਚਿਆਂ ਵਿਚੋਂ ਵੀ ਸਿਰਫ 62474 ਹੀ ਮੁੜ ਪਰਿਵਾਰਾਂ ਨੂੰ ਮਿਲ ਸਕੇ। ਬੱਚਿਆਂ ਨੂੰ ਮੁੜ ਪਰਿਵਾਰਾਂ ਨਾਲ ਮਿਲਾਉਣ ਦੇ ਵੱਡੇ ਯਤਨ ਵਜੋਂ ਕੇਂਦਰ ਸਰਕਾਰ ਨੇ ਪਿਛਲੇ ਮਹੀਨੇ 'ਖੋਇਆ-ਪਾਇਆ' ਨਾਂ ਦੀ ਇਕ ਵਿਸ਼ੇਸ਼ ਵੈੱਬਸਾਈਟ ਸ਼ੁਰੂ ਕੀਤੀ ਹੈ, ਜਿਸ ਉਤੇ ਇਕ ਮਹੀਨੇ ਵਿਚ 1500 ਗੁੰਮ ਬੱਚਿਆਂ ਦੇ ਮਾਮਲੇ ਦਰਜ ਕੀਤੇ ਗਏ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਬੱਚਿਆਂ ਦੀ ਤਸਕਰੀ ਰੋਕਣ ਦੇ ਯਤਨਾਂ ਦੌਰਾਨ ਪਿਛਲੇ ਤਿੰਨ ਸਾਲਾਂ ਦੌਰਾਨ 9100 ਬੱਚਿਆਂ ਨੂੰ ਵੱਖ-ਵੱਖ ਗਰੋਹਾਂ ਦੇ ਕਬਜ਼ੇ ਵਿਚੋਂ ਮੁਕਤ ਕਰਵਾਇਆ ਗਿਆ ਹੈ। ਰੇਲਵੇ ਪੁਲਿਸ ਤੇ ਆਰ.ਪੀ.ਐਫ਼ ਨੇ ਇਨ੍ਹਾਂ ਤਿੰਨ ਸਾਲਾਂ ਦੌਰਾਨ ਰੇਲ ਗੱਡੀਆਂ ਤੇ ਰੇਲਵੇ ਸਟੇਸ਼ਨਾਂ ਤੋਂ ਮਿਲੇ 1400 ਤੋਂ ਵੱਧ ਬੱਚਿਆਂ ਨੂੰ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਦੇ ਹਵਾਲੇ ਕੀਤਾ ਹੈ। ਚਿਲਡਰਨ ਹੋਮ ਬਣਾਉਣ ਲਈ ਗ੍ਰਾਂਟ ਵੀ 50 ਬੱਚਿਆਂ ਦੇ ਹੋਮ ਵਾਸਤੇ 77.61 ਲੱਖ ਤੋਂ ਵਧਾ ਕੇ 1.29 ਕਰੋੜ ਰੁਪਏ ਕਰ ਦਿੱਤੀ ਗਈ ਹੈ।

## ਭੂਮੀ ਗ੍ਰਹਿਣ ਬਿੱਲ ਬਾਰੇ ਮੋਦੀ ਸਰਕਾਰ ਦੀ ਯੂ-ਟਰਨ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਭੂਮੀ ਗ੍ਰਹਿਣ ਬਿੱਲ ਬਾਰੇ ਸੰਸਦੀ ਕਮੇਟੀ ਦੀਆਂ ਸਿਫਾਰਸ਼ਾਂ ਮੰਨਣ ਲਈ ਤਿਆਰ ਹੋ ਗਈ ਹੈ। ਇਸ ਨਾਲ ਯੂ.ਪੀ.ਏ ਸਰਕਾਰ ਵੱਲੋਂ ਬਿੱਲ ਵਿਚ ਕੀਤੀਆਂ ਵਿਵਸਥਾਵਾਂ ਜਿਹੜੀਆਂ ਮੋਦੀ ਸਰਕਾਰ ਹਟਾਉਣਾ ਚਾਹੁੰਦੀ ਸੀ, ਦੇ ਲਾਗੂ ਹੋਣ ਦਾ ਰਾਹ ਪੱਧਰਾ ਹੋ ਸਕਦਾ ਹੈ। ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਕਰਨ ਦਾ ਮਤਲਬ ਝੁਕਣਾ ਨਹੀਂ ਸਗੋਂ ਸਰਬਸਮਿਤੀ ਨਾਲ ਅੱਗੇ ਵਧਣਾ ਹੈ।




# 26/11: ਪਾਕਿਸਤਾਨ ਵਿਚ ਹੀ ਰਚੀ ਗਈ ਸੀ ਸਾਜ਼ਿਸ਼

**ਇਸਲਾਮਾਬਾਦ (ਬਿਊਰੋ):** ਪਾਕਿਸਤਾਨ ਦੀ ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐਫ. ਆਈ. ਏ.) ਦੇ ਸਾਬਕਾ ਡੀ.ਜੀ. ਤਾਰਿਕ ਖੋਸਾ ਨੇ ਕਿਹਾ ਹੈ ਕਿ ਮੁੰਬਈ ਹਮਲੇ ਵਿਚ ਪਾਕਿਸਤਾਨ ਦੀ ਗਲਤੀ ਦੇ ਸ਼ੁਰੂਆਤੀ ਸਬੂਤ ਹਨ। ਪਾਕਿਸਤਾਨੀ ਸਰਕਾਰ ਨੂੰ ਇਹ ਸੱਚ ਮੰਨ ਲੈਣਾ ਚਾਹੀਦਾ ਹੈ। ਖੋਸਾ ਦੀ ਅਗਵਾਈ ਵਿਚ ਪਾਕਿ ਸਰਕਾਰ ਨੇ ਮੁੰਬਈ ਹਮਲੇ ਦੀ ਜਾਂਚ ਕਰਵਾਈ ਸੀ।

ਅੰਗਰੇਜ਼ੀ ਅਖਬਾਰ 'ਡਾਨ' ਵਿਚ ਛਪੇ ਲੇਖ ਵਿਚ ਖੋਸਾ ਨੇ ਦੱਸਿਆ ਕਿ ਹੁਣ ਤੱਕ ਮਿਲੇ ਸਬੂਤਾਂ ਤੋਂ ਪਾਕਿ ਦੀ ਗਲਤੀ ਪਤਾ ਚੱਲਦੀ ਹੈ। ਹੁਣ ਪਾਕਿ ਨੂੰ ਸੱਚ ਦਾ ਸਾਹਮਣਾ ਕਰਨਾ ਚਾਹੀਦਾ ਹੈ ਤੇ ਆਪਣੀ ਗਲਤੀ ਮੰਨਣੀ ਚਾਹੀਦੀ ਹੈ। ਖੋਸਾ ਨੇ ਲਿਖਿਆ ਕਿ ਉਨ੍ਹਾਂ ਕੋਲ ਸੱਤ ਅਜਿਹੇ ਤੱਥ ਹਨ ਜੋ ਸਾਬਤ ਕਰਦੇ ਹਨ ਕਿ ਪਾਕਿ ਨੇ ਆਪਣੀ ਜ਼ਮੀਨ ਤੋਂ ਮੁੰਬਈ ਹਮਲੇ ਦੀ ਸਾਜਿਸ਼ ਰਚਣ ਵਿਚ ਸਹਾਇਤਾ ਕੀਤੀ ਹੈ। ਇਸ ਲਈ ਉਨ੍ਹਾਂ ਪਾਕਿ ਸਰਕਾਰ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਉਸ ਨੂੰ ਮੁਕਦਮੇ ਵਿਚ ਤੇਜ਼ੀ ਲਿਆਕੇ ਹਮਲੇ ਦੇ ਪੀੜਤਾਂ ਨੂੰ ਨਿਆਂ ਦਿਵਾਉਣਾ ਚਾਹੀਦਾ ਹੈ।

ਖੋਸਾ ਨੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਇਸ ਜਾਂਚ ਵਿਚ ਸਾਫ ਹੈ ਕਿ ਸਾਰੇ ਅਤਿਵਾਦੀ ਪਾਕਿ ਵੱਲੋਂ ਸਨ। ਹਮਲੇ ਦੀ ਸਾਜਿਸ਼ ਤੇ ਉਸ ਨੂੰ ਅੰਜਾਮ ਦੇਣ ਲਈ ਲਾਜਿਸਟਿਕ ਸੈਂਟਰ ਸਿੰਧ ਵਿਚ ਬਣਾਇਆ ਗਿਆ ਸੀ। ਮਾਸਟਰਮਾਈਂਡ ਕਰਾਚੀ ਵਿਚ ਬੈਠ ਕੇ ਅਤਿਵਾਦੀਆਂ ਨੂੰ ਨਿਰਦੇਸ਼ ਦੇ ਰਹੇ ਸਨ।

# ਵਿਦੇਸ਼ਾਂ ਵਿਚੋਂ ਅਕਾਲੀਆਂ ਨੂੰ ਭਜਾਉਣ ਵਾਲੇ ਕਾਂਗਰਸੀ !

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਨੇ ਕਿਹਾ ਹੈ ਕਿ ਅਮਰੀਕਾ ਤੇ ਕੈਨੇਡਾ ਵਿਚ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਕਾਂਗਰਸੀ ਸਨ ਤੇ ਇਨ੍ਹਾਂ ਨੇ ਉਥੇ ਹੋਰ ਮਖੌਟੇ ਪਾਏ ਹੋਏ ਹਨ। ਉਨ੍ਹਾਂ ਖ਼ਿਲਾਫ ਸਭ ਤੋਂ ਵੱਧ ਰੌਲਾ ਪਾਉਣ ਵਾਲਾ ਹਿੰਮਤ ਸਿੰਘ ਵੀ ਕਾਂਗਰਸੀ ਦੇ ਐਮ.ਪੀ. ਰਵਨੀਤ ਬਿੱਟੂ ਦੇ ਸਿਰੋਪੇ ਪਾਉਂਦਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੈਨੇਡਾ ਤੇ ਅਮਰੀਕਾ ਵਿਚ ਸਾਡਾ ਸਮੱਰਥਨ ਕਰਨ ਵਾਲੇ ਜ਼ਿਆਦਾ ਲੋਕ ਸਨ ਤੇ ਵਿਰੋਧ ਕਰਨ ਵਾਲੇ ਬਹੁਤ ਥੋੜ੍ਹੇ ਪਰ ਮੀਡੀਆ ਵਿਚ ਸਿਰਫ਼ ਸਾਡੇ ਵਿਰੋਧ ਦੀਆਂ ਖ਼ਬਰਾਂ ਹੀ ਆਈਆਂ ਹਨ।

ਮੀਡੀਆ ਵਿਚ ਫੇਸਬੁੱਕ ਆਦਿ ਦੇ ਪ੍ਰਚਾਰ ਤੋਂ ਬਚਣਾ ਚਾਹੀਦਾ ਹੈ ਤੇ ਇਹ ਉਨ੍ਹਾਂ ਦੀ ਵੀ ਘਾਟ ਰਹੀ ਕਿ ਮੀਡੀਆ ਵਿਚ ਲਗਾਤਾਰ ਆਪਣਾ ਪੱਖ ਨਹੀਂ ਰੱਖ ਸਕੇ। ਤੋਤਾ ਸਿੰਘ ਨੇ ਕਿਹਾ ਕਿ ਕੈਨੇਡਾ ਵਿਚ ਹਰ ਵਾਰ ਦੀ ਤਰ੍ਹਾਂ ਅਕਾਲੀ ਦਲ ਨੂੰ ਭਾਰੀ ਹਮਾਇਤ ਮਿਲੀ ਹੈ ਤੇ ਜੇ ਪ੍ਰਮਾਤਮਾ ਵੀ ਕਿਰਪਾ ਰਹੀ ਤਾਂ ਉਹ ਫੇਰ ਕੈਨੇਡਾ ਜਾਣਗੇ।


## ਵੇਟਰ, ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

*ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

**Restaurant Help**

**Immediately hiring Waiter, Kitchen Helper & Dish Washer for Indian restaurant in Indiana.**

*Good salary and free accommodation.

*Sponsorship is available for right candidate.

ਸੰਪਰਕ ਕਰੋ: ਟੋਨੀ

ਫੋਨ: 317-340-1470

31-32


# ਦੀਨਾਨਗਰ ਹਮਲੇ ਦੀ ਜਾਂਚ ਲਈ ਅਮਰੀਕਾ ਤੋਂ ਮੰਗੀ ਮਦਦ

**ਨਵੀਂ ਦਿੱਲੀ (ਬਿਊਰੋ):** ਦੀਨਾਨਗਰ (ਗੁਰਦਾਸਪੁਰ) ਵਿਚ ਹਮਲੇ ਦੌਰਾਨ ਅਤਿਵਾਦੀਆਂ ਵੱਲੋਂ ਵਰਤੇ ਰਾਤ ਨੂੰ ਦੇਖਣ ਵਾਲੇ ਯੰਤਰ ਦੀ ਪਛਾਣ ਲਈ ਭਾਰਤ ਨੇ ਅਮਰੀਕਾ ਤੋਂ ਮਦਦ ਮੰਗੀ ਹੈ। ਜਾਂਚਕਾਰਾਂ ਨੇ ਹਮਲੇ ਦੇ ਟਿਕਾਣਿਆਂ ਬਾਰੇ ਰੈਕੀ ਕਰਨ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ। ਗ੍ਰਹਿ ਮੰਤਰਾਲੇ ਰਾਹੀਂ ਗਈ ਇਸ ਬੇਨਤੀ ਵਿਚ ਰਾਤ ਨੂੰ ਦੇਖਣ ਵਾਲੇ ਯੰਤਰ ਤੋਂ ਇਲਾਵਾ ਦੀਨਾਨਗਰ ਥਾਣੇ ਪਹੁੰਚਣ ਲਈ ਅਤਿਵਾਦੀਆਂ ਵੱਲੋਂ ਵਰਤੇ ਗਲੋਬਲ ਪੁਜ਼ੀਸ਼ਨਿੰਗ ਸਿਸਟਮ ਦਾ ਵੀ ਬਿਓਰਾ ਮੰਗਿਆ ਹੈ। ਰਾਤ ਨੂੰ ਦੇਖਣ ਵਾਲੇ ਯੰਤਰ ਬਣਾਉਣ ਵਾਲੀ ਕੰਪਨੀ ਅਮਰੀਕਾ ਦੀ ਹੈ।


## Liquor Store Sale by Owner

**Liquor store with Grocery, Beer, Wine and lottery in Kalamazoo, Michigan is on sale.**

**Very good location, 2 acres of land, Huge building for extra business or storage, huge parking lot and**

**Monthly Sale: $95,000**

**For more info, Call (972) 838-8370**

ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਗਰੌਸਰੀ, ਬੀਅਰ, ਵਾਈਨ ਅਤੇ ਲਾਟਰੀ-ਸਭ ਕੁਝ ਹੈ।

ਬਹੁਤ ਵਧੀਆ ਲੋਕੇਸ਼ਨ, ਦੋ ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।

ਬਹੁਤ ਖੁੱਲ੍ਹੀ ਪਾਰਕਿੰਗ

ਮਾਸਿਕ ਵਿਕਰੀ $95,000

ਸੰਪਰਕ ਕਰੋ, ਫੋਨ (972) 838-8370

32-33



## Motel For Sale

**103 Room Motel For Sale in Texarkana, Arkansas located on interstate I-30.**

**900 Realtor Ave., Texarkana, AR 71854**

***About 2.5 hours east of Dallas, Texas.***

**Motel has 4 bedroom manager apartment and is estimated to do 550k in revenue this year.**

**Asking Price: $1.4 Millon**

**Can view listing on loopnet.com and the property id#19249997**

**Call listing broker:**

**Jerry Brewer 903-793-2666 or**

**Call: Harvinder Sandhu 870-648-5489**

**or email: Gurmail2300@yahoo.com**

29-32



## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਗਰੇਵਾਲ, ਇੰਡੀਆ ਰਹਿੰਦੀ M.Sc., MCA, ਕਾਲਜ ਲੈਕਚਰਾਰ ਲੱਗੀ ਸੋਹਣੀ-ਸੁਨੱਖੀ 26 ਸਾਲਾ, 5'-7" ਲੜਕੀ ਲਈ ਨਸ਼ਾ ਰਹਿਤ ਯੋਗ ਲੜਕੇ ਦੀ ਲੋੜ ਹੈ। ਵੈਜੀਟੇਰੀਅਨ ਪਰਿਵਾਰ ਹੀ ਸੰਪਰਕ ਕਰਨ। ਫੋਨ (ਇੰਡੀਆ) 91-94785-68011 ਜਾਂ ਈਮੇਲ: san_deol@yahoo.com

Suitable Jatt Sikh match sought for Jatt Sikh U.S. Citizen girl 26, 5'2" BSc nursing and employed. The boy should be, well educated. Contact:630-930-8820 or bkaur0521@gmail.com 31-

### ਕੰਨਿਆ ਦੀ ਲੋੜ ਹੈ

Wanted suitable girl for Jatt Sikh Gill boy, 28, 6'-2", computer engineer, US citizen. Family settled in America from past 30 years. Contact 330-968-8191 or pkg89@yahoo.com 30-33

Wanted US citizen/green card holder beautiful girl from Nai family for a handsome boy from Nai family, US Visa holder (Family visa), 27, 5'-9'', B.B.A (convent educated), industrialist high status family. Please Contact, Ph: 646-318-1589, Advjatinderpalsingh@gmail.com 29-

ਬੇਅ ਏਰੀਏ ਵਿਚ ਇਕ ਵੱਡੀ ਕੰਪਨੀ 'ਚ ਅਕਾਊਂਟ ਮੈਨੇਜਰ ਵਜੋਂ ਕੰਮ ਕਰਦੇ 32 ਸਾਲਾ ਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 301-292-1494, E-mail: amriknagi@yahoo.com 29-


# ਪਾਕਿ ਵਿਚ ਘੱਟ ਗਿਣਤੀਆਂ ਦੇ ਹੱਕਾਂ ਬਾਰੇ ਬੋਲੇਗਾ ਭਾਰਤ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਪਾਕਿਸਤਾਨ ਵਿਚ ਹਿੰਦੂਆਂ ਸਮੇਤ ਘੱਟ ਗਿਣਤੀਆਂ ਦੀ ਭਲਾਈ ਸਬੰਧੀ ਯੋਜਨਾਵਾਂ ਉਤੇ ਨੇੜਿਓਂ ਨਜ਼ਰ ਰੱਖੀ ਜਾਵੇਗੀ ਤੇ ਢੁਕਵੀਆਂ ਮੀਟਿੰਗਾਂ ਵਿਚ ਮਾਮਲਾ ਵਿਚਾਰਿਆ ਜਾਵੇਗਾ। ਵਿਦੇਸ਼ ਮੰਤਰੀ ਨੇ ਯਕੀਨ ਦਿਵਾਇਆ ਕਿ ਹਿੰਦੂਆਂ ਨੂੰ ਉਨ੍ਹਾਂ ਦੇ ਵਿਆਹ ਦਰਜ ਕਰਵਾਉਣ ਵਿਚ ਆਉਂਦੀਆਂ ਸਮੱਸਿਆਵਾਂ ਬਾਰੇ ਮੁੱਦਾ ਵੀ ਪਾਕਿਸਤਾਨ ਸਰਕਾਰ ਅੱਗੇ ਰੱਖਿਆ ਜਾਵੇਗਾ। ਇਹ ਭਰੋਸਾ ਸ੍ਰੀਮਤੀ ਸਵਰਾਜ ਨੇ ਰਾਜ ਸਭਾ ਵਿਚ ਪੰਜਾਬ ਤੋਂ ਮੈਂਬਰ ਰਾਜ ਸਭਾ ਅਵਿਨਾਸ਼ ਖੰਨਾ ਵੱਲੋਂ ਗਵਾਂਢੀ ਮੁਲਕ ਵਿਚ ਹਿੰਦੂਆਂ ਦੀ ਹੋ ਰਹੀ ਦੁਰਦਸ਼ਾ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਦਿੱਤਾ।


## Flat Rate Funding Group

**Are you tired of waiting to get paid on your outstanding freight invoices?**

**Get your $$$ now!**

**At Flat Rate Funding Group, we offer the lowest fixed factoring rate in the transportation industry-**

*****1.5%!*****

***Call Goldy Dhillon* 734-444-9625**

**sales@flatratefunding.com**

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?

ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ

ਗੋਲਡੀ ਢਿੱਲੋਂ, ਫੋਨ: 734-444-9625

# ਦੀਨਾਨਗਰ ਹਮਲਾ: ਤਬਾਹੀ ਦੀ ਤਾਕ ਵਿਚ ਸਨ ਅਤਿਵਾਦੀ

**ਗੁਰਦਾਸਪੁਰ:** ਦੀਨਾਨਗਰ ਪੁਲਿਸ ਥਾਣੇ ਉਤੇ ਹੋਏ ਅਤਿਵਾਦੀ ਹਮਲੇ ਬਾਰੇ ਕਈ ਅਹਿਮ ਖੁਲਾਸੇ ਹੋਏ ਹਨ। ਪੰਜਾਬ ਪੁਲਿਸ ਮੁਤਾਬਕ ਅਤਿਵਾਦੀਆਂ ਕੋਲੋਂ ਪ੍ਰਾਪਤ ਹੋਇਆ 'ਐਕਟਿਵ ਡਿਸਪੋਜ਼ਲ ਰਾਕਟ ਲਾਂਚਰ' ਇਸ ਥਾਣੇ ਸਮੇਤ ਆਸ-ਪਾਸ ਦੇ ਇਲਾਕੇ ਨੂੰ ਉਡਾ ਸਕਦਾ ਸੀ ਤੇ ਇਹ ਬੁਲੇਟ ਪਰੂਫ ਗੱਡੀ ਉਤੇ ਵੀ ਮਾਰ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦੇ ਨਾਲ ਹੀ ਅਤਿਵਾਦੀਆਂ ਕੋਲੋਂ ਪਾਕਿਸਤਾਨ ਵਿਚ ਬਣੇ ਹੋਏ ਦਸਤਾਨੇ ਬਰਾਮਦ ਹੋਣ ਕਾਰਨ ਇਨ੍ਹਾਂ ਦੀਆਂ ਤਾਰਾਂ ਸਿੱਧੇ ਤੌਰ ਉਤੇ ਪਾਕਿਸਤਾਨ ਨਾਲ ਹੀ ਜੁੜਨੀਆਂ ਸ਼ੁਰੂ ਹੋ ਗਈਆਂ ਹਨ। ਅਤਿਵਾਦੀਆਂ ਕੋਲੋਂ ਪ੍ਰਾਪਤ ਹੋਏ ਡੀ.ਆਰ.ਐਲ. ਵਿਚ ਐਕਟਿਵ ਰਾਕਟ ਵੀ ਲੋਡ ਕੀਤਾ ਸੀ। ਅਜਿਹੇ ਹਥਿਆਰ ਅਤਿਵਾਦੀਆਂ ਵੱਲੋਂ ਹਰ ਪੱਖ ਤੋਂ ਬੇਵੱਸ ਹੋਣ ਉਪਰੰਤ ਵੱਡੀ ਤਬਾਹੀ ਮਚਾਉਣ ਲਈ ਵਰਤੇ ਜਾਂਦੇ ਹਨ ਪਰ ਤਕਰੀਬਨ ਤਿੰਨ ਵਜੇ ਦੇ ਬਾਅਦ ਪੁਲਿਸ ਵੱਲੋਂ ਥਾਣੇ ਦੀ ਇਮਾਰਤ ਉਤੇ ਤਿੰਨ ਪਾਸਿਆਂ ਤੋਂ ਕੀਤੀ ਗਈ ਅੰਧਾਧੁੰਦ ਗੋਲਾਬਾਰੀ ਕਾਰਨ ਇਸ ਬੇਹੱਦ ਖਤਰਨਾਕ ਹਥਿਆਰ ਨੂੰ ਚਲਾ ਨਹੀਂ ਸਕੇ। ਅਜਿਹੇ ਹਥਿਆਰ ਪੰਜਾਬ ਪੁਲਿਸ ਜਾਂ ਅਜਿਹੀਆਂ ਫੋਰਸਾਂ ਕੋਲ ਨਹੀਂ ਹੁੰਦੇ ਜਿਨ੍ਹਾਂ ਨੂੰ ਸਿਰਫ ਫੌਜ ਵੱਲੋਂ ਹੀ ਵਰਤਿਆ ਜਾਂਦਾ ਹੈ। ਇਸ ਲਈ ਇਸ ਡੀ.ਆਰ.ਐਲ. ਨੂੰ ਉਦੋਂ ਤੋਂ ਹੀ ਸੁਰੱਖਿਅਤ ਜਗ੍ਹਾ ਉਤੇ ਰੱਖ ਕੇ ਫੌਜ ਨੂੰ ਇਸ ਦੀਆਂ ਤਸਵੀਰਾਂ ਸਮੇਤ ਹੋਰ ਰਿਪੋਰਟ ਭੇਜੀ ਗਈ ਸੀ। ਇਸ ਦੇ ਬਾਅਦ ਸਰਹੱਦ ਦੇ ਬਿਲਕੁਲ ਨੇੜੇ ਮਕੌੜਾ ਵਿਖੇ ਭਾਰਤੀ ਫੌਜ ਦੇ ਮਾਹਿਰਾਂ ਨੇ ਛੇ ਫੁੱਟ ਡੂੰਘੇ ਤੇ ਚਾਰ ਫੁੱਟ ਚੌੜੇ ਟੋਏ ਨੂੰ ਰੇਤ ਦੀਆਂ ਬੋਰੀਆਂ ਨਾਲ ਕਵਰ ਕਰਕੇ ਇਸ ਖਤਰਨਾਕ ਹਥਿਆਰ ਨੂੰ ਨਕਾਰਾ ਕਰ ਦਿੱਤਾ ਹੈ।

ਆਈ. ਜੀ. ਈਸ਼ਵਰ ਚੰਦਰ ਨੇ ਦੱਸਿਆ ਕਿ ਅਤਿਵਾਦੀਆਂ ਨੇ ਜੀ.ਪੀ. ਐਸ. ਸਿਸਟਮ 21 ਜੁਲਾਈ ਨੂੰ ਸ਼ੁਰੂ ਕੀਤਾ ਸੀ, ਜਿਸ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਅਤਿਵਾਦੀ 21 ਜੁਲਾਈ ਤੇ 27 ਜੁਲਾਈ ਦੇ ਦਰਮਿਆਨ ਹੀ ਕਿਸੇ ਦਿਨ ਭਾਰਤ ਵਿਚ ਦਾਖਲ ਹੋਏ ਹਨ। ਪੰਜਾਬ ਪੁਲਿਸ ਨੂੰ ਯਕੀਨ ਹੈ ਕਿ ਦੀਨਾਨਗਰ ਵਿਚ ਹਮਲਾ ਕਰਨ ਵਾਲੇ ਤਿੰਨੋਂ ਦਹਿਸ਼ਤਗਰਦ ਕੌਮਾਂਤਰੀ ਸਰਹੱਦ ਉਤੇ ਫੱਤੋ ਚੱਕ (ਪਾਕਿਸਤਾਨੀ ਪਿੰਡ)-ਮਸਤਗੜ੍ਹ (ਗੁਰਦਾਸਪੁਰ ਜ਼ਿਲ੍ਹੇ ਦੇ ਦੋਰਾਂਗਲਾ ਇਲਾਕੇ ਦਾ ਪਿੰਡ) ਰਾਹੀਂ ਭਾਰਤੀ ਇਲਾਕੇ ਵਿਚ ਦਾਖਲ ਹੋਏ ਸਨ। ਪੰਜਾਬ ਪੁਲਿਸ ਭਾਵੇਂ ਇਹ ਦਾਅਵੇ ਕਰ ਰਹੀ ਹੈ ਪਰ ਕੇਂਦਰੀ ਏਜੰਸੀਆਂ ਦਾ ਮੰਨਣਾ ਹੈ ਕਿ ਦਹਿਸ਼ਤਗਰਦ ਬਮਿਆਲ ਸੈਕਟਰ ਰਾਹੀਂ ਦਾਖਲ ਹੋਏ ਸਨ। ਜੀ.ਪੀ.ਐਸ. ਦੇ ਨਵੇਂ ਤੱਥਾਂ ਤੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਦਹਿਸ਼ਤਗਰਦਾਂ ਦੇ ਨਿਸ਼ਾਨੇ ਉਤੇ ਦੀਨਾਨਗਰ ਪੁਲੀਸ ਸਟੇਸ਼ਨ ਨਹੀਂ ਸੀ। ਦਹਿਸ਼ਤਗਰਦਾਂ ਨਿਸ਼ਾਨਾ ਗੁਰਦਾਸਪੁਰ ਦਾ ਸਿਵਲ ਲਾਈਨਜ਼ ਇਲਾਕਾ ਸੀ ਜਿਥੇ ਉਹ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਉਤੇ ਹਮਲਾ ਕਰਨਾ ਚਾਹੁੰਦੇ ਸਨ। ਸੂਤਰਾਂ ਅਨੁਸਾਰ ਦਹਿਸ਼ਤਗਰਦ ਦੁਬਿਧਾ ਵਿਚ ਪੈ ਗਏ ਸਨ ਤੇ ਗੁਰਦਾਸਪੁਰ ਜਾਣ ਦੀ ਬਜਾਏ ਉਹ ਦੀਨਾਨਗਰ ਪੁਲਿਸ ਥਾਣੇ ਵਿਚ ਪਹੁੰਚ ਗਏ।

## ਅਸਲ ਨਿਸ਼ਾਨੇ ਤੋਂ ਖੁੰਝ ਕੇ ਥਾਣੇ ਸਨ ਪੁੱਜੇ...



## ਤਾਰਾ ਨੇ ਵੀ ਰਚੀ ਸੀ ਦੀਨਾਨਗਰ ਵਰਗੇ ਹਮਲੇ ਦੀ ਸਾਜ਼ਿਸ਼

ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਦੀਨਾਨਗਰ ਵਰਗਾ ਦਹਿਸ਼ਤੀ ਹਮਲਾ ਤਕਰੀਬਨ ਇਕ ਸਾਲ ਪਹਿਲਾਂ ਪਠਾਨਕੋਟ ਵਿਚ ਕਰਨ ਦੀ ਸਾਜ਼ਿਸ਼ ਰਚੀ ਸੀ। ਇਸ ਵਿਚ ਲਸ਼ਕਰ-ਏ-ਤੋਇਬਾ ਦੇ ਅਤਿਵਾਦ ਸ਼ਾਮਲ ਸਨ। ਇਸ ਲਈ ਤਾਰਾ ਨੇ 2013 ਵਿਚ ਜਰਮਨੀ ਤੋਂ ਦਸ ਲੱਖ ਵਿਚ ਇਕ ਗਲਾਇਡਰ ਪਾਕਿਸਤਾਨ ਤੋਂ ਮੰਗਵਾਇਆ ਸੀ। ਇਸ ਗਲਾਇਡਰ ਰਾਹੀਂ ਲਸ਼ਕਰ ਦੇ ਚਾਰ ਅਤਿਵਾਦੀਆਂ ਨੂੰ ਪਾਕਿ ਤੋਂ ਪਠਾਨਕੋਟ ਉਤਾਰਨ ਦੀ ਸਾਜ਼ਿਸ਼ ਸੀ। ਪੁਲਿਸ ਵੱਲੋਂ ਕੀਤੀ ਪੁੱਛਗਿੱਛ ਵਿਚ ਤਾਰਾ ਨੇ ਖੁਲਾਸਾ ਕੀਤਾ ਹੈ ਕਿ ਇਸ ਯੋਜਨਾ ਤਹਿਤ ਪਠਾਨਕੋਟ ਵਿਚ ਖਾਲਿਸਤਾਨੀ ਪੱਖੀ ਨੂੰ ਪਹਿਲਾਂ ਹੀ ਢਾਬਾ ਖੁੱਲ੍ਹਵਾ ਕੇ ਦੇਣਾ ਸੀ ਤੇ ਜਿਥੇ ਪਾਕਿ ਤੋਂ ਆਏ ਅਤਿਵਾਦੀਆਂ ਨੂੰ ਸ਼ਰਨ ਦਿੱਤੀ ਜਾਣੀ ਸੀ ਪਰ ਜਰਮਨੀ ਤੋਂ ਮੰਗਵਾਏ ਗਲਾਇਡਰ ਵਿਚ ਤਕਨੀਕੀ ਖਰਾਬੀ ਕਾਰਨ ਇਹ ਯੋਜਨਾ ਸਫਲ ਨਾ ਹੋ ਸਕੀ। ਤਾਰਾ ਦੀ ਇਸ ਸਾਜ਼ਿਸ਼ ਵਿਚ ਕੇ.ਟੀ.ਐਫ. ਦੇ ਇਕ ਮੈਂਬਰ ਪ੍ਰੋ. ਹਰਜੀਤ ਸਿੰਘ ਜੋ ਹੁਣ ਪਾਕਿ ਵਿਚ ਹੈ, ਦੀ ਮਦਦ ਲਈ ਗਈ ਸੀ। ਸਾਜ਼ਿਸ਼ ਕਾਮਯਾਬ ਨਾ ਹੋਣ ਕਾਰਨ ਤਾਰਾ ਪਾਕਿ ਤੋਂ ਥਾਈਲੈਂਡ ਚਲਾ ਗਿਆ ਸੀ।

## ਪੁਲਿਸ ਦੀ ਅੱਖ ਹੁਣ ਸਾਬਕਾ ਅਤਿਵਾਦੀਆਂ ਉਤੇ

**ਅੰਮ੍ਰਿਤਸਰ:** ਗੁਰਦਾਸਪੁਰ ਦੇ ਦੀਨਾਨਗਰ ਪੁਲਿਸ ਥਾਣੇ ਤੇ ਕੀਤੇ ਗਏ ਅਤਿਵਾਦੀ ਹਮਲੇ ਤੋਂ ਬਾਅਦ ਪੂਰੇ ਪੰਜਾਬ ਵਿਚ ਚੌਕਸੀ ਵਧਾ ਦਿੱਤੀ ਗਈ ਹੈ। ਪੁਲਿਸ ਵੱਲੋਂ ਸਾਬਕਾ ਅਤਿਵਾਦੀਆਂ ਤੇ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਤਸਕਰੀ ਵਿਚ ਸ਼ਾਮਲ ਰਹੇ ਲੋਕਾਂ ਉਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਖੁਫੀਆ ਏਜੰਸੀਆਂ ਮੁਤਾਬਕ ਪੰਜਾਬ ਵਿਚ ਅਤਿਵਾਦ ਨੂੰ ਮੁੜ ਸਰਗਰਮ ਕਰਨ ਦੀ ਕੋਸ਼ਿਸ਼ ਵਿਚ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ ਲਗਾਤਾਰ ਅਜਿਹੀਆਂ ਹਰਕਤਾਂ ਕਰ ਰਹੀ ਹੈ। ਖੁਫ਼ੀਆ ਏਜੰਸੀਆਂ ਮੁਤਾਬਕ ਪਾਕਿਸਤਾਨੀ ਅਤਿਵਾਦੀ ਦੀਨਾਨਗਰ ਹਮਲੇ ਦੀ ਤਰਜ਼ ਤੇ ਪੰਜਾਬ ਦੇ ਕਿਸੇ ਹੋਰ ਹਿੱਸੇ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ। ਆਈ.ਜੀ. ਬਾਰਡਰ ਰੇਂਜ ਈਸ਼ਵਰ ਚੰਦਰ ਵੱਲੋਂ ਭਾਰਤ ਪਾਕਿਸਤਾਨ ਸਰਹੱਦ ਨਾਲ ਲਗਦੇ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼. ਨੂੰ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖਾਸ ਹਿਦਾਇਤਾਂ ਦਿੱਤੀਆਂ ਗਈਆਂ ਹਨ।

## ਤਾਲਿਬਾਨ ਮੁਖੀ ਮੁੱਲ੍ਹਾ ਉਮਰ ਦੀ ਮੌਤ ਦੀ ਪੁਸ਼ਟੀ

**ਇਸਲਾਮਾਬਾਦ:** ਸਾਰੀ ਜ਼ਿੰਦਗੀ ਫਰਾਰ ਰਹਿਣ ਵਾਲਾ ਤਾਲਿਬਾਨ ਮੁਖੀ ਮੁੱਲ੍ਹਾ ਮੁਹੰਮਦ ਉਮਰ ਜਿਸ ਨੇ ਅਫ਼ਗਾਨਿਸਤਾਨ ਉਤੇ 1996 ਤੋਂ 2001 ਤਕ ਆਪਣਾ ਕੱਟੜਪੰਥੀ ਰਾਜ ਕੀਤਾ, ਮਰ ਚੁੱਕਾ ਹੈ। ਖੁਫ਼ੀਆ ਸੂਤਰਾਂ ਦੇ ਹਵਾਲੇ ਨਾਲ ਬੀ.ਬੀ.ਸੀ. ਨੇ ਕਿਹਾ ਕਿ ਉਮਰ ਦੀ ਮੌਤ ਦੋ-ਤਿੰਨ ਸਾਲ ਪਹਿਲਾਂ ਹੀ ਹੋ ਗਈ ਸੀ ਪਰ ਮੌਤ ਦੇ ਕਾਰਨਾਂ ਬਾਰੇ ਇਕ ਰਾਏ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਉਮਰ ਦੀ ਮੌਤ ਨੂੰ ਲੈ ਕੇ ਕਈ ਖ਼ਬਰਾਂ ਆ ਚੁੱਕੀਆਂ ਹਨ ਪਰ ਇਸ ਵਾਰ ਅਫ਼ਗਾਨ ਸਰਕਾਰ ਦੇ ਵਿਸ਼ੇਸ਼ ਸੂਤਰਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਸ ਦੀ ਥਾਂ ਹੁਣ ਮੁੱਲ੍ਹਾ ਅਖਤਰ ਮਨਸੂਰ ਨੂੰ ਮੁਖੀ ਥਾਪਿਆ ਗਿਆ ਹੈ।

## ਭਾਰਤ 'ਤੇ ਹਮਲੇ ਦੀ ਤਿਆਰੀ ਵਿਚ ਆਈ.ਐਸ: ਅਮਰੀਕੀ ਰਿਪੋਰਟ

**ਵਾਸ਼ਿੰਗਟਨ:** ਆਈ.ਐਸ.ਆਈ.ਐਸ. ਨਾਲ ਜੁੜੇ ਇਕ ਭਰਤੀ ਦਸਤਾਵੇਜ਼ ਮੁਤਾਬਕ ਅਮਰੀਕਾ ਨੂੰ ਆਰ-ਪਾਰ ਦੀ ਜੰਗ ਲਈ ਉਕਸਾਉਣ ਲਈ ਆਈ.ਐਸ. ਭਾਰਤ ਉਤੇ ਹਮਲੇ ਦੀ ਤਿਆਰੀ ਕਰ ਰਿਹਾ ਹੈ। ਉਹ ਪਾਕਿਸਤਾਨੀ ਤੇ ਅਫ਼ਗਾਨ ਤਾਲਿਬਾਨ ਨੂੰ ਵੀ ਇਕੱਠਾ ਕਰਨਾ ਚਾਹੁੰਦਾ ਹੈ।

'ਯੂ.ਐਸ.ਏ. ਟੂਡੇ' ਵਿਚ ਪ੍ਰਕਾਸ਼ਿਤ ਇਕ ਖੋਜ ਖ਼ਬਰ ਅਨੁਸਾਰ ਪਾਕਿਸਤਾਨੀ ਤਾਲਿਬਾਨ ਦੇ ਅੰਦਰੂਨੀ ਲੋਕਾਂ ਨਾਲ ਰਾਬਤਾ ਰੱਖਣ ਵਾਲੇ ਇਕ ਪਾਕਿਸਤਾਨ ਨਾਗਰਿਕ ਤੋਂ 32 ਸਫਿਆਂ ਦੇ ਉਰਦੂ ਦਸਤਾਵੇਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ। ਦਸਤਾਵੇਜ਼ਾਂ ਵਿਚ ਦੱਸਿਆ ਗਿਆ ਹੈ ਕਿ ਭਾਰਤ ਉਤੇ ਹਮਲੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤੇ ਉਸ ਵਿਚ ਭਵਿੱਖਬਾਣੀ ਕੀਤੀ ਹੈ ਕਿ ਇਹ ਹਮਲਾ ਅਮਰੀਕਾ ਨੂੰ ਇਤਿਹਾਸਕ ਟਕਰਾਅ ਲਈ ਉਕਸਾਏਗਾ। ਇਸ ਵਿਚ ਕਿਹਾ ਗਿਆ ਹੈ, 'ਜੇਕਰ ਅਮਰੀਕਾ ਆਪਣੇ ਤਮਾਮ ਸਹਿਯੋਗੀਆਂ ਨਾਲ ਮਿਲ ਹਮਲਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਜੋ ਉਹ ਨਿਸ਼ਸੰਦੇਹ ਕਰੇਗਾ ਤਾਂ ਉਮਾ (ਮੁਸਲਮਾਨ) ਇਕਜੁੱਟ ਹੋਣਗੇ, ਜਿਸ ਵਿਚ ਅੰਤਿਮ ਲੜਾਈ ਹੋਵੇਗੀ।' ਅਮਰੀਕੀ ਏਜੰਸੀਆਂ ਇਸ ਬਾਬਤ ਪੂਰੀ ਗੰਭੀਰਤਾ ਨਾਲ ਛਾਣ-ਬੀਣ ਕਰ ਰਹੀਆਂ ਹਨ।

## ਪੁਲਿਸ ਲਈ 15 ਅਗਸਤ ਤੱਕ ਅਮਨ ਕਾਨੂੰਨ ਦੀ ਬਹਾਲੀ ਵੱਡੀ ਚੁਣੌਤੀ



**ਦੀਨਾਨਗਰ:** ਪੁਲਿਸ ਲਈ 15 ਅਗਸਤ ਤੱਕ ਅਮਨ ਕਾਨੂੰਨ ਦੀ ਸਥਿਤੀ ਨੂੰ ਆਮ ਵਾਂਗ ਬਣਾਈ ਰੱਖਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਜਲੰਧਰ ਤੇ ਬਾਰਡਰ ਰੇਂਜ ਅੰਮ੍ਰਿਤਸਰ ਤੋਂ ਬੁਲਾਏ ਪੁਲਿਸ ਦਸਤਿਆਂ ਕਾਰਨ ਜਿਥੇ ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹੇ ਦੇ ਲੋਕ ਚਿੰਤਤ ਦਿਖਾਈ ਦੇ ਰਹੇ ਹਨ, ਉਥੇ ਸਥਾਨਕ ਪ੍ਰਸ਼ਾਸਨ ਲਈ ਬਰਸਾਤ ਦੇ ਮੌਸਮ ਵਿਚ ਐਨੀ ਪੁਲਿਸ ਨਫ਼ਰੀ ਨੂੰ ਠਹਿਰਾਉਣ ਤੇ ਇਸ ਦੇ ਰੋਟੀ ਪਾਣੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਲ ਬਣਿਆ ਹੋਇਆ ਹੈ। ਜ਼ਿਲ੍ਹਾ ਪਠਾਨਕੋਟ ਦੇ ਬਲਾਕ ਬਮਿਆਲ ਵਿਚ ਪੈਂਦੀ ਸਕੋਲ ਚੈੱਕ ਪੋਸਟ ਪੰਜਾਬ ਦੀ ਆਖਰੀ ਚੈੱਕ ਪੋਸਟ ਹੈ, ਜਿਥੋਂ ਤਕਰੀਬਨ ਡੇਢ ਕਿਲੋਮੀਟਰ ਦੂਰ ਪਾਕਿਸਤਾਨ ਦੀ ਸ਼ਕਰਗੜ੍ਹ ਤਹਿਸੀਲ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ। ਭਾਰਤ ਤੇ ਪਾਕਿਸਤਾਨ ਦੇ ਲੋਕ ਹਰ ਰੋਜ਼ ਤਾਰ ਪਾਰ ਕਰ ਕੇ ਆਪਣੇ ਖੇਤਾਂ ਵਿਚ ਜਾਂਦੇ ਹਨ ਤੇ ਇਨ੍ਹਾਂ ਦੀ ਸ਼ਨਾਖਤ ਬਾਰੇ ਬੀ.ਐਸ.ਐਫ਼. ਜਵਾਨਾਂ ਨੂੰ ਜਾਣਕਾਰੀ ਹੈ। ਅਹਿਮ ਸਵਾਲ ਇਹ ਹੈ ਕਿ ਐਨੀ ਭਾਰੀ ਮਾਤਰਾ ਵਿਚ ਅਸਲਾ ਲੈ ਕੇ ਦਹਿਸ਼ਤਗਰਦ ਨੱਕੋ-ਨੱਕ ਭਰੇ ਦਰਿਆ ਨੂੰ ਪਾਰ ਕਰ ਕੇ ਭਾਰਤ ਵਿਚ ਦਾਖਲ ਹੋਣ ਵਿਚ ਕਿਵੇਂ ਕਾਮਯਾਬ ਹੋ ਗਏ।

# ਥਾਣੇ 'ਤੇ ਹਮਲੇ ਪਿੱਛੋਂ ਪੰਜਾਬ ਪੁਲਿਸ ਕੁੰਭਕਰਨੀ ਨੀਂਦ ਤੋਂ ਜਾਗੀ

**ਜਲੰਧਰ:** ਦੀਨਾਨਗਰ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਪੰਜਾਬ ਪੁਲਿਸ ਕੁੰਭਕਰਨੀ ਨੀਂਦ ਤੋਂ ਜਾਗ ਪਈ ਹੈ ਤੇ ਉਸ ਨੇ ਪੰਜਾਬ ਦੇ ਸਾਰੇ ਥਾਣਿਆਂ ਨੂੰ ਅਸਲੇ ਦਾ ਭੰਡਾਰ ਪੂਰਾ ਕਰਨ ਦੀਆਂ ਹਦਾਇਤਾਂ ਕੀਤੀਆਂ ਹਨ, ਜਿਥੇ ਅਸਲੇ ਦੀ ਘਾਟ ਮਹਿਸੂਸ ਕੀਤੀ ਜਾਵੇ ਉਸ ਬਾਰੇ ਥਾਣਿਆਂ ਨੂੰ ਆਪਣੇ ਸੀਨੀਅਰ ਅਫਸਰਾਂ ਨਾਲ ਤੁਰੰਤ ਸਲਾਹ ਮਸ਼ਵਰਾ ਕਰਨ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ ਹਨ। ਏ.ਡੀ.ਜੀ.ਪੀ. ਇੰਟੈਲੀਜੈਂਸ ਵੱਲੋਂ ਪੰਜਾਬ ਦੇ ਸਾਰੇ ਐਸ.ਐਸ.ਪੀ. ਤੇ ਪੁਲਿਸ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਥਾਣਿਆਂ, ਦਫ਼ਤਰਾਂ ਤੇ ਰਿਹਾਇਸ਼ੀ ਇਮਾਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਹਰ ਥਾਣੇ ਵਿਚ ਲੋੜੀਂਦੇ ਹਥਿਆਰਾਂ ਦੀ ਜਾਂਚ ਕਰਨ।

ਜਾਰੀ ਹਦਾਇਤਾਂ ਦੀ ਸੂਚੀ ਵਿਚ ਹਥਿਆਰਾਂ ਦੇ ਨਾਲ-ਨਾਲ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਕਿਹੜੀ ਰਣਨੀਤੀ ਅਪਣਾਉਣੀ ਹੈ, ਬਾਰੇ ਵੀ ਇਸ਼ਾਰਾ ਕੀਤਾ ਗਿਆ ਹੈ। ਪੰਜਾਬ ਪੁਲਿਸ ਨੇ ਇਹ ਸਾਰੀਆਂ ਹਦਾਇਤਾਂ 27 ਜੁਲਾਈ ਨੂੰ ਦੀਨਾਨਗਰ ਦੇ ਪੁਲਿਸ ਥਾਣੇ ਉਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਕੀਤੀਆਂ ਹਨ। ਇਸ ਪੱਤਰ ਵਿਚ ਲੋੜੀਂਦੀਆਂ ਬੁਲਟ ਪਰੂਫ ਜੈਕਟਾਂ ਤੇ ਬੁਲਟ ਪਰੂਫ ਵਾਹਨ ਰੱਖਣ, ਸਾਰੇ ਥਾਣਿਆਂ ਵਿਚ ਲਾਈਟ ਮਸ਼ੀਨਗਨਾਂ ਪਹੁੰਚਾਉਣ ਤੇ ਬੁਲਟ ਪਰੂਫ ਮੋਰਚਿਆਂ ਦੇ ਨਾਲ-ਨਾਲ ਰੇਤ ਦੇ ਬੋਰੇ ਭਰ ਕੇ ਬੰਕਰ ਬਣਾਉਣ ਲਈ ਕਿਹਾ ਗਿਆ ਹੈ।

ਥਾਣਿਆਂ ਵਿਚ ਲੋੜੀਂਦੇ ਹੈਂਡ ਗਰਨੇਡ ਤੇ ਗਰਨੇਡ ਲਾਂਚਰ ਰੱਖਣ ਦੇ ਨਾਲ-ਨਾਲ ਜਿਹੜਾ ਅਸਲਾ ਘੱਟ ਹੋਵੇ ਜਾਂ ਖਰਾਬ ਹੋਵੇ, ਉਸ ਬਾਰੇ ਸੀਨੀਅਰ ਅਧਿਕਾਰੀਆਂ ਨੂੰ ਲਿਖਤੀ ਸੂਚਨਾ ਤੇ ਮੰਗ ਭੇਜਣ ਦੀ ਵੀ ਹਦਾਇਤ ਕੀਤੀ ਗਈ ਹੈ। ਸੀਨੀਅਰ ਅਫਸਰ ਨੇ ਇਹ ਸਲਾਹ ਵੀ ਭੇਜੀ ਹੈ ਕਿ ਬੰਬਾਂ ਨੂੰ ਨਸ਼ਟ ਕਰਨ ਵਾਲੇ ਦਸਤੇ ਵੀ ਤਿਆਰ ਬਰ ਤਿਆਰ ਰੱਖੇ ਜਾਣ ਤਾਂ ਜੋ ਭਵਿੱਖ ਵਿਚ ਕਿਤੇ ਵੀ ਹਮਲਾ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਘਟਨਾ ਵਾਲੀ ਥਾਂ ਉਤੇ ਭੇਜਿਆ ਜਾ ਸਕੇ।



## ਸਾਲਾਨਾ ਫਾਇਰ ਟਰੇਨਿੰਗ ਦਾ ਵੀ ਚੇਤਾ ਆਇਆ

**ਬਠਿੰਡਾ:** ਪੰਜਾਬ ਪੁਲਿਸ ਨੇ ਹੁਣ ਹਥਿਆਰ ਚਲਾਉਣ ਦੀ 'ਸਾਲਾਨਾ ਫਾਇਰ' ਟਰੇਨਿੰਗ ਸ਼ੁਰੂ ਕਰ ਦਿੱਤੀ ਹੈ। ਪਹਿਲਾਂ ਇਸ ਸਿਖਲਾਈ ਵਿਚ ਕਈ ਵਾਰ ਜ਼ਿਆਦਾ ਸਮਾਂ ਪੈ ਜਾਂਦਾ ਸੀ ਪਰ ਹੁਣ ਇਸ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਸਾਲਾਨਾ ਫਾਇਰ ਨੂੰ ਲਾਜ਼ਮੀ ਕਰਾਰ ਦਿੱਤਾ ਹੈ। ਦੀਨਾਨਗਰ ਦੇ ਅਤਿਵਾਦੀ ਹਮਲੇ ਮਗਰੋਂ ਪੰਜਾਬ ਪੁਲਿਸ ਆਪਣੇ ਮੁਲਾਜ਼ਮਾਂ ਨੂੰ ਰੈਗੂਲਰ 'ਸਾਲਾਨਾ ਫਾਇਰ' ਕਰਵਾਉਣ ਦੇ ਰਾਹ ਤੁਰੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੇ ਬਹੁਤੇ ਹਥਿਆਰ ਅਜਿਹੇ ਹਨ ਜੋ ਕਿ ਵਰ੍ਹਿਆਂ ਤੋਂ ਚਲਾਏ ਹੀ ਨਹੀਂ ਗਏ। ਹੁਣ 'ਸਾਲਾਨਾ ਫਾਇਰ' ਦੇ ਬਹਾਨੇ ਪੁਲਿਸ ਆਪਣੇ ਹਥਿਆਰ ਵੀ ਚੈੱਕ ਕਰ ਰਹੀ ਹੈ ਤਾਂ ਜੋ ਕੰਡਮ ਹੋਣ ਵਾਲੇ ਅਸਲੇ ਨੂੰ ਭੰਡਾਰ ਵਿਚੋਂ ਬਾਹਰ ਕੀਤਾ ਜਾ ਸਕੇ। ਫ਼ਰੀਦਕੋਟ ਪੁਲਿਸ ਕੋਲ ਆਪਣੀ ਕੋਈ ਸ਼ੂਟਿੰਗ ਰੇਂਜ ਨਹੀਂ ਹੈ। ਇਸ ਕਰਕੇ ਫ਼ਰੀਦਕੋਟ ਵਿਚ ਵੀ ਫ਼ੌਜ ਦੀ ਰੇਂਜ ਵਰਤੀ ਜਾਂਦੀ ਹੈ।

## ਹੁਣ ਅਤਿਵਾਦ ਦੇ ਪੈਰ ਨਹੀਂ ਲੱਗਣਗੇ: ਕੇ.ਪੀ.ਐਸ.

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਨੇ ਦੀਨਾਨਗਰ ਦੀ ਅਤਿਵਾਦੀ ਘਟਨਾ ਦੌਰਾਨ ਪੁਲਿਸ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮੌਕੇ ਫੌਜ ਨੂੰ ਬੁਲਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਵਿਚੋਂ ਰਾਜਸੀ ਦਖ਼ਲਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਸਾਰੇ ਮੁਲਕ ਵਿਚ ਹੀ ਪੁਲਿਸ ਦੇ ਕੰਮ ਵਿਚ ਦਖ਼ਲਅੰਦਾਜ਼ੀ ਵਧ ਗਈ ਹੈ। ਪੰਜਾਬ ਵਿਚ ਸਰਗਰਮ ਰਹੇ ਖਾਲਿਸਤਾਨ ਪੱਖੀ ਅਤਿਵਾਦੀਆਂ ਦੇ ਮੁੜ ਸਿਰ ਚੁੱਕਣ ਦੇ ਮੁੱਦੇ ਉਤੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਅਤਿਵਾਦੀਆਂ ਨੂੰ ਹਮਾਇਤ ਨਹੀਂ ਦਿੰਦੀ। ਇਸ ਦਾ ਸਬੂਤ ਦੀਨਾਨਗਰ ਦੀ ਘਟਨਾ ਤੋਂ ਵੀ ਮਿਲਦਾ ਹੈ ਕਿ ਲੋਕ ਹੁਣ ਅਤਿਵਾਦ ਖਿਲਾਫ਼ ਹਨ ਤੇ ਸ਼ਾਂਤੀ ਚਾਹੁੰਦੇ ਹਨ। ਸ੍ਰੀ ਗਿੱਲ ਨੇ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਉਤੇ ਚੌਕਸੀ ਵਧਾਉਣ ਦੀ ਪੈਰਵੀ ਕਰਦਿਆਂ ਕਿਹਾ ਕਿ ਪੰਜਾਬ ਵਿਚ ਅਤਿਵਾਦ ਸਮੇਂ ਕੀਤੇ ਇਕ ਸਰਵੇਖਣ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਕੁੱਲ ਅਤਿਵਾਦੀਆਂ ਵਿਚੋਂ 75 ਫੀਸਦੀ ਸਰਹੱਦ ਨੇੜਲੇ 125 ਪਿੰਡਾਂ ਨਾਲ ਹੀ ਸਬੰਧਤ ਸਨ।



# ਯਾਕੂਬ ਮੈਮਨ ਨੂੰ ਫਾਂਸੀ ਪਿੱਛੋਂ ਛਿੜੀ ਤਿੱਖੀ ਬਹਿਸ

**ਮੁੰਬਈ:** ਮੁੰਬਈ ਵਿਚ 1993 ਦੇ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਮਨ ਨੂੰ ਫਾਹੇ ਲਾਉਣ ਪਿੱਛੋਂ ਇਸ ਮੁੱਦੇ 'ਤੇ ਤਿੱਖੀ ਬਹਿਸ ਛਿੜ ਗਈ ਹੈ। ਸਿਆਸੀ ਆਗੂਆਂ, ਸਾਬਕਾ ਜੱਜਾਂ, ਕਲਾ ਤੇ ਸਮਾਜਿਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਉਸ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਅਪੀਲ ਕੀਤੀ ਸੀ ਪਰ ਇਸ ਸਭ ਨੂੰ ਦਰਕਿਨਾਰ ਕਰਦੇ ਹੋਏ 30 ਮਈ ਵਾਲੇ ਤੈਅ ਦਿਨ 'ਤੇ ਉਸ ਨੂੰ ਫਾਂਸੀ ਦਿੱਤੀ ਗਈ। ਮੈਮਨ ਦੀ ਫਾਂਸੀ ਪਿੱਛੋਂ ਸਭ ਤੋਂ ਵੱਧ ਚਰਚਾ ਹਿੰਦੂ ਅਤਿਵਾਦ ਨਾਲ ਲਿਹਾਜ਼ਦਾਰੀ ਦੀ ਛਿੜੀ ਹੈ ਤੇ ਸਵਾਲ ਕੀਤਾ ਜਾਣ ਲੱਗਾ ਹੈ ਕਿ ਬਾਬੂ ਬਜਰੰਗੀ, ਮਾਇਆ ਕੋਦਨਾਨੀ, ਕਰਨਲ ਪੁਰੋਹਿਤ ਤੇ ਸਵਾਮੀ ਅਸੀਮਾਨੰਦ ਨੂੰ ਮੌਤ ਦੀ ਸਜ਼ਾ ਕਦੋਂ ਮਿਲੇਗੀ? ਬਾਬੂ ਬਜਰੰਗੀ ਤੇ ਮਾਇਆ ਗੁਜਰਾਤ ਦੰਗਿਆਂ ਤੇ ਕਰਨਲ ਪੁਰੋਹਿਤ ਤੇ ਸਵਾਮੀ ਅਸੀਮਾਨੰਦ ਮਾਲੇਗਾਉਂ ਧਮਾਕਿਆਂ ਦੇ ਦੋਸ਼ੀ ਹਨ। ਆਲ ਇੰਡੀਆ ਮਜਲਿਸ-ਏ-ਇਤਹਾਦੁਲ ਮੁਸਲੀਮੀਨ ਦੇ ਆਗੂ ਤੇ ਹੈਦਰਾਬਾਦ ਦੇ ਸੰਸਦ ਮੈਂਬਰ ਅਸਾਦੂਦੀਨ ਓਵੈਸੀ ਨੇ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਵੀ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਵਕਾਲਤ ਕੀਤੀ ਹੈ, ਜਿਹੜੇ ਖੁਲ੍ਹੇਆਮ ਘੁੰਮ ਰਹੇ ਹਨ।

ਮੁੰਬਈ ਬੰਬ ਧਮਾਕੇ ਬਾਬਰੀ ਮਸਜਿਦ ਨੂੰ ਡੇਗਣ ਦਾ ਬਦਲਾ ਸੀ। ਛੇ ਦਸੰਬਰ, 1992 ਨੂੰ ਭਾਜਪਾ ਤੇ ਉਸ ਦੇ ਸੀਨੀਅਰ ਆਗੂਆਂ ਨੇ ਬਾਬਰੀ ਮਸਜਿਦ ਨੂੰ ਡੇਗ ਦਿੱਤਾ ਤੇ ਇਸ ਤੋਂ ਵੀ ਪਹਿਲਾਂ ਭਾਜਪਾ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨੇ ਦੇਸ਼ ਵਿਚ ਅਯੁੱਧਿਆ ਵਿਚ ਮੰਦਿਰ ਬਣਾਉਣ ਲਈ ਹਿੰਦੂ ਭਾਈਚਾਰੇ ਨੂੰ ਲਾਮਬੰਦ ਕਰਨ ਵਾਸਤੇ ਰੱਥ ਯਾਤਰਾ ਕੀਤੀ ਸੀ, ਜਿਸ ਦੌਰਾਨ ਮੁਸਲਮਾਨ ਭਾਈਚਾਰੇ ਦੇ ਖਿਲਾਫ਼ ਤਿੱਖੀ ਫ਼ਿਰਕੂ ਬਿਆਨਬਾਜ਼ੀ ਵੀ ਕੀਤੀ ਜਾਂਦੀ ਰਹੀ। ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁੰਬਈ ਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿਚ ਫ਼ਿਰਕੂ ਫਸਾਦ ਹੋਏ। ਮੁੰਬਈ ਵਿਚ ਵੀ ਭਾਵੇਂ ਮੁਸਲਮਾਨਾਂ ਨੇ ਇਸ ਵਿਰੁੱਧ ਸ਼ਾਂਤਮਈ ਢੰਗ ਨਾਲ ਰੋਸ ਮੁਜ਼ਾਹਰੇ ਸ਼ੁਰੂ ਕੀਤੇ ਸਨ ਪਰ ਸ਼ਿਵ ਸੈਨਾ ਤੇ ਹੋਰ ਪਾਰਟੀਆਂ ਵੱਲੋਂ ਇਨ੍ਹਾਂ ਵਿਖਾਵਿਆਂ ਦੇ ਵਿਰੋਧ ਵਿਚ ਆ ਜਾਣ ਨਾਲ ਉਥੇ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਦੰਗੇ ਸ਼ੁਰੂ ਹੋ ਗਏ। ਦਸੰਬਰ 1992 ਤੇ ਜਨਵਰੀ 1993 ਵਿਚ ਭਾਜਪਾ ਤੇ ਸ਼ਿਵ ਸੈਨਾ ਦੀ ਸ਼ਹਿ ਉਤੇ ਮੁਸਲਮਾਨਾਂ ਦੇ ਖਿਲਾਫ਼ ਵੱਡੀ ਪੱਧਰ ਉਤੇ ਹਿੰਸਾ ਤੇ ਸਾੜ ਫੂਕ ਹੋਈ, ਜਿਸ ਵਿਚ 900 ਤੋਂ ਵੱਧ ਲੋਕ ਮਾਰੇ ਗਏ ਤੇ 2036 ਦੇ ਲਗਭਗ ਜ਼ਖਮੀ ਹੋ ਗਏ। ਮਹਾਰਾਸ਼ਟਰ ਦੀ ਸਰਕਾਰ ਇਸ ਹਿੰਸਾ ਦੌਰਾਨ ਫਸਾਦੀਆਂ ਨੂੰ ਰੋਕਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ। ਬਾਅਦ ਵਿਚ ਇਸ ਘਟਨਾਕ੍ਰਮ ਦੀ ਜਾਂਚ ਲਈ ਜਸਟਿਸ ਬੀ.ਐਮ. ਸ੍ਰੀ ਕ੍ਰਿਸ਼ਨਾ ਦੀ ਅਗਵਾਈ ਵਿਚ ਸ੍ਰੀ ਕ੍ਰਿਸ਼ਨਾ ਕਮਿਸ਼ਨ ਬਣਾਇਆ ਗਿਆ, ਜਿਸ ਨੇ ਇਸ ਹਿੰਸਾ ਲਈ ਸਿੱਧੇ ਤੌਰ ਉਤੇ ਸ਼ਿਵ ਸੈਨਾ ਤੇ ਭਾਜਪਾ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ ਪਰ ਮਹਾਰਾਸ਼ਟਰ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਹਿੰਦੂ ਵਿਰੋਧੀ ਕਰਾਰ ਦੇ ਕੇ ਰੱਦ ਕਰ ਦਿੱਤਾ ਤੇ ਦੋਸ਼ੀਆਂ ਖਿਲਾਫ਼ ਅੱਜ ਤੱਕ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਦਾ ਬਦਲਾ ਲੈਣ ਲਈ ਹੀ ਯਾਕੂਬ ਮੈਮਨ ਤੇ ਉਨ੍ਹਾਂ ਦੇ ਭਰਾ ਟਾਈਗਰ ਮੈਮਨ ਅਤੇ ਡੀ ਕੰਪਨੀ ਦੇ ਕਰਤਾ-ਧਰਤਾ ਦਾਊਦ ਇਬਰਾਹੀਮ ਨੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਨਾਲ ਰਲ ਕੇ ਮੁੰਬਈ ਵਿਚ ਭਿਆਨਕ ਬੰਬ ਧਮਾਕੇ ਕਰਵਾ ਦਿੱਤੇ, ਜਿਸ ਦੇ ਸਿੱਟੇ ਵਜੋਂ 257 ਲੋਕ ਮਾਰੇ ਗਏ ਤੇ 713 ਦੇ ਲਗਭਗ ਲੋਕ ਜ਼ਖਮੀ ਹੋਏ। ਸਮੁੱਚੇ ਤੌਰ ਉਤੇ 27 ਕਰੋੜ ਦੇ ਲਗਭਗ ਜਾਇਦਾਦ ਦਾ ਨੁਕਸਾਨ ਹੋਇਆ। ਕ੍ਰਿਸ਼ਨਾ ਕਮਿਸ਼ਨ ਵੱਲੋਂ ਕੀਤੀ ਗਈ ਜਾਂਚ ਸਮੇਂ ਮੁੰਬਈ ਦੇ ਛੇ ਪੁਲਿਸ ਅਧਿਕਾਰੀਆਂ ਨੇ ਹਲਫ਼ੀਆ ਬਿਆਨ ਦੇ ਕੇ ਇਹ ਮੰਨਿਆ ਸੀ ਕਿ ਮੁੰਬਈ ਵਿਚ ਹੋਏ ਇਹ ਬੰਬ ਧਮਾਕੇ ਅਯੁੱਧਿਆ ਅੰਦੋਲਨ ਤੇ ਉਸ ਤੋਂ ਬਾਅਦ ਮੁੰਬਈ ਵਿਚ ਮੁਸਲਮਾਨਾਂ ਵਿਰੁੱਧ ਹੋਈ ਹਿੰਸਾ ਦਾ ਹੀ ਪ੍ਰਤੀਕਰਮ ਹਨ।




## ਮੁੰਬਈ ਦੰਗੇ: 900 ਲੋਕਾਂ ਦੇ ਕਾਤਲਾਂ ਨਾਲ ਲਿਹਾਜ਼!

**ਮੁੰਬਈ:** 30 ਜੁਲਾਈ ਨੂੰ ਇਸ ਘਟਨਾਕ੍ਰਮ ਤੋਂ ਲਗਭਗ 22 ਸਾਲ ਬਾਅਦ ਮੁੰਬਈ ਬੰਬ ਧਮਾਕਿਆਂ ਦੇ ਇਕ ਦੋਸ਼ੀ ਯਾਕੂਬ ਮੈਮਨ ਨੂੰ ਤਾਂ ਫਾਂਸੀ ਦੀ ਸਜ਼ਾ ਮਿਲ ਗਈ ਹੈ ਪਰ ਇਸ ਗੱਲ ਦੀ ਕਿਸੇ ਨੂੰ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ ਕਿ ਜਸਟਿਸ ਬੀ.ਐਮ. ਸ੍ਰੀ ਕ੍ਰਿਸ਼ਨਾ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਵੱਲੋਂ ਜੋ ਮੁਸਲਮਾਨਾਂ ਵਿਰੁੱਧ ਹੋਏ ਦੰਗਿਆਂ ਦੀ ਜਾਂਚ ਕਰਕੇ ਰਿਪੋਰਟ ਦਿੱਤੀ ਗਈ ਹੈ, ਉਸ ਨੂੰ ਆਧਾਰ ਬਣਾ ਕੇ ਸ਼ਿਵ ਸੈਨਾ ਤੇ ਭਾਜਪਾ ਦੇ ਆਗੂਆਂ ਵਿਰੁੱਧ ਕਦੇ ਕੋਈ ਮੁਕੱਦਮੇ ਚੱਲਣਗੇ ਜਾਂ ਉਨ੍ਹਾਂ ਨੂੰ ਵੀ 900 ਲੋਕਾਂ ਨੂੰ ਕਤਲ ਕਰਨ ਦਾ ਦੋਸ਼ੀ ਕਰਾਰ ਦੇ ਕੇ ਯਾਕੂਬ ਮੈਮਨ ਦੀ ਤਰ੍ਹਾਂ ਹੀ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਇਆ ਜਾਏਗਾ? ਨਵੰਬਰ, 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੇ ਸੰਦਰਭ ਵਿਚ ਵੀ ਸਟੇਟ ਦਾ ਰੋਲ ਪੱਖਪਾਤੀ ਰਿਹਾ। ਸਿੱਖਾਂ ਵਿਰੁੱਧ ਹੋ ਰਹੀ ਹਿੰਸਾ ਸਮੇਂ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਤਮਾਸ਼ਬੀਨ ਬਣੀਆਂ ਰਹੀਆਂ।

## ਛੋਟਾ ਸ਼ਕੀਲ ਵੱਲੋਂ ਭਾਰਤ ਨੂੰ ਧਮਕੀ

**ਨਵੀਂ ਦਿੱਲੀ:** ਯਾਕੂਬ ਮੈਮਨ ਦੀ ਫਾਂਸੀ ਬਾਅਦ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਸਾਥੀ ਛੋਟਾ ਸ਼ਕੀਲ ਨੇ ਭਾਰਤ ਨੂੰ ਧਮਕੀ ਦਿੱਤੀ ਹੈ। ਅੰਗਰੇਜ਼ੀ ਅਖਬਾਰ ਟਾਈਮਜ਼ ਆਫ ਇੰਡੀਆ ਵਿਚ ਛਪੀ ਰਿਪੋਰਟ ਅਨੁਸਾਰ ਸ਼ਕੀਲ ਨੇ ਅਖਬਾਰ ਨੂੰ ਫ਼ੋਨ ਉਤੇ ਯਾਕੂਬ ਦੀ ਫਾਂਸੀ ਨੂੰ ਕਾਨੂੰਨੀ ਹੱਤਿਆ ਕਰਾਰ ਦਿੱਤਾ ਹੈ ਤੇ ਅੰਜ਼ਾਮ ਭੁਗਤਣ ਦੀ ਧਮਕੀ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੇ ਯਾਕੂਬ ਨੂੰ ਫੁਸਲਾ ਕੇ ਭਾਰਤ ਬੁਲਾਇਆ ਤੇ ਕੀਤੇ ਗਏ ਵਾਅਦਿਆਂ ਤੋਂ ਮੁੱਕਰ ਗਈ। ਬੇਗੁਨਾਹ ਨੂੰ ਉਸ ਦੇ ਭਰਾ ਦੇ ਅਪਰਾਧ ਦੀ ਸਜ਼ਾ ਦਿੱਤੀ ਹੈ।

## 22 ਸਾਲ ਦੀ ਸਿਲਸਿਲੇਵਾਰ ਕਹਾਣੀ



12 ਮਾਰਚ, 1993 ਨੂੰ ਮੁੰਬਈ ਵਿਚ ਬੰਬ ਧਮਾਕੇ, 257 ਲੋਕ ਮਾਰੇ
4 ਨਵੰਬਰ 1993 ਨੂੰ 189 ਲੋਕਾਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਗਈ।
19 ਅਪਰੈਲ 1995 ਨੂੰ ਮੁੰਬਈ ਦੀ ਟਾਡਾ ਕੋਰਟ ਵਿਚ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ।
ਸਤੰਬਰ 2006 ਵਿਚ ਅਦਾਲਤ ਨੇ 123 ਮੁਲਜ਼ਮਾਂ ਵਿਚੋਂ 12 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, 20 ਨੂੰ ਉਮਰ ਕੈਦ, 68 ਨੂੰ ਉਮਰ ਕੈਦ ਤੋਂ ਘੱਟ ਸਜ਼ਾ ਤੇ 23 ਲੋਕਾਂ ਨੂੰ ਬਰੀ ਕੀਤਾ ਗਿਆ।
ਪਹਿਲੀ ਨਵੰਬਰ 2011 ਨੂੰ ਹੇਠਲੀ ਅਦਾਲਤ ਦੇ ਫੈਸਲਿਆਂ ਖਿਲਾਫ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋਈ
ਮਾਰਚ 2013 ਵਿਚ 12 ਦੋਸ਼ੀਆਂ ਵਿਚੋਂ 10 ਦੀ ਸਜ਼ਾ ਉਮਰ ਕੈਦ ਵਿਚ ਤਬਦੀਲ, ਇਕ ਦੀ ਬਿਮਾਰੀ ਕਾਰਨ ਮੌਤ ਤੇ ਫਾਂਸੀ ਦੀ ਸਜ਼ਾ ਲਈ ਬਚਿਆ ਸੀ ਸਿਰਫ ਯਾਕੂਬ ਮੈਮਨ।
ਮਈ 2014 ਵਿਚ ਰਾਸ਼ਟਰਪਤੀ ਵੱਲੋਂ ਯਾਕੂਬ ਮੈਮਨ ਦੀ ਦਇਆ ਅਰਜ਼ੀ ਖਾਰਜ।
21 ਜੁਲਾਈ, 2015 ਨੂੰ ਯਾਕੂਬ ਨੇ ਮਹਾਰਾਸ਼ਟਰ ਸਰਕਾਰ ਕੋਲ ਰਹਿਮ ਅਪੀਲ ਪਾਈ।
23 ਜੁਲਾਈ 2015 ਨੂੰ ਡੈੱਥ ਵਾਰੰਟ ਖਿਲਾਫ ਯਾਕੂਬ ਦੀ ਸੁਪਰੀਮ ਕੋਰਟ ਵਿਚ ਪਟੀਸ਼ਨ।
29 ਜੁਲਾਈ 2015 ਨੂੰ ਸੁਪਰੀਮ ਕੋਰਟ ਨੇ ਡੈੱਥ ਵਾਰੰਟ ਸਹੀ ਠਹਿਰਾਇਆ
29 ਜੁਲਾਈ 2014 ਨੂੰ ਇਕ ਹੋਰ ਤਾਜ਼ਾ ਰਹਿਮ ਅਪੀਲ ਯਾਕੂਬ ਨੇ ਰਾਸ਼ਟਰਪਤੀ ਨੂੰ ਭੇਜੀ
29 ਜੁਲਾਈ ਦੀ ਰਾਤ ਪੌਣੇ ਗਿਆਰਾਂ ਵਜੇ ਰਾਸ਼ਟਰਪਤੀ ਨੇ ਰੱਦ ਕੀਤੀ ਅਪੀਲ।
30 ਜੁਲਾਈ ਸਵੇਰੇ ਤਕਰੀਬਨ 3-5 ਦੇ ਵਿਚਕਾਰ ਸੁਪਰੀਮ ਕੋਰਟ ਵੱਲੋਂ ਅਰਜ਼ੀ ਖਾਰਜ।
30 ਜੁਲਾਈ ਦੀ ਸਵੇਰੇ 7 ਵਜੇ ਯਾਕੂਬ ਮੈਮਨ ਨੂੰ ਫਾਂਸੀ ਦੇ ਦਿੱਤੀ ਗਈ।

## ਯਾਕੂਬ ਮੈਮਨ ਦਾ ਗੁਨਾਹ

**ਮੁੰਬਈ:** ਯਾਕੂਬ ਮੈਮਨ 12 ਮਾਰਚ, 1993 ਵਿਚ ਹੋਏ ਮੁੰਬਈ ਧਮਾਕਿਆਂ ਦਾ ਦੋਸ਼ੀ ਸੀ। ਉਹ 1993 ਦੇ ਧਮਾਕਿਆਂ ਤੋਂ ਪਹਿਲਾਂ ਦੁਬਈ ਵਿਚ ਤਿਆਰ ਕੀਤੀ ਸਾਜ਼ਿਸ਼ ਵਾਲੀ ਮੀਟਿੰਗ ਵਿਚ ਦਾਊਦ ਇਬਰਾਹੀਮ ਤੇ ਟਾਈਗਰ ਮੈਨਨ ਨਾਲ ਸ਼ਾਮਲ ਸੀ। ਉਹ ਆਪਣੀ ਫ਼ਰਮ ਰਾਹੀ ਟਾਈਗਰ ਮੈਨਨ ਦੇ ਗ਼ੈਰ-ਕਾਨੂੰਨੀ ਫਾਈਨਾਂਸ ਨੂੰ ਸੰਭਾਲਦਾ ਸੀ। ਉਹ ਪਾਕਿਸਤਾਨ ਜਾ ਕੇ ਹਥਿਆਰਾਂ ਦੀ ਟ੍ਰੇਨਿੰਗ ਲੈਣ ਵਾਲਿਆਂ ਲਈ ਟਿਕਟਾਂ ਦਾ ਪ੍ਰਬੰਧ ਕਰਦਾ ਸੀ। ਮੁੰਬਈ ਧਮਾਕਿਆਂ ਲਈ ਵਰਤੇ ਗਏ ਬੰਬ ਉਸ ਦੇ ਘਰ ਵਿਚ ਤਿਆਰ ਕੀਤੇ ਗਏ ਸਨ ਤੇ ਇਨ੍ਹਾਂ ਨੂੰ ਮੁੰਬਈ ਦੀਆਂ ਵੱਖ-ਵੱਖ ਥਾਵਾਂ ਉਤੇ ਭੇਜਿਆ ਗਿਆ ਸੀ। ਮੁੰਬਈ ਵਿਚ ਧਮਾਕਿਆਂ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਦੇਸ਼ ਤੋਂ ਫਰਾਰ ਹੋ ਗਿਆ ਸੀ। ਮੁੰਬਈ ਬੰਬ ਧਮਾਕੇ 12 ਮਾਰਚ, 1993 ਨੂੰ ਹੋਏ ਸਨ, ਜਿਨ੍ਹਾਂ ਵਿਚ 257 ਵਿਅਕਤੀ ਮਾਰੇ ਗਏ ਸਨ ਤੇ 713 ਜ਼ਖ਼ਮੀ ਹੋਏ ਸਨ। ਯਾਕੂਬ ਮੈਮਨ ਨੂੰ ਛੇ ਅਗਸਤ, 1994 ਨੂੰ ਫੜ ਲਿਆ ਗਿਆ ਸੀ, ਜਦੋਂ ਕਿ ਇਸ ਮਾਮਲੇ ਵਿਚ ਦੂਜੇ ਦੋਸ਼ੀ, ਉਸ ਦਾ ਵੱਡਾ ਭਰਾ ਟਾਈਗਰ ਮੈਮਨ ਤੇ ਦਾਊਦ ਹਾਲੇ ਵੀ ਭਗੌੜੇ ਹਨ।

# ਸਿੱਖ ਕਤਲੇਆਮ ਦੇ ਦੋਸ਼ੀਆਂ ਲਈ ਵੀ ਇਸੇ ਤਰਜ਼ 'ਤੇ ਸਜ਼ਾ ਮੰਗੀ

**ਨਵੀਂ ਦਿੱਲੀ:** ਦੇਸ਼ ਵਾਸੀਆਂ ਨੂੰ ਲਿਖੇ ਖੁੱਲੇ ਪੱਤਰ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1993 ਮੁੰਬਈ ਬੰਬ ਕਾਂਡ ਦੇ ਦੋਸ਼ੀ ਯਾਕੂਬ ਮੈਮਨ ਨੂੰ ਫਾਂਸੀ ਦੇਣ ਵਾਸਤੇ ਨਿਆਪਾਲਿਕਾ ਵੱਲੋਂ ਵਿਖਾਈ ਗਈ ਤੇਜ਼ੀ ਨੂੰ 1984 ਸਿੱਖ ਕਤਲੇਆਮ ਦੇ ਕੇਸਾਂ ਵਿਚ ਨਹੀਂ ਮਿਲੇ ਇਨਸਾਫ਼ ਨਾਲ ਜੋੜਦੇ ਹੋਏ ਕਈ ਸਵਾਲ ਖੜੇ ਕੀਤੇ ਗਏ ਹਨ।

ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸਿੱਖਾਂ ਦੇ ਕਾਤਲਾਂ ਵੱਲੋਂ ਖੁਲ੍ਹੇਆਮ ਵੱਡੇ ਅਹੁਦਿਆਂ ਸਹਾਰੇ ਸੁਰੱਖਿਆ ਛੱਤਰੀ ਲੈ ਕੇ ਨਿਆਪਾਲਿਕਾ ਦਾ ਮਜ਼ਾਕ ਉਡਾਉਣ ਦਾ ਵੀ ਦਾਅਵਾ ਕੀਤਾ ਹੈ। ਬੀਤੇ 31 ਸਾਲਾਂ ਤੋਂ ਕੌਮ ਵੱਲੋਂ ਸੜਕ ਤੋਂ ਅਦਾਲਤ ਤੱਕ ਲੜੀ ਗਈ ਲੜਾਈ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਦੀ ਦੁਹਾਈ ਦਿੰਦੇ ਹੋਏ ਜੀ.ਕੇ. ਨੇ ਦੇਸ਼ ਦੇ ਕਾਨੂੰਨ ਪਸੰਦ ਸ਼ਹਿਰੀਆਂ ਨੂੰ ਭਾਰਤ ਦੀ ਨਿਆਪਾਲਿਕਾ ਤੇ ਸਿਆਸੀ ਢਾਂਚੇ ਵਿਚਕਾਰ ਪੈਦਾ ਹੋਈ ਲੁਕਵੀਂ ਤਾਕਤ ਦੇ ਖਿਲਾਫ਼ ਅੱਗੇ ਵਧ ਕੇ ਆਵਾਜ਼ ਉਠਾ ਕੇ ਹਾਲਾਤ ਨੂੰ ਬਦਲਣ ਦੀ ਵੀ ਅਪੀਲ ਕੀਤੀ ਹੈ।

ਜੀ.ਕੇ. ਨੇ ਕਿਹਾ ਕਿ ਮੁੰਬਈ ਬੰਬ ਕਾਂਡ ਵਿਚ ਨਿਆਪਾਲਿਕਾ ਵੱਲੋਂ 22 ਸਾਲ ਵਿਚ ਫਾਂਸੀ ਵਰਗੇ ਵੱਡੇ ਫੈਸਲੇ ਦਿੱਤੇ ਗਏ ਪਰ ਸਿੱਖ ਕਤਲੇਆਮ ਦੇ 31 ਸਾਲਾਂ ਵਿਚ ਇਕ ਵੀ ਦੋਸ਼ੀ ਨੂੰ ਇਸ ਸਜ਼ਾ ਦੇ ਲਾਇਕ ਨਹੀਂ ਸਮਝਿਆ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਜਿਸ ਤਰ੍ਹਾਂ 1993 ਬੰਬ ਧਮਾਕਿਆਂ ਦੇ ਕੇਸ ਸਬੰਧੀ ਨਿਆਂਪਾਲਿਕਾ ਅਤੇ ਕੇਂਦਰ ਸਰਕਾਰ ਨੇ ਤੇਜ਼ੀ ਦਿਖਾਈ ਹੈ, ਉਸੇ ਤਰ੍ਹਾਂ ਸਾਲ 1984 ਵਿਚ ਮਾਰੇ ਗਏ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਵਿਸ਼ੇਸ਼ ਪਹਿਲਕਦਮੀ ਕੀਤੀ ਜਾਵੇ।

ਸ. ਮੱਕੜ ਨੇ ਕਿਹਾ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਤਿੰਨ ਦਹਾਕਿਆਂ ਤੋਂ ਖ਼ੂਨ ਦੇ ਹੰਝੂ ਰੋ ਰਹੀ ਹੈ ਅਤੇ ਇਨਸਾਫ਼ ਲਈ ਕੇਂਦਰ ਸਰਕਾਰ ਤੇ ਵੱਖ-ਵੱਖ ਅਦਾਲਤਾਂ ਦੇ ਚੱਕਰ ਕੱਟ ਰਹੀ ਹੈ। ਪਰ ਅਜੇ ਤੱਕ 1984 ਕਤਲੇਆਮ ਦੇ ਕੇਸਾਂ ਦਾ ਨਿਪਟਾਰਾ ਨਹੀਂ ਹੋ ਸਕਿਆ। ਇਸ ਲਈ ਜ਼ਿੰਮੇਵਾਰ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਵਰਗੇ ਲੋਕ ਸਰਕਾਰੀ ਸੁਰੱਖਿਆ ਲੈ ਕੇ ਘੁੰਮ ਰਹੇ ਹਨ।

## ਰਾਜੀਵ ਦੇ ਕਾਤਲਾਂ ਨੂੰ ਨਹੀਂ ਹੋਵੇਗੀ ਫਾਂਸੀ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਹਤਿਆਰਿਆਂ ਨੂੰ ਫਾਂਸੀ ਨਹੀਂ ਹੋਵੇਗੀ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਦਾਇਰ ਕੀਤੀ ਗਈ ਸੋਧ ਅਪੀਲ ਨੂੰ ਖਾਰਜ ਕਰਦਿਆਂ ਆਪਣੇ 18 ਫਰਵਰੀ 2014 ਦੇ ਉਸ ਫ਼ੈਸਲੇ ਦੀ ਪੁਸ਼ਟੀ ਕੀਤੀ ਜਿਸ ਵਿਚ ਰਾਜੀਵ ਗਾਂਧੀ ਹੱਤਿਆ ਕੇਸ ਦੇ ਦੋਸ਼ੀਆਂ ਸੰਥਨ, ਮੁਰੂਗਨ ਤੇ ਪੇਰਾਰਿਵਲਨ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ। ਤਾਮਿਲਨਾਡੂ ਸਰਕਾਰ ਨੇ ਵੀ ਇਸ ਬਾਰੇ ਯਤਨ ਕੀਤੇ ਸਨ।

# ਹਿੰਦੂ ਅਤਿਵਾਦ ਦੇ ਮੁੱਦੇ 'ਤੇ ਭਖਿਆ ਵਿਵਾਦ

**ਨਵੀਂ ਦਿੱਲੀ:** ਕਾਂਗਰਸੀ ਨੇਤਾ ਦਿਗਵਿਜੈ ਸਿੰਘ ਨੇ ਸਰਕਾਰ ਤੇ ਨਿਆਪਾਲਿਕਾ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਟਵੀਟ ਕੀਤਾ ਕਿ ਉਮੀਦ ਹੈ ਸਰਕਾਰ ਤੇ ਨਿਆਪਾਲਿਕਾ ਅਤਿਵਾਦ ਦੇ ਹੋਰ ਮਾਮਲਿਆਂ ਵਿਚ ਵੀ ਅਜਿਹੀ ਹੀ ਜਲਦਬਾਜ਼ੀ ਵਿਖਾਵੇਗੀ ਤੇ ਜਾਤੀ ਤੇ ਧਰਮ ਤੋਂ ਉਪਰ ਉਠਕੇ ਹੀ ਫ਼ੈਸਲੇ ਕੀਤੇ ਜਾਣਗੇ। ਨਿਆਪਾਲਿਕਾ ਤੇ ਸਰਕਾਰ ਦਾ ਅਕਸ ਦਾਅ ਉਤੇ ਹੈ। ਉਧਰ ਸੰਸਦ ਵਿਚ ਵੀ ਸਰਕਾਰ ਤੇ ਵਿਰੋਧੀ ਧਿਰ ਵਿਚਕਾਰ 'ਹਿੰਦੂ ਅਤਿਵਾਦ' ਦੇ ਮੁੱਦੇ ਉਤੇ ਖ਼ੂਬ ਦੂਸ਼ਣਬਾਜ਼ੀ ਦਾ ਦੌਰ ਚੱਲਿਆ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਾਂਗਰਸ ਉਤੇ ਦੋਸ਼ ਲਾਇਆ ਕਿ ਉਨ੍ਹਾਂ 'ਹਿੰਦੂ ਅਤਿਵਾਦ' ਦੀ ਗੱਲ ਕਰਕੇ ਦਹਿਸ਼ਤਗਰਦੀ ਖ਼ਿਲਾਫ਼ ਲੜਾਈ ਨੂੰ ਕਮਜ਼ੋਰ ਕੀਤਾ। ਇਸ ਬਿਆਨ ਤੋਂ ਬਾਅਦ ਕਾਂਗਰਸ ਮੈਂਬਰਾਂ ਨੇ ਕਿਹਾ ਕਿ ਗ੍ਰਹਿ ਮੰਤਰੀ ਦਹਿਸ਼ਤਗਰਦੀ ਦੇ ਮੁੱਦੇ ਉਤੇ ਸਿਆਸਤ ਕਰ ਰਹੇ ਹਨ।

ਦੱਸਣਯੋਗ ਹੈ ਕਿ ਮੁੰਬਈ ਬੰਬ ਧਮਾਕਿਆਂ ਦੇ ਦੋਸ਼ੀ ਯਕੂਬ ਮੈਮਨ ਨੂੰ ਫਾਂਸੀ ਦਿੱਤੇ ਜਾਣ ਦੇ ਮਾਮਲੇ ਵਿਚ ਸਰਬ ਭਾਰਤੀ ਮਜਲਿਸ-ਏ-ਮੁਸਲੀਨ ਨੇ ਕਿਹਾ ਸੀ ਕਿ ਸਰਕਾਰ ਧਰਮ ਦੇ ਆਧਾਰ ਉਤੇ ਫਾਂਸੀ ਤੈਅ ਕਰ ਰਹੀ ਹੈ। ਮੈਮਨ ਨੂੰ ਫਾਂਸੀ ਦਿੱਤੇ ਜਾਣ 'ਤੇ ਸਵਾਲ ਉਠਾਉਂਦਿਆਂ ਓਵੈਸੀ ਨੇ ਕਿਹਾ ਕਿ ਜੇਕਰ ਫਾਂਸੀ ਚੜ੍ਹਾਉਣਾ ਹੀ ਹੈ ਤਾਂ ਰਾਜੀਵ ਗਾਂਧੀ ਦੇ ਹਤਿਆਰਿਆਂ ਨੂੰ ਵੀ ਫਾਂਸੀ ਦਿੱਤੀ ਜਾਵੇ।

ਉਨ੍ਹਾਂ ਸਵਾਲ ਕੀਤਾ ਕਿ ਕੀ ਅਯੁੱਧਿਆ ਵਿਚ ਵਿਵਾਦਤ ਢਾਂਚੇ ਨੂੰ ਡੇਗੇ ਜਾਣ, ਮੁੰਬਈ ਤੇ ਗੁਜਰਾਤ ਵਿਚ ਫਿਰਕੂ ਦੰਗਿਆਂ ਤੇ ਦੂਸਰੇ ਮਾਮਲਿਆਂ ਵਿਚ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਜਾਵੇਗੀ? ਹੈਦਰਾਬਾਦ ਤੋਂ ਸੰਸਦ ਮੈਂਬਰ ਓਵੈਸੀ ਨੇ ਕਿਹਾ ਕਿ ਬਾਬਰੀ ਮਸਜਿਦ ਡੇਗਣ ਦੇ ਗੁਨਾਹਗਾਰਾਂ ਨੂੰ ਮੌਤ ਦੀ ਸਜ਼ਾ ਮਿਲੇਗੀ? ਸਾਧਵੀ ਪ੍ਰੱਗਿਆ, ਕਰਨਲ ਪਰੋਹਿਤ ਤੇ ਸੁਆਮੀ ਅਸੀਮਾਨੰਦ ਨੂੰ ਮਾਲੇਗਾਓਂ ਬੰਬ ਧਮਾਕਿਆਂ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਮਿਲੇਗੀ?



## ਯਾਕੂਬ ਮੈਮਨ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਡਿਪਟੀ ਰਜਿਸਟਰਾਰ ਖਿਲਾਫ ਹੋਵੇਗੀ ਕਾਰਵਾਈ?

**ਨਵੀਂ ਦਿੱਲੀ:** ਯਾਕੂਬ ਮੈਮਨ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਡਾਕਟਰ ਅਨੂਪ ਸੁਰੇਂਦਰਨਾਥ ਖਿਲਾਫ ਕਾਰਵਾਈ ਕੀਤੇ ਜਾਣ ਦੀ ਸੂਹ ਮਿਲੀ ਹੈ। ਯਾਦ ਰਹੇ ਕਿ 30 ਜੁਲਾਈ ਨੂੰ ਫਾਂਸੀ ਵਾਲੇ ਦਿਨ ਡਾ. ਅਨੂਪ ਨੇ ਸੁਪਰੀਮ ਕੋਰਟ ਦੇ ਡਿਪਟੀ ਰਜਿਸਟਰਾਰ (ਖੋਜ) ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਯਾਕੂਬ ਦੀ ਫਾਂਸੀ ਰੁਕਵਾਉਣ ਲਈ ਅੱਧੀ ਰਾਤੀ ਚੀਫ ਜਸਟਿਸ ਦੇ ਘਰੇ ਗਈ ਵਕੀਲਾਂ ਦੀ ਟੀਮ ਵਿਚ ਵੀ ਸ਼ਾਮਲ ਸੀ। ਉਹ ਸੁਪਰੀਮ ਕੋਰਟ ਵਿਚ ਸਾਲ ਪਹਿਲਾਂ ਡੈਪੂਟੇਸ਼ਨ 'ਤੇ ਆਇਆ ਸੀ। ਉਹ ਦਿੱਲੀ ਦੀ ਨੈਸ਼ਨਲ ਲਾਅ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ ਅਤੇ ਫਾਂਸੀ ਦੀ ਸਜ਼ਾ ਬਾਰੇ ਖੋਜ ਪ੍ਰੋਜੈਕਟ ਦਾ ਡਾਇਰੈਕਟਰ ਹੈ। ਉਸ ਨੇ ਇਹ ਕਹਿੰਦਿਆਂ ਅਹੁਦੇ ਤੋਂ ਅਸਤੀਫਾ ਦਿੱਤਾ ਸੀ ਕਿ ਯਾਕੂਬ ਦੇ ਕੇਸ ਵਿਚ ਨਿਆਂ ਨਹੀਂ ਹੋਇਆ।

ਆਪਣੇ ਅਸਤੀਫੇ ਵਿਚ ਉਨ੍ਹਾਂ ਭਾਵੇਂ ਇਹ ਗੱਲ ਨਹੀਂ ਲਿਖੀ, ਪਰ ਉਨ੍ਹਾਂ ਨੇ ਫੇਸਬੁੱਕ ਉਤੇ ਬਾਕਾਇਦਾ ਲਿਖਿਆ ਹੈ ਕਿ ਜਿਸ ਕੰਮ ਲਈ ਉਹ ਖੋਜ ਕਰ ਰਿਹਾ ਹੈ, ਉਸੇ ਦੀ ਹੀ ਤੌਹੀਨ ਹੋ ਗਈ ਹੈ। ਸੁਪਰੀਮ ਕੋਰਟ ਦੇ ਸੂਤਰਾਂ ਮੁਤਾਬਕ, ਡਾ. ਅਨੂਪ ਸੁਰੇਂਦਰਨਾਥ ਖਿਲਾਫ ਹੁਣ ਕਾਰਵਾਈ ਹੋਣੀ ਹੀ ਹੋਣੀ ਹੈ। ਕਿਹਾ ਜਾ ਰਿਹਾ ਹੈ ਕਿ ਉਸ ਖਿਲਾਫ ਨੇਮਾਂ ਦੀ ਉਲੰਘਣਾ ਦਾ ਕੇਸ ਬਣਾਇਆ ਜਾ ਰਿਹਾ ਹੈ।

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰਦੁਆਰਿਆਂ ਦੀ ਜ਼ਮੀਨ ਉਤੇ ਹੋਵੇਗੀ ਜੈਵਿਕ ਖੇਤੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਵਿਕ ਖੇਤੀ ਨੂੰ ਅਪਨਾਉਣ ਤੇ ਉਤਸ਼ਾਹਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਪਹਿਲੇ ਪੜਾਅ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ 35 ਇਤਿਹਾਸਕ ਗੁਰਦੁਆਰਿਆਂ ਦੀਆਂ ਜ਼ਮੀਨਾਂ ਉਤੇ ਪੰਜ ਏਕੜ ਰਕਬੇ ਵਿਚ ਜੈਵਿਕ ਖੇਤੀ ਕੀਤੀ ਜਾਵੇਗੀ। ਇਨ੍ਹਾਂ ਫ਼ਸਲਾਂ ਨੂੰ ਗੁਰਦੁਆਰਿਆਂ ਦੇ ਲੰਗਰ ਲਈ ਵਰਤਿਆ ਜਾਵੇਗਾ।

ਸਿੱਖ ਸੰਸਥਾ ਵੱਲੋਂ ਸੂਬੇ ਦੇ ਲੋਕਾਂ ਨੂੰ ਜ਼ਹਿਰੀਲੀਆਂ ਤੇ ਕੀਟਨਾਸ਼ਕ ਦਵਾਈਆਂ ਨਾਲ ਤਿਆਰ ਹੋਈਆਂ ਫ਼ਸਲਾਂ ਤੋਂ ਨਿਜਾਤ ਦਿਵਾਉਣ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਤਕਰੀਬਨ 13 ਹਜ਼ਾਰ ਏਕੜ ਜ਼ਮੀਨ ਦੇ ਕੁਝ ਰਕਬੇ ਵਿਚ ਤਜਰਬੇ ਵਜੋਂ ਜੈਵਿਕ ਖੇਤੀ ਕੀਤੀ ਜਾਵੇਗੀ। ਪਿਛਲੇ ਸਾਲ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਲਈ ਜੈਵਿਕ ਖੇਤੀ ਰਾਹੀਂ ਤਿਆਰ ਹੋਈ ਫ਼ਸਲ ਵਰਤਣ ਦਾ ਫ਼ੈਸਲਾ ਕੀਤਾ ਗਿਆ ਸੀ ਤੇ ਅਟਾਰੀ ਨੇੜੇ ਗੁਰਦੁਆਰਾ ਗੁਰੂਸਰ ਸਤਲਾਣੀ ਵਿਖੇ 40 ਏਕੜ ਰਕਬੇ ਵਿਚ ਖੇਤੀ ਕਰਨ ਦਾ ਫ਼ੈਸਲਾ ਹੋਇਆ ਸੀ, ਜਿਸ ਨੂੰ ਇਸ ਮੰਤਵ ਲਈ ਮਾਡਲ ਫਾਰਮ ਬਣਾਇਆ ਜਾਵੇਗਾ। ਹੁਣ ਸ਼੍ਰੋਮਣੀ ਕਮੇਟੀ ਨੇ 35 ਗੁਰਦੁਆਰਿਆਂ ਦੀ ਪੰਜ ਏਕੜ ਜ਼ਮੀਨ ਵਿਚ ਤਜਰਬੇ ਵਜੋਂ ਜੈਵਿਕ ਖੇਤੀ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਗੁਰਦੁਆਰੇ ਪੰਜਾਬ ਤੇ ਹਰਿਆਣਾ ਦੋਵੇਂ ਸੂਬਿਆਂ ਵਿਚ ਹਨ। ਇਸ ਬਾਰੇ ਖੇਤੀ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਸ਼ੁਰੂ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਇਕ ਨਵਾਂ ਮਿਸ਼ਨ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਤਹਿਤ ਸੂਬੇ ਦੇ ਲੋਕਾਂ ਨੂੰ ਜ਼ਹਿਰੀਲੀਆਂ ਕੀਟਨਾਸ਼ਕ ਦਵਾਈਆਂ ਤੇ ਖਾਦਾਂ ਨਾਲ ਤਿਆਰ ਹੋਈਆਂ ਫ਼ਸਲਾਂ ਦੀ ਵਰਤੋਂ ਘਟਾਉਣ ਬਾਰੇ ਜਾਗਰੂਕ ਕੀਤਾ ਜਾਵੇਗਾ ਤੇ ਜੈਵਿਕ ਖੇਤੀ ਦੀਆਂ ਫ਼ਸਲਾਂ ਦੀ ਵਰਤੋਂ ਲਈ ਉਤਸ਼ਾਹਤ ਕੀਤਾ ਜਾਵੇਗਾ। ਪੰਜਾਬ ਤੇ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੇ 35 ਗੁਰਦੁਆਰਿਆਂ ਦੀ ਪੰਜ ਏਕੜ ਜ਼ਮੀਨ ਵਿਚ ਜੈਵਿਕ ਖੇਤੀ ਸ਼ੁਰੂ ਕੀਤੀ ਜਾਵੇਗੀ।

## ਐਫ.ਟੀ.ਆਈ.ਆਈ. 'ਚ ਨਿਯੁਕਤੀਆਂ ਦਾ ਵਿਵਾਦ ਹੋਰ ਭਖਿਆ

**ਨਵੀਂ ਦਿੱਲੀ:** ਟੀ.ਵੀ. ਕਲਾਕਾਰ ਤੇ ਭਾਜਪਾ ਆਗੂ ਗਜਿੰਦਰ ਚੌਹਾਨ ਨੂੰ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ਼ ਇੰਡੀਆ (ਐਫ.ਟੀ.ਆਈ.ਆਈ.) ਦਾ ਚੇਅਰਮੈਨ ਨਿਯੁਕਤ ਕੀਤੇ ਜਾਣ ਖਿਲਾਫ਼ ਵਿਦਿਆਰਥੀਆਂ ਦੇ ਵਿਰੋਧ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਗਜਿੰਦਰ ਚੌਹਾਨ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ ਵਿਦਿਆਰਥੀਆਂ ਨੇ ਜੰਤਰ ਮੰਤਰ ਵਿਖੇ ਪ੍ਰਦਰਸ਼ਨ ਕੀਤਾ।

ਜਨਤਾ ਦਲ (ਯੂ) ਆਗੂ ਕੇ. ਸੀ. ਤਿਆਗੀ ਤੇ 'ਆਪ' ਦੇ ਧਰਮਵੀਰ ਗਾਂਧੀ ਸਮੇਤ ਕਈ ਹੋਰ ਆਗੂਆਂ ਨੇ ਵੀ ਜੰਤਰ ਮੰਤਰ ਪੁੱਜ ਕੇ ਵਿਦਿਆਰਥੀਆਂ ਦਾ ਸਮਰਥਨ ਕੀਤਾ। ਪ੍ਰਦਰਸ਼ਨ ਦੌਰਾਨ ਵਿਦਿਆਰਥੀ ਦੀ ਮੰਗ ਕੀਤੀ ਕਿ ਸਰਕਾਰ ਛੇਤੀ ਤੋਂ ਛੇਤੀ ਗਜਿੰਦਰ ਚੌਹਾਨ ਦੀ ਨਿਯੁਕਤੀ ਵਾਪਸ ਲਵੇ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਚੌਹਾਨ ਦੀ ਆੜ ਹੇਠ ਸਰਕਾਰ ਆਪਣੀ ਵਿਚਾਰਧਾਰਾ ਨੂੰ ਐਫ.ਟੀ.ਆਈ.ਆਈ. ਵਿਦਿਆਰਥੀਆਂ ਉਤੇ ਨਾ ਸਿਰਫ ਥੋਪ ਰਹੀ ਹੈ, ਬਲਕਿ ਸੰਸਥਾਨ ਦੀ ਪ੍ਰਤਿਸ਼ਠਾ ਨਾਲ ਵੀ ਖਿਲਵਾੜ ਕਰ ਰਹੀ ਹੈ।

ਦੂਜੇ ਪਾਸੇ ਕੇਂਦਰੀ ਰਾਜ ਮੰਤਰੀ ਸ੍ਰੀ ਰਾਠੌੜ ਨੇ ਕਿਹਾ ਕਿ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ, ਪਰ ਇਕ ਧੜਾ ਹੜਤਾਲ ਉਤੇ ਅੜਿਆ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਦਿਆਰਥੀਆਂ ਨਾਲ ਮੁਲਾਕਾਤ ਦੌਰਾਨ ਰਾਹੁਲ ਗਾਂਧੀ ਵੱਲੋਂ ਇਸ ਮਾਮਲੇ ਨੂੰ ਸਿਆਸੀ ਰੰਗ ਦਿੱਤਾ ਗਿਆ।

## ਗੁਰਦੁਆਰੇ 'ਚ ਟਕਰਾਅ, ਚਾਰ ਜ਼ਖਮੀ

**ਨਡਾਲਾ:** ਪਿੰਡ ਨੰਗਲ ਲੁਬਾਣਾ ਦੇ ਦੱਖਣੀ ਮੁਹੱਲਾ ਗੁਰਦੁਆਰਾ ਸਾਹਿਬ ਵਿਖੇ ਕਮੇਟੀ ਦੇ ਫੇਰਬਦਲ ਤੇ ਨਾਮ ਸਿਮਰਨ ਦੇ ਢੰਗ ਨੂੰ ਲੈ ਕੇ ਹੋਇਆ ਤਕਰਾਰ ਖ਼ੂਨੀ ਟਕਰਾਅ ਵਿਚ ਬਦਲ ਗਿਆ। ਦੋਵੇਂ ਧਿਰਾਂ ਨੇ ਕਿਰਪਾਨਾਂ ਚਲਾਈਆਂ, ਜਿਸ ਨਾਲ ਚਾਰ ਜਣੇ ਜ਼ਖ਼ਮੀ ਹੋ ਗਏ। ਇਸ ਬਾਰੇ ਗੁਰਮੀਤ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ ਉਹ ਰਹਿਰਾਸ ਸੁਣਨ ਗੁਰਦੁਆਰਾ ਸਾਹਿਬ ਗਏ ਤੇ ਅਰਦਾਸ ਕਰਕੇ ਗ੍ਰੰਥੀ ਮਨਜੀਤ ਸਿੰਘ ਤਾਬਿਆ ਬੈਠਾ ਹੋਇਆ ਸੀ। ਇਸੇ ਦੌਰਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜੋਗਾ ਸਿੰਘ, ਸ਼ਿੰਦਰ ਸਿੰਘ, ਚੈਂਚਲ ਸਿੰਘ, ਸੁਰਜੀਤ ਸਿੰਘ ਤੇ ਗੁਰਮੇਲ ਸਿੰਘ ਨੇ ਆ ਕੇ ਮਨਜੀਤ ਸਿੰਘ ਦੀ ਖਿੱਚਧੂਹ ਕੀਤੀ ਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਕਾਰਨ ਮਨਜੀਤ ਸਿੰਘ ਤੇ ਨੌਜਵਾਨ ਗਗਨਦੀਪ ਸਿੰਘ ਜ਼ਖ਼ਮੀ ਹੋ ਗਏ।

## ਖਾੜਕੂ ਜਗਤਾਰ ਸਿੰਘ ਹਵਾਰਾ ਅਦਾਲਤ ਵਿਚ ਪੇਸ਼



**ਰੂਪਨਗਰ:** ਬੱਬਰ ਖ਼ਾਲਸਾ ਦੇ ਕਾਰਕੁਨ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਸਖ਼ਤ ਸੁਰੱਖਿਆ ਹੇਠ ਰੂਪਨਗਰ ਲਿਆਂਦਾ ਗਿਆ ਤੇ ਸਾਲ 1988 ਵਿਚ ਚਮਕੌਰ ਸਾਹਿਬ ਥਾਣੇ ਵਿਚ ਅਸਲਾ ਐਕਟ ਤੇ ਟਾਡਾ ਤਹਿਤ ਦਰਜ ਕੇਸ ਬਾਰੇ ਅਦਾਲਤ ਵਿਚ ਪੇਸ਼ ਕੀਤਾ ਗਿਆ।

ਅਦਾਲਤੀ ਕਾਰਵਾਈ ਦੌਰਾਨ ਜਗਤਾਰ ਸਿੰਘ ਹਵਾਰਾ ਦੇ ਫ਼ੌਜਦਾਰੀ ਦੰਡ ਵਿਧਾਨ ਦੀ ਧਾਰਾ 313 ਅਧੀਨ ਬਿਆਨ ਕਲਮਬੰਦ ਕੀਤੇ ਗਏ। ਅਦਾਲਤ ਨੇ ਇਸ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ ਸੱਤ ਸਤੰਬਰ ਨਿਰਧਾਰਤ ਕੀਤੀ ਹੈ। ਯਾਦ ਰਹੇ ਕਿ ਬੇਅੰਤ ਸਿੰਘ ਕਤਲ ਕੇਸ ਵਿਚ ਜਗਤਾਰ ਸਿੰਘ ਹਵਾਰਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਪਰ ਪਿਛੋਂ ਇਹ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਉਹ ਅੱਜ ਕੱਲ੍ਹ ਤਿਹਾੜ ਜੇਲ੍ਹ ਵਿਚ ਇਹ ਸਜ਼ਾ ਭੁਗਤ ਰਿਹਾ ਹੈ।

## ਲੋਕ ਸਭਾ 'ਚੋਂ ਕਾਂਗਰਸ ਦੇ 25 ਮੈਂਬਰ ਮੁਅੱਤਲ

**ਨਵੀਂ ਦਿੱਲੀ:** ਲੋਕ ਸਭਾ ਦੀ ਕਾਰਵਾਈ ਵਿਚ ਵਾਰ-ਵਾਰ ਰੁਕਾਵਟ ਖੜ੍ਹੀ ਕਰਨ ਵਾਲੇ ਕਾਂਗਰਸ ਦੇ ਕੁੱਲ 44 ਵਿਚੋਂ 25 ਮੈਂਬਰਾਂ ਨੂੰ ਪੰਜ ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ।

ਇਸ ਕਾਰਨ ਸਦਨ ਵਿਚ ਹੰਗਾਮਾ ਹੋ ਗਿਆ ਤੇ ਨੌਂ ਵਿਰੋਧੀ ਪਾਰਟੀਆਂ ਨੇ ਮੁਅੱਤਲ ਮੈਂਬਰਾਂ ਨਾਲ ਇਕਮੁੱਠਤਾ ਦਾ ਮੁਜ਼ਾਹਰਾ ਕਰਦਿਆਂ ਮੁਅੱਤਲੀ ਦੇ ਸਮੇਂ ਦੌਰਾਨ ਸਦਨ ਦੀ ਕਾਰਵਾਈ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਸਦਨ ਵਿਚ ਨਾਅਰੇਬਾਜ਼ੀ ਤੇ ਤਖ਼ਤੀਆਂ ਦਿਖਾ ਕੇ ਕਾਰਵਾਈ ਵਿਚ 'ਜਾਣ-ਬੁੱਝ ਕੇ ਅੜਿੱਕੇ ਖੜ੍ਹੇ ਕਰਨ ਤੇ ਆਪਣੀ ਮੰਗ ਉਤੇ ਅੜੇ' ਰਹਿਣ ਵਾਲੇ ਮੈਂਬਰਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਸਪੀਕਰ ਸੁਮਿੱਤਰਾ ਮਹਾਜਨ ਨੇ ਕੀਤਾ। ਇਹ ਮੌਜੂਦਾ ਲੋਕ ਸਭਾ ਦੀ ਪਹਿਲੀ ਵੱਡੀ ਕਾਰਵਾਈ ਹੈ।

## ਅਕਾਲੀ-ਭਾਜਪਾ ਗੱਠਜੋੜ 'ਤੇ ਫਿਰ ਖਤਰੇ ਦੇ ਬੱਦਲ

*(ਸਫਾ ਇਕ ਦੀ ਬਾਕੀ)*

ਸਕੱਤਰ ਨਵਜੋਤ ਕੌਰ ਸਿੱਧੂ ਭਾਜਪਾ ਦੇ ਉਹ ਲੀਡਰ ਹਨ ਜਿਨ੍ਹਾਂ ਨੇ ਸਮੇਂ ਸਮੇਂ ਉਤੇ ਆਪਣੀ ਹੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਵਾਲ ਉਠਾਉਂਦਿਆਂ ਭਾਈਵਾਲ ਪਾਰਟੀ ਅਕਾਲੀ ਦਲ ਨੂੰ ਰਗੜੇ ਲਾਏ ਹਨ। ਇਨ੍ਹਾਂ ਲੀਡਰਾਂ ਦਾ ਇਲਜ਼ਾਮ ਹੈ ਕਿ ਅਕਾਲੀ ਦਲ ਉਨ੍ਹਾਂ ਨਾਲ ਸ਼ਰੇਆਮ ਧੱਕੇਸ਼ਾਹੀ ਕਰਦਾ ਆ ਰਿਹਾ ਹੈ ਤੇ ਗੱਲ ਗੱਲ ਉਤੇ ਨੀਵਾਂ ਵਿਖਾਉਂਦਾ ਹੈ। ਇਸ ਕਰ ਕੇ ਬੇਸ਼ੱਕ ਭਾਜਪਾ ਤੇ ਅਕਾਲੀ ਦਲ ਦਾ ਰਿਸ਼ਤਾ ਹੁਣ ਘਿਓ-ਖਿਚੜੀ ਵਾਲਾ ਨਹੀਂ ਰਿਹਾ ਪਰ ਦੋਵੇਂ ਧਿਰਾਂ ਰਿਸ਼ਤਾ ਤੋੜਨ ਦੀ ਹਿੰਮਤ ਨਹੀਂ ਵਿਖਾ ਰਹੀਆਂ।

ਅਕਾਲੀ ਦਲ ਖਿਲਾਫ ਸੱਤਾ ਵਿਰੋਧੀ ਲਹਿਰ ਪ੍ਰਚੰਡ ਹੋਣ ਕਰ ਕੇ ਭਾਜਪਾ ਨੂੰ ਡੁੱਬਦੇ ਲਈ ਸਹਾਰਾ ਸਮਝ ਰਿਹਾ ਹੈ। ਉਧਰ, ਪੰਜਾਬ ਭਾਜਪਾ ਤਾਂ ਵੱਖ ਰਾਹ ਤਲਾਸ਼ਣ ਲਈ ਕਾਹਲੀ ਹੈ, ਪਰ ਹਾਈਕਮਾਨ ਇਸ ਦੇ ਦੂਰਗਾਮੀ ਅਸਰਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਗੱਲ ਪਿਆ ਢੋਲ ਵਜਾਉਣ ਵਿਚ ਹੀ ਭਲਾਈ ਸਮਝ ਰਹੀ ਹੈ। ਨਵਜੋਤ ਕੌਰ ਸਿੱਧੂ ਦਾ ਦੋਸ਼ ਹੈ ਕਿ ਪੰਜਾਬ ਵਿਚ ਸਰਕਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕੱਲੇ ਨਹੀਂ ਬਲਕਿ ਤਿੱਕੜੀ ਚਲਾ ਰਹੀ ਹੈ, ਜਿਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਸ਼ਾਮਲ ਹਨ। ਇਨ੍ਹਾਂ ਦੇ ਇਸ਼ਾਰੇ ਉਤੇ ਭਾਜਪਾ ਵਰਕਰਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਡਾ. ਸਿੱਧੂ ਨੇ ਕਿਹਾ ਕਿ ਉਹ ਪਾਰਟੀ ਨੂੰ ਦੱਸ ਚੁੱਕੇ ਹਨ ਕਿ ਉਹ ਭਾਜਪਾ ਦੇ ਉਮੀਦਵਾਰ ਵਜੋਂ ਤਾਂ ਚੋਣ ਲੜਨ ਨੂੰ ਤਿਆਰ ਹਨ ਪਰ ਗੱਠਜੋੜ ਵੱਲੋਂ ਨਹੀਂ।

**ਬਾਦਲ ਸਿਰਫ ਬਠਿੰਡੇ ਦੇ ਮੁੱਖ ਮੰਤਰੀ:** ਨਵਜੋਤ ਕੌਰ ਸਿੱਧੂ ਨੇ ਸਵਾਲ ਕੀਤਾ ਹੈ ਕਿ ਜੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਿਰਫ਼ ਬਠਿੰਡਾ ਦੇ ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਹਨ ਤਾਂ ਬਾਕੀ ਸਾਰਾ ਪੰਜਾਬ ਕਿਸੇ ਹੋਰ ਨੂੰ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਫੰਡ ਲੈਣ ਲਈ ਚੱਕਰ ਲਾਉਂਦੀ ਰਹਿੰਦੀ ਹਾਂ ਤੇ ਫੰਡ ਨਹੀਂ ਮਿਲਦੇ ਜਦੋਂਕਿ ਹਰਸਿਮਰਤ ਕੌਰ ਬਾਦਲ ਨੂੰ ਕਿਤੇ ਜਾਣ ਦੀ ਲੋੜ ਹੀ ਨਹੀਂ ਪੈਂਦੀ ਤੇ ਉਨ੍ਹਾਂ ਨੂੰ ਫੰਡ ਆਪਣੇ ਆਪ ਮਿਲ ਜਾਂਦੇ ਹਨ।

ਫੰਡ ਉਨ੍ਹਾਂ ਨੂੰ ਹੀ ਮਿਲਦੇ ਹਨ ਜੋ ਸਰਕਾਰ ਦੀ ਚਾਪਲੂਸੀ ਕਰਦੇ ਹਨ ਤੇ ਉਨ੍ਹਾਂ ਜਿਹੇ ਇਮਾਨਦਾਰ ਲੋਕਾਂ ਦੀ ਇਮਾਨਦਾਰੀ ਹੀ ਵੱਡੀ ਮੁਸੀਬਤ ਬਣ ਜਾਂਦੀ ਹੈ। ਕਾਬਲੇਗੌਰ ਹੈ ਕਿ ਬੀਬੀ ਸਿੱਧੂ ਨੇ ਬਾਦਲਾਂ ਨੂੰ ਚਿਤਾਵਨੀ ਦਿੱਤੀ ਹੋਈ ਹੈ ਕਿ ਜੇਕਰ 15 ਅਗਸਤ ਤੱਕ ਹਲਕੇ ਦੇ ਵਿਕਾਸ ਲਈ ਲੋੜੀਂਦੀ ਦਸ ਕਰੋੜ ਰੁਪਏ ਦੀ ਗ੍ਰਾਂਟ ਜਾਰੀ ਨਾ ਕੀਤੀ ਗਈ ਤਾਂ ਉਹ ਮਰਨ ਵਰਤ ਉਤੇ ਬੈਠਣਗੇ। ਪਿਛਲੇ ਦਿਨੀਂ ਮੁੱਖ ਮੰਤਰੀ ਬਾਦਲ ਨੇ ਬੀਬੀ ਸਿੱਧੂ ਨੂੰ 10 ਕਰੋੜ ਰੁਪਏ ਫੰਡ ਦੇਣ ਦਾ ਭਰੋਸਾ ਦਿੱਤਾ ਸੀ।

## ਸਰਕਾਰ ਤੇ ਨਾਗਾ ਬਾਗੀਆਂ ਵਿਚਾਲੇ ਸ਼ਾਂਤੀ ਸਮਝੌਤਾ

**ਨਵੀਂ ਦਿੱਲੀ:** ਨਾਗਾਲੈਂਡ ਵਿਚ ਵੱਖਵਾਦੀ ਸਰਗਰਮੀਆਂ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਸਰਕਾਰ ਨੇ ਮੁੱਖ ਜਥੇਬੰਦੀ ਐਨ.ਐਸ.ਸੀ.ਐਨ. (ਆਈ.ਐਮ.) ਨਾਲ ਸ਼ਾਂਤੀ ਸਮਝੌਤੇ ਉਤੇ ਦਸਤਖ਼ਤ ਕੀਤੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਜ ਵਿਚ ਸ਼ਾਂਤੀ ਬਹਾਲੀ ਵੱਲ ਇਹ ਇਤਿਹਾਸਕ ਕਦਮ ਕਰਾਰ ਦਿੱਤਾ ਹੈ।

ਜਥੇਬੰਦੀ ਦੇ ਆਗੂ ਟੀ. ਮੁਇਵਾ ਤੇ ਸਰਕਾਰ ਦੇ ਵਾਰਤਾਕਾਰ ਆਰ.ਐਨ. ਰਵੀ ਦਸਤਖ਼ਤਾਂ ਸਮੇਂ ਹਾਜ਼ਰ ਸਨ। ਤਕਰੀਬਨ 16 ਸਾਲਾਂ ਤੱਕ 80 ਗੇੜ ਦੀਆਂ ਬੈਠਕਾਂ ਤੋਂ ਬਾਅਦ ਸਮਝੌਤਾ ਨੇਪਰੇ ਚੜ੍ਹਿਆ ਹੈ। 1997 ਵਿਚ ਪਹਿਲੀ ਖੜੋਤ ਟੁੱਟੀ ਸੀ ਜਦੋਂ ਗੋਲੀਬੰਦੀ ਲਈ ਰਜ਼ਾਮੰਦੀ ਹੋਈ ਸੀ। ਐਨ.ਐਸ.ਸੀ.ਐਨ. ਧੜਾ ਸਭ ਤੋਂ ਵੱਡਾ ਨਾਗਾ ਬਾਗ਼ੀ ਗੁੱਟ ਹੈ ਤੇ ਉਸ ਦੀ ਮੰਗ ਰਹੀ ਹੈ ਕਿ ਮਨੀਪੁਰ, ਅਰੁਣਾਚਲ ਪ੍ਰਦੇਸ਼ ਅਤੇ ਅਸਾਮ ਦੇ ਨਾਗਾ ਇਲਾਕਿਆਂ ਨੂੰ ਜੋੜਿਆ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਭਾਰਤ ਵਿਚ ਬੱਚਿਆਂ ਦਾ ਲਿੰਗ ਅਨੁਪਾਤ ਘਟਿਆ

**ਨਵੀਂ ਦਿੱਲੀ:** ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿਚ ਬੱਚਿਆਂ ਦੇ ਲਿੰਗ ਅਨੁਪਾਤ ਵਿਚ ਗਿਰਾਵਟ ਦਰਜ ਕੀਤੀ ਗਈ ਹੈ। 2001 ਵਿਚ ਇਹ ਅਨੁਪਾਤ 927 ਸੀ, ਜੋ 2011 ਵਿਚ ਖਿਸਕ ਕੇ 918 ਉਤੇ ਆ ਗਿਆ। ਸਰਕਾਰੀ ਅੰਕੜਿਆਂ ਅਨੁਸਾਰ ਹਰਿਆਣਾ ਦੇ ਪੰਜ ਜ਼ਿਲ੍ਹਿਆਂ ਮਹਿੰਦਰਗੜ, ਝੱਜਰ, ਰੇਵਾੜੀ, ਸੋਨੀਪਤ ਤੇ ਅੰਬਾਲਾ ਬੱਚਿਆਂ ਦੇ ਲਿੰਗ ਅਨੁਪਾਤ ਵਿਚ ਗਿਰਾਵਟ ਪੱਖੋਂ ਦੇਸ਼ ਭਰ ਵਿਚੋਂ ਮੋਹਰੀ ਹਨ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੇ ਊਨਾ ਅਤੇ ਜੰਮੂ ਵਿਚ ਵੀ ਇਹ ਦਰ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਹੈ।

ਬੱਚਿਆਂ ਦਾ ਲਿੰਗ ਅਨੁਪਾਤ ਮਹਿੰਦਰਗੜ ਵਿਚ (775), ਝੱਜਰ ਵਿਚ (782), ਰੇਵਾੜੀ ਵਿਚ (787), ਸੋਨੀਪਤ (798), ਅੰਬਾਲਾ ਵਿਚ (810) ਊਨਾ ਵਿਚ (875) ਅਤੇ ਜੰਮੂ ਵਿਚ (795) ਦਰਜ ਕੀਤਾ ਗਿਆ ਸੀ। ਹਾਲਾਂਕਿ ਸਭ ਤੋਂ ਵੱਧ ਬੱਚਿਆਂ ਦੇ ਲਿੰਗ ਅਨੁਪਾਤ ਦੇ ਪੱਖੋਂ ਕੇਰਲਾ (950) ਨਾਲ ਚੋਟੀ ਉਤੇ ਹੈ। ਇਸ ਤੋਂ ਬਾਅਦ ਛੱਤੀਸਗੜ੍ਹ ਦੇ ਰਾਏਗੜ੍ਹ (947), ਕਰਨਾਟਕ ਦੇ ਬੀਜਾਪੁਰ (931), ਝਾਰਖੰਡ ਦੇ ਧਨਬਾਦ (916) ਤੇ ਲਕਸ਼ਦੀਪ (911) ਦਾ ਨੰਬਰ ਹੈ। ਮੌਜੂਦਾ ਹਲਾਤ ਦਾ ਜ਼ਿਕਰ ਕਰਦਿਆਂ ਔਰਤਾਂ ਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰਾਲੇ ਨੇ ਹਾਲ ਹੀ ਵਿਚ ਦੋ ਹੋਰ ਮੰਤਰਾਲਿਆਂ ਨਾਲ ਮਿਲ ਕੇ 'ਬੇਟੀ ਬਚਾਓ ਬੇਟੀ ਪੜਾਓ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਬੱਚਿਆਂ ਦੇ ਘੱਟ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਜਾਵੇਗੀ।

## ਆਈ.ਐਸ.ਆਈ.ਐਸ ਤੋਂ ਵੀ ਜ਼ਾਲਮ ਹੈ ਅਮਰੀਕਾ !

**ਵਾਸ਼ਿੰਗਟਨ:** ਵਾਸ਼ਿੰਗਟਨ ਵਿਚ ਭਾਰਤੀ ਮੂਲ ਦੀ ਇਕ ਅਮਰੀਕੀ ਪ੍ਰੋਫੈਸਰ ਆਪਣੇ ਟਵੀਟ ਨੂੰ ਲੈ ਕੇ ਹੁਣ ਮੀਡੀਆ ਤੇ ਸੋਸ਼ਲ ਸਾਈਟ ਦੇ ਨਿਸ਼ਾਨੇ ਉਤੇ ਆ ਗਈ ਹੈ।

ਪ੍ਰੋਫੈਸਰ ਨੇ ਆਪਣੇ ਟਵੀਟ ਵਿਚ ਅਮਰੀਕਾ ਨੂੰ ਅਤਿਵਾਦੀ ਸੰਗਠਨ ਆਈ.ਐਸ.ਆਈ. ਐਸ ਤੋਂ ਵੀ ਜਾਲਮ ਦੱਸਿਆ। ਨਿਊਜਰਸੀ ਦੀ ਰਟਗਰਸ ਯੂਨੀਵਰਸਿਟੀ ਦੀ ਪ੍ਰੋਫੈਸਰ ਦੀਪਾ ਕੁਮਾਰ ਸਾਰਿਆਂ ਦੇ ਨਿਸ਼ਾਨੇ ਉਤੇ ਆ ਗਈ ਹੈ। ਪ੍ਰੋਫੈਸਰ ਦੀਪਾ ਨੇ ਇਹ ਟਵੀਟ ਮਾਰਚ ਮਹੀਨੇ ਕੀਤਾ ਸੀ। ਇਕ ਟੀ.ਵੀ. ਚੈਨਲ ਨੇ ਜਦ ਪ੍ਰੋਫੈਸਰ ਦੇ ਟਵੀਟ ਅਤੇ ਉਸ ਉਤੇ ਆਉਣ ਵਾਲੇ ਦ੍ਰਿਸ਼ਟੀਕੋਣ ਨੂੰ ਦਿਖਾਇਆ ਤਾਂ ਇਹ ਮੀਡੀਆ ਉਤੇ ਛਾ ਗਿਆ। ਦੀਪਾ ਕੁਮਾਰ ਨੇ ਕਿਹਾ ਕਿ ਅਮਰੀਕਾ ਨੇ ਇਰਾਕ, ਅਫਗਾਨਿਸਤਾਨ ਤੇ ਪਾਕਿਸਤਾਨ ਵਿਚ 13 ਲੱਖ ਤੋਂ ਜ਼ਿਆਦਾ ਲੋਕਾਂ ਦੀ ਜਾਨ ਲਈ ਹੈ। ਪ੍ਰੋਫੈਸਰ ਨੇ ਟਵੀਟ ਵਿਚ ਇਰਾਕ ਜੰਗ ਦੀ ਫੋਟੋ ਵੀ ਪਾਈ ਸੀ।

## ਨਸ਼ਾ ਤਸਕਰੀ 'ਚ ਮਲੇਸ਼ੀਅਨ ਭਾਰਤੀ ਨੂੰ ਉਮਰ ਕੈਦ

**ਸਿੰਗਾਪੁਰ:** ਭਾਰਤੀ ਮੂਲ ਦੇ 26 ਵਰ੍ਹਿਆਂ ਦੇ ਮਲੇਸ਼ੀਅਨ ਨੂੰ ਸਿੰਗਾਪੁਰ ਵਿਚ ਨਸ਼ਾ ਤਸਕਰੀ ਦੀ ਕੋਸ਼ਿਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਤਿੰਨ ਸਾਲ ਪਹਿਲਾਂ ਡਾਇਆਮੋਰਫੀਨ ਲਿਆਉਣ ਦੀ ਕੋਸ਼ਿਸ਼ ਹੇਠ ਯੋਗਰਸ ਪੂੰਗਾਵਾਨਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਕੋਲੋਂ 17 ਅਪਰੈਲ 2012 ਵਿਚ 36 ਗਰਾਮ ਨਸ਼ਾ ਮਿਲਿਆ ਸੀ। ਉਹ ਸ਼ਜਾ-ਏ-ਮੌਤ ਤੋਂ ਵਾਲ-ਵਾਲ ਬਚ ਗਿਆ ਕਿਉਂਕਿ ਕਿਹਾ ਗਿਆ ਕਿ ਉਹ ਸਿਰਫ਼ ਨਸ਼ਾ ਲੈ ਕੇ ਜਾ ਰਿਹਾ ਸੀ।

# ਹੰਗਰੀ ਵੱਲੋਂ ਊਰਜਾ ਲਈ ਪੰਜਾਬ ਨੂੰ ਤਕਨੀਕੀ ਸਹਾਇਤਾ ਦੀ ਪੇਸ਼ਕਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹੰਗਰੀ ਨੇ ਪੰਜਾਬ ਨੂੰ ਸਾਫ ਸੁਥਰੀ ਊਰਜਾ ਦੇ ਉਤਪਾਦਨ ਲਈ ਨਵੀਨਤਮ ਤਕਨੀਕ ਦੇਣ ਦੀ ਪੇਸ਼ਕਸ਼ ਕੀਤੀ ਹੈ ਜਿਸ ਰਾਹੀਂ ਢੁੱਕਵੀਆਂ ਦਰਾਂ ਉਤੇ ਪਾਣੀ ਸਾਫ ਕਰਨਾ, ਬਾਇਓਮਾਸ ਊਰਜਾ ਤੇ ਬਾਇਓ ਡੀਜ਼ਲ ਤੋਂ ਊਰਜਾ ਉਤਪਾਦਨ ਤੋਂ ਇਲਾਵਾ ਪੋਲੀਮਰ ਤੋਂ ਊਰਜਾ ਉਤਪਾਦਨ ਕਰਨਾ ਵੀ ਸ਼ਾਮਲ ਹੈ।

ਇਹ ਪੇਸ਼ਕਸ਼ ਸੁਖਬੀਰ ਬਾਦਲ ਦੀ ਉੱਥੋਂ



ਦੇ ਵਿਗਿਆਨੀਆਂ ਤੇ ਉੱਚ ਅਧਿਕਾਰੀਆਂ ਨਾਲ ਵਿਚਾਰ ਚਰਚਾ ਦੌਰਾਨ ਕੀਤੀ ਗਈ।

ਬਿਜਲੀ ਸਪਲਾਈ ਸਮੇਂ ਹੋਣ ਵਾਲੇ ਟਰਾਂਸਮਿਸ਼ਨ ਨੁਕਸਾਨ ਨੂੰ ਘਟਾਉਣ ਸਬੰਧੀ ਵੀ ਹੰਗਰੀ ਦੇ ਖੋਜਕਾਰਾਂ ਵੱਲੋਂ ਆਪਣੀ ਪੇਸ਼ਕਾਰੀ ਦਿੱਤੀ ਗਈ।

ਇਸ ਮੌਕੇ 'ਕਲੀਨ ਵਾਟਰ ਐਂਡ ਗਰੀਨ ਐਨਰਜੀ ਇਨਕਾਰਪੋਸ਼ਨ' ਦੇ ਤਕਨੀਕੀ ਡਾਇਰੈਕਟਰ ਡਾ. ਜੋਸਫ ਬਿਸਕੀ ਵੱਲੋਂ ਪੀਣ ਵਾਲੇ ਪਾਣੀ ਤੇ ਸਿੰਚਾਈ ਲਈ ਵਰਤੇ ਜਾਣ ਵਾਲੇ ਪਾਣੀ ਦੀ ਸਫਾਈ ਲਈ ਵੀ ਤਕਨੀਕੀ ਸਹਾਇਤਾ ਦੇਣ ਬਾਰੇ ਹਾਮੀ ਭਰੀ ਗਈ। ਪੇਸ਼ਕਸ਼ ਦਾ ਸਵਾਗਤ ਕਰਦਿਆਂ ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਈਜਾਦ ਕੀਤੀ ਗਈ ਤਕਨੀਕ ਹੰਗਰੀ ਵੱਲੋਂ ਅਪਣਾਏ ਗਏ ਇਕ ਬੂੰਦ ਤੇ ਜ਼ਿਆਦਾ ਫਸਲ ਦੇ ਨਾਅਰੇ ਦੇ ਬਿਲਕੁਲ ਅਨੁਕੂਲ ਹੈ।

ਐਮ.ਕੇ.ਐਮ. ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਮੋਰਵਾਈ ਫੀਰੇਨ ਵੱਲੋਂ ਸਾਫ ਸੁਥਰੀ ਊਰਜਾ ਦੇ ਉਤਪਾਦਨ ਲਈ ਤੀਜੀ ਪੀੜ੍ਹੀ ਦੀ ਤਕਨੀਕ ਦੇਣ ਦੀ ਵੀ ਪੇਸ਼ਕਸ਼ ਕੀਤੀ ਗਈ ਜਿਸ ਰਾਹੀਂ ਸੂਰਜੀ ਤੇ ਬਾਇਓਮਾਸ ਰਾਹੀਂ ਪੈਦਾ ਕੀਤੀ ਊਰਜਾ ਸਿੱਧੀ ਗਰਿੱਡ ਨੂੰ ਸਪਲਾਈ ਕੀਤੀ ਜਾਂਦੀ ਹੈ।

# ਪਤਿਤ ਸਿੱਖਾਂ ਲਈ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਰਾਹ ਬੰਦ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਗੁਰੂ ਘਰ ਲਈ ਬਣਾਈ ਜਾਣ ਵਾਲੀ ਪ੍ਰਬੰਧਕ ਕਮੇਟੀ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਸ਼ਾਮਲ ਕਰਨ।

ਇਹ ਨਿਰਦੇਸ਼ ਦਿੱਲੀ ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਕੇ ਮਟੀ ਵਿਚ ਗੈਰ ਸਿੱਖ ਨੂੰ ਸ਼ਾਮਲ ਕਰਨ ਦੇ ਮਾਮਲੇ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਜਾਰੀ ਕੀਤੇ ਗਏ ਹਨ। ਦਿੱਲੀ ਦੇ ਸਿੱਖਾਂ ਵੱਲੋਂ ਜਥੇਦਾਰ ਨੂੰ ਸ਼ਿਕਾਇਤ ਕੀਤੀ ਗਈ ਸੀ ਕਿ ਅਕਾਲ ਤਖ਼ਤ ਸਾਹਿਬ ਵੱਲੋਂ 22 ਨਵੰਬਰ 2013 ਨੂੰ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਵਿਚ ਇਹ ਸਾਫ਼ ਤੌਰ ਉਤੇ ਲਿਖਿਆ ਗਿਆ ਸੀ ਕੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਸਿਰਫ ਪੂਰਨ ਗੁਰਸਿੱਖ ਹੀ ਹੋਣਗੇ ਪਰ ਦਿੱਲੀ ਦੇ ਗੁਰਦੁਆਰਾ ਸਿੰਘ ਸਭਾ ਸੈਂਟਰਲ, ਪੱਛਮ ਵਿਹਾਰ ਦੀ ਕਮੇਟੀ ਵੱਲੋਂ ਗੈਰ-ਸਿੱਖਾਂ ਨੂੰ ਕਮੇਟੀ ਦਾ ਮੈਂਬਰ ਬਣਾਇਆ ਜਾ ਰਿਹਾ ਹੈ।

## ਆਸਟਰੇਲੀਆਈ ਸੰਸਦ ਦੀ ਸਪੀਕਰ ਵੱਲੋਂ ਅਸਤੀਫ਼ਾ

**ਮੈਲਬਰਨ:** ਆਸਟਰੇਲੀਆਈ ਸੰਸਦ ਦੀ ਸਪੀਕਰ ਬਰੌਇਨ ਬਿਸ਼ਪ ਨੂੰ ਲੋਕਾਂ ਦੇ ਪੈਸੇ ਤੇ ਭੱਤਿਆਂ ਦੀ ਕੀਤੀ ਦੁਰਵਰਤੋਂ ਮਹਿੰਗੀ ਪੈ ਗਈ ਹੈ। ਇਸ ਕਾਰਨ ਸਪੀਕਰ ਨੂੰ ਅਸਤੀਫ਼ਾ ਦੇਣਾ ਪਿਆ। ਇਸ ਅਸਤੀਫ਼ੇ ਦਾ ਮੁੱਖ ਕਾਰਨ ਮੀਟਿੰਗਾਂ ਬਹਾਨੇ ਲਏ ਗਏ ਸਫ਼ਰ ਭੱਤੇ ਤੇ ਮਹਿੰਗੇ ਜਹਾਜ਼ ਦਾ ਇਕ ਬੇਲੋੜਾ ਗੇੜਾ ਬਣਿਆ ਹੈ। ਇਸ ਦਾ ਤਕਰੀਬਨ 5200 ਡਾਲਰ ਬਿੱਲ ਸਰਕਾਰੀ ਖਜ਼ਾਨੇ ਤੋਂ ਉਤਾਰਿਆ ਗਿਆ।

## ਅਮਰੀਕੀ ਪ੍ਰਗਤੀਵਾਦੀ ਕਵਿਤਾ ਦਾ ਸੰਪਾਦਨ

**ਅਮਰੀਕਾ ਦੀ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਸੰਗ੍ਰਿਹ ਉਘੇ ਸ਼ਾਇਰ ਸੁਖਵਿੰਦਰ ਕੰਬੋਜ ਦੀ ਸੰਪਾਦਨਾ ਹੇਠ ਤਿਆਰ ਕੀਤਾ ਜਾ ਰਿਹਾ ਹੈ। ਸੰਪਾਦਕ ਨੇ ਅਮਰੀਕਾ ਵਸਦੇ ਪੰਜਾਬੀ ਸ਼ਾਇਰਾਂ ਨੂੰ ਸੱਦਾ ਦਿਤਾ ਹੈ ਕਿ ਉਹ ਆਪਣੀਆਂ ਪੰਜ ਤਾਜਾ ਅਣਛਪੀਆਂ ਕਵਿਤਾਵਾਂ ਅਤੇ ਆਪਣੀ ਤਾਜਾ ਰੰਗਦਾਰ ਫੋਟੋ ਫਰਵਰੀ 2016 ਤੋਂ ਪਹਿਲਾਂ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨ। ਸੰਪਾਦਕਾਂ ਦੀ ਚੋਣ ਆਖਰੀ ਹੋਵੇਗੀ। ਰਚਨਾਵਾਂ ਹੇਠ ਲਿਖੇ ਪਤੇ ਤੇ ਭੇਜੀਆਂ ਜਾ ਸਕਦੀਆਂ ਹਨ:**

**Sukhwinder Kamboj**
**1007 Meadow Brook Dr., Brentwood, CA 94513**
**samkamboj@yahoo.com**

**Store For Sale**

**With Two Accommodations**

Convenience and Grocery Store in Columbia City (Near Fort Wayne) Indiana is for sale.
The store is in 2500 Sq. feet and attached 2 bedroom apartment 1200 Sq. feet.
Next door 2 bedroom house 25X150 lot
1500 Sq. Feet (Apx.) covered area. 15 car parking 25X150
Asking Price $3,69,000 (Including $40,000 plus inventory)

*Call for pictures and more info.:*

**Ph: 516-513-4933**

**ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ**

**ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ ਕੁੱਕ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ**

*ਸੰਪਰਕ ਕਰੋ*

**ਫੋਨ: 913-269-5727**

**Korma Sutra Cuisine of India**

*Overland Park, Kansas*

31-35

**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**

***ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ***

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

**Listen on :Radio Sets (CA, WA, NV)**
**Dial in 832-551-5029 or 605-475-6868**
**Android & iPhone App**

**www.PunjabiRadioUSA.com**
**Ph: 408-272-5200**

# ਪੰਜਾਬ 'ਚ ਕਰੋੜਾਂ ਦਾ ਅਨਾਜ ਚੜ੍ਹ ਗਿਆ ਅਣਗਹਿਲੀ ਦੀ ਭੇਟ

**ਬਠਿੰਡਾ:** ਪੰਜਾਬ ਵਿਚ ਤਕਰੀਬਨ 800 ਕਰੋੜ ਰੁਪਏ ਦਾ ਅਨਾਜ ਸੜ ਗਿਆ ਹੈ ਜੋ ਹੁਣ ਮਨੁੱਖੀ ਵਰਤੋਂ ਦੇ ਯੋਗ ਨਹੀਂ ਰਿਹਾ। ਪੰਜਾਬ ਸਰਕਾਰ ਨੂੰ ਇਹ ਸੜਿਆ ਹੋਇਆ ਅਨਾਜ ਵੇਚਣਾ ਮੁਸ਼ਕਲ ਹੋ ਗਿਆ ਹੈ। ਲੰਘੇ ਅੱਠ ਕੁ ਵਰ੍ਹਿਆਂ ਦੌਰਾਨ ਇਹ ਅਨਾਜ ਸੜਿਆ ਹੈ ਜਿਸ ਕਰਕੇ ਗੁਦਾਮ ਵੀ ਰੁਕੇ ਪਏ ਹਨ। ਸੂਬੇ ਵਿਚ ਇਨ੍ਹਾਂ ਵਰ੍ਹਿਆਂ ਦੌਰਾਨ ਤਕਰੀਬਨ ਇਕ ਕਰੋੜ ਬੋਰੀ ਅਨਾਜ ਸੁਆਹ ਬਣ ਗਈ ਹੈ। ਸੜੀ ਹੋਈ ਕਣਕ ਹੁਣ ਪਸ਼ੂ ਖੁਰਾਕ ਜਾਂ ਫਿਰ ਖਾਦ ਦੇ ਕੰਮ ਹੀ ਆ ਸਕੇਗੀ। ਖਰੀਦ ਏਜੰਸੀਆਂ ਵੱਲੋਂ ਅਨਾਜ ਦੀ ਸਾਂਭ-ਸੰਭਾਲ ਵਿਚ ਕੋਤਾਹੀ ਵਰਤੀ ਗਈ ਜਿਸ ਕਾਰਨ ਇਹ ਅਨਾਜ ਖਰਾਬ ਹੋ ਗਿਆ।



ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਸੂਬੇ ਦੀਆਂ ਖਰੀਦ ਏਜੰਸੀਆਂ ਦਾ 4.95 ਲੱਖ ਟਨ ਅਨਾਜ ਸੜ ਗਿਆ ਹੈ। ਭਾਰਤੀ ਖੁਰਾਕ ਨਿਗਮ ਦਾ ਸਿਰਫ਼ 9.5 ਕੁਇੰਟਲ ਅਨਾਜ ਹੀ ਸੜਿਆ ਹੈ। ਰਾਜ ਵਿਚ ਸਾਲ 2006-07 ਤੋਂ ਸਾਲ 2011-13 ਤੱਕ ਇਹ ਅਨਾਜ ਸੜਿਆ ਹੈ ਜਿਸ ਨੂੰ ਵੇਚਣ ਵਾਸਤੇ ਹੁਣ ਖਰੀਦ ਏਜੰਸੀਆਂ ਤਰਲੇ ਮਾਰ ਰਹੀਆਂ ਹਨ। ਸੂਤਰ ਦੱਸਦੇ ਹਨ ਕਿ ਪਹਿਲਾਂ ਤਾਂ ਸੜੇ ਹੋਏ ਅਨਾਜ ਨੂੰ ਕਾਫੀ ਅਰਸਾ ਵੇਚਣ ਦੀ ਪ੍ਰਵਾਨਗੀ ਹੀ ਨਹੀਂ ਮਿਲੀ। ਵੇਰਵਿਆਂ ਅਨੁਸਾਰ ਪੰਜਾਬ ਐਗਰੋ ਕਾਰਪੋਰੇਸ਼ਨ ਦਾ ਸਭ ਤੋਂ ਜ਼ਿਆਦਾ ਅਨਾਜ ਸੜਿਆ ਹੈ। ਪੰਜਾਬ ਐਗਰੋ ਦੀ ਸਾਲ 2006-07 ਤੋਂ 2011-12 ਤੱਕ 1.80 ਲੱਖ ਟਨ ਕਣਕ ਖਰਾਬ ਹੋਈ ਹੈ ਜਿਸ ਦੀ ਤਕਰੀਬਨ 36 ਲੱਖ ਬੋਰੀ ਬਣਦੀ ਹੈ। ਇਵੇਂ ਹੀ ਪਨਸਪ ਦਾ ਤਕਰੀਬਨ 34 ਲੱਖ ਬੋਰੀ ਅਨਾਜ ਸੜਿਆ ਹੈ ਜਿਸ ਨੂੰ ਵੇਚਣ ਲਈ ਜੁਲਾਈ ਵਿਚ ਹੀ ਟੈਂਡਰ ਲਾਏ ਗਏ ਹਨ। ਮਾਰਕਫੈੱਡ ਦੀ ਤਕਰੀਬਨ 17 ਲੱਖ ਬੋਰੀ ਕਣਕ ਪਿਛਲੇ ਅਰਸੇ ਦੌਰਾਨ ਸੁਆਹ ਹੋਈ ਹੈ ਜੋ ਸਿਰਫ਼ 2008-09 ਤੋਂ 2011-12 ਦੇ ਸਮੇਂ ਦੀ ਹੈ। ਸੂਤਰਾਂ ਅਨੁਸਾਰ ਖਰਾਬ ਅਨਾਜ ਨੂੰ ਵੇਚਣ ਦੀ ਸਮੇਂ ਸਿਰ ਪ੍ਰਵਾਨਗੀ ਨਾ ਮਿਲਣ ਕਰਕੇ ਅਨਾਜ ਦੀ ਗੁਣਵੱਤਾ ਹੋਰ ਵੀ ਹੇਠਾਂ ਆਈ ਹੈ ਜਿਸ ਕਰਕੇ ਇਸ ਤੋਂ ਚੰਗਾ ਪੈਸਾ ਮਿਲਣ ਵਿਚ ਅੜਚਣ ਬਣ ਗਈ ਹੈ। ਪੰਜਾਬ ਐਗਰੋ ਦੇ ਜਨਰਲ ਮੈਨੇਜਰ (ਖਰੀਦ) ਰਤਨ ਮਿੱਤਲ ਦਾ ਕਹਿਣਾ ਹੈ ਕਿ ਖਰਾਬ ਅਨਾਜ ਵਿਚੋਂ ਸਿਰਫ਼ 23,500 ਟਨ ਵਿਚ ਪਾਰਟੀਆਂ ਨੇ ਦਿਲਚਸਪੀ ਦਿਖਾਈ ਹੈ ਪਰ ਹੁਣ ਉਹ ਦੁਬਾਰਾ ਟੈਂਡਰ ਮੰਗ ਰਹੇ ਹਨ। ਉਨ੍ਹਾਂ ਆਖਿਆ ਕਿ ਖਰਾਬ ਅਨਾਜ ਨੂੰ ਲੰਬਾ ਸਮਾਂ ਭਾਰਤੀ ਖੁਰਾਕ ਨਿਗਮ ਨੇ ਵੇਚਣ ਲਈ ਪ੍ਰਵਾਨਗੀ ਨਹੀਂ ਦਿੱਤੀ ਸੀ। ਪਨਗਰੇਨ ਏਜੰਸੀ ਦਾ ਰਾਜ ਵਿਚ ਤਕਰੀਬਨ 2.32 ਲੱਖ ਬੋਰੀ ਅਨਾਜ ਸੜਿਆ ਹੈ ਜਿਸ ਨੂੰ ਵੇਚਣ ਲਈ ਟੈਂਡਰ ਮੰਗੇ ਗਏ ਸਨ। ਇਸ ਤੋਂ ਇਲਾਵਾ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਤਕਰੀਬਨ 37 ਹਜ਼ਾਰ ਟਨ ਅਨਾਜ ਸੜਿਆ ਹੈ।

ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਮੈਨੇਜਰ (ਕਮਰਸ਼ੀਅਲ) ਜੇ.ਐਸ. ਜਟਾਣਾ ਦਾ ਕਹਿਣਾ ਹੈ ਕਿ ਖਰਾਬ ਅਨਾਜ ਦੀ ਖਰੀਦ ਲਈ ਕਾਫੀ ਕੰਪਨੀਆਂ ਨੇ ਦਿਲਚਸਪੀ ਦਿਖਾਈ ਸੀ ਪਰ ਕੁਝ ਤਕਨੀਕੀ ਕਮੀਆਂ ਰਹਿ ਗਈਆਂ। ਹੁਣ ਉਹ ਦੁਬਾਰਾ ਟੈਂਡਰ ਮੰਗ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਰਾਜ ਵਿਚ ਖਰਾਬ ਅਨਾਜ ਨੂੰ ਖਰੀਦਣ ਵਾਲੇ ਘੱਟ ਹਨ ਕਿਉਂਕਿ ਇਥੇ ਪਸ਼ੂ ਖੁਰਾਕ ਦੀਆਂ ਸਨਅਤਾਂ ਜ਼ਿਆਦਾ ਨਹੀਂ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਸਕੱਤਰ ਹਰਦੇਵ ਅਰਸ਼ੀ ਮੁਤਾਬਕ ਰਾਜ ਸਰਕਾਰ ਨੇ ਅਨਾਜ ਸੰਭਾਲ ਕਰਨ ਵਿਚ ਅਣਗਹਿਲੀ ਵਰਤੀ ਜਿਸ ਦੇ ਨਤੀਜੇ ਵਜੋਂ ਕਰੋੜਾਂ ਰੁਪਏ ਦੀ ਮਾਲੀ ਸੱਟ ਰਾਜ ਨੂੰ ਲੱਗੀ ਹੈ।

## ਝੋਨੇ ਦੀ ਕੇਂਦਰੀ ਖਰੀਦ ਬਾਰੇ ਭੇਤ ਬਰਕਰਾਰ


**ਬਠਿੰਡਾ:** ਪੰਜਾਬ ਵਿਚ ਝੋਨੇ ਦੀ ਕੇਂਦਰੀ ਖਰੀਦ ਬਾਰੇ ਭੇਤ ਬਰਕਰਾਰ ਹੈ। ਉਂਜ ਕਿਸਾਨਾਂ ਲਈ ਰਾਹਤ ਵਾਲੀ ਖ਼ਬਰ ਹੈ ਕਿ ਕੇਂਦਰ ਸਰਕਾਰ ਫਿਲਹਾਲ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੈਅ ਕਰਨਾ ਬੰਦ ਨਹੀਂ ਕਰ ਰਹੀ। ਇਸ ਕਾਰਨ ਸੂਬਾਈ ਏਜੰਸੀਆਂ ਇਸ ਭਾਅ ਉਤੇ ਹੀ ਖਰੀਦ ਕਰਨਗੀਆਂ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਸ਼ਾਂਤਾ ਕੁਮਾਰ ਕਮੇਟੀ ਵੱਲੋਂ 24 ਸਿਫ਼ਾਰਸ਼ਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਕੁਝ ਨੂੰ ਮੰਨ ਲਿਆ ਗਿਆ, ਪਰ ਇਹ ਰਿਪੋਰਟ ਪੰਜਾਬ ਵਿਚੋਂ ਝੋਨੇ ਦੀ ਕੇਂਦਰੀ ਖਰੀਦ ਦੇ ਮਾਮਲੇ ਵਿਚ ਚੁੱਪ ਹੈ। ਇਹ ਸਾਫ਼ ਹੈ ਕਿ ਪੰਜਾਬ ਦੀਆਂ ਖਰੀਦ ਏਜੰਸੀਆਂ ਸਰਕਾਰੀ ਭਾਅ ਉਤੇ ਝੋਨੇ ਦੀ ਖਰੀਦ ਕਰਨਗੀਆਂ ਪਰ ਭਾਰਤੀ ਖੁਰਾਕ ਨਿਗਮ ਬਾਰੇ ਸਥਿਤੀ ਸਪੱਸ਼ਟ ਨਹੀਂ। ਕੇਂਦਰ ਸਰਕਾਰ ਨੇ ਸ਼ਾਂਤਾ ਕੁਮਾਰ ਕਮੇਟੀ ਦੀ ਖਰੀਦ ਉਤੇ ਸੂਬਾ ਸਰਕਾਰ ਦੇ ਟੈਕਸਾਂ ਵਿਚ ਇਕਸਾਰਤਾ ਦੀ ਸਿਫ਼ਾਰਸ਼ ਨਹੀਂ ਮੰਨੀ। ਕਮੇਟੀ ਨੇ ਲਿਖਿਆ ਸੀ ਕਿ ਗੁਜਰਾਤ ਤੇ ਪੱਛਮੀ ਬੰਗਾਲ ਵਿਚ ਇਹ ਟੈਕਸ ਦੋ ਫੀਸਦੀ ਤੇ ਪੰਜਾਬ ਵਿਚ 14.5 ਫੀਸਦੀ ਹਨ।

### ਬਿਪਤਾ ਖੜ੍ਹੀ ਕਰੇਗਾ ਕੇਂਦਰ ਦਾ ਫੈਸਲਾ: ਵਲਟੋਹਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਦਾ ਕਹਿਣਾ ਹੈ ਕਿ ਕੇਂਦਰ ਨੇ ਝੋਨੇ ਦੀ ਖਰੀਦ ਤੋਂ ਹੱਥ ਪਿਛਾਂਹ ਖਿੱਚਿਆ ਤਾਂ ਪੰਜਾਬ ਵਿਚ ਵੱਡੀ ਬਿਪਤਾ ਖੜ੍ਹੀ ਹੋ ਜਾਵੇਗੀ, ਜਿਸ ਕਰ ਕੇ ਕੇਂਦਰ ਸਰਕਾਰ ਹੁਣ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜੇ। ਇਸ ਬਾਰੇ ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਸਕੱਤਰ ਰਾਜ ਕਮਲ ਚੌਧਰੀ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਝੋਨੇ ਦੀ ਖਰੀਦ ਬਾਰੇ ਕੇਂਦਰ ਸਰਕਾਰ ਨੂੰ ਕਹੇਗੀ ਤੇ ਬਾਕੀ ਉਹ ਇਸ ਬਾਰੇ ਵਿਸਥਾਰ ਵਿਚ ਫਾਈਲ ਦੇਖਣ ਮਗਰੋਂ ਹੀ ਟਿੱਪਣੀ ਕਰਨਗੇ।

# ਜਗਦੀਸ਼ ਭੋਲੇ ਨੂੰ ਪੇਸ਼ੀ ਲਈ ਪੰਜਾਬ ਲਿਆਉਣਾ ਬਣਿਆ ਚੁਣੌਤੀ

**ਪਟਿਆਲਾ:** ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਨੂੰ ਮੁੰਬਈ ਪੁਲਿਸ ਮੁੜ ਪਟਿਆਲਾ ਨਾ ਲਿਆਈ, ਜਿਸ ਕਾਰਨ ਫਿਰ ਉਸ ਦੀਆਂ ਦੋ ਅਦਾਲਤੀ ਪੇਸ਼ੀਆਂ ਖੁੰਝ ਗਈਆਂ। ਉਂਜ ਐਤਕੀਂ ਯਾਕੂਬ ਮੈਮਨ ਦੀ ਫਾਂਸੀ ਦਾ ਮਾਮਲਾ ਮੁੰਬਈ ਪੁਲਿਸ ਦਾ ਸਹਾਰਾ ਬਣਿਆ ਕਿਉਂਕਿ ਈ.ਡੀ. ਦਾ ਤਰਕ ਸੀ ਕਿ ਪੁਲਿਸ ਉਥੇ ਸੁਰੱਖਿਆ ਵਿਵਸਥਾ ਵਿਚ ਰੁੱਝੀ ਹੋਣ ਕਰਕੇ ਭੋਲੇ ਨੂੰ ਇਥੇ ਨਹੀਂ ਲਿਆ ਸਕੀ।



ਦੱਸਣਯੋਗ ਹੈ ਕਿ ਨਸ਼ਾ ਤਸਕਰੀ ਦੇ ਕੇਸ ਤਾਂ ਪੰਜਾਬ ਪੁਲਿਸ ਲੜ ਰਹੀ ਹੈ ਪਰ ਜਾਇਦਾਦਾਂ ਬਣਾਉਣ ਦੇ ਦੋਸ਼ਾਂ ਦਾ ਮਾਮਲਾ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਕੋਲ ਹੈ, ਜਿਸ ਦੀ ਸੁਣਵਾਈ ਸੈਸ਼ਨ ਜੱਜ ਐਚ.ਐਸ. ਮਦਾਨ ਦੀ ਅਦਾਲਤ ਵਿਚ ਚੱਲ ਰਹੀ ਹੈ। ਪਿਛਲੇ ਦਿਨੀਂ ਐਡਵੋਕੇਟ ਸਤੀਸ਼ ਕਰਕਰਾ ਦੀ ਅਰਜ਼ੀ ਉਤੇ ਭੋਲਾ ਦੇ ਪ੍ਰੋਡਕਸ਼ਨ ਵਰੰਟ ਜਾਰੀ ਕਰਕੇ ਅਦਾਲਤ ਨੇ ਭੋਲਾ ਦੀ ਪਹਿਲੀ ਅਗਸਤ ਨੂੰ ਇਥੇ ਹਾਜ਼ਰੀ ਯਕੀਨੀ ਬਣਾਉਣ ਲਈ ਆਖਿਆ ਸੀ ਪਰ ਅਜਿਹਾ ਨਾ ਹੋ ਸਕਿਆ। ਇਸ ਦਾ ਕਾਰਨ ਅਦਾਲਤ ਵਿਚ ਹਾਜ਼ਰ ਈ.ਡੀ. ਅਧਿਕਾਰੀ ਨਿਰੰਜਣ ਸਿੰਘ ਨੇ ਮੁੰਬਈ ਪੁਲਿਸ ਦਾ ਰੁਝੇਵਾਂ ਦੱਸਿਆ। ਅਦਾਲਤ ਵਿਚ ਭੋਲਾ ਦੇ ਵਕੀਲ ਸਤੀਸ਼ ਕਰਕਰਾ ਵੀ ਹਾਜ਼ਰ ਸਨ। ਅਦਾਲਤ ਨੇ ਜਗਦੀਸ਼ ਭੋਲਾ ਦੇ ਮੁੜ ਵਾਰੰਟ ਜਾਰੀ ਕਰਕੇ, ਮੁੰਬਈ ਜੇਲ੍ਹ ਦੇ ਅਧਿਕਾਰੀਆਂ ਨੂੰ ਭੋਲਾ ਦੀ 28 ਅਗਸਤ ਨੂੰ ਪਟਿਆਲਾ ਅਦਾਲਤ ਵਿਚ ਹਾਜ਼ਰੀ ਯਕੀਨੀ ਬਣਾਉਣ ਲਈ ਆਖਿਆ ਹੈ।

# ਸੁਖਬੀਰ ਖਿਲਾਫ ਪਟੀਸ਼ਨਾਂ ਪਾਉਣ ਵਾਲੇ ਨੂੰ ਜੁਰਮਾਨਾ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ ਤਕਰੀਬਨ ਇਕ ਦਹਾਕੇ ਤੋਂ ਅਦਾਲਤੀ ਲੜਾਈਆਂ ਵਿਚ ਉਲਝੇ ਪੱਤਰਕਾਰ ਨਰੇਸ਼ ਕੁਮਾਰ ਸਹਿਗਲ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਦੋ ਲੱਖ ਜੁਰਮਾਨਾ ਕੀਤਾ ਹੈ। ਹਾਈਕੋਰਟ ਦੇ ਬੈਂਚ ਨੇ ਰਜਿਸਟਰਾਰ ਨੂੰ 2013 ਤੋਂ ਹੁਣ ਤਾਈਂ 218 ਵੱਖ-ਵੱਖ ਪਟੀਸ਼ਨਾਂ ਦਾਇਰ ਕਰ ਚੁੱਕੇ ਸਹਿਗਲ ਵੱਲੋਂ ਭਵਿੱਖ ਵਿਚ ਕੋਈ ਹੋਰ ਪਟੀਸ਼ਨ ਪਾਉਣ ਬਾਰੇ ਧਿਆਨ ਰੱਖਣ ਦੀ ਤਾਕੀਦ ਕੀਤੀ ਹੈ।



ਜਸਟਿਸ ਮਹੇਸ਼ ਗਰੋਵਰ ਨੇ ਇਸ ਵਿਅਕਤੀ ਵੱਲੋਂ ਉਪਰੋ-ਥਲੀ ਲਗਾਤਾਰ ਪਟੀਸ਼ਨਾਂ ਦਾਇਰ ਕੀਤੇ ਜਾਣ ਦਾ ਬੇਹੱਦ ਸਖ਼ਤ ਨੋਟਿਸ ਲਿਆ ਹੈ। ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਤੱਕ ਨੂੰ ਕੇਸ ਵਿਚ ਪਾਰਟੀ ਬਣਾਉਣ ਦੀ ਕੋਸ਼ਿਸ਼ ਕਰ ਚੁੱਕੇ ਸਹਿਗਲ ਵੱਲੋਂ ਇਕ ਪਟੀਸ਼ਨ ਇਕ ਐਸ.ਐਸ.ਪੀ. ਦੀ ਬਦਲੀ ਦੀ ਮੰਗ ਕਰਦਿਆਂ ਵੀ ਦਾਇਰ ਕੀਤੀ ਗਈ। ਜਿਸ ਤਹਿਤ ਉਸ ਨੇ ਉਕਤ ਅਧਿਕਾਰੀ ਉਤੇ ਉਸ ਨੂੰ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਅਗਵਾ ਤੇ ਕਤਲ ਕਰਨ ਹਿੱਤ ਸੁਖਬੀਰ ਸਿੰਘ ਬਾਦਲ ਕੋਲੋਂ ਪੈਸੇ ਲਏ ਗਏ ਹੋਣ ਦੇ ਦੋਸ਼ ਲਗਾਏ।

ਬੈਂਚ ਨੇ ਵੇਖਿਆ ਕਿ ਸਹਿਗਲ ਦੀਆਂ ਪਟੀਸ਼ਨਾਂ ਦੀ ਹਾਈਕੋਰਟ ਵਿਚ ਇੰਨੀ ਭਰਮਾਰ ਹੋ ਚੁੱਕੀ ਹੈ ਕਿ ਇਕੱਲੀ 20 ਅਗਸਤ ਨੂੰ ਹੀ ਉਸ ਦੇ 16 ਕੇਸ ਸੁਣਵਾਈ ਹਿੱਤ ਲੱਗੇ ਹੋਏ ਹਨ। ਦੱਸਣਯੋਗ ਹੈ ਕਿ ਸਹਿਗਲ ਵੱਲੋਂ ਸਾਲ 2006 ਦੌਰਾਨ ਹੇਠਲੀ ਅਦਾਲਤ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ਼ ਇਰਾਦਾ ਕਤਲ ਦੇ ਦੋ ਕੇਸ ਦਰਜ ਕਰਵਾਏ ਗਏ ਸਨ।

# ਪਰਵਾਸੀਆਂ ਦੇ ਤਿੱਖੇ ਸਵਾਲਾਂ ਅੱਗੇ ਅਕਾਲੀ ਹੋਏ ਬੇਵੱਸ

**ਵੈਨਕੂਵਰ:** ਪਰਵਾਸੀਆਂ ਦਾ ਅਗਲੀਆਂ ਚੋਣਾਂ ਵਿਚ ਲਾਹਾ ਲੈਣ ਦੇ ਯਤਨ ਵਿਚ ਪਹਿਲੀ ਟੀਮ ਦੀ ਅਸਫਲਤਾ ਤੋਂ ਬਾਅਦ ਹੁਣ ਇਥੇ ਪੁੱਜੇ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਕਿਸੇ ਸਮਾਗਮ ਦੀ ਥਾਂ ਪੰਜਾਬੀ ਰੇਡੀਓ ਦੀ ਵਰਤੋਂ ਕਰਕੇ ਲੋਕਾਂ ਨੂੰ ਪ੍ਰਚਾਉਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਵੀ ਬੂਰ ਨਹੀਂ ਪਿਆ ਤੇ ਉਨ੍ਹਾਂ ਦੀਆਂ ਦਲੀਲਾਂ ਵੀ ਪਰਵਾਸੀਆਂ ਦੇ ਗੁੱਸੇ ਨੂੰ ਸ਼ਾਂਤ ਕਰਨ ਕਰਨ ਵਿਚ ਅਸਫਲ ਨਾ ਸਕੀਆਂ। ਇਨ੍ਹਾਂ ਆਗੂਆਂ ਨੇ ਸਮਾਗਮ ਦੀ ਥਾਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਮਿਲਣ ਨੂੰ ਪਹਿਲ ਦਿੱਤੀ। ਲੋਕ ਨੇ ਉਨ੍ਹਾਂ ਦਾ ਘਰ ਵਿਚ ਸਵਾਗਤ ਤਾਂ ਕੀਤਾ ਪਰ ਉਨ੍ਹਾਂ ਦੀਆਂ ਗੱਲਾਂ ਨਹੀਂ ਸੁਣੀ।

ਪਿਛਲੇ ਦਿਨਾਂ ਤੋਂ ਵੈਨਕੂਵਰ ਵਿਚ ਡੇਰਾ ਲਾਈ ਬੈਠੇ ਇਨ੍ਹਾਂ ਆਗੂਆਂ ਵੱਲੋਂ ਰੇਡੀਓ ਦੇ ਪ੍ਰੋਗਰਾਮਾਂ ਦੇ ਸਲਾਟ ਸਪਾਂਸਰ ਕਰਕੇ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਪਰ ਹੋਸਟ ਵੱਲੋਂ ਲਾਈਨਾਂ ਖੋਲ੍ਹੇ ਜਾਣ ਦੇ ਨਾਲ ਹੀ ਲੋਕਾਂ ਵੱਲੋਂ ਤਿੱਖੇ ਸਵਾਲਾਂ ਦੀ ਝੜੀ ਲਾ ਦਿੱਤੀ। ਅਕਾਲੀ ਆਗੂਆਂ ਕੋਲ ਕੋਈ ਜੁਆਬ ਤਾਂ ਨਹੀਂ ਹੁੰਦਾ ਤੇ ਉਹ ਇਹ ਕਹਿਕੇ ਖਹਿੜਾ ਛੁਡਾਉਂਦੇ ਹਨ ਕਿ ਇਸ ਮਾਮਲੇ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚਾ ਦੇਣਗੇ। ਇਕ ਤੋਂ ਵੱਧ ਇਕ ਅਣਕਿਆਸੇ ਸਵਾਲ ਆਗੂਆਂ ਨੂੰ ਪ੍ਰੇਸ਼ਾਨ ਵੀ ਕਰਦੇ ਹਨ।

ਮੁੱਖ ਤੌਰ ਉਤੇ ਰੇਤ ਬਜਰੀ ਦੀ

### ਪੰਜਾਬੀ ਰੇਡੀਓ ਰਾਹੀਂ ਲੋਕਾਂ ਨੂੰ ਪਤਿਆਉਣ ਦੇ ਯਤਨਾਂ ਨੂੰ ਵੀ ਬੂਰ ਨਾ ਪਿਆ



ਕਾਲਾਬਜ਼ਾਰੀ, ਸੜਕਾਂ ਦੀ ਮਾੜੀ ਹਾਲਤ, ਪੁਲਿਸ ਦਾ ਸਰਕਾਰੀਕਰਨ, ਪਰਵਾਸੀਆਂ ਦੀਆਂ ਜ਼ਮੀਨਾਂ ਹੜੱਪਣ, ਇਨਸਾਫ਼ ਦੀ ਥਾਂ ਖੱਜਲ ਖੁਆਰੀ, ਬੇਰੁਜ਼ਗਾਰੀ, ਵਿਦਿਆ ਦੇ ਖਾਤਮੇ ਵਰਗੇ ਮੁੱਦੇ ਉਠਾਏ ਜਾਂਦੇ ਹਨ ਜਿਨ੍ਹਾਂ ਦੇ ਗੋਲਮੋਲ ਉੱਤਰ ਕਾਰਨ ਇਹ ਆਗੂ ਮਖੌਲ ਦਾ ਪਾਤਰ ਬਣੇ ਰਹੇ।

## ਭਾਈ ਹਰਮਿੰਦਰ ਸਿੰਘ ਨੂੰ ਬਾਰੂਦ ਕੇਸ 'ਚੋਂ ਜ਼ਮਾਨਤ

**ਲੁਧਿਆਣਾ:** ਸਥਾਨਕ ਅਦਾਲਤ ਨੇ ਨਾਭਾ ਜੇਲ੍ਹ ਵਿਚ ਨਜ਼ਰਬੰਦ ਭਾਈ ਹਰਮਿੰਦਰ ਸਿੰਘ ਨੂੰ ਬਾਰੂਦ ਕੇਸ ਵਿਚ ਜ਼ਮਾਨਤ ਦੇ ਦਿੱਤੀ ਹੈ ਪਰ ਇਕ ਹੋਰ ਮਾਮਲਾ ਵਿਚਾਰ ਅਧੀਨ ਹੋਣ ਕਾਰਨ ਉਹ ਜੇਲ੍ਹ ਤੋਂ ਬਾਹਰ ਨਹੀਂ ਆ ਸਕਣਗੇ। ਭਾਈ ਹਰਮਿੰਦਰ ਸਿੰਘ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਥਾਣਾ ਰਾਏਕੋਟ ਦੀ ਪੁਲਿਸ ਨੇ ਉਨ੍ਹਾਂ ਖਿਲਾਫ 29 ਜੂਨ 2006 ਨੂੰ ਅਮਲਾ ਐਕਟ ਅਤੇ ਗੈਰਕਾਨੂੰਨੀ ਗਤੀਵਿਧੀਆਂ ਸਮੇਤ ਕੁਝ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਪੁਲਿਸ ਵੱਲੋਂ ਉਨ੍ਹਾਂ ਪਾਸੋਂ ਚਾਰ ਕਿੱਲੋ ਆਰਡੀ ਐਕਸ, ਤਾਰਾਂ ਅਤੇ ਡੈਟੋਨੇਟਰ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਸੀ। ਇਸ ਕੇਸ ਵਿਚ ਭਾਈ ਹਰਮਿੰਦਰ ਸਿੰਘ ਦੀ ਗ੍ਰਿਫਤਾਰੀ 25 ਅਗਸਤ 2010 ਨੂੰ ਪਾਈ ਸੀ। ਇਸ ਮਾਮਲੇ ਵਿਚ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਹੈ।

## ਪਰਵਾਸੀ ਪੰਜਾਬੀਆਂ ਦੀ ਕਿਤੇ ਨਹੀਂ ਹੋ ਰਹੀ ਸੁਣਵਾਈ

**ਜਲੰਧਰ:** ਪੰਜਾਬ ਵਿਚ ਪਰਵਾਸੀਆਂ ਦੀਆਂ ਜਾਇਦਾਦਾਂ ਨੱਪਣ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਨਕੋਦਰ ਦਾ ਜੰਮਪਲ ਹਾਲ ਵਾਸੀ ਲਾਸ ਏਂਜਲਸ ਨਵੀਨ ਕੁਮਾਰ ਭੱਲਾ ਧੋਖੇ ਨਾਲ ਹਥਿਆਈ ਆਪਣੇ ਪਰਿਵਾਰ ਦੀ ਕਰੋੜਾਂ ਦੀ ਜ਼ਮੀਨ-ਜਾਇਦਾਦ ਵਾਪਸ ਲੈਣ ਲਈ ਦਰ-ਦਰ ਠੋਕਰਾਂ ਖਾ ਰਿਹਾ ਹੈ। ਉਸ ਨੂੰ ਲਾਪਤਾ ਦੱਸ ਕੇ ਤੇ ਫਰਜ਼ੀ ਵਸੀਅਤ ਰਾਹੀਂ ਉਸ ਦੀ ਜਾਇਦਾਦ ਹਥਿਆ ਲਈ ਗਈ। ਹੁਣ ਉਹ ਪ੍ਰਸ਼ਾਸਨਿਕ ਅਧਿਕਾਰੀਆਂ, ਪਰਵਾਸੀ ਪੰਜਾਬੀ ਸੰਗਤ ਦਰਸ਼ਨ ਤੇ ਅਦਾਲਤਾਂ ਦਾ ਦਰਵਾਜ਼ੇ ਖੜਕਾ ਕੇ ਦੱਸ ਰਿਹਾ ਹੈ ਕਿ ਉਹ ਲਾਪਤਾ ਨਹੀਂ ਸਗੋਂ ਜਿਉਂਦਾ-ਜਾਗਦਾ ਹੈ, ਪਰ ਸੱਤ-ਅੱਠ ਸਾਲ ਹੋ ਗਏ ਕਿਧਰੇ ਵੀ ਉਸ ਦੀ ਸੁਣਵਾਈ ਨਹੀਂ।

ਨਵੀਨ ਕੁਮਾਰ ਭੱਲਾ ਤੇ ਉਸ ਦੀ ਭੈਣ ਚੰਦਰ ਮੋਹਨੀ ਭੱਲਾ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪਰਿਵਾਰ ਅਮਰੀਕਾ ਰਹਿੰਦਾ ਹੈ। ਉਨ੍ਹਾਂ ਦੇ ਇਕ ਰਿਸ਼ਤੇਦਾਰ ਨੇ 27 ਜੁਲਾਈ 1990 ਨੂੰ ਫਰਜ਼ੀ ਵਸੀਅਤ ਬਣਾ ਲਈ ਜਾਇਦਾਦ ਦਾ ਇੰਤਕਾਲ ਆਪਣੇ ਨਾਂ ਚੜ੍ਹਾ ਲਿਆ। ਉਨ੍ਹਾਂ ਨੂੰ 2006 ਵਿਚ ਪਤਾ ਲੱਗਾ ਕਿ ਉਨ੍ਹਾਂ ਦੀ ਸਾਰੀ ਜਾਇਦਾਦ ਨਕੋਦਰ ਵਿਚ 16 ਏਕੜ ਜ਼ਮੀਨ, ਏਕੜ ਤੋਂ ਵੱਧ ਖੇਤਰ ਵਿਚ ਬਣੀ ਇਕ ਕੋਠੀ ਤੇ ਪੰਜ ਦੁਕਾਨਾਂ ਤਾਂ ਉਕਤ ਰਿਸ਼ਤੇਦਾਰ ਆਪਣੇ ਨਾਂ ਕਰਵਾ ਗਿਆ। ਨਵੀਨ ਕੁਮਾਰ ਨੇ ਦੱਸਿਆ ਕਿ ਉਹ ਨਕੋਦਰ ਦੀ ਅਦਾਲਤ ਵਿਚ ਪੇਸ਼ ਹੋ ਕੇ ਦੱਸ ਚੁੱਕੇ ਹਨ ਕਿ ਉਹ ਲਾਪਤਾ ਨਹੀਂ ਸਗੋਂ ਧੋਖੇ ਨਾਲ ਜ਼ਮੀਨ ਹੜੱਪਣ ਲਈ ਅਜਿਹਾ ਕਿਹਾ ਗਿਆ ਹੈ। ਪਰਵਾਸੀ ਪੰਜਾਬੀ ਸੰਮੇਲਨ ਤੇ ਸੰਗਤ ਦਰਸ਼ਨ ਵਿਚ ਉਹ ਜਾ ਚੁੱਕੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਅੱਗੇ ਉਹ ਭਟਕਦੇ ਫਿਰ ਰਹੇ ਹਨ ਪਰ ਅਧਿਕਾਰੀ ਉਨ੍ਹਾਂ ਨੂੰ ਘੁੰਮਣਘੇਰੀ ਵਿਚ ਪਾਈ ਫਿਰਦੇ ਹਨ।

ਇਸੇ ਤਰ੍ਹਾਂ ਦਾ ਕਿੱਸਾ ਜੰਡੂਸਿੰਘਾ ਲਾਗਲੇ ਪਿੰਡ ਦੇ ਸੁਰਿੰਦਰਪਾਲ ਸਿੰਘ ਚੂਹੜਵਾਲੀ ਦਾ ਹੈ ਜੋ ਨਿਊ ਯਾਰਕ ਰਹਿੰਦਾ ਹੈ। ਉਸ ਦੀ ਜ਼ਮੀਨ ਪਰਿਵਾਰਕ ਮੈਂਬਰ ਸਾਂਝੀ ਮਾਲਕੀ ਦੇ ਨਾਂ ਹੇਠ ਦੱਬੀ ਬੈਠੇ ਹਨ। ਉਨ੍ਹਾਂ ਦਾ ਵੀ ਕਹਿਣਾ ਹੈ ਕਿ ਪ੍ਰਸ਼ਾਸਨ ਸਿਰਫ਼ ਗੱਲਾਂ ਹੀ ਕਰਦਾ ਹੈ, ਪਰਵਾਸੀ ਪੰਜਾਬੀਆਂ ਨੂੰ ਇਨਸਾਫ਼ ਕਿਧਰੇ ਵੀ ਇਨਸਾਫ਼ ਨਹੀਂ ਮਿਲ ਰਿਹਾ।

# ਸਿੱਖ ਕੁੜੀ ਨੇ ਪਾਕਿਸਤਾਨ ਵਿਚ ਰਚਿਆ ਇਤਿਹਾਸ



**ਲਾਹੌਰ:** ਪਾਕਿਸਤਾਨ ਵਿਚ ਇਕ ਸਿੱਖ ਲੜਕੀ ਨੇ ਇਤਿਹਾਸ ਰਚ ਦਿੱਤਾ ਹੈ। ਮਨਬੀਰ ਕੌਰ ਨਾਮਕ ਲੜਕੀ ਦਸਵੀਂ ਜਮਾਤ ਵਿਚ ਪੂਰੇ ਪਾਕਿਸਤਾਨ ਵਿਚੋਂ ਅੱਵਲ ਰਹੀ ਹੈ। ਮਨਬੀਰ ਕੌਰ ਨੇ 1100 ਅੰਕਾਂ ਵਿਚੋਂ 1023 ਅੰਕ ਪ੍ਰਾਪਤ ਕੀਤੇ ਹਨ। ਇਹ ਪਹਿਲੀ ਵਾਰ ਹੈ ਕਿ ਜਦੋਂ ਮੁਸਲਿਮ ਦੇਸ਼ ਵਿਚ ਘੱਟ ਗਿਣਤੀ ਭਾਈਚਾਰੇ ਦੀ ਲੜਕੀ ਨੇ ਇੰਨੀ ਵੱਡੀ ਸਫਲਤਾ ਹਾਸਲ ਕੀਤੀ ਹੋਵੇ। ਪਾਕਿਸਤਾਨ ਵਿਚ ਸਿਰਫ਼ ਇਕ ਫ਼ਿਸਦੀ ਜਨਸੰਖਿਆ ਵਾਲੇ ਸਿੱਖ ਭਾਈਚਾਰੇ ਲਈ ਇਹ ਮਾਨ ਵਾਲੀ ਗੱਲ ਹੈ। ਮਨਬੀਰ ਕੌਰ ਦੇ ਪਿਤਾ ਗਿਆਨੀ ਪ੍ਰੇਮ ਸਿੰਘ ਗੁਰਦੁਆਰਾ ਸ੍ਰੀ ਜਨਮ ਸਥਾਨ ਨਨਕਾਣਾ ਸਾਹਿਬ ਦੇ ਹੈੱਡ ਗ੍ਰੰਥੀ ਹਨ। ਮਨਬੀਰ ਕੌਰ ਨਨਕਾਣਾ ਸਾਹਿਬ ਸਥਿਤ ਸ੍ਰੀ ਗੁਰੂ ਨਾਨਕ ਦੇਵ ਹਾਈ ਸਕੂਲ ਵਿਚ ਪੜ੍ਹਦੀ ਹੈ।

30 ਜੁਲਾਈ ਨੂੰ ਨਤੀਜੇ ਦਾ ਐਲਾਨ ਹੋਣ ਮਗਰੋਂ ਮਨਬੀਰ ਕੌਰ ਨੂੰ ਪਾਕਿਸਤਾਨ ਦੇ ਹਰ ਹਿੱਸੇ ਤੋਂ ਵਧਾਈ ਸੰਦੇਸ਼ ਆ ਰਹੇ ਹਨ। ਉਸ ਦੀ ਪ੍ਰਾਪਤੀ ਅਜਿਹੇ ਦੇਸ਼ ਵਿਚ ਆਸਾਨ ਕੰਮ ਨਹੀਂ ਸੀ ਜਿਥੇ ਸਿੱਖਾਂ ਦੀ ਆਬਾਦੀ ਕੁੱਲ ਆਬਾਦੀ ਦਾ ਇਕ ਫ਼ੀਸਦੀ ਵੀ ਨਹੀਂ ਹੈ। ਮਨਬੀਰ ਦੇ ਪਿਤਾ ਦਾ ਕਹਿਣਾ ਹੈ ਕਿ ਇਹ ਉਸ ਦੀ ਮਿਹਨਤ ਦਾ ਨਤੀਜਾ ਹੈ। ਉਹ ਹਮੇਸ਼ਾ ਮਿਹਨਤੀ ਵਿਦਿਆਰਥਣ ਰਹੀ ਹੈ। ਇਸ ਤੋਂ ਬਿਨਾਂ ਉਸ ਉਤੇ ਰੱਬ ਦੀ ਬਹੁਤ ਮੇਹਰ ਹੈ। ਉਸ ਨੇ ਉਹ ਕਰ ਵਿਖਾਇਆ ਜੋ ਸਿੱਖ ਮੁੰਡੇ ਵੀ ਨਹੀਂ ਕਰ ਸਕੇ। ਮਨਬੀਰ ਨੇ ਲਾਹੌਰ ਦੇ ਪ੍ਰੀ-ਮੈਡੀਕਲ ਕਾਲਜ ਵਿਚ ਦਾਖਲਾ ਲਿਆ ਹੈ। ਪ੍ਰੇਮ ਸਿੰਘ ਨੇ ਦੱਸਿਆ ਕਿ ਮਨਬੀਰ ਅੰਮ੍ਰਿਤਧਾਰੀ ਹੈ ਤੇ ਗੁਰਦਵਾਰਾ ਨਨਕਾਣਾ ਸਾਹਿਬ ਵਿਚ ਜਥੇ ਨਾਲ ਕੀਰਤਨ ਵੀ ਕਰਦੀ ਹੈ।

ਪਾਕਿਸਤਾਨ ਵਿਚ ਕੁੜੀਆਂ ਦੀ ਪੜ੍ਹਾਈ ਬਾਰੇ ਪੁੱਛਣ ਉਤੇ ਪ੍ਰੇਮ ਸਿੰਘ ਨੇ ਕਿਹਾ, "ਮੇਰੇ ਖ਼ਿਆਲ ਵਿਚ ਔਰਤਾਂ ਨੂੰ ਵੀ ਮਰਦਾਂ ਵਾਂਗ ਹੀ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਵੀ ਆਪਣੇ ਸੁਪਨੇ ਪੂਰੇ ਕਰਨ ਦਾ ਉਨਾ ਹੀ ਹੱਕ ਹੈ ਜਿੰਨਾ ਮਰਦਾਂ ਨੂੰ। ਉਨ੍ਹਾਂ ਕਿਹਾ ਕਿ ਸ਼ਹਿਰ ਨਨਕਾਣਾ ਸਾਹਿਬ ਵਿਚ ਰਹਿ ਰਹੇ 200 ਸਿੱਖ ਪਰਵਾਰ ਆਪਣੀਆਂ ਕੁੜੀਆਂ ਦੀ ਬਿਹਤਰੀ ਲਈ ਉਨ੍ਹਾਂ ਨੂੰ ਖੁੱਲ੍ਹ ਕੇ ਉਤਸ਼ਾਹਤ ਕਰਦੇ ਹਨ। ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਮਨਬੀਰ ਕੌਰ ਨੂੰ ਸਿਰੋਪਾਉ ਭੇਂਟ ਕਰ ਕੇ ਸਨਮਾਨਤ ਕੀਤਾ ਹੈ।

2010 ਦੀ ਮਰਦਮਸ਼ੁਮਾਰੀ ਅਨੁਸਾਰ ਪਾਕਿਸਤਾਨ ਵਿਚ ਸਿੱਖਾਂ ਦੀ ਗਿਣਤੀ 50,000 ਤੋਂ ਘਟ ਕੇ ਸਿਰਫ਼ 15,000 ਹੀ ਰਹਿ ਗਈ। ਘੱਟ ਗਿਣਤੀਆਂ ਵਿਰੁੱਧ ਜ਼ੁਲਮ, ਪਾਕਿਸਤਾਨ ਵਿਖੇ ਸਿੱਖਾਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਦਾ ਮੁੱਖ ਕਾਰਨ ਹੈ। ਪਿਛਲੇ ਕੁਝ ਸਾਲਾਂ ਦੌਰਾਨ ਅਜਿਹੇ 100 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਸਿੱਖ ਕੁੜੀਆਂ ਨੂੰ ਧੱਕੇ ਨਾਲ ਵਿਆਹ ਕਰਨ ਲਈ ਇਸਲਾਮ ਕਬੂਲ ਕਰਾਇਆ ਗਿਆ ਹੈ। ਅਜਿਹੇ ਸਮੇਂ ਮਨਬੀਰ ਦੀ ਪ੍ਰਾਪਤੀ ਸਿੱਖ ਕੁੜੀਆਂ ਲਈ ਉਮੀਦ ਦੀ ਕਿਰਨ ਤੇ ਪ੍ਰੇਰਨਾ ਹੈ।

## ਮਨਬੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਨਾਮ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨਬੀਰ ਕੌਰ ਨੂੰ 10ਵੀਂ ਦੀ ਪ੍ਰੀਖਿਆ ਵਿਚ ਪੂਰੇ ਪਾਕਿਸਤਾਨ ਵਿਚੋਂ ਪਹਿਲਾ ਸਥਾਨ ਹਾਸਲ ਕਰਨ ਉਤੇ ਮੁਬਾਰਕਬਾਦ ਦਿੰਦਿਆਂ ਐਲਾਨ ਕੀਤਾ ਹੈ ਕਿ ਇਸ ਬੱਚੀ ਨੂੰ ਉਚੇਰੀ ਸਿੱਖਿਆ ਲਈ 51 ਹਜ਼ਾਰ ਰੁਪਏ ਦਿੱਤੇ ਜਾਣਗੇ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਨਬੀਰ ਕੌਰ ਨੂੰ ਵੱਧ ਤੋਂ ਵੱਧ ਸਹਾਇਤਾ ਦਿੱਤੀ ਜਾਵੇ ਤੇ ਅੱਗੋਂ ਇਸ ਦੀ ਪੜ੍ਹਾਈ ਉਤੇ ਹੋਣ ਵਾਲਾ ਸਮੁੱਚਾ ਖਰਚ ਸਰਕਾਰ ਕਰੇ।

# 'ਕੈਰੀ ਆਨ ਜੱਟਾ' ਵਾਲੀ 'ਪ੍ਰੀਤੋ' ਖ਼ਿਲਾਫ਼ ਧੋਖਾਦੇਹੀ ਦਾ ਕੇਸ

**ਲੁਧਿਆਣਾ:** ਲੁਧਿਆਣਾ ਪੁਲਿਸ ਵੱਲੋਂ ਪੰਜਾਬੀ ਅਦਾਕਾਰਾ ਤੇ 'ਪ੍ਰੀਤੋ' ਦੇ ਨਾਮ ਤੋਂ ਮਸ਼ਹੂਰ ਹੋਈ ਅੰਸ਼ੂ ਸਵਾਨੇ ਖਿਲਾਫ਼ ਧੋਖਾਦੇਹੀ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

ਪੁਲਿਸ ਵੱਲੋਂ ਇਹ ਕਾਰਵਾਈ ਅੰਸ਼ੂ ਦੇ ਪਹਿਲੇ ਪਤੀ ਹਰਜਿੰਦਰ ਸਿੰਘ ਵਾਸੀ ਧਾਂਦਰਾ ਰੋਡ ਦੀ ਸ਼ਿਕਾਇਤ ਉਤੇ ਅਮਲ ਵਿਚ ਲਿਆਂਦੀ ਹੈ। ਪੁਲਿਸ ਕੋਲ ਲਿਖਵਾਈ ਮੁੱਢਲੀ ਰਿਪੋਰਟ ਵਿਚ ਹਰਜਿੰਦਰ ਸਿੰਘ ਨੇ ਦੱਸਿਆ ਹੈ ਕਿ ਅੰਸ਼ੂ ਸਵਾਨੇ ਨਾਲ ਉਸ ਦਾ ਵਿਆਹ 28 ਅਗਸਤ 2006 ਨੂੰ ਹੋਇਆ ਸੀ, ਪਰ ਘਰੇਲੂ ਕਲੇਸ਼ ਕਾਰਨ ਇਨ੍ਹਾਂ ਦੋਵਾਂ ਨੇ ਵੱਖ-ਵੱਖ ਰਹਿਣਾ ਸ਼ੁਰੂ ਕਰ ਦਿੱਤਾ।

ਬਾਅਦ ਵਿਚ ਤਲਾਕ ਲੈਣ ਦੇ ਮਾਮਲੇ ਨੂੰ ਲੈ ਕੇ ਅਦਾਲਤ ਵਿਚ ਇਕ ਕੇਸ ਦਾਇਰ ਕੀਤਾ ਗਿਆ ਸੀ। ਇਹ ਕੇਸ ਅਦਾਲਤ ਵਿਚ ਬਕਾਇਆ ਹੈ, ਪਰ ਇਸ ਦੌਰਾਨ ਅੰਸ਼ੂ ਨੇ ਮੁਹਾਲੀ ਦੇ ਰਹਿਣ ਵਾਲੇ ਜੁਝਾਰ ਸਿੰਘ ਨਾਮੀ ਵਿਅਕਤੀ ਨਾਲ ਵਿਆਹ ਕਰਵਾ ਲਿਆ, ਜੋ ਕਿ ਗੈਰਕਾਨੂੰਨੀ ਹੈ। ਪੁਲਿਸ ਵੱਲੋਂ ਇਸ ਬਾਰੇ ਲੰਬੀ ਚੌੜੀ ਜਾਂਚ ਪੜਤਾਲ ਤੋਂ ਬਾਅਦ ਅੰਸ਼ੂ ਖ਼ਿਲਾਫ਼ ਧਾਰਾ 420/494 ਅਧੀਨ ਕੇਸ ਦਰਜ ਕਰ ਲਿਆ ਹੈ।

# ਔਰਬਿਟ ਕਾਂਡ: ਪੀੜਤ ਨੂੰ ਮੁਆਵਜ਼ਾ ਦੇਣ ਦੇ ਮਾਮਲੇ 'ਤੇ ਘਿਰੀ ਸਰਕਾਰ




**ਚੰਡੀਗੜ੍ਹ:** ਬਹੁਚਰਚਿਤ ਮੋਗਾ ਔਰਬਿਟ ਏਵੀਏਸ਼ਨ ਬੱਸ ਕਾਂਡ ਦੇ ਮਾਮਲੇ ਵਿਚ ਪੀੜਤ ਪਰਿਵਾਰ ਨੂੰ ਦਿੱਤੇ ਮੁਆਵਜ਼ੇ ਉਤੇ ਹਾਈਕੋਰਟ ਨੇ ਸਵਾਲ ਖੜ੍ਹਾ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਹੀ ਹਾਈਕੋਰਟ ਨੂੰ ਦੱਸਿਆ ਗਿਆ ਸੀ ਕਿ ਇਸ ਮਾਮਲੇ ਵਿਚ ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਉਤੇ ਅੱਤਿਆਚਾਰ ਨਾਲ ਸਬੰਧਤ ਐਸ.ਸੀ./ਐਸ.ਟੀ. ਐਟਰੋਸਿਟੀ ਐਕਟ ਤਹਿਤ ਪੀੜਤ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਅਦਾਲਤੀ ਸਵੈ-ਨੋਟਿਸ ਵਜੋਂ ਇਸ ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਲੀਜ਼ਾ ਗਿੱਲ ਵਾਲੇ ਡਿਵੀਜ਼ਨ ਬੈਂਚ ਨੇ ਇਸ ਉਤੇ ਸਵਾਲ ਖੜ੍ਹਾ ਕਰਦਿਆਂ ਕਿਹਾ ਕਿ ਮ੍ਰਿਤਕ ਐਸ.ਸੀ. ਜਾਂ ਐਸ.ਟੀ. ਪਰਿਵਾਰ ਜਾਂ ਵਰਗ ਨਾਲ ਸਬੰਧਤ ਸੀ ਤੇ ਕੀ ਇਹ ਮਾਮਲਾ ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਉਤੇ ਅੱਤਿਆਚਾਰ ਦਾ ਹੈ? ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਬਾਰੇ ਉੱਠ ਰਹੀਆਂ ਆਵਾਜ਼ਾਂ ਉਤੇ ਏਜੰਸੀ ਨੇ ਬੈਂਚ ਕੋਲ ਆਪਣਾ ਪੱਖ ਰੱਖਦਿਆਂ ਕਿਹਾ ਕਿ ਸਥਾਨਕ ਪੁਲਿਸ ਇਸ ਮਾਮਲੇ ਨਾਲ ਨਜਿੱਠਣ ਦੇ ਸਮਰੱਥ ਹੈ। ਹਾਈਕੋਰਟ ਬੈਂਚ ਨੇ ਇਹ ਵੀ ਪੁੱਛਿਆ ਹੈ ਕਿ ਸਰਕਾਰ ਨੇ ਹੁਣ ਤੱਕ ਇਸ ਐਕਟ ਤਹਿਤ ਕਿੰਨੇ ਲੋਕਾਂ ਤੇ ਕਦੋਂ-ਕਦੋਂ ਮੁਆਵਜ਼ਾ ਦਿੱਤਾ ਹੈ। ਇਸ ਬਾਰੇ ਏਮਿਕਸ ਕਿਊਰੀ (ਅਦਾਲਤ ਦੇ ਸਾਥੀ) ਵਕੀਲਾਂ ਨੂੰ ਵੀ ਸਵਾਲ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ ਜਿਨ੍ਹਾਂ ਦੇ ਜਵਾਬ ਪੰਜਾਬ ਸਰਕਾਰ ਨੂੰ ਦੇਣੇ ਹੋਣਗੇ। ਬੈਂਚ ਵੱਲੋਂ ਮਾਮਲੇ ਵਿਚ ਅਗਲੀ ਸੁਣਵਾਈ ਦੋ ਸਤੰਬਰ ਉਤੇ ਪਾ ਦਿੱਤੀ ਗਈ ਹੈ।

# ਹਾਈਕੋਰਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਧਿਰ' ਵਜੋਂ ਸੱਦਣ ਤੋਂ ਨਾਂਹ

**ਚੰਡੀਗੜ੍ਹ:** ਦੁਨਿਆਵੀ ਕਾਨੂੰਨਾਂ ਨੂੰ ਨਿਆਂ-ਬਹਾਲੀ ਦਾ ਅਧਿਕਾਰ ਤਾਂ ਹੈ ਪਰ ਸ਼ਰਧਾ ਤੇ ਅਦਬ ਵਜੋਂ ਪ੍ਰਮਾਤਮਾ ਨੂੰ ਸੰਕੇਤਕ ਰੂਪ ਵਿਚ ਰੂਪਮਾਨ ਸਮਝੇ ਜਾਣ ਦੀਆਂ ਸੰਵੇਦਨਾਵਾਂ ਦਾ 'ਫ਼ਾਇਦਾ' ਨਹੀਂ ਚੁੱਕਿਆ ਜਾ ਸਕਦਾ। ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਕ ਧਾਰਮਿਕ ਅਸਥਾਨ ਨਾਲ ਜੁੜੇ ਸੰਵੇਦਨਸ਼ੀਲ ਜ਼ਮੀਨੀ ਵਿਵਾਦ ਤਹਿਤ ਸਿੱਖ ਭਾਈਚਾਰੇ ਦੀ ਸ਼ਰਧਾ ਨਾਲ ਜੁੜੀਆਂ ਕਈ ਅਹਿਮ ਪਰਤਾਂ ਪ੍ਰਤੀ ਕਾਨੂੰਨੀ ਤੇ ਵਾਸਤਵਿਕ ਅਸਲੀਅਤ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਲੁਧਿਆਣਾ ਇਲਾਕੇ ਨਾਲ ਸਬੰਧਤ ਇਕ ਗੁਰਦੁਆਰੇ ਦੀ ਜ਼ਮੀਨ ਨਾਲ ਜੁੜੇ ਵਿਵਾਦ ਤਹਿਤ ਇਕ ਸੀਨੀਅਰ ਵਕੀਲ ਵੱਲੋਂ ਹਾਈਕੋਰਟ ਕੋਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਬਤੌਰ ਇਕ ਕਾਨੂੰਨੀ ਤੌਰ ਉੱਤੇ 'ਗਿਣੇ' ਜਾ ਸਕਣ ਵਾਲੇ 'ਪਾਰਟੀ' (ਐਨ ਜਿਉਰਿਸਟਿਕ ਪਰਸਨ) ਹਨ। ਜਿਸਦਾ ਅਰਥ ਹੈ ਕਿ ਕਾਨੂੰਨੀ ਤੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਤੌਰ 'ਐਨ ਜਿਉਰਿਸਟਿਕ ਪਰਸਨ' ਕਾਰਪੋਰੇਸ਼ਨ, ਪਾਰਟਨਰਸ਼ਿਪ ਜਾਂ ਇਕ ਕਾਨੂੰਨੀ ਇਕਾਈ ਵਜੋਂ ਵਿਚਾਰਿਆ ਜਾ ਸਕਦਾ ਹੈ। ਇਸੇ ਤੱਥ ਦਾ ਹਵਾਲਾ ਵਰਤਦੇ ਹੋਏ ਗੁਰਦੁਆਰਾ ਸਾਹਿਬ ਦੀ ਤਰਜਮਾਨੀ ਕਰ ਰਹੇ ਉਕਤ ਵਕੀਲ ਨੇ ਹਾਈਕੋਰਟ ਬੈਂਚ ਅੱਗੇ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਕਿ ਜਦੋਂ ਉਕਤ 'ਐਨ ਜਿਉਰਿਸਟਿਕ ਪਰਸਨ' ਦੀ ਪਰਿਭਾਸ਼ਾ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਸ ਵਿਚ ਬਤੌਰ ਜਵਾਬਦੇਹ ਧਿਰ ਸ਼ਾਮਲ ਨਹੀਂ ਕੀਤਾ ਗਿਆ ਤਾਂ ਅਜਿਹੇ ਵਿਚ ਮਾਤਰ ਇਕ ਗੁਰਦੁਆਰਾ ਸਾਹਿਬ ਦੇ ਨਾਂ ਖਿਲਾਫ ਪਾਇਆ ਗਿਆ ਕੇਸ ਕੋਈ ਵੁੱਕਤ ਨਹੀਂ ਰੱਖਦਾ।

ਜਸਟਿਸ ਕੇ. ਕਾਨਨ ਵੱਲੋਂ ਉਕਤ ਵਕੀਲ ਦੇ ਤਰਕਾਂ ਨੂੰ ਮੁੱਢੋਂ ਹੀ ਖਾਰਜ ਕਰਦਿਆਂ ਸਪਸ਼ਟ ਕਹਿ ਦਿੱਤਾ ਕਿ ਇਕ ਗੁਰਦੁਆਰਾ ਸਾਹਿਬ ਖਿਲਾਫ ਕਿਸੇ ਕੇਸ ਨੂੰ ਸਿਰਫ਼ ਇਹ ਕਹਿੰਦਿਆਂ ਨਹੀਂ ਵਿਸਾਰਿਆ ਜਾ ਸਕਦਾ ਕਿ ਕੇਸ ਵਿਚ 'ਸਾਗਤ ਜੋਤ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਥਾਵੇਂ ਸਿਰਫ਼ ਗੁਰਦੁਆਰਾ ਸਿੰਘ ਸਭਾ ਨੂੰ ਹੀ ਧਿਰ ਬਣਾਇਆ ਗਿਆ ਹੈ। ਜਸਟਿਸ ਕਾਨਨ ਨੇ ਇਹ ਵੀ ਸਪਸ਼ਟ ਕੀਤਾ ਕਿ ਪੰਜਾਬ ਵਕਫ਼ ਬੋਰਡ ਤੇ ਗੁਰਦੁਆਰਾ ਸਿੰਘ ਸਭਾ ਵਿਚਾਲੇ ਕੇਸ ਵਿਚ ਗੁਰਦੁਆਰਾ ਸਿੰਘ ਸਭਾ (ਇਸ ਦੇ ਪ੍ਰਧਾਨ ਰਾਹੀਂ) ਤੇ ਹੋਰਨਾਂ ਅਹੁਦੇਦਾਰਾਂ ਤੇ ਪਿੰਡ ਵਾਸੀਆਂ ਨੂੰ ਧਿਰ ਬਣਾਇਆ ਜਾ ਚੁੱਕਾ ਹੈ ਤਾਂ ਕਾਨੂੰਨੀ ਨਜ਼ਰੀਏ ਨਾਲ ਇਨ੍ਹਾਂ ਉਤੇ ਕਾਨੂੰਨੀ ਜਾਂ ਸੰਵਿਧਾਨਿਕ ਫ਼ੈਸਲਾ ਵੀ ਬਤੌਰ 'ਐਨ ਜਿਉਰਿਸਟਿਕ ਪਰਸਨ' ਸੁਣਾਇਆ ਜਾ ਸਕਦਾ ਹੈ ਪਰ ਇਹ ਕਹਿਣਾ ਉਚਿਤ ਨਹੀਂ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਤੌਰ 'ਐਨ ਜਿਉਰਿਸਟਿਕ ਪਰਸਨ' ਧਿਰ ਵਜੋਂ ਸ਼ਾਮਲ ਕੀਤੇ ਬਿਨਾਂ ਮਾਮਲੇ ਉਤੇ ਸੁਣਵਾਈ ਨਹੀਂ ਹੋ ਸਕਦੀ। ਦੱਸਣਯੋਗ ਹੈ ਕਿ ਉੱਚ ਅਦਾਲਤ ਵੱਲੋਂ ਇਸ ਕੇਸ ਤਹਿਤ ਸਪਸ਼ਟ ਕੀਤੇ ਗਏ ਇਹ ਤੱਥ ਤੇ ਤਰਕ ਇਸ ਪੱਖੋਂ ਕਾਫ਼ੀ ਅਹਿਮੀਅਤ ਰੱਖਦੇ ਹਨ ਕਿ ਬਹੁਤੇ ਥਾਈਂ ਗੁਰਦੁਆਰਾ ਸਾਹਿਬ ਦੀਆਂ ਜ਼ਮੀਨਾਂ ਸਬੰਧੀ ਮਾਲ ਰਿਕਾਰਡ ਵਿਚ ਬਤੌਰ ਮਾਲਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਜੋਂ ਹੀ ਇੰਦਰਾਜ ਮੌਜੂਦ ਹਨ।

# ਮਹਿਲਾ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਵਿਚ ਵਾਧਾ




**ਨਵੀਂ ਦਿੱਲੀ:** ਇਸ ਸਾਲ ਪਹਿਲੀ ਅਪਰੈਲ ਤੋਂ ਹੁਣ ਤੱਕ ਦੇਸ਼ ਵਿਚ ਔਰਤਾਂ ਉਤੇ ਘਰੇਲੂ ਤੇ ਜਬਰ ਜਨਾਹ ਦੇ 9700 ਤੋਂ ਵੱਧ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਤੇ ਇਸ ਮਾਮਲੇ ਵਿਚ ਉਤਰ ਪ੍ਰਦੇਸ਼ ਸਭ ਤੋਂ ਅੱਗੇ ਹੈ। ਲੋਕ ਸਭਾ ਵਿਚ ਪ੍ਰਸ਼ਨਕਾਲ ਦੌਰਾਨ ਮਹਿਲਾ ਤੇ ਬਾਲ ਭਲਾਈ ਮੰਤਰੀ ਮੇਨਕਾ ਗਾਂਧੀ ਨੇ ਦੱਸਿਆ ਕਿ ਇਹ ਕੇਸ ਕੌਮੀ ਮਹਿਲਾ ਕਮਿਸ਼ਨ ਨੇ ਦਰਜ ਕੀਤੇ ਹਨ। ਇਨ੍ਹਾਂ ਵਿਚ ਜਬਰ ਜਨਾਹ, ਦਾਜ, ਸੰਪਤੀ ਵਿਵਾਦ ਤੇ ਛੇੜਖਾਨੀ ਦੇ ਮਾਮਲੇ ਵਧੇਰੇ ਹਨ। ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 6110 ਕੇਸ ਦਰਜ ਹੋਏ। ਇਸ ਤੋਂ ਬਾਅਦ ਦਿੱਲੀ (1179), ਹਰਿਆਣਾ (504), ਰਾਜਸਥਾਨ (447) ਤੇ ਬਿਹਾਰ (256) ਦਾ ਨੰਬਰ ਹੈ।

ਉੱਤਰ ਪ੍ਰਦੇਸ਼ ਵਿਚ ਬੀਤੇ ਤਿੰਨ ਵਿੱਤੀ ਸਾਲਾਂ ਤੇ ਇਸ ਸਾਲ ਹੁਣ ਤੱਕ ਮਹਿਲਾ ਹਿੰਸਾ ਦੇ 44328 ਮਾਮਲੇ ਦਰਜ ਹੋਏ ਹਨ। ਮਹਿਲਾ ਕਮਿਸ਼ਨ ਨੇ ਸਾਲ 2012-13 , 2013-14 ,2014-15 ਤੇ 2015-16 (ਹੁਣ ਤੱਕ) ਕ੍ਰਮਵਾਰ 16584, 22422, 32118 ਤੇ 9786 ਕੇਸ ਦਰਜ ਕੀਤੇ।

ਮੰਤਰੀ ਨੇ ਦੱਸਿਆ ਕਿ ਕਮਿਸ਼ਨ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਲਈ ਸਬੰਧਤ ਅਥਾਰਟੀ ਕੋਲ ਭੇਜੇ ਹਨ। ਉਨ੍ਹਾਂ ਦੱਸਿਆ ਕਿ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਸਬੰਧੀ ਇਸ ਸਾਲ ਦੇ ਵਿੱਤੀ ਵਰ੍ਹੇ ਦੇ 30 ਜੂਨ ਮਹੀਨੇ ਦੌਰਾਨ 2270 ਕੇਸ ਦਰਜ ਹੋਏ ਹਨ। ਇਸ ਬਾਰੇ ਬਾਲ ਅਧਿਕਾਰ ਰੱਖਿਆ ਬਾਰੇ ਕੌਮੀ ਕਮਿਸ਼ਨ ਨੇ ਦੱਸਿਆ ਹੈ ਕਿ ਸਾਲ 2012-13, 2013-14, 2014-15 ਤੇ 2015-16 (30 ਜੂਨ ਤੱਕ) ਕ੍ਰਮਵਾਰ 2404, 3281, 3340 ਤੇ 2270 ਕੇਸ ਦਰਜ ਹੋਏ ਹਨ। ਸ੍ਰੀਮਤੀ ਮੇਨਕਾ ਨੇ ਦੱਸਿਆ ਕਿ ਔਰਤਾਂ ਦੀ ਮਦਦ ਲਈ ਸਰਕਾਰ ਵੱਲੋਂ ਵਨ ਸਟੈਪ ਸਹਾਇਤਾ ਕੇਂਦਰ ਸਥਾਪਤ ਕਰ ਰਹੀ ਹੈ।

## ਜਲੰਧਰ ਵਿਚ ਨਾਬਾਲਗ ਨਾਲ ਸਮੂਹਿਕ ਜਬਰ ਜਨਾਹ

**ਜਲੰਧਰ:** ਸ਼ਹਿਰ ਦੇ ਨਾਲ ਲੱਗਦੇ ਸੁੱਚੀ ਪਿੰਡ ਵਿਚ ਇਕ 14 ਸਾਲਾ ਨਾਬਾਲਗ ਲੜਕੀ ਨਾਲ ਸੱਤ ਲੜਕਿਆਂ ਵੱਲੋਂ ਸਮੂਹਿਕ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਲੜਕੀ ਨੂੰ ਮੁਲਜ਼ਮ ਬੇਹੋਸ਼ੀ ਦੀ ਹਾਲਤ ਵਿਚ ਖੇਤਾਂ ਵਿਚ ਸੁੱਟ ਕੇ ਦੌੜ ਗਏ। ਰਾਹਗੀਰਾਂ ਨੇ ਪੀੜਤ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਘਟਨਾ ਦੀ ਜਾਣਕਾਰੀ ਦਿੱਤੀ। ਪਰਿਵਾਰ ਨੇ ਬੇਹੋਸ਼ ਲੜਕੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ। ਪੁਲਿਸ ਮੁਤਾਬਕ ਲੜਕੀ ਆਪਣੇ ਘਰ ਦੇ ਬਾਹਰ ਖੜ੍ਹੀ ਸੀ ਤਾਂ ਮੂੰਹ ਬੰਨ੍ਹੀ ਦੋ ਲੜਕੇ ਆਏ, ਜਿਨ੍ਹਾਂ ਨੇ ਲੜਕੀ ਨੂੰ ਚੁੱਕ ਲਿਆ। ਉਹ ਲੜਕੀ ਨੂੰ ਰਾਮਾਮੰਡੀ ਇਲਾਕੇ ਵਿਚ ਲੈ ਗਏ ਜਿਥੇ ਪੰਜ ਲੜਕੇ ਹੋਰ ਸਨ। ਕਿਸੇ ਅਣਜਾਣੀ ਥਾਂ ਉਤੇ ਲੜਕੀ ਨੂੰ ਬੇਹੋਸ਼ ਕਰਕੇ ਉਸ ਨਾਲ ਜਬਰ ਜਨਾਹ ਕੀਤਾ ਗਿਆ।

## ਉਤਰ ਪੂਰਬੀ ਰਾਜਾਂ ਵਿਚ ਫੌਜ ਖ਼ਿਲਾਫ਼ 28 ਕੇਸ

**ਨਵੀਂ ਦਿੱਲੀ:** ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਲੋਕ ਸਭਾ ਵਿਚ ਦੱਸਿਆ ਕਿ ਸਾਲ 2012 ਤੋਂ 2015 ਤੱਕ ਉਤਰ ਪੂਰਬੀ ਰਾਜਾਂ ਵਿਚ ਫੌਜ ਖਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 28 ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ ਜਬਰ ਜਨਾਹ, ਤਸ਼ੱਦਦ, ਕਤਲ, ਗੁੰਮਸ਼ੁਦਗੀ ਤੇ ਹਿਰਾਸਤੀ ਮੌਤਾਂ ਦੇ ਮਾਮਲੇ ਸ਼ਾਮਲ ਹਨ। ਇਨ੍ਹਾਂ ਕੇਸਾਂ ਵਿਚ ਇਕ ਅਧਿਕਾਰੀ, ਤਿੰਨ ਜੇ.ਸੀ.ਓਜ਼. ਤੇ ਇਕ ਓਆਰ ਖ਼ਿਲਾਫ਼ ਵਿਭਾਗੀ ਕਾਰਵਾਈ ਕੀਤੀ ਗਈ ਹੈ।

# ਦੋ ਤਖ਼ਤਾਂ ਨੂੰ ਜੋੜਨ ਵਾਲੀ ਨੰਗਲ-ਸ੍ਰੀ ਅੰਮ੍ਰਿਤਸਰ ਰੇਲ ਗੱਡੀ ਮੁੜ ਚਾਲੂ

**ਸ੍ਰੀ ਅਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਨੂੰ ਜੋੜਨ ਵਾਲੀ ਨੰਗਲ ਡੈਮ-ਅੰਮ੍ਰਿਤਸਰ ਐਕਸਪ੍ਰੈਸ ਰੇਲ ਗੱਡੀ 30 ਜੁਲਾਈ ਤੋਂ ਮੁੜ ਪਹਿਲੀ ਸਮਾਂ ਸਾਰਣੀ ਅਨੁਸਾਰ ਚੱਲ ਪਈ। ਰੇਲਵੇ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਰੇਲ ਗੱਡੀ ਸਵੇਰੇ 7.20 ਮਿੰਟ ਉਤੇ ਨੰਗਲ ਡੈਮ ਤੋਂ ਰਵਾਨਾ ਹੋ ਕੇ 7.50 ਮਿੰਟ ਉਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗੀ ਤੇ 7.55 ਮਿੰਟ ਉਤੇ ਸ੍ਰੀ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ ਜੋ ਸ੍ਰੀ ਅੰਮ੍ਰਿਤਸਰ ਵਿਖੇ ਦੁਪਹਿਰ ਤਕਰੀਬਨ ਇਕ ਵਜੇ ਪਹੁੰਚੇਗੀ।

# ਇਨਕਲਾਬੀ ਸ਼ਹੀਦ ਊਧਮ ਸਿੰਘ

ਜਦ ਕੋਈ ਗੱਲ ਦਿਲ ਨੂੰ ਖਲਦੀ ਹੈ।
ਤਾਂ ਸੀਨੇ ਵਿਚ ਅੱਗ ਬਲਦੀ ਹੈ।

ਸ਼ਹੀਦ ਊਧਮ ਸਿੰਘ ਸਿਰਫ ਮਾਈਕਲ ਓਡਵਾਇਰ ਨੂੰ ਮਾਰ ਕੇ ਬਦਲਾ ਲੈਣ ਵਾਲਾ ਸੂਰਮਾ ਹੀ ਨਹੀਂ ਸੀ ਸਗੋਂ ਉਹ ਵਿਚਾਰਧਾਰਕ ਤੌਰ 'ਤੇ ਪਰਪੱਕ ਇਨਕਲਾਬੀ ਯੋਧਾ ਸੀ ਜੋ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਸੀ ਤੇ ਭਾਰਤ ਦੇ ਲੋਕਾਂ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣਾ ਚਾਹੁੰਦਾ ਸੀ। ਉਹ ਆਪਣੇ ਪਿਆਰੇ ਮੁਲਕ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤ ਕਰਾ ਕੇ ਇੱਕ ਆਜ਼ਾਦ, ਜਮਹੂਰੀ, ਸਮਾਜਿਕ ਬਰਾਬਰੀ ਵਾਲੇ ਅਤੇ ਇਨਸਾਫਪਸੰਦ ਦੇਸ਼ ਦੇ ਤੌਰ 'ਤੇ ਦੇਖਣਾ ਲੋਚਦਾ ਸੀ।

ਊਧਮ ਸਿੰਘ 1920 ਵਿਚ ਅਮਰੀਕਾ ਚਲਿਆ ਗਿਆ ਜਿੱਥੇ ਉਹ ਗਦਰ ਪਾਰਟੀ ਦੇ ਸੰਪਰਕ ਵਿਚ ਆਇਆ। ਉਸ ਨੇ ਗਦਰ ਪਾਰਟੀ

ਹਰਜੀਤ ਬੇਦੀ
ਫੋਨ: 647-924-9087

ਵਲੋਂ ਛਾਪਿਆ ਸਾਹਿਤ ਪੜ੍ਹਿਆ ਤੇ ਆਜ਼ਾਦੀ ਦੀ ਤੜਪ ਅਤੇ ਸਾਮਰਾਜ ਵਿਰੁਧ ਉਸ ਦਾ ਗੁੱਸਾ ਭਾਂਬੜ ਬਣ ਗਿਆ। ਗਦਰ ਪਾਰਟੀ ਜਿਹੜੀ ਕਿ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾ ਕੇ ਕੌਮੀ ਜਮਹੂਰੀਅਤ ਕਾਇਮ ਕਰਨਾ ਚਾਹੁੰਦੀ ਸੀ, ਦੇ ਕਾਰਕੁੰਨ ਦੇ ਤੌਰ 'ਤੇ ਕੰਮ ਕਰਦਾ ਰਿਹਾ।

ਜੁਲਾਈ 1927 ਦੇ ਅੰਤ ਵਿਚ ਊਧਮ ਸਿੰਘ ਭਾਰਤ ਮੁੜ ਆਇਆ। ਕਰਾਚੀ ਵਿਚ ਉਸ ਕੋਲੋਂ ਗਦਰ ਸਾਹਿਤ ਫੜ੍ਹੇ ਜਾਣ 'ਤੇ ਉਸ ਨੂੰ ਜੁਰਮਾਨਾ ਹੋਇਆ। ਉਸ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਣ ਲੱਗੀ। 30 ਅਗਸਤ 1927 ਨੂੰ ਅੰਮ੍ਰਿਤਸਰ ਵਿਚ ਊਧਮ ਸਿੰਘ ਨੂੰ ਫੜ ਲਿਆ ਗਿਆ ਤੇ ਉਸ ਤੋਂ ਅਸਲਾ ਅਤੇ ਗਦਰ ਲਹਿਰ ਸਬੰਧੀ ਸਾਹਿਤ ਬਰਾਮਦ ਹੋਇਆ। ਉਸ 'ਤੇ ਅਸਲਾ ਕਾਨੂੰਨ ਅਧੀਨ ਮੁਕੱਦਮਾ ਚਲਾ ਕੇ ਪੰਜ ਸਾਲ ਦੀ ਸਖਤ ਸਜਾ ਦਿੱਤੀ ਗਈ। ਇਸ ਕੇਸ ਦੌਰਾਨ ਉਸ ਨੇ ਬਿਆਨ ਦਿਤਾ ਕਿ ਪਿਸਤੌਲ ਉਸ ਨੇ ਗੋਰਿਆਂ ਨੂੰ ਮਾਰਨ ਲਈ ਰੱਖਿਆ ਸੀ ਜਿਹੜੇ ਸਾਡੇ 'ਤੇ ਰਾਜ ਕਰਦੇ ਹਨ ਕਿਉਂਕਿ ਉਸ ਦਾ ਉਦੇਸ਼ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਹੈ।

ਉਸ ਲਈ ਆਜ਼ਾਦੀ ਤੇ ਗੁਲਾਮੀ ਦੇ ਕੀ ਅਰਥ ਸਨ? ਇਸ ਗੱਲ ਦਾ ਪਤਾ ਉਸ ਦੇ ਵਿਚਾਰਾਂ ਤੋਂ ਲਗਦਾ ਹੈ। ਉਸ ਦੇ ਵਿਚਾਰ ਮੁਤਾਬਕ, "ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਵਿਰੁਧ ਇਨਕਲਾਬ ਲਿਆਉਣਾ ਮਨੁੱਖ ਦਾ ਧਰਮ ਹੈ। ਇਹ ਮਨੁਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਆਜ਼ਾਦੀ ਜੀਵਨ ਅਤੇ ਗੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ ਅਤੇ ਅਸੀਂ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਲਈ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਟ ਆਪਣੀ ਜਵਾਨੀ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਹੈ।"

ਉਸ ਨੇ ਇੰਗਲੈਂਡ ਜਾਣ ਤੋਂ ਪਹਿਲਾਂ ਬੰਬਈ ਵਿਖੇ ਮਜ਼ਦੂਰ ਜਥੇਬੰਦੀਆਂ ਵਿਚ ਕੰਮ ਕੀਤਾ ਤੇ ਉਥੋਂ ਅਦਨ ਹੁੰਦਾ ਹੋਇਆ ਲੰਡਨ ਦੀ ਬੰਦਰਗਾਹ ਟਿਲਬਰੀ ਜਾ ਪਹੁੰਚਿਆ। ਉਹ ਯੂਰਪ ਦੇ ਕਈ ਮੁਲਕਾਂ ਵਿਚ ਘੁੰਮਿਆ। ਉਸ ਦੀ ਮੁਲਾਕਾਤ ਬਾਬ ਕੰਨੈਲੋ ਨਾਲ ਹੋਈ ਜਿਸ ਨੇ ਉਸ ਨੂੰ ਡਬਲਿਨ ਦੀਆਂ ਉਹ ਕੰਧਾਂ ਦਿਖਾਈਆ ਜਿਨ੍ਹਾਂ ਵਿਚ ਗੋਲੀਆਂ ਦੇ ਨਿਸ਼ਾਨ ਸਨ। ਉਸ ਨੂੰ ਇਹ ਦੇਖ ਕੇ 'ਈਸਟਰ ਕਤਲੇਆਮ' ਅਤੇ 'ਜਲ੍ਹਿਆਂ ਵਾਲਾ ਬਾਗ' ਦੀਆਂ ਘਟਨਾਵਾਂ ਇੱਕੋ ਜਿਹੀਆਂ ਪ੍ਰਤੀਤ ਹੋਈਆਂ ਜਿੱਥੇ ਮਨੁੱਖਤਾ ਦਾ ਘਾਣ ਹੋਇਆ ਸੀ।

ਊਧਮ ਸਿੰਘ ਨੂੰ ਪਤਾ ਲੱਗਾ ਕਿ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਵਿਚ ਈਸਟ ਇੰਡੀਆ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਮੀਟਿੰਗ ਹੋ ਰਹੀ ਹੈ, ਜਿਸ ਵਿਚ ਮਾਈਕਲ ਓਡਵਾਇਰ ਅਤੇ ਭਾਰਤ ਵਿਚ ਰਹਿ ਚੁੱਕੇ ਹੋਰ ਅਫਸਰਾਂ ਨੇ ਆਉਣਾ ਹੈ। ਉਹ ਅਜਿਹੇ ਮੌਕੇ ਦੀ ਤਾਕ ਵਿਚ ਹੀ ਸੀ ਤੇ ਭੇਸ ਵਟਾ ਕੇ ਰਿਵਾਲਵਰ ਲਿਜਾਣ ਵਿਚ ਸਫਲ ਹੋ ਗਿਆ। ਜਿਉਂ ਹੀ ਮਾਈਕਲ ਓਡਵਾਇਰ ਮੀਟਿੰਗ ਨੂੰ ਸੰਬੋਧਨ ਕਰਨ ਲੱਗਾ, ਉਸ ਨੇ ਉਸ ਅਤੇ ਹੋਰ ਅੰਗਰੇਜ਼ ਅਫਸਰਾਂ 'ਤੇ ਗੋਲੀਆਂ ਚਲਾਈਆਂ ਜਿਸ ਨਾਲ ਓਡਵਾਇਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਲਾਰਡ ਲੈਮਿੰਗਟਨ ਦੇ ਸੱਜੇ ਹੱਥ, ਜੈਟਲੈਂਡ ਦੇ ਸਰੀਰ ਦੇ ਖੱਬੇ ਪਾਸੇ ਅਤੇ ਲੁਈਸ ਡੇਨ ਦੀ ਸੱਜੀ ਬਾਂਹ 'ਤੇ ਜਖ਼ਮ ਆਏ। ਇਹ ਸਾਰੇ ਭਾਰਤ ਦੀ ਆਜ਼ਾਦੀ ਦੇ ਕੱਟੜ ਵਿਰੋਧੀ ਅਤੇ ਜ਼ਾਲਮ



ਸ਼ਹੀਦ ਊਧਮ ਸਿੰਘ

ਅਧਿਕਾਰੀ ਸਨ। ਜਦ ਊਧਮ ਸਿੰਘ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਨੇ ਪੁਛਿਆ ਕਿ ਜੈਟਲੈਂਡ ਮਰ ਗਿਆ, ਉਸ ਨੂੰ ਵੀ ਮਰਨਾ ਚਾਹੀਦਾ ਸੀ।

ਮਾਈਕਲ ਓਡਵਾਇਰ ਦਾ ਕਤਲ ਕਰਨ ਪਿੱਛੋਂ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਬਹਾਦਰੀ ਦੀ ਨਿਸ਼ਾਨੀ ਹੈ। ਗ੍ਰਿਫਤਾਰੀ ਸਮੇਂ ਊਧਮ ਸਿੰਘ ਕਹਿ ਰਿਹਾ ਸੀ ਕਿ ਉਸ ਨੇ ਦੇਸ਼ ਪ੍ਰਤੀ ਆਪਣਾ ਫਰਜ ਨਿਭਾਇਆ ਹੈ। ਉਹ ਮੌਤ ਤੋਂ ਬਿਲਕੁਲ ਨਹੀਂ ਡਰਦਾ। ਉਸ ਦੇ ਬਿਆਨ ਮੁਤਾਬਕ "ਮੈਂ ਮੌਤ ਦੀ ਸਜਾ ਤੋਂ ਡਰਦਾ ਨਹੀਂ। ਰੱਤੀ ਭਰ ਵੀ ਨਹੀਂ। ਮੈਨੂੰ ਮਰ ਜਾਣ ਦੀ ਕੋਈ ਪਰਵਾਹ ਨਹੀਂ। ਮੈਨੂੰ ਭੋਰਾ ਵੀ ਫਿਕਰ ਨਹੀਂ ਹੈ। ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ।" ਇਸੇ ਤਰ੍ਹਾਂ ਉਹ ਬਿਆਨ ਦਿੰਦਾ ਹੈ, "ਤੁਸੀਂ ਕਹਿੰਦੇ ਹੋ ਹਿੰਦੁਸਤਾਨ ਵਿਚ ਸ਼ਾਂਤੀ ਨਹੀਂ ਹੈ। ਤੁਸੀਂ ਤਾਂ ਸਾਡੇ ਪੱਲੇ ਸਿਰਫ ਗੁਲਾਮੀ ਹੀ ਪਾਈ ਹੈ। ਤੁਹਾਡੀ ਪੁਸ਼ਤਾਂ ਦੀ ਸਭਿਅਤਾ ਨੇ ਸਾਨੂੰ ਤਾਂ ਭ੍ਰਿਸ਼ਟਾਚਾਰ ਤੇ ਗੁਰਬਤ ਹੀ ਦਿੱਤੀ ਹੈ ਜੋ ਇਨਸਾਨੀਅਤ ਵਿਚ ਕਿਧਰੇ ਹੋਰ ਨਹੀਂ ਆਈ।"

ਉਸ ਦੀ ਲੜਾਈ ਕਿਸੇ ਧਰਮ, ਫਿਰਕੇ ਜਾਂ ਦੇਸ਼ ਦੇ ਲੋਕਾਂ ਨਾਲ ਨਹੀਂ ਸੀ ਸਗੋਂ ਸਾਮਰਾਜ ਨਾਲ ਸੀ। ਇਸ ਬਾਰੇ ਉਸ ਦਾ ਬਿਆਨ ਸੀ, "ਜਿੱਥੇ ਕਿਤੇ ਵੀ ਤੁਹਾਡੀ ਅਖੌਤੀ ਜਮਹੂਰੀਅਤ ਦਾ ਝੰਡਾ ਹੈ, ਉਥੇ ਤੁਹਾਡੀਆਂ ਮਸ਼ੀਨ ਗੰਨਾਂ ਹਜ਼ਾਰਾਂ ਨਿਹੱਥੇ ਔਰਤਾਂ ਤੇ ਬੱਚਿਆਂ ਦੇ ਸੱਥਰ ਵਿਛਾਉਂਦੀਆਂ ਹਨ। ਇਹ ਨੇ ਤੁਹਾਡੇ ਕੁਕਰਮ। ਮੈਂ ਅੰਗਰੇਜ਼ ਸਾਮਰਾਜ ਦੀ ਗੱਲ ਕਰ ਰਿਹਾਂ ਹਾਂ। ਮੇਰੀ ਅੰਗਰੇਜ਼ ਲੋਕਾਈ ਨਾਲ ਕੋਈ ਦੁਸ਼ਮਣੀ ਨਹੀਂ ਹੈ। ਸਗੋਂ ਹਿੰਦੀਆਂ ਨਾਲੋਂ ਗੋਰੇ ਮੇਰੇ ਵਧੇਰੇ ਦੋਸਤ ਹਨ ਅਤੇ ਗੋਰੇ ਮਜਦੂਰਾਂ ਨਾਲ ਮੇਰੀ ਵਧੇਰੇ ਹਮਦਰਦੀ ਹੈ। ਮੈਂ ਤਾਂ ਸਿਰਫ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਹਾਂ।"

ਫਾਂਸੀ ਦੀ ਸਜ਼ਾ ਸੁਣਾਏ ਜਾਣ ਮਗਰੋਂ ਊਧਮ ਸਿੰਘ ਦੇ ਦੋਸਤਾਂ-ਮਿੱਤਰਾਂ, ਕਿਰਤੀ ਹਿੰਦੁਸਤਾਨੀਆਂ, ਬਾਬ ਕੰਨੈਲੋ ਤੇ ਉਸ ਦੇ ਨਾਲ ਦੇ ਆਇਰਿਸ਼ ਮਜਦੂਰਾਂ ਨੇ ਉਸ ਨੂੰ ਦੱਸੇ ਬਿਨਾਂ ਹੀ ਪੌਂਡ ਇਕੱਠੇ ਕਰਕੇ ਕ੍ਰਿਸ਼ਨਾ ਮੈਨਨ ਰਾਹੀਂ ਜੋਹਨ ਹਚਨਸਨ ਵਕੀਲ ਕੀਤਾ। ਪਤਾ ਲੱਗਣ 'ਤੇ ਊਧਮ ਸਿੰਘ ਨੇ ਆਪਣੇ ਮਿੱਤਰ ਜੌਹਲ ਨੂੰ ਅਪੀਲ ਨਾ ਕਰਨ ਲਈ ਲਿਖਿਆ, "ਮੈਂ ਨਹੀਂ ਜਾਣਦਾ ਉਹ ਲੋਕ ਕੌਣ ਹਨ ਜੋ ਪੌਂਡ ਇਕੱਠੇ ਕਰਕੇ ਅਪੀਲ ਕਰ ਰਹੇ ਹਨ। ਜੋ ਪੌਂਡ ਇਕੱਠੇ ਕੀਤੇ ਨੇ ਉਹ ਲੋਕਾਂ ਨੂੰ ਵਿੱਦਿਆ ਦੇਣ ਤੇ ਖਰਚੋ।" ਇਸ ਤਰ੍ਹਾਂ ਉਹ ਆਪਣੇ ਨਾਲੋਂ ਆਪਣੇ ਦੇਸ਼ ਅਤੇ ਉਸ ਤੋਂ ਵੀ ਵੱਧ ਆਪਣੇ ਲੋਕਾਂ ਨੂੰ ਪਿਆਰ ਕਰਦਾ ਸੀ ਤੇ ਚਾਹੁੰਦਾ ਸੀ ਕਿ ਉਨ੍ਹਾਂ ਵਿਚ ਚੇਤਨਾ ਆਵੇ।

ਜੱਜ ਵਲੋਂ ਓਡਵਾਇਰ ਦੇ ਕਤਲ ਦਾ ਕਾਰਨ ਪੁਛੇ ਜਾਣ 'ਤੇ ਉਸ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਤੇ ਇਸ ਸਜ਼ਾ ਦਾ ਹੱਕਦਾਰ ਸੀ। ਜੱਜ ਨੇ ਇਸ ਪਿੱਛੋਂ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ 1940 ਨੂੰ ਊਧਮ ਸਿੰਘ ਫਾਂਸੀ ਦਾ ਰੱਸਾ ਚੁੰਮ ਕੇ ਮਦਨ ਲਾਲ ਢੀਂਗੜਾ, ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਦੀ ਕਤਾਰ ਵਿਚ ਜਾ ਖੜ੍ਹਾ ਹੋਇਆ।

ਬਹੁਤ ਸਾਰੇ ਭਾਰਤੀ ਲੋਕਾਂ ਨੇ ਊਧਮ ਸਿੰਘ ਦੀ ਇਸ ਲਈ ਸ਼ਲਾਘਾ ਕੀਤੀ ਤੇ ਕਿਹਾ ਕਿ ਭਾਰਤ ਨੂੰ ਅੰਗਰੇਜ਼ੀ ਹਕੂਮਤ ਦੇ ਸਾਮਰਾਜ ਤੋਂ ਆਜ਼ਾਦ ਕਰਾਉਣ ਲਈ ਇਹ ਇੱਕ ਅਹਿਮ ਕਦਮ ਸੀ।

ਦੂਜੇ ਪਾਸੇ ਗਾਂਧੀ ਨੇ ਇਸ ਦੀ ਨਿੰਦਿਆ ਕਰਦਿਆਂ ਕਿਹਾ, "ਇਸ ਹਿੰਸਾਤਮਕ ਕਾਰਵਾਈ ਨੇ ਮੈਨੂੰ ਬੇਹਦ ਦੁੱਖ ਪਹੁੰਚਾਇਆ ਹੈ ਅਤੇ ਮੈਂ ਇਸ ਨੂੰ ਇੱਕ ਮੂਰਖਤਾ ਭਰਿਆ ਕਦਮ ਸਮਝਦਾ ਹਾਂ।" ਟਾਈਮਜ਼ ਆਫ ਲੰਡਨ ਨੇ ਊਧਮ ਸਿੰਘ ਨੂੰ ਆਜ਼ਾਦੀ ਘੁਲਾਟੀਆ ਦਸਦੇ ਹੋਏ ਕਿਹਾ ਕਿ ਇਹ ਹਿੰਦੁਸਤਾਨ ਦੇ ਦੱਬੇ ਕੁਚਲੇ ਲੋਕਾਂ ਦੇ ਭਿਅੰਕਰ ਗੁੱਸੇ ਦਾ ਪ੍ਰਗਟਾਵਾ ਹੈ।

ਨਹਿਰੂ ਨੇ ਨੈਸ਼ਨਲ ਹੈਰਾਲਡ ਵਿਚ ਲਿਖਿਆ ਕਿ ਇਹ ਹੱਤਿਆ ਅਫਸੋਸ ਪ੍ਰਗਟ ਕਰਨ ਯੋਗ ਹੈ ਤੇ ਇਹ ਭਾਰਤੀ ਸਿਆਸਤ ਉਤੇ ਮੋੜਵੇਂ ਰੂਪ ਵਿਚ ਅਸਰ ਪਾਵੇਗੀ। ਉਸੇ ਨਹਿਰੂ ਨੇ ਆਜ਼ਾਦੀ ਤੋਂ ਬਾਅਦ ਆਪਣੇ ਲਿਖਤੀ ਬਿਆਨ ਵਿਚ ਉਸ ਦੀ ਪ੍ਰਸੰਸਾ ਕਰਦਿਆਂ ਕਿਹਾ ਸੀ, "ਮੈਂ ਊਧਮ ਸਿੰਘ ਨੂੰ ਆਦਰ ਪੂਰਬਕ ਪ੍ਰਣਾਮ ਕਰਦਾ ਹਾਂ ਜਿਸ ਨੇ ਸਾਡੀ ਆਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਿਆ।"

ਅੱਜ ਜਦੋਂ ਅਸੀਂ ਸੰਸਾਰ ਪੱਧਰ 'ਤੇ ਨਜ਼ਰ ਮਾਰਦੇ ਹਾਂ ਤਾਂ ਹਰ ਪਾਸੇ ਮਨੁੱਖਤਾ ਦਾ ਘਾਣ ਹੋ ਰਿਹਾ ਨਜ਼ਰ ਆਉਂਦਾ ਹੈ। ਡਾਇਰ ਤੇ ਓਡਵਾਇਰ ਦੇ ਵਾਰਿਸ ਥਾਂ ਥਾਂ ਕਤਲੇਆਮ ਕਰ ਰਹੇ ਹਨ ਤੇ ਉਨ੍ਹਾਂ ਦੀ ਚਾਪਲੂਸੀ ਕਰਨ ਵਾਲੇ ਅਰੂੜ ਸਿੰਘ ਦੇ ਵਾਰਸਾਂ ਦੀ ਵੀ ਕੋਈ ਕਮੀ ਨਹੀਂ। ਪਰ ਊਧਮ ਸਿੰਘ ਦੇ ਵਾਰਸ ਵੀ ਜਿਉਂਦੇ ਹਨ ਜੋ ਮਨੁੱਖੀ ਹੱਕਾਂ, ਆਜ਼ਾਦੀ ਅਤੇ ਇਨਸਾਨੀਅਤ ਦੀ ਰਾਖੀ ਲਈ ਘੋਲ ਕਰ ਰਹੇ ਹਨ ਤੇ ਆਪਣੀਆਂ ਜਾਨਾਂ ਵਾਰ ਰਹੇ ਹਨ। ਪਰ ਆਖਰ ਨੂੰ ਜਿੱਤ ਤਾਂ ਸੱਚ ਦੀ ਹੀ ਹੋਣੀ ਹੈ, ਮਨੁੱਖਤਾ ਦੀ ਹੀ ਹੋਣੀ ਹੈ।

# ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੀ ਪ੍ਰਦਰਸ਼ਨੀ ਤੋਂ ਵਿਵਾਦ

**ਅੰਮ੍ਰਿਤਸਰ:** ਬ੍ਰਿਟਿਸ਼ ਕਾਲ ਦੌਰਾਨ ਪੰਜਾਬ ਦੇ ਗਵਰਨਰ ਜਰਨਲ ਰਹੇ ਮਾਈਕਲ ਓਡਵਾਇਰ ਨੂੰ ਲੰਡਨ ਵਿਚ ਗੋਲੀ ਮਾਰ ਕੇ ਜਲਿਆਂਵਾਲੇ ਬਾਗ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦਹਾਕਿਆਂ ਤੋਂ ਇਕ ਕਲਸ਼ ਵਿਚ ਬਾਗ ਦੇ ਪ੍ਰਦਰਸ਼ਨੀ ਹਾਲ ਵਿਚ ਰੱਖੀਆਂ ਗਈਆਂ ਹਨ। ਦੇਸ਼ ਵਿਚ ਪਹਿਲਾ ਮਾਮਲਾ ਹੈ ਜਿਸ ਵਿਚ ਕਿਸੇ ਦੀ ਸ਼ਹਾਦਤ ਨੂੰ ਇਸ ਤਰ੍ਹਾਂ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ।

ਇਸ ਕਾਂਡ ਵਿਚ ਮਾਰੇ ਗਏ ਸੁੰਦਰ ਸਿੰਘ ਦੇ ਵੰਸ਼ਜ ਸੱਤਪਾਲ ਦਾਨਿਸ਼ ਅਤੇ ਸੁਰਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਉਸ ਮਹਾਨ ਸ਼ਹੀਦ ਦਾ ਅਪਮਾਨ ਹੈ। ਜੀ.ਐਨ.ਡੀ.ਯੂ. ਦੇ ਇਤਿਹਾਸਕਾਰ ਡਾ. ਹਰੀਸ਼ ਚੰਦ ਸ਼ਰਮਾ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਪਹਿਲੀ ਵਾਰ ਹੈ। ਆਮ ਤੌਰ 'ਤੇ ਸਸਕਾਰ ਤੋਂ ਬਾਅਦ ਅਸਥੀਆਂ ਨੂੰ ਜਲ ਪ੍ਰਵਾਹ ਕੀਤਾ ਜਾਂਦਾ ਹੈ। ਜਲਿਆਂਵਾਲਾ ਬਾਗ ਟਰੱਸਟ ਦੇ ਸਕੱਤਰ ਐਸ.ਕੇ. ਮੁਖਰਜੀ ਦਾ ਕਹਿਣਾ ਹੈ ਕਿ ਜਦੋਂ



ਅਸਥੀਆਂ ਲੰਡਨ ਤੋਂ ਇਥੇ ਲਿਆਂਦੀਆਂ ਗਈਆਂ ਸਨ ਤਾਂ ਲਾਲ ਕੱਪੜੇ ਵਿਚ ਲਪੇਟਿਆ ਕਲਸ਼ ਉਨ੍ਹਾਂ ਨੂੰ ਇਥੇ ਰੱਖਣ ਲਈ ਦਿੱਤਾ ਗਿਆ ਸੀ। ਇਸ ਵਿਚ ਅਸਥੀਆਂ ਦੀ ਰਾਖ ਹੈ ਜਾਂ ਨਹੀਂ, ਇਹ ਉਨ੍ਹਾਂ ਨੂੰ ਨਹੀਂ ਪਤਾ।

ਦੂਜੇ ਪਾਸੇ ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਦੇ ਪ੍ਰਧਾਨ ਦੀਪ ਸਿੰਘ ਦਾ ਕਹਿਣਾ ਹੈ ਕਿ ਬਾਗ ਵਿਚ ਅਜਿਹਾ ਕੋਈ ਕਲਸ਼ ਹੈ, ਇਸ ਬਾਰੇ ਉਨ੍ਹਾਂ ਨੂੰ ਕੋਈ ਪਤਾ ਨਹੀਂ। ਕਲਸ਼ ਵਿਚ ਕੀ ਹੈ, ਇਹ ਵੀ ਪਤਾ ਨਹੀਂ। 19 ਜੁਲਾਈ 1974 ਨੂੰ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਂਦੀਆਂ ਗਈਆਂ ਸਨ।

## ਓਡਵਾਇਰ ਨੂੰ ਮਾਰਨ ਤੋਂ ਪਹਿਲਾਂ ਕਈ ਨਾਂਵਾਂ ਨਾਲ ਵਿਚਰਦਾ ਰਿਹਾ ਊਧਮ ਸਿੰਘ

**ਸੁਨਾਮ:** ਇੰਗਲੈਂਡ ਦੇ ਲੰਡਨ ਸ਼ਹਿਰ ਵਿਚ ਕੈਕਸਟਨ ਹਾਲ ਵਿਚ ਅੰਗਰੇਜ਼ ਅਫ਼ਸਰ ਮਾਈਕਲ ਓਡਵਾਇਰ ਨੂੰ ਗੋਲੀਆਂ ਨਾਲ ਉਡਾਉਣ ਵਾਲੇ ਊਧਮ ਸਿੰਘ ਨੂੰ ਇੰਗਲੈਂਡ ਵਿਚ ਕਈ ਨਾਂਵਾਂ ਨਾਲ ਵਿਚਰਣਾ ਪਿਆ ਸੀ। ਪੁਰਾਣੇ ਦਸਤਾਵੇਜ਼ਾਂ ਦੇ ਅਧਾਰ ਉਤੇ ਇਹ ਖੁਲਾਸਾ ਰਾਜੇਸ਼ ਕੁਮਾਰ ਨਾਮੀ ਲੇਖਕ ਨੇ ਆਪਣੀ ਹੁਣੇ ਛਪੀ ਇਕ ਪੁਸਤਕ 'ਬਦਲੇ ਤੋਂ ਪਾਰ ਸਮਾਜਿਕ ਬਦਲਾਅ ਨੂੰ ਪ੍ਰਨਾਇਆ ਸੀ ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ' ਵਿਚ ਕੀਤਾ ਹੈ। ਬੇਸ਼ੱਕ ਇਸ ਸ਼ਹੀਦ ਨੂੰ ਊਧਮ ਸਿੰਘ ਜਾਂ ਰਾਮ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਪਰ ਇਨ੍ਹਾਂ ਦੋਵਾਂ ਨਾਵਾਂ ਤੋਂ ਬਿਨਾਂ ਉਸ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਆਪਣੇ ਹੋਰ ਕਈ ਨਾਂ ਸਮੇਂ-ਸਮੇਂ ਉਤੇ ਬਦਲ ਕੇ ਰੱਖੇ ਸਨ। ਰਾਕੇਸ਼ ਕੁਮਾਰ ਪ੍ਰਮਾਣਿਕ ਇਤਿਹਾਸਕ ਤੱਥਾਂ ਦੇ ਅਧਾਰ ਉਤੇ ਆਪਣੀ ਪੁਸਤਕ ਵਿਚ ਦਾਅਵਾ ਕਰਦੇ ਹਨ ਕਿ ਊਧਮ ਸਿੰਘ ਨੇ ਆਪਣਾ ਨਾਂ ਮੁਹੰਮਦ ਸਿੰਘ ਆਜ਼ਾਦ ਹੀ ਰੱਖਿਆ ਸੀ ਨਾ ਕਿ ਰਾਮ ਮੁਹੰਮਦ ਸਿੰਘ ਆਜ਼ਾਦ। 20 ਮਾਰਚ 1933 ਨੂੰ ਜਦੋਂ ਲਾਹੌਰ ਤੋਂ ਉਸ ਨੇ ਪਾਸਪੋਰਟ ਬਣਵਾਇਆ ਸੀ ਤਾਂ ਉਸ ਨੇ ਆਪਣਾ ਨਾਂ ਊਧਮ ਸਿੰਘ ਲਿਖਵਾਇਆ ਸੀ। ਇਹੀ ਉਸ ਦਾ ਸਭ ਤੋਂ ਵੱਧ ਪ੍ਰਚੱਲਿਤ ਨਾਂ ਹੈ ਜਦੋਂ ਕਿ ਦਸਤਾਵੇਜ਼ਾਂ ਦੇ ਹਵਾਲੇ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਸ ਨੂੰ ਆਪਣਾ ਨਾਂ ਜੋ ਸਭ ਤੋਂ ਵੱਧ ਪਿਆਰਾ ਸੀ ਉਹ ਮੁਹੰਮਦ ਸਿੰਘ ਆਜ਼ਾਦ ਹੀ ਸੀ। 13 ਮਾਰਚ 1940 ਨੂੰ ਕੈਕਸਟਨ ਹਾਲ ਵਿਚ ਜਦੋਂ ਉਸ ਨੇ ਆਪ ਨੂੰ ਪੁਲਿਸ ਹਵਾਲੇ ਕਰਨ ਮੌਕੇ ਵੀ ਊਧਮ ਸਿੰਘ ਨੇ ਆਪਣਾ ਨਾਂ ਮੁਹੰਮਦ ਸਿੰਘ ਆਜ਼ਾਦ ਹੀ ਦੱਸਿਆ ਸੀ। ਉਸ ਤੋਂ ਬਾਅਦ ਜੋ ਵੀ ਕਾਰਵਾਈ ਚੱਲੀ ਉਹ ਮੁਹੰਮਦ ਸਿੰਘ ਆਜ਼ਾਦ ਦੇ ਨਾਂ ਉਤੇ ਹੀ ਚੱਲੀ।

# ਆਈ.ਐਸ.ਆਈ. ਨੇ ਬੇਨਜ਼ੀਰ ਭੁੱਟੋ ਨੂੰ ਕੀਤਾ ਸੀ ਚੌਕਸ

**ਇਸਲਾਮਾਬਾਦ:** ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਉਤੇ 2007 ਵਿਚ ਹੋਏ ਅਤਿਵਾਦੀ ਹਮਲੇ ਤੋਂ ਪਹਿਲਾਂ ਆਈ.ਐਸ.ਆਈ. ਦੇ ਮੁਖੀ ਨੇ ਉਨ੍ਹਾਂ ਨੂੰ ਇਸ ਬਾਰੇ ਚੌਕਸ ਕੀਤਾ ਸੀ। 'ਡਾਨ' ਅਖਬਾਰ ਅਨੁਸਾਰ ਉਸ ਵੇਲੇ ਬੇਨਜ਼ੀਰ ਦੇ ਸੁਰੱਖਿਆ ਅਧਿਕਾਰੀ ਰਹੇ ਪੁਲਿਸ ਅਫਸਰ ਇਮਤਿਆਜ਼ ਹੁਸੈਨ ਨੇ ਅਤਿਵਾਦ ਵਿਰੋਧੀ ਅਦਾਲਤ ਨੂੰ ਦੱਸਿਆ ਕਿ ਆਈ.ਐਸ.ਆਈ. ਦੇ ਮਹਾ-ਨਿਰਦੇਸ਼ਕ ਜਨਰਲ ਨਦੀਮ ਤਾਜ ਤੇ ਉੱਪ-ਪ੍ਰਮੁੱਖ ਜਨਰਲ ਅਹਿਸਨ ਨੇ 26-27 ਦਸੰਬਰ ਦੀ ਰਾਤ ਨੂੰ ਬੇਨਜ਼ੀਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਚਰਚਾ ਕੀਤੀ ਸੀ ਤੇ ਭੁੱਟੋ ਨੂੰ ਆਈ.ਐਸ.ਆਈ. ਮੁਖੀ ਨੇ ਜਾਨ ਦੇ ਖਤਰੇ ਤੋਂ ਸਾਵਧਾਨ ਕੀਤਾ ਸੀ। ਰਾਵਲਪਿੰਡੀ ਵਿਚ ਅਦਾਲਤ ਸਾਹਮਣੇ ਆਪਣਾ ਬਿਆਨ ਦਰਜ ਕਰਾਉਂਦੇ ਹੋਏ ਹੁਸੈਨ ਨੇ ਕਿਹਾ ਕਿ ਲੈਫ. ਜਨਰਲ ਅਹਿਸਨ ਨੇ ਬੇਨਜ਼ੀਰ ਨੂੰ ਇਸ ਗੱਲ ਉਤੇ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਰਾਵਲਪਿੰਡੀ ਵਿਚ ਲਿਆਕਤ ਬਾਗ ਵਿਚ ਰੈਲੀ ਨਾ ਕਰਨ।



## ਬੋਇੰਗ ਜਹਾਜ਼ ਬਾਰੇ ਭੇਤ ਖੁੱਲ੍ਹਣ ਦੇ ਆਸਾਰ

**ਕੁਆਲਾਲੰਪੁਰ:** ਮਲੇਸ਼ੀਆ ਨੇ ਕਿਹਾ ਹੈ ਕਿ ਹਿੰਦ ਮਹਾਸਾਗਰ ਵਿਚੋਂ ਲਾਪਤਾ ਹਵਾਈ ਜਹਾਜ਼ ਬੋਇੰਗ 777 ਦੇ ਕੁਝ ਟੁਕੜੇ ਮਿਲਣ ਬਾਅਦ ਇਸ ਜਹਾਜ਼ ਬਾਰੇ ਭੇਤ ਖੁੱਲ੍ਹਣ ਦੀ ਆਸ ਜਾਗੀ ਹੈ।

ਜਹਾਜ਼ ਐਮ.ਐਚ. 370 ਇਕ ਸਾਲ ਤੋਂ ਵੱਧ ਸਮੇਂ ਤੋਂ ਲਾਪਤਾ ਹੈ ਤੇ ਇਸ ਵਿਚ ਸਵਾਰ 239 ਯਾਤਰੀਆਂ ਦਾ ਹਾਲੇ ਤੱਕ ਕਿਸੇ ਨੂੰ ਪਤਾ ਨਹੀਂ ਲੱਗਿਆ। ਅਫ਼ਰੀਕਾ ਦੇ ਪੂਰਬੀ ਤੱਟ ਉਪਰ ਰਿਯੂਨੀਅਨ ਟਾਪੂ ਉਤੇ ਦੋ ਮੀਟਰ ਲੰਬਾ ਖੰਭ ਵਰਗਾ ਮਲਬਾ ਮਿਲਿਆ ਹੈ। ਫਰਾਂਸ ਦੀ ਜਾਂਚ ਏਜੰਸੀ ਜਹਾਜ਼ ਦੇ ਟੁਕੜੇ ਦੀ ਪੜਤਾਲ ਕਰ ਰਹੀ ਹੈ।

# ਪਾਕਿਸਤਾਨ ਤੋਂ ਬਿਨਾਂ ਪਾਸਪੋਰਟ ਆਈ ਔਰਤ ਗ੍ਰਿਫਤਾਰ

**ਅੰਮ੍ਰਿਤਸਰ:** ਸਮਝੌਤਾ ਐਕਸਪ੍ਰੈਸ ਰੇਲ ਗੱਡੀ ਰਾਹੀਂ ਪਾਕਿਸਤਾਨ ਤੋਂ ਬਿਨਾਂ ਪਾਸਪੋਰਟ ਤੇ ਵੀਜ਼ਾ ਭਾਰਤ ਪੁੱਜੀ ਚਾਂਦ ਖਾਨ ਉਰਫ ਫੌਜੀਆ ਨੂੰ ਜਲੰਧਰ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਨੇ ਇਸ ਔਰਤ ਨੂੰ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਇਸ ਔਰਤ ਕੋਲੋਂ ਇਹ ਪਤਾ ਲਾਉਣਾ ਹੈ ਕਿ ਇਹ ਬਿਨਾਂ ਦਸਤਾਵੇਜ਼ਾਂ ਦੇ ਭਾਰਤ ਵਿਚ ਦਾਖਲ ਕਿਵੇਂ ਹੋਈ।

ਰੇਲਵੇ ਪੁਲਿਸ ਵੱਲੋਂ ਅਟਾਰੀ ਰੇਲਵੇ ਸਟੇਸ਼ਨ ਉਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਨੂੰ ਮੁੜ ਘੋਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਚਾਂਦ ਖਾਨ ਪਤਨੀ ਸਲਮਾਨ ਖਾਨ ਵਾਸੀ ਕਰਾਚੀ ਨੂੰ ਬੀਤੇ ਦਿਨੀਂ ਜੀ.ਆਰ.ਪੀ. ਵੱਲੋਂ ਜਲੰਧਰ ਰੇਲਵੇ ਸਟੇਸ਼ਨ ਤੋਂ ਉਸ ਵੇਲੇ ਕਾਬੂ ਕੀਤਾ ਗਿਆ ਸੀ ਜਦੋਂ ਉਸ ਕੋਲੋਂ ਟਿਕਟ ਦਿਖਾਉਣ ਦੀ ਮੰਗ ਕੀਤੀ ਗਈ। ਸਮਝੌਤਾ ਐਕਸਪ੍ਰੈਸ ਰੇਲ ਗੱਡੀ ਵਿਚ ਸਵਾਰ ਇਹ ਔਰਤ ਰੇਲਵੇ ਕਰਮਚਾਰੀਆਂ ਨੂੰ ਟਿਕਟ ਤੇ ਪਾਸਪੋਰਟ ਦੋਵੇਂ ਹੀ ਦਿਖਾਉਣ ਵਿਚ ਨਾਕਾਮ ਰਹੀ ਸੀ, ਜਿਸ ਤੋਂ ਬਾਅਦ ਇਸ ਨੂੰ ਜੀ.ਆਰ.ਪੀ. ਦੇ ਹਵਾਲੇ ਕਰ ਦਿੱਤਾ ਗਿਆ। ਇਸ ਔਰਤ ਖਿਲਾਫ਼ ਗੈਰਕਾਨੂੰਨੀ ਢੰਗ ਨਾਲ ਭਾਰਤ ਵਿਚ ਦਾਖਲ ਹੋਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਂਜ ਚਾਂਦ ਖਾਨ ਨੇ ਦਾਅਵਾ ਕੀਤਾ ਸੀ ਕਿ ਉਹ ਆਪਣੇ ਰਿਸ਼ਤੇਦਾਰ ਰਸ਼ੀਦ ਖਾਨ ਨਾਲ ਆਈ ਹੈ, ਜਿਸ ਕੋਲ ਉਸ ਦਾ ਪਾਸਪੋਰਟ, ਵੀਜ਼ਾ ਤੇ ਟਿਕਟ ਵੀ ਹੈ, ਪਰ ਉਸ ਦਾ ਇਹ ਰਿਸ਼ਤੇਦਾਰ ਅਟਾਰੀ ਰੇਲਵੇ ਸਟੇਸ਼ਨ ਉਤੇ ਪਾਣੀ ਲੈਣ ਗਿਆ ਵਾਪਸ ਨਹੀਂ ਆਇਆ।

# ਪੰਜਾਬ ਦੀ ਸਿਆਸਤ ਅਤੇ ਲੀਹੋਂ ਲੱਥੀ ਮਾਨਸਿਕਤਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬੀ ਬੋਲੀ ਦੇ ਜਿਹੜੇ ਸ਼ਬਦ ਹੁਣ ਬੋਲ-ਚਾਲ ਵਿਚੋਂ ਗੁੰਮ ਹੁੰਦੇ ਜਾਂਦੇ ਹਨ, ਇਨ੍ਹਾਂ ਵਿਚ ਹੀ ਇੱਕ ਸ਼ਬਦ ਗੋਤ-ਕੁਨਾਲਾ ਗਿਣਿਆ ਜਾ ਸਕਦਾ ਹੈ। ਪੁਰਾਣੇ ਜ਼ਮਾਨੇ ਵਿਚ ਪੰਜਾਬ ਵਿਚ ਵੀ ਹਰਿਆਣੇ ਵਾਂਗ ਆਪਣੀ ਗੋਤ ਵਿਚ ਵਿਆਹ ਕਰਨਾ ਗਲਤ ਮੰਨਿਆ ਜਾਂਦਾ ਸੀ। ਹੁਣ ਕੋਈ ਬਹੁਤੀ ਚਿੰਤਾ ਨਹੀਂ ਕਰਦਾ। ਬਾਦਲ ਪਰਿਵਾਰ ਵਾਲੇ ਵੀ ਢਿੱਲੋਂ ਹਨ ਅਤੇ ਉਨ੍ਹਾਂ ਦੇ ਕੈਰੋਂ ਵਾਲੇ ਕੁੜਮਾਂ ਦਾ ਗੋਤ ਵੀ ਢਿੱਲੋਂ ਹੈ। ਉਦੋਂ ਨਵੀਂ ਆਈ ਨੂੰਹ ਦਾ ਆਪਣੇ ਪਿਛਲੇ ਗੋਤ ਤੋਂ ਨਾਤਾ ਤੋੜਨ ਤੇ ਨਵੇਂ ਗੋਤ ਨਾਲ ਤੰਦ ਜੋੜਨ ਲਈ ਉਸ ਦੇ ਸਾਹਮਣੇ ਇੱਕ ਕੁਨਾਲੀ ਵਿਚ ਭਾਂਤ-ਸੁਭਾਂਤੇ ਖਾਣੇ ਪਰੋਸ ਕੇ ਖਾਣ ਨੂੰ ਕਿਹਾ ਜਾਂਦਾ ਸੀ। ਕੁਨਾਲੀ ਇੱਕ ਮਿੱਟੀ ਦੀ ਪਰਾਤ ਹੁੰਦੀ ਸੀ। ਨੂੰਹ ਵਿਚਾਰੀ ਨਵੇਂ ਪਰਿਵਾਰ ਦੀ ਰਵਾਇਤ ਤੋਂ ਜਾਣੂੰ ਨਾ ਹੋਣ ਕਾਰਨ, ਅਤੇ ਕੋਲ ਖੜੀਆਂ ਮੁੰਡੇ ਦੀਆਂ ਮਾਮੀਆਂ-ਮਾਸੀਆਂ ਦੇ ਪਰਿਵਾਰਾਂ ਦੀਆਂ ਵੱਖੋ-ਵੱਖਰੀਆਂ ਰਵਾਇਤਾਂ ਕਾਰਨ, ਇਸ ਗੱਲੋਂ ਉਲਝ ਜਾਂਦੀ ਸੀ ਕਿ ਪਹਿਲਾਂ ਕਿਹੜੀ ਚੀਜ਼ ਖਾਣੀ ਹੈ? ਇਹ ਵਖਰੇਵੇਂ ਅੱਜ ਤੱਕ ਕਈ ਥਾਂਈਂ ਮੌਜੂਦ ਹਨ। ਮਾਝੇ ਵਿਚ ਪੀਲੇ ਚੌਲ, ਜਿਨ੍ਹਾਂ ਦੇ ਜਰਦ ਰੰਗ ਕਾਰਨ 'ਜਰਦਾ' ਕਿਹਾ ਜਾਂਦਾ ਹੈ, ਦਹੀਂ ਨਾਲ ਖਾਧੇ ਜਾਂਦੇ ਹਨ ਤੇ ਦੋਆਬੇ ਵਿਚ ਜਰਦੇ ਨਾਲ ਦਹੀਂ ਖਾਣ ਵਾਲਾ ਬੰਦਾ ਓਪਰਾ ਜਿਹਾ ਜਾਪਦਾ ਹੈ।

ਪਿਛਲੇ ਦਿਨੀਂ ਜਦੋਂ ਅਸੀਂ ਸਿੱਖ ਮਾਨਸਿਕਤਾ ਦੀਆਂ ਉਲਝਣਾਂ ਨੂੰ ਸਮਝਣ ਦਾ ਇੱਕ ਹੋਰ ਯਤਨ ਛੋਹਿਆ ਤਾਂ ਇੱਕ ਵਾਰ ਫਿਰ ਇਹੋ ਪੱਲੇ ਪਿਆ ਕਿ ਸਿੱਖ ਲੀਡਰਸ਼ਿਪ ਨੇ ਸਿੱਖਾਂ ਨੂੰ ਸੋਚ ਦੇ ਗੋਤ-ਕੁਨਾਲੇ ਵਿਚ ਫਸਾ ਰੱਖਿਆ ਹੈ। ਉਨ੍ਹਾਂ ਦੀ ਆਖੀ ਇੱਕ ਗੱਲ ਉਨ੍ਹਾਂ ਵੱਲੋਂ ਆਖੀ ਜਾ ਰਹੀ ਦੂਸਰੀ ਗੱਲ ਨਾਲ ਮੇਲ ਨਹੀਂ ਖਾਂਦੀ। ਇਹੋ ਜਿਹੀ ਸੁਰ-ਸੇਧ ਦੀ ਉਲਝਣ ਸਾਧਾਰਨ ਸਿੱਖਾਂ ਤੱਕ ਸੀਮਤ ਨਹੀਂ, ਸਿੱਖ ਲੀਡਰਸ਼ਿਪ ਵੀ ਅੱਕੀਂ-ਪਲਾਹੀਂ ਹੱਥ ਮਾਰਦੀ ਲੱਭਦੀ ਹੈ। ਤਖਤਾਂ ਦੇ ਜਥੇਦਾਰਾਂ ਤੋਂ ਲੋਕ ਕੋਈ ਸੇਧ ਲੈਣ ਦੀ ਆਸ ਰੱਖਦੇ ਹਨ, ਪਰ ਉਹ ਆਪੋ ਵਿਚ ਇੱਕ ਦੂਸਰੇ ਤੋਂ ਵੱਖਰੀ ਸੋਚ ਦੀ ਪੰਡ ਸਿਰਾਂ ਉਤੇ ਚੁੱਕੀ ਫਿਰਦੇ ਹਨ। ਜਿਸ ਸੱਜਣ ਦੀ ਚੰਡੀਗੜ੍ਹ ਤੱਕ ਪਹੁੰਚ ਹੋ ਜਾਵੇ, ਜਥੇਦਾਰ ਬਣ ਜਾਂਦਾ ਹੈ। ਇੱਕ ਸਮਾਂ ਸੀ ਕਿ ਜਥੇਦਾਰ ਕਦੀ ਕਿਸੇ ਲੀਡਰ ਨੂੰ ਮਿਲਣ ਨਹੀਂ ਸਨ ਜਾਂਦੇ ਅਤੇ ਇੱਕ ਅੱਜ ਦਾ ਦੌਰ ਹੈ, ਜਦੋਂ ਤਖਤਾਂ ਦੇ ਜਥੇਦਾਰ ਆਪਣੇ ਤੋਂ ਛੋਟੀ ਉਮਰ ਦੇ ਅਕਾਲੀ ਆਗੂ ਅੱਗੇ ਇਸ ਲਈ ਹੱਥ ਜਾ ਜੋੜਦੇ ਹਨ ਕਿ ਮੇਰੇ ਮੁੰਡੇ ਨੂੰ ਛੋਟੀ-ਮੋਟੀ ਬਲਾਕ ਪੱਧਰ ਦੀ ਚੇਅਰਮੈਨੀ ਹੀ ਦੇ ਛੱਡੋ। ਇੱਕ ਵਾਰ ਝੁਕ ਗਏ ਤਾਂ ਝੁਕ ਗਏ। ਫਿਰ ਉਹ ਸਿੱਖੀ ਬਾਰੇ ਨਹੀਂ, ਮਿੰਨਤ ਮੰਨ ਕੇ ਖੁਸ਼ੀ ਬਖਸ਼ਣ ਵਾਲੀ ਅਕਾਲੀ ਲੀਡਰਸ਼ਿਪ ਦੇ ਹਿੱਤਾਂ ਬਾਰੇ ਸੋਚਦੇ ਰਹਿੰਦੇ ਹਨ।

ਅਕਾਲੀ ਦਲ ਦੀ ਲੀਡਰਸ਼ਿਪ ਆਪ ਕਿਸੇ ਗੱਲ ਬਾਰੇ ਸਪੱਸ਼ਟ ਨਹੀਂ। ਪੁੱਤਰ ਕਹਿੰਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਇੱਕੀਵੀਂ ਸਦੀ ਵਿਚ ਬੈਠੀ ਬਾਕੀ ਦੁਨੀਆਂ ਤੋਂ ਪਹਿਲਾਂ ਬਾਈਵੀਂ ਸਦੀ ਵਿਚ ਪੁਚਾ ਦੇਣਾ ਹੈ ਤੇ ਬਾਪ ਇਸ ਦੀ ਥਾਂ ਇਹ ਕਹਿੰਦਾ ਹੈ ਕਿ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਿਆਉਣਾ ਹੈ। ਲਾਹੌਰ ਦਾ ਰਣਜੀਤ ਸਿੰਘ ਦਾ ਰਾਜ ਉਨੀਵੀਂ ਸਦੀ ਦੀ ਗੱਲ ਸੀ। ਪਿਤਾ-ਪੁੱਤਰ ਦੀ ਸੋਚ ਦਾ ਤਿੰਨ ਸਦੀਆਂ ਦਾ ਪਾੜਾ ਹੈ। ਬੀਤੇ ਮਹੀਨੇ ਇੱਕ ਤਜਰਬਾ ਹੋਰ ਹੋ ਗਿਆ। ਅਕਾਲੀ ਦਲ ਦੇ ਪ੍ਰਧਾਨ ਦਾ ਇੱਕ ਦਿਨ ਬਿਆਨ ਆਇਆ ਕਿ ਵਿਦੇਸ਼ਾਂ ਵਿਚ ਜਿਹੜੇ ਸਿੱਖਾਂ ਨੇ ਅਕਾਲੀ ਆਗੂਆਂ ਦਾ ਵਿਰੋਧ ਕੀਤਾ ਸੀ, ਨਾ ਉਹ ਸਿੱਖ ਹਨ ਅਤੇ ਨਾ ਪੰਜਾਬੀ ਕਹੇ ਜਾ ਸਕਦੇ ਹਨ। ਇਹ ਅਸਲੋਂ ਗਲਤ ਗੱਲ ਹੈ। ਉਹ ਕਿਸੇ ਵੀ ਰਾਜਸੀ ਸੋਚ ਵਾਲੇ ਹੋਣ, ਜੇ ਸਿੱਖ ਹਨ ਤਾਂ ਸਿੱਖ ਮੰਨੇ ਜਾਣਗੇ, ਪਰ ਉਹ ਸਾਰੇ ਸਿੱਖ ਨਹੀਂ ਸਨ, ਗੈਰ-ਸਿੱਖ ਪੰਜਾਬੀ ਵੀ ਉਨ੍ਹਾਂ ਵਿਚ ਸ਼ਾਮਲ ਸਨ। ਉਨ੍ਹਾਂ ਸਾਰਿਆਂ ਨੂੰ ਪੰਜਾਬੀ ਮੰਨਣ ਤੋਂ ਇਨਕਾਰ ਕਰਨਾ ਰਾਜਨੀਤੀ ਦਾ ਭੱਦਾਪਣ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਕਹਿ ਦਿੱਤਾ ਕਿ ਅਜਿਹਾ ਕਰਨ ਵਾਲੇ ਦੇਸ਼-ਧਰੋਹੀ ਹਨ।



ਅਕਲ ਦੀ ਦਾੜ੍ਹ ਚਾਲੀ ਸਾਲ ਪੂਰੇ ਕਰ ਕੇ ਉਗਦੀ ਸਮਝੀ ਜਾਂਦੀ ਹੈ, ਪਰ ਪੰਜਾਬ ਵਿਚ ਇਹੋ ਜਿਹੀ ਕੋਈ ਰਵਾਇਤ ਨਹੀਂ। ਅਕਾਲੀ ਦਲ ਦੇ ਪ੍ਰਧਾਨ ਨੂੰ ਹੁਣ ਇਹ ਸਮਝ ਪਈ ਹੈ ਕਿ 'ਖਾਲਿਸਤਾਨੀ ਸੋਚ ਵਾਲੇ ਲੋਕ ਦੇਸ਼ ਧਰੋਹੀ' ਹਨ, ਪਰ ਜਦੋਂ ਖੇਡ ਸ਼ੁਰੂ ਹੋਈ ਸੀ ਤੇ ਜਿਨ੍ਹਾਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਚ ਮੰਜੀ ਸਾਹਿਬ ਦੇ ਦੀਵਾਨ ਅਸਥਾਨ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਹਾਜ਼ਰੀ ਵਿਚ ਸਿੱਖਾਂ ਦੇ ਵੱਖਰੇ ਘਰ ਦੀ ਮੰਗ ਵਾਲੇ ਮਤੇ ਪੇਸ਼ ਕੀਤੇ ਅਤੇ ਸੰਗਤਾਂ ਦੇ ਹੱਥ ਖੜੇ ਕਰਵਾ ਕੇ ਪ੍ਰਵਾਨਗੀ ਲਈ ਸੀ, ਉਹ ਅਕਾਲੀ ਦਲ ਦੇ ਨਾਲ ਹਨ। ਇੱਕ ਸੱਜਣ ਅੱਜ-ਕੱਲ੍ਹ ਵਿਧਾਇਕ ਹੈ, ਦੂਸਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰੀ ਅਤੇ ਤੀਸਰਾ ਬਾਦਲ ਰਾਜ ਵਿਚ ਪੰਜਾਬ ਦੀ ਇੱਕ ਸੰਵਿਧਾਨਕ ਪਦਵੀ ਦਾ ਨਿੱਘ ਛੇ ਸਾਲ ਮਾਣਦਾ ਰਿਹਾ ਹੈ। ਰਾਜ ਕਰਦੇ ਅਕਾਲੀ ਦਲ ਨਾਲ ਜੁੜਨ ਵਾਲਿਆਂ ਦਾ ਦੇਸ਼ ਧਰੋਹੀ ਹੋਣ ਦਾ ਟੈਗ ਲਾਹ ਦਿੱਤਾ ਜਾਂਦਾ ਹੈ।

ਦੂਸਰਾ ਪੱਖ ਵਿਦੇਸ਼ ਵਿਚ ਬੈਠੇ ਉਨ੍ਹਾਂ ਸਿੱਖਾਂ ਦਾ ਹੈ, ਜਿਨ੍ਹਾਂ ਨੇ ਪਿਛਲੇ ਦਿਨੀਂ ਅਕਾਲੀ ਮੰਤਰੀਆਂ ਦੇ ਖਿਲਾਫ ਮੁਜ਼ਾਹਰੇ ਕੀਤੇ ਅਤੇ ਇਸ ਕੰਮ ਵਿਚ ਬੇਹੂਦਗੀ ਵਾਲੀਆਂ ਗਾਲ੍ਹਾਂ ਵੀ ਕੱਢੀਆਂ। ਇੱਕ ਰੇਡੀਓ ਚੈਨਲ ਦੀ ਬਹਿਸ ਵਿਚ ਇਹੋ ਜਿਹੇ ਇੱਕ ਸਿੱਖ ਆਗੂ ਨੂੰ ਅਸੀਂ ਕਿਹਾ ਕਿ ਵਿਰੋਧ ਦੇ ਹੋਰ ਤਰੀਕੇ ਹੋ ਸਕਦੇ ਹਨ, ਤੁਸੀਂ ਗਾਲ੍ਹਾਂ ਵਾਲੀ ਬੋਲੀ ਕਿਉਂ ਬੋਲਦੇ ਹੋ? ਉਹ ਕਹਿਣ ਲੱਗਾ, "ਇਹ ਏਸੇ ਲਾਇਕ ਹਨ", ਨਾਲ ਹੀ ਇਹ ਵੀ ਦੱਸ ਦਿੱਤਾ ਕਿ ਪਹਿਲੇ ਗੁਰੂ ਸਾਹਿਬ ਨੇ ਵੀ 'ਰਾਜੇ ਸੀਹ ਮੁਕਦਮ ਕੁਤੇ' ਕਿਹਾ ਸੀ, ਜਿਸ ਦਾ ਅਰਥ ਤੁਸੀਂ ਜਾਣਦੇ ਹੋ। ਉਹ ਇਸ ਪੌੜੀ ਉਤੇ ਖੜਾ ਸੀ ਕਿ ਇਹ ਗੱਲ ਹਰ ਯੁੱਗ ਵਿਚ ਸੱਚ ਹੁੰਦੀ ਹੈ। ਅਸੀਂ ਉਸ ਤੋਂ ਇਹ ਪੁੱਛਿਆ ਕਿ ਤੁਹਾਡਾ ਨਿਸ਼ਾਨਾ ਕੀ ਹੈ? ਬੜੇ ਜੋਸ਼ ਵਿਚ ਉਸ ਨੇ ਕਿਹਾ: ਆਪਣਾ ਰਾਜ ਕਾਇਮ ਕਰਨਾ ਹੈ। ਮੈਂ ਹੱਸ ਕੇ ਪੁੱਛਿਆ ਕਿ 'ਕੀ ਤੁਹਾਡੇ ਰਾਜ ਵੇਲੇ ਵੀ ਰਾਜੇ ਤੇ ਮੁਕੱਦਮ ਵਾਸਤੇ ਇਹੋ ਧਾਰਨਾ ਹੋਵੇਗੀ, ਕੀ ਇਹੋ ਗੱਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਕਹਿਣ ਦੀ ਵੀ ਤੁਸੀਂ ਹਿੰਮਤ ਕਰੋਗੇ?' ਫਿਰ ਉਹ ਖਾਮੋਸ਼ ਹੋ ਗਿਆ। ਅਸੀਂ ਦੱਸਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਸਾਹਿਬ ਨੇ ਇਹ ਗੱਲ ਉਸ ਸਮੇਂ ਦੇ ਰਾਜ ਬਾਰੇ ਜਦੋਂ ਕਹੀ ਸੀ ਤਾਂ ਇੱਕ ਖਾਸ ਕਿਸਮ ਦੇ ਹਾਲਾਤ ਸਨ। ਵਿਚਾਰਾਂ ਨੂੰ ਥੋੜ੍ਹਾ-ਬਹੁਤ ਰਿੜਕਣ ਤੇ ਮੁੜ-ਵਿਚਾਰਨ ਦੀ ਗੁੰਜਾਇਸ਼ ਵੀ ਰੱਖ ਲੈਣੀ ਚਾਹੀਦੀ ਹੈ। ਜਿੰਨੇ ਜ਼ੋਰ ਨਾਲ ਉਹ ਬਾਦਲ ਸਰਕਾਰ ਨੂੰ ਮੰਦਾ-ਚੰਗਾ ਬੋਲਦਾ ਸੀ, ਉਸ ਤੋਂ ਵੱਧ ਇਹ ਮੁੱਦਾ ਚੁੱਕ ਤੁਰਿਆ ਕਿ ਜਦੋਂ ਕੋਈ ਹਿੰਦੁਸਤਾਨ ਨਾਲ ਸਾਂਝ ਰੱਖਣ ਦੀ ਗੱਲ ਕਰਦਾ ਹੈ, ਉਸ ਨਾਲ ਸਾਡਾ ਜੋੜ ਨਹੀਂ ਜੁੜਦਾ। ਉਸ ਦੇ ਬਾਪ ਨੂੰ ਜਾਣਦਾ ਹੋਣ ਕਾਰਨ ਮੈਂ ਉਸ ਨੂੰ ਚੇਤੇ ਕਰਵਾ ਦਿੱਤਾ ਕਿ ਉਸ ਦਾ ਬਾਪ ਐਨ ਆਰ ਆਈ ਸਭਾ ਦੀ ਪਿਛਲੀ ਚੋਣ ਵਿਚ ਇੱਕ ਧਿਰ ਦੀ ਪ੍ਰੈਸ ਕਾਨਫਰੰਸ ਵਿਚ ਬੈਠਾ ਸੀ। ਜਵਾਬ ਉਸ ਨੇ ਇਹ ਦਿੱਤਾ ਕਿ ਉਹ ਸਾਡੀ ਐਨ ਆਰ ਆਈਜ਼ ਦੀ ਸਭਾ ਹੈ। ਮੈਂ ਫਿਰ ਪੁੱਛ ਲਿਆ ਕਿ ਇਸ ਐਨ ਆਰ ਆਈ ਸਭਾ ਵਿਚ 'ਆਈ' ਸ਼ਬਦ ਇੰਡੀਆ ਦਾ ਹੈ, ਜਦੋਂ ਤੁਸੀਂ ਹਿੰਦੁਸਤਾਨ, ਭਾਰਤ ਅਤੇ ਇੰਡੀਆ ਨਾਲ ਕੋਈ ਜੋੜ ਨਹੀਂ ਰੱਖਣਾ ਤਾਂ ਇਹ ਸਭਾ ਵੀ ਤੁਹਾਡੀ ਕਿਵੇਂ ਹੋ ਗਈ? ਇਸ ਪੜਾਅ ਉਤੇ ਆ ਕੇ ਉਹ 'ਅਕਲ ਦੀ ਪੂੜੀ' ਵਰਗੀ ਗਰਮ ਭਾਸ਼ਾ ਬੋਲ ਕੇ ਲਾਈਨ ਕੱਟ ਗਿਆ, ਪਰ ਕਈ ਸਵਾਲ ਸਾਡੇ ਲਈ ਛੱਡ ਗਿਆ।

ਸਾਡੇ ਲਈ ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਸੱਚਮੁੱਚ ਸਿੱਖਾਂ ਦਾ ਹਿੰਦੁਸਤਾਨ ਨਾਲ ਕੋਈ ਸਬੰਧ ਨਹੀਂ ਰਹਿੰਦਾ? ਕੀ ਸਿੱਖਾਂ ਨੂੰ ਇਹ ਗੱਲ ਵੀ ਚੇਤੇ ਨਹੀਂ ਰਹਿ ਗਈ ਕਿ ਦਿੱਲੀ ਦੇ ਚਾਂਦਨੀ ਚੌਕ ਵਿਚ ਜਾ ਕੇ ਸ਼ਹੀਦੀ ਦੇਣ ਵਾਲੇ ਨੌਵੇਂ ਗੁਰੂ ਸਾਹਿਬ ਨੂੰ ਅੱਜ ਵੀ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ? ਸਿੱਖਾਂ ਦੇ ਪੰਜ ਤਖਤਾਂ ਵਿਚੋਂ ਦੋ ਤਖਤ ਵੀ ਪੰਜਾਬ ਤੋਂ ਬਾਹਰ ਹਨ। ਸਿੱਖ ਤੋਂ ਸਿੰਘ ਬਣਾ ਕੇ ਨਵੀਂ ਦਿੱਖ ਦੇਣ ਵਾਲੇ ਤੇ ਆਪਣੇ ਚੇਲਿਆਂ ਅੱਗੇ ਆਪ ਹੱਥ ਜੋੜ ਕੇ 'ਆਪੇ ਗੁਰ ਚੇਲਾ' ਵਾਲੀ ਨਵੀਂ ਰੀਤ ਤੋਰਨ ਵਾਲੇ ਦਸਵੇਂ ਗੁਰੂ ਸਾਹਿਬ ਦਾ ਜਨਮ ਅਸਥਾਨ ਵੀ ਪੰਜਾਬ ਵਿਚ ਨਹੀਂ, ਬਿਹਾਰ ਦੀ ਰਾਜਧਾਨੀ ਪਟਨੇ ਵਿਚ ਹੈ ਤੇ ਜੋਤੀ-ਜੋਤਿ ਸਮਾਉਣ ਦਾ ਅਸਥਾਨ ਹਜ਼ੂਰ ਸਾਹਿਬ ਵੀ ਮਹਾਰਾਸ਼ਟਰ ਦੇ ਨਾਂਦੇੜ ਸ਼ਹਿਰ ਵਿਚ ਹੈ। ਸਿੱਖਾਂ ਦੀ ਮਾਨਸਿਕਤਾ ਨੂੰ ਇੱਕ ਮਧਾਣੀ ਫੇਰ ਕੇ ਇਹ ਕਿਹਾ ਜਾ ਰਿਹਾ ਹੈ ਕਿ 'ਆਪਣਾ ਘਰ' ਅਸੀਂ ਭਾਰਤ ਤੋਂ ਵੱਖਰਾ ਬਣਾਉਣਾ ਹੈ। ਮਾਨਸਿਕਤਾ ਦੇ ਦੂਸਰੇ ਗੇੜ ਵਿਚ ਗੱਲ ਏਥੇ ਆ ਜਾਂਦੀ ਹੈ ਕਿ ਹੁਣ ਅਰਦਾਸ ਵਿਚ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਨੂੰ ਪੰਥ ਤੋਂ ਵਿਛੋੜੇ ਜਾਣ ਤੇ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਦੀ ਅਰਦਾਸ ਕਰਨ ਵਾਲੇ ਸਿੱਖਾਂ ਨੂੰ ਫਿਰ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੇ ਨਾਲ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਦਿੱਲੀ ਦੇ ਸੀਸ ਗੰਜ ਸਾਹਿਬ ਦੇ ਬਾਰੇ ਇਹੋ ਅਰਜ਼ੋਈ ਕਰਨੀ ਪਵੇਗੀ। ਇਸ ਬਾਰੇ ਸਵਾਲ ਪੁੱਛਿਆ ਜਾਵੇ ਤਾਂ ਸਾਧਾਰਨ ਸਿੱਖ ਜਵਾਬ ਦੇਣ ਦੀ ਸਥਿਤੀ ਵਿਚ ਨਹੀਂ, ਕਿਉਂਕਿ ਉਨ੍ਹਾਂ ਦੇ ਮਾਰਗ-ਦਰਸ਼ਕ ਆਪ ਹੀ ਇਸ ਬਾਰੇ ਸਪੱਸ਼ਟ ਨਹੀਂ।

ਸਿੱਖਾਂ ਵਿਚ ਇਸ ਤਰ੍ਹਾਂ ਦੀ ਸਥਿਤੀ ਦਾ ਜਿਹੜਾ ਘਚੋਲਾ ਪੈਦਾ ਕੀਤਾ ਜਾ ਰਿਹਾ ਹੈ, ਉਸ ਵਿਚ ਦੂਸਰੇ ਧਰਮਾਂ ਵੱਲ ਸਹਿਣਸ਼ੀਲਤਾ ਨੂੰ ਖੋਰਾ ਲੱਗਦਾ ਦਿਖਾਈ ਦੇਂਦਾ ਹੈ। ਇਸ ਮਾਨਸਿਕਤਾ ਵਾਲੇ ਲੋਕਾਂ ਲਈ ਹਰ ਹਿੰਦੂ ਇੱਕੋ ਜਿਹਾ ਹੈ ਅਤੇ ਉਹ ਇਹ ਗੱਲ ਵੀ ਨਹੀਂ ਜਾਣਦੇ ਕਿ ਹੱਥ-ਲਿਖਤ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਤੋਂ ਬਾਅਦ ਛਪਾਈ ਵਾਲੀ ਬੀੜ ਦਾ ਆਗਾਜ਼ ਕਿੱਥੋਂ ਹੋਇਆ ਸੀ? ਲਾਹੌਰ ਸ਼ਹਿਰ ਜਦੋਂ ਅੰਗਰੇਜ਼ੀ ਰਾਜ ਵਿਚ ਆਇਆ ਤਾਂ 1850 ਵਿਚ ਉਥੇ ਪਹਿਲੀ ਪ੍ਰਿੰਟਿੰਗ ਪ੍ਰੈਸ ਲੱਗੀ ਸੀ, ਜਿਸ ਦਾ ਨਾਂ ਕੋਹੇਨੂਰ ਪ੍ਰੈਸ ਸੀ ਅਤੇ ਇਸੇ ਨੇ 1864-65 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਛਾਪੀ ਹੋਈ ਬੀੜ ਸਿੱਖ ਪੰਥ ਲਈ ਤਿਆਰ ਕਰਨ ਦੀ ਸੇਵਾ ਕਮਾਈ ਸੀ, ਜਿਸ ਦੇ ਮਾਲਕ ਦਾ ਨਾਂ ਲਾਲਾ ਹਰਸੁਖ ਰਾਏ ਸੀ। ਉਸ ਵਕਤ ਪੰਜਾਬ ਵਿਚ ਸਿੱਖ ਸਰਦਾਰਾਂ ਦੀ ਕਮੀ ਨਹੀਂ ਸੀ। ਰਾਜ ਬਦਲਦੇ ਸਾਰ ਅੰਗਰੇਜ਼ਾਂ ਦੀ ਸੇਵਾ ਵਿਚ ਲੱਗ ਗਏ ਇਨ੍ਹਾਂ ਸਿੱਖਾਂ ਵਿਚ ਰਾਜੇ ਤੇ ਮਹਾਰਾਜੇ ਵੀ ਸਨ ਅਤੇ ਵਫਾਦਾਰੀ ਬਦਲਣ ਨਾਲ



ਮਿਲੀਆਂ ਜਗੀਰਾਂ ਦੇ ਮਾਲਕ ਵੀ, ਪਰ ਸਿੱਖਾਂ ਲਈ ਛਾਪੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦਾ ਉਦਮ ਉਸ ਹਿੰਦੂ ਨੇ ਕੀਤਾ ਸੀ। ਇਤਿਹਾਸ ਵਿਚ ਏਦਾਂ ਦੀਆਂ ਕਈ ਗੱਲਾਂ ਹਨ, ਜਿਨ੍ਹਾਂ ਦਾ ਸਿੱਖਾਂ ਨੂੰ ਪਤਾ ਹੀ ਨਹੀਂ।

ਸਿੱਖ ਮਾਨਸਿਕਤਾ ਹਾਲੇ ਦੋ ਹੋਰ ਧਾਰਨਾਵਾਂ ਉਤੇ ਵੀ ਅੜੀ ਹੋਈ ਹੈ। ਪਹਿਲੀ ਇਹ ਕਿ ਸਾਡੇ ਮੂਹਰੇ ਬੋਲਣ ਦੀ ਕੋਈ ਹਿੰਮਤ ਨਹੀਂ ਕਰ ਸਕਦਾ ਤੇ ਦੂਸਰੀ ਇਹ ਕਿ ਜਿਸ ਨਾਲ ਸਾਡੀ ਸੋਚ ਨਹੀਂ ਮਿਲਦੀ, ਉਸ ਨੂੰ ਅਸੀਂ ਸੋਧਾ ਲਾ ਸਕਦੇ ਹਾਂ। ਇਹ ਦੋਵੇਂ ਧਾਰਨਾਵਾਂ ਗਲਤ ਹਨ ਤੇ ਇਸ ਲਈ ਗਲਤ ਹਨ ਕਿ ਇਸ ਸੋਚ ਵਾਲੇ ਲੋਕਾਂ ਨੇ ਗੁਰਬਾਣੀ ਨੂੰ ਪੜ੍ਹਨ ਦੀ ਖੇਚਲ ਨਹੀਂ ਕੀਤੀ। ਗੁਰਬਾਣੀ ਵਿਚ ਇਸ ਬਾਰੇ ਦੋ ਬਹੁਤ ਉਤਮ ਸੇਧਾਂ ਹਨ। ਪਹਿਲੀ ਇਹ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਉਨ੍ਹਾਂ ਨੇ ਇਸ ਵਿਚ ਬਹੁਤ ਸੋਚ ਕੇ 'ਕਿਛੁ ਸੁਣੀਐ' ਨੂੰ 'ਕਿਛੁ ਕਹੀਐ' ਤੋਂ ਪਹਿਲਾਂ ਰੱਖਿਆ ਸੀ। ਜਿਹੜੇ ਗੁਰੂ ਸਾਹਿਬ ਨੇ ਸਿੱਧ ਯੋਗੀਆਂ ਨਾਲ ਜਾ ਕੇ ਗੋਸ਼ਟੀ ਕੀਤੀ ਤੇ ਉਨ੍ਹਾਂ ਨੂੰ ਜ਼ਿੰਦਗੀ ਦਾ ਅਸਲੀ ਮਾਰਗ ਦੱਸਿਆ, ਉਸ ਗੁਰੂ ਸਾਹਿਬ ਦੇ ਸਿੱਖ ਹੁਣ ਇਸ ਸੋਚ ਉਤੇ ਆ ਗਏ ਹਨ ਕਿ ਆਪਣੀ ਕਹਿਣੀ ਹੈ, ਕਿਸੇ ਦੀ ਸੁਣਨੀ ਨਹੀਂ। ਦੂਸਰੀ ਸਿੱਖਿਆ ਵੀ ਏਸੇ ਤਰ੍ਹਾਂ ਦੇ ਮਹੱਤਵ ਵਾਲੀ ਹੈ। ਹਰ ਕਿਸੇ ਨੂੰ ਸੋਧਾ ਲਾਉਣ ਦੀ ਧੌਂਸ ਦੇਣ ਵਾਲਿਆਂ ਨੂੰ ਸਮਾਂ ਕੱਢ ਕੇ ਕਦੀ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸਲੋਕ ਪੜ੍ਹਨ ਅਤੇ ਵਿਚਾਰਨ ਦੀ ਕੋਸ਼ਿਸ਼ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਵਿਚ ਸੋਲ੍ਹਵੇਂ ਸਲੋਕ ਵਿਚ ਇਹ ਉਪਦੇਸ਼ ਹੈ, "ਭੈ ਕਾਹੂ ਕਉ ਦੇਤ ਨਹਿ॥ ਨਹਿ ਭੈ ਮਾਨਤ ਆਨ॥" ਗੁਰੂ ਸਾਹਿਬ ਨੇ ਏਥੇ ਫਿਰ ਇਹ ਗੱਲ ਪਹਿਲਾਂ ਕਹੀ ਹੈ ਕਿ ਅਸੀਂ ਕਿਸੇ ਨੂੰ ਭੈਅ ਨਹੀਂ ਦੇਂਦੇ, ਕਿਸੇ ਨੂੰ ਡਰਾਉਂਦੇ ਨਹੀਂ ਤੇ ਇਸ ਦੇ ਬਾਅਦ ਲਿਖਿਆ ਹੈ ਕਿ ਜੇ ਕੋਈ ਡਰਾਵੇਗਾ ਤਾਂ ਅਸੀਂ ਕਿਸੇ ਦਾ ਭੈਅ ਮੰਨਦੇ ਵੀ ਨਹੀਂ, ਕਿਸੇ ਤੋਂ ਡਰਦੇ ਵੀ ਨਹੀਂ। ਸਿਰਫ ਮੱਥੇ ਟੇਕਣ ਦੇ ਰੁਝਾਨ ਦਾ ਸ਼ਿਕਾਰ ਹੁੰਦੇ ਜਾ ਰਹੇ ਸਿੱਖ ਇਨ੍ਹਾਂ ਗੱਲਾਂ ਬਾਰੇ ਸੋਚਣ ਦਾ ਵਕਤ ਹੀ ਨਹੀਂ ਕੱਢਦੇ।

ਕਿਉਂਕਿ ਸਿੱਖ ਹੁਣ ਆਪ ਪੜ੍ਹ ਕੇ ਵਿਚਾਰ ਕਰਨ ਦੀ ਰਵਾਇਤ ਛੱਡ ਬੈਠੇ ਹਨ ਅਤੇ ਪੜ੍ਹਿਆ-ਪੜ੍ਹਾਇਆ ਲੈ ਕੇ, ਅਮਰੀਕਾ-ਕੈਨੇਡਾ ਬੈਠੇ ਹੋਏ ਅੰਮ੍ਰਿਤਸਰ ਵਿਚ ਅਖੰਡ ਪਾਠ ਬੁੱਕ ਕਰਵਾ ਕੇ ਉਸ ਦਾ ਫਲ ਚਾਹੁੰਦੇ ਹਨ, ਸਿੱਖ ਆਗੂ ਇਸ ਤਰ੍ਹਾਂ ਦੀ ਸਿੱਖ ਮਾਨਸਿਕਤਾ ਪੈਦਾ ਕਰਨ ਤੇ ਇਸ ਦਾ ਲਾਭ ਲੈਣ ਲੱਗ ਪਏ ਹਨ। ਕਈ ਸਿੱਖ ਆਗੂ ਹੁਣ ਪੰਥ ਨੂੰ ਹਿੰਦੂ ਧਰਮ ਤੋਂ ਤੇ ਕੁਝ ਹੋਰ ਧਰਮਾਂ ਤੋਂ ਖਤਰਾ ਦੱਸਦੇ ਹਨ, ਪਰ ਸਿੱਖਾਂ ਵਿਚ ਛੁਪੇ ਹੋਏ ਜਿਹੜੇ ਰਾਜਸੀ ਤੇ ਧਾਰਮਿਕ ਆਗੂਆਂ ਤੋਂ ਵੱਧ ਖਤਰਾ ਹੈ, ਉਨ੍ਹਾਂ ਬਾਰੇ ਸਿੱਖ ਕਦੇ ਜਾਣ ਹੀ ਨਹੀਂ ਸਕੇ। ਪੰਜਾਬ ਦੇ ਮੌਜੂਦਾ ਰਾਜਸੀ ਮੋੜ ਉਤੇ ਵੀ ਰਾਜਨੀਤੀ ਦੀ ਕਿਸੇ ਧਿਰ ਨੂੰ ਸਿੱਖਾਂ ਵਿਚ ਇਹੋ ਜਿਹੀ ਗੋਤ-ਕੁਨਾਲਾ ਮਾਨਸਿਕਤਾ ਦੀ ਲੋੜ ਹੈ। ਇਸ ਬਾਰੇ ਜਾਣਨ ਲਈ ਪੁਲੀਟੀਕਲ ਸਾਇੰਸ ਦੀਆਂ ਕਿਤਾਬਾਂ ਫੋਲਣ ਦੀ ਲੋੜ ਨਹੀਂ, ਪਿਛਲੇ ਇੱਕ ਸਾਲ ਦੀਆਂ ਕਦੇ ਕੇਂਦਰ ਦੇ ਖਿਲਾਫ ਤੇ ਕਦੇ ਕੇਂਦਰ ਦੇ ਨਾਲ ਰਹਿਣ ਦੀਆਂ ਖਬਰਾਂ ਤੇ ਭਾਸ਼ਣਾਂ ਤੋਂ ਆਰਾਮ ਨਾਲ ਸਮਝ ਆ ਸਕਦੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 8 ਅਗਸਤ 2015*

## *ਸਿਆਸਤ ਦੀ ਹਿੰਸਾ*

ਪੰਜਾਬ ਵਿਚ ਪਿਛਲੇ ਕੁਝ ਦਿਨਾਂ ਦੌਰਾਨ ਉਪਰੋਥਲੀ ਵਾਪਰੀਆਂ ਘਟਨਾਵਾਂ ਨਾਲ ਸਿਆਸੀ ਅਤੇ ਬੌਧਿਕ ਹਲਕਿਆਂ ਵਿਚ ਤਿੱਖੀ ਬਹਿਸ ਦੀ ਸ਼ੁਰੂਆਤ ਹੋ ਗਈ ਹੈ। ਪਹਿਲੀ ਸੱਟੇ ਸਿਆਸੀ ਲੀਡਰਾਂ ਨੇ ਇਨ੍ਹਾਂ ਘਟਨਾਵਾਂ ਨੂੰ ਸਿੱਧਾ ਦਹਿਸ਼ਤਪਸੰਦੀ ਨਾਲ ਜੋੜਿਆ ਹੈ। ਅਸਲ ਵਿਚ ਮੌਕੇ ਉਤੇ ਚਰਚਾ ਕਰਨ/ਕਰਵਾਉਣ ਦਾ ਇਹ ਸਭ ਤੋਂ ਸੌਖਾ ਅਤੇ ਕਾਰਗਰ ਤਰੀਕਾ ਹੈ। ਮੀਡੀਆ ਅਜਿਹੀ ਚਰਚਾ ਨੂੰ ਰਤਾ ਨੂੰ ਕਰਾਰਾ ਕਰ ਕੇ ਵੀ ਪੇਸ਼ ਕਰਦਾ ਹੈ। ਇਸ ਮਾਮਲੇ ਵਿਚ ਮੀਡੀਆ ਦੀ ਪੇਸ਼ੇਵਰ ਪਹੁੰਚ ਹੋਵੇ ਭਾਵੇਂ ਨਾ, ਪਰ ਅਖੌਤੀ ਪਹਿਲ ਦੀ ਦੌੜ ਵਿਚ ਮੀਡੀਆ ਭੱਜ ਭੱਜ ਕੇ ਆਪ ਤਾਂ ਹਫਦਾ ਹੀ ਹੈ, ਆਮ ਲੋਕਾਂ ਦੀ ਵੀ ਬੇਵਜ੍ਹਾ ਦੌੜ ਲੁਆਈ ਰੱਖਦਾ ਹੈ। ਇਸ ਸਿਲਸਿਲੇ ਵਿਚ ਨੋਟ ਕਰਨ ਵਾਲੀ ਗੱਲ ਹੈ ਕਿ ਅਜਿਹੀਆਂ ਘਟਨਾਵਾਂ ਅਤੇ ਇਨ੍ਹਾਂ ਘਟਨਾਵਾਂ ਬਾਰੇ ਗੱਲਾਂ ਕਰਨ ਵਾਲੇ ਅਚਾਨਕ ਤੇ ਇਕਦਮ ਬਾਹਰ ਆ ਕੇ ਮੀਡਆ ਅਤੇ ਸਿਆਸੀ ਸਰਕਲਾਂ ਦਾ ਹਿੱਸਾ ਬਣ ਜਾਂਦੇ ਹਨ। ਇਸ ਬਾਬਤ ਸਭ ਤੋਂ ਸਹੀ ਮਿਸਾਲ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਦੀ ਹੈ। ਇਸ ਪੁਲਿਸ ਅਫਸਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਝੂਠੇ-ਸੱਚੇ ਪੁਲਿਸ ਮੁਕਾਬਲਿਆਂ ਦੀ ਝੜੀ ਲਾ ਦਿੱਤੀ ਗਈ ਸੀ ਅਤੇ ਹੁਣ ਮੁਲਕ ਵਿਚ ਜਿਥੇ ਕਿਤੇ ਵੀ ਕੋਈ ਹਿੰਸਕ ਘਟਨਾ ਵਾਪਰਦੀ ਹੈ, ਇਸ ਸ਼ਖਸ ਦੇ ਵਿਚਾਰ ਅਖਬਾਰਾਂ ਦੀਆਂ ਸੁਰਖੀਆਂ ਮੱਲ ਲੈਂਦੇ ਹਨ। ਇਸ ਨਾਲ ਜਮਹੂਰੀਅਤ ਦੇ ਚੌਥੇ ਥੰਮ੍ਹ ਵਜੋਂ ਮਸ਼ਹੂਰ ਮੀਡੀਆ ਦਾ ਖੋਖਲਾਪਨ ਤਾਂ ਸਾਹਮਣੇ ਆਉਂਦਾ ਹੀ ਹੈ, ਸਮੁੱਚੇ ਢਾਂਚੇ ਦੀ ਪਹੁੰਚ ਦਾ ਵੀ ਪਤਾ ਲੱਗ ਜਾਂਦਾ ਹੈ। 21ਵੀਂ ਸਦੀ ਦੇ ਸੱਭਿਆ ਸਮਾਜ ਵਿਚ ਜੇਕਰ ਕੇ.ਪੀ.ਐਸ. ਗਿੱਲ ਵਰਗਿਆਂ ਦੀਆਂ ਹੀ ਗੱਲਾਂ ਹੋਣੀਆਂ ਹਨ ਤਾਂ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ ਤੇ ਸੋਚਣਾ ਵੀ ਬਣਦਾ ਹੈ ਕਿ ਆਉਣ ਵਾਲਾ ਢਾਂਚਾ ਕਿਸ ਤਰ੍ਹਾਂ ਦਾ ਹੋਵੇਗਾ, ਕਿਉਂਕਿ ਕੇ.ਪੀ.ਐਸ. ਗਿੱਲ ਅਤੇ ਇਸ ਦੇ ਜੋਟੀਦਾਰ ਉਹ ਸ਼ਖਸ ਹਨ ਜਿਨ੍ਹਾਂ ਨੇ ਮਨੁੱਖੀ ਅਜ਼ਮਤ ਦੀ ਤੌਹੀਨ ਕੀਤੀ ਤੇ ਹੁਣ ਵੀ ਕਰ ਰਹੇ ਹਨ। ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਕੇਂਦਰ ਸਰਕਾਰ ਵਿਚ ਸਰਗਰਮ ਹਿੰਦੂਤਵੀ ਤਾਕਤਾਂ ਨੇ ਲੜੀਵਾਰ ਮੁੰਬਈ ਧਮਾਕਿਆਂ ਵਾਲੇ ਕੇਸ ਵਿਚ ਯਾਕੂਬ ਮੈਮਨ ਨੂੰ ਫਾਂਸੀ ਲਾ ਕੇ ਕੀਤਾ ਹੈ।

ਯਾਕੂਬ ਮੈਮਨ ਦਾ ਕਿੱਸਾ ਮੀਡੀਆ ਵਿਚ ਛਾਇਆ ਰਿਹਾ ਹੈ ਅਤੇ ਇਸ ਮੁੱਦੇ ਬਾਰੇ ਵੱਖ ਵੱਖ ਤਰ੍ਹਾਂ ਦੀ ਚਰਚਾ ਲਗਾਤਾਰ ਹੋਈ ਹੈ। ਇਸ ਮੁੱਦੇ ਉਤੇ ਸਿਆਸਤ ਵੀ ਖੂਬ ਹੋਈ ਹੈ। ਇਸ ਸਿਆਸੀ ਉਥਲ-ਪੁਥਲ ਵਿਚ ਮੁੱਖਧਾਰਾ ਨਾਲ ਜੁੜੀ ਕਾਂਗਰਸ ਵੀ ਧਿਰ ਬਣੀ ਹੈ, ਜਿਸ ਨੇ ਕਿਸੇ ਵੇਲੇ ਆਪਣੀ ਸਿਆਸੀ ਗਿਣਤੀ-ਮਿਣਤੀ ਵਿਚੋਂ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਨੂੰ ਰਾਤੋ-ਰਾਤ ਫਾਂਸੀ ਚਾੜ੍ਹ ਦਿੱਤਾ ਸੀ। ਉਦੋਂ ਯੂ.ਪੀ.ਏ. ਸਰਕਾਰ ਨੇ ਇੰਨੀ ਕਾਹਲ ਕੀਤੀ ਸੀ ਕਿ ਜੇਲ੍ਹ ਨੇਮਾਂ ਮੁਤਾਬਕ ਅਫਜ਼ਲ ਗੁਰੂ ਦੇ ਘਰਦਿਆਂ ਨੂੰ ਵੀ ਉਸ ਨਾਲ ਮਿਲਾਇਆ ਨਹੀਂ ਸੀ ਗਿਆ। ਹੁਣ ਐਨ.ਡੀ.ਏ. ਸਰਕਾਰ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਭਾਈਵਾਲ ਹੈ, ਫੈਸਲਾ ਕਰ ਚੁੱਕੀ ਸੀ ਕਿ ਯਾਕੂਬ ਮੈਮਨ ਨੂੰ ਫਾਹੇ ਟੰਗਣਾ ਹੀ ਹੈ। ਜੰਗਬਾਜ਼ੀ ਲਈ ਮਸ਼ਹੂਰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਇਸ ਸਾਰੇ ਐਪੀਸੋਡ ਨੂੰ ਕੌਮੀ ਹਿਤਾਂ ਨਾਲ ਜੋੜ ਕੇ ਦੇਖਣ ਦੀ ਗੱਲ ਆਖੀ ਹੈ। ਅਸਲ ਵਿਚ ਕੌਮੀ ਹਿਤਾਂ ਦਾ ਧੂਤੂ ਉਦੋਂ ਹੀ ਵੱਜਦਾ ਅਤੇ ਫਿਰ ਹੋਰ ਸ਼ੋਰੀਲਾ ਹੁੰਦਾ ਹੈ ਜਦੋਂ ਤੱਥਾਂ ਨੂੰ ਦਰਕਿਨਾਰ ਕਰਨਾ ਹੁੰਦਾ ਹੈ। ਯਾਕੂਬ ਮੈਮਨ ਨਾਲ ਜੁੜੇ ਮਸਲੇ ਦੀਆਂ ਤਹਿਆਂ ਫਰੋਲਦਿਆਂ ਜਿਹੜੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਦੇ ਨਾਲ ਹੀ ਮੁੰਬਈ ਅਤੇ ਗੁਜਰਾਤ ਵਿਚ ਹੋਏ ਦੰਗਿਆਂ ਬਾਰੇ ਵੀ ਚਰਚਾ ਹੋਈ ਹੈ। ਇਹੀ ਨਹੀਂ, ਬੌਧਿਕ ਹਲਕਿਆਂ ਨੇ ਮੁੰਬਈ ਧਮਾਕਿਆਂ ਦੀ ਕਾਰਨ ਬਣੀ ਬਾਬਰੀ ਮਸਜਿਦ ਵਾਲੀ ਘਟਨਾ ਦਾ ਜ਼ਿਕਰ ਵੀ ਵਾਰ ਵਾਰ ਕੀਤਾ ਹੈ। ਹੁਣ ਤੱਕ ਦੇ ਖੁਲਾਸਿਆਂ ਮੁਤਾਬਕ, ਮੁੰਬਈ ਵਾਲੇ ਧਮਾਕੇ ਬਾਬਰੀ ਮਸਜਿਦ ਢਾਹੁਣ ਦੀ ਹੀ ਪ੍ਰਤੀਕਿਰਿਆ ਸਨ। ਇਹ ਠੀਕ ਹੈ ਕਿ ਹਿੰਸਾ ਦਾ ਜਵਾਬ ਹਿੰਸਾ ਨਾਲ ਦੇਣਾ ਵਾਜਬ ਨਹੀਂ, ਪਰ ਇਸ ਚਰਚਾ ਵਿਚੋਂ ਸਵਾਲ ਨਿਕਲਦਾ ਹੈ ਕਿ ਜਦੋਂ ਮੁੰਬਈ ਧਮਾਕਿਆਂ ਦੇ ਦੋਸ਼ੀ ਠਹਿਰਾਏ ਸ਼ਖਸ ਨੂੰ ਫਾਂਸੀ ਉਤੇ ਟੰਗਿਆ ਜਾ ਸਕਦਾ ਹੈ ਤਾਂ ਬਾਬਰੀ ਮਸਜਿਦ ਢਾਹੁਣ ਵਰਗੀ ਘਟਨਾ ਲਈ ਜ਼ਿੰਮੇਵਾਰ ਲੀਡਰਾਂ ਨੂੰ ਸਜ਼ਾ ਕਿਉਂ ਨਹੀਂ? ਹੋਰ ਤਾਂ ਹੋਰ, ਅਦਾਲਤ ਨੇ ਤਾਂ ਅਜੇ ਇਹ ਵੀ ਤੈਅ ਕਰਨਾ ਹੈ ਕਿ ਉਸ ਘਟਨਾ ਦਾ ਕਸੂਰਵਾਰ ਹੈ ਕੌਣ! ਇਹ ਅਸਲ ਵਿਚ ਭਾਰਤੀ ਨਿਆਂਪਾਲਿਕਾ ਦਾ ਸੱਚ ਹੈ। ਜੇ ਇਸ ਮਸਲੇ ਨੂੰ ਥੋੜ੍ਹਾ ਹੋਰ ਕੁਰੇਦਿਆ ਜਾਵੇ ਤਾਂ ਗੱਲ ਗੁਜਰਾਤ ਦੇ ਤਤਕਾਲੀ ਮੁੱਖ ਮੰਤਰੀ ਅਤੇ ਹੁਣ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠੇ ਨਰੇਂਦਰ ਮੋਦੀ ਨਾਲ ਜਾ ਜੁੜਦੀ ਹੈ। ਨਿਆਂਪਾਲਿਕਾ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਤਾਂ ਸਜ਼ਾ ਦਿੰਦੀ ਹੈ, ਕਿਉਂਕਿ ਅਧਿਆਪਕਾਂ ਦੀ ਭਰਤੀ ਵੇਲੇ ਚੱਲੀ ਰਿਸ਼ਵਤ ਦੌਰਾਨ ਉਸ ਨੂੰ ਧਿਰ ਬਣਾਇਆ ਗਿਆ, ਪਰ ਗੁਜਰਾਤ ਵਿਚ ਮੋਦੀ ਦੇ ਕਾਰਜਕਾਲ ਦੌਰਾਨ 1000 ਤੋਂ ਉਪਰ ਮੁਸਲਮਾਨਾਂ ਦਾ ਕਤਲ ਹੋਇਆ, ਪਰ ਉਸ ਨੂੰ ਸਾਫ ਬਰੀ ਕਰ ਦਿੱਤਾ ਗਿਆ। ਇਹ ਅਦਾਲਤ ਅਤੇ ਸਮੁੱਚੇ ਢਾਂਚੇ ਦੀ ਟੀਰ ਦੀ ਕਹਾਣੀ ਹੈ। ਆਵਾਮ ਨੇ ਇਹ ਟੀਰ ਪੰਜਾਬ ਵਿਚ ਝੁੱਲੇ ਸੰਕਟ ਦੌਰਾਨ ਵੀ ਦੇਖਿਆ ਤੇ ਹੰਢਾਇਆ ਹੈ ਅਤੇ ਅੱਜ ਕੱਲ੍ਹ ਇਹ ਸਿਲਸਿਲਾ ਮੁਲਕ ਦੇ ਕਬਾਇਲੀ ਖਿੱਤਿਆਂ ਵਿਚ ਬੇਰੋਕ-ਟੋਕ ਚੱਲ ਰਿਹਾ ਹੈ ਜਿਥੇ ਸੁਰੱਖਿਆ ਬਲਾਂ ਦੀਆਂ ਧਾੜਾਂ ਲੋਕਾਂ ਨੂੰ ਖਦੇੜਨ ਲਈ ਤਾਇਨਾਤ ਕੀਤੀਆਂ ਗਈਆਂ ਹਨ। ਇਸ ਨਫਰੀ ਵਿਚ ਆਏ ਦਿਨ ਵਾਧਾ ਵੀ ਹੋ ਰਿਹਾ ਹੈ। ਹੁਣੇ ਹੁਣੇ 5000 ਜਵਾਨ ਹੋਰ ਛਤੀਸਗੜ੍ਹ ਵਿਚ ਭੇਜੇ ਗਏ ਹਨ। ਮੁੱਦਾ ਇਹ ਹੈ ਕਿ ਕਤਲੇਆਮਾਂ ਦੇ ਵੇਲੇ ਇਹ ਤਾਇਨਾਤੀ ਨਦਾਰਦ ਰਹਿੰਦੀ ਹੈ। ਇਹੀ ਅਸਲ ਵਿਚ ਸਿਆਸੀ ਹਿੰਸਾ ਹੈ ਜਿਸ ਉਤੇ ਹਰ ਵਾਰ ਕੋਈ ਨਾ ਕੋਈ ਪਰਦਾ ਪਾ ਕੇ ਇਸ ਨੂੰ ਕੌਮੀ ਹਿਤਾਂ ਵਜੋਂ ਪੇਸ਼ ਕਰ ਦਿੱਤਾ ਜਾਂਦਾ ਹੈ। ਇਸ ਸੂਰਤ ਵਿਚ ਇਹ ਸਵਾਲ ਤਾਂ ਹੁਣ ਬਣਦਾ ਹੀ ਹੈ ਕਿ ਕੌਮੀ ਹਿਤ ਹੈ ਕਿਸ ਦੇ? ਘੱਟੋ-ਘੱਟ ਇਹ ਚਰਚਾ ਤਾਂ ਚੱਲਣੀ ਹੀ ਚਾਹੀਦੀ ਹੈ ਕਿ ਇਨ੍ਹਾਂ ਕੌਮੀ ਹਿਤਾਂ ਵਿਚੋਂ ਮੁਲਕ ਦਾ ਆਵਾਮ ਹਰ ਵਾਰ ਗੈਰ-ਹਾਜ਼ਰ ਕਿਉਂ ਰਹਿ ਜਾਂਦਾ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਖਤ ਤੇ ਤਖਤਾ!*

ਕਰਦੇ ਵਿਤਕਰੇ, ਲਾਉਣ ਬੇਖੌਫ ਹੋ ਕੇ ਭਾਈਚਾਰੇ ਦੀ ਸਾਂਝ ਨੂੰ ਸੱਟ ਯਾਰੋ।
ਢਾਹ ਕੇ ਧਰਮ ਅਸਥਾਨ ਤੇ 'ਕਾਂਡ' ਕਰਕੇ, ਫੇਰ 'ਅਮਨ' ਦੀ ਲਾਉਂਦੇ ਨੇ ਰੱਟ ਯਾਰੋ।
ਕਹੇ ਕੁਝ ਕਾਨੂੰਨ ਨਾ 'ਫਿਰਕੂਆਂ' ਨੂੰ, ਮਗਰੋਂ ਹਰਕਤ 'ਚ ਆਉਂਦਾ ਏ ਝੱਟ ਯਾਰੋ।
ਖੁਸ਼ ਰੱਖਦੇ ਸਦਾ ਬਹੁ-ਗਿਣਤੀਆਂ ਨੂੰ, 'ਵੋਟ-ਬੈਂਕ' ਦੀ ਭਾਲਦੇ ਖੱਟ ਯਾਰੋ।
ਲੱਭ ਲੈਣ 'ਸ਼ਿਕਾਰ' ਕੋਈ ਦੋਸ਼ ਲਾ ਕੇ, ਰਹਿ ਹੁੰਦਾ ਨਹੀਂ ਹਲਕਿਆਂ ਸਕਤਿਆਂ 'ਤੇ।
ਫਿਰਕੂ ਹਾਕਮ ਜਦ ਤਖਤ 'ਤੇ ਆਣ ਬੈਠੇ, ਘੱਟ ਗਿਣਤੀਆਂ ਚੜ੍ਹਦੀਆਂ 'ਤਖਤਿਆਂ' 'ਤੇ!

# ਇਲਜ਼ਾਮਾਂ ਦੇ ਘੇਰੇ ਵਿਚੋਂ ਜ਼ਮੀਰ ਦੀ ਆਵਾਜ਼

## ਫਾਂਸੀ ਦੇ ਮੁੱਦੇ 'ਤੇ ਸੁਆਲਾਂ ਦੀ ਝੜੀ

***ਕੋਈ ਉਸਾਮਾ ਬਿਨ-ਲਾਦਿਨ ਪੁਲਾਂ ਤੇ ਸੜਕਾਂ ਬਣਾਉਣ ਦਾ ਮਾਹਰ ਹੋਣ ਤੋਂ ਬਾਅਦ ਮੋਰਚਿਆਂ ਦੀ ਜ਼ਿੰਦਗੀ ਕਿਉਂ ਚੁਣਦਾ ਹੈ? ਰਣਜੀਤ ਸਿੰਘ ਕੁੱਕੀ ਖੇਤੀ ਵਿਗਿਆਨ ਪੜ੍ਹਦਾ ਪੜ੍ਹਦਾ ਕਿਸੇ ਲਲਿਤ ਮਾਕਨ ਦੇ ਕਤਲ ਦੇ ਇਲਜ਼ਾਮ ਦਾ ਭਾਗੀਦਾਰ ਕਿਉਂ ਬਣਦਾ ਹੈ? ਨਵੇਂ ਕੁੜਤੇ ਤੋਂ ਮਹਿਰੂਮ ਮੁਹੰਮਦ ਕਸਾਬ ਦੁਨੀਆਂ ਦੇ ਮਹਿੰਗੇ ਤੇ ਆਦਮਖ਼ੋਰ ਹਥਿਆਰਾਂ ਨਾਲ ਸਰਹੱਦਾਂ ਤੇ ਸਮੁੰਦਰਾਂ ਦੀ ਦੂਰੀ ਤੈਅ ਕਰ ਕੇ ਕਾਤਲ ਵਜੋਂ ਦਫ਼ਨ ਕਿਵੇਂ ਹੁੰਦਾ ਹੈ? ਕੋਈ ਮੁਕੇਸ਼ ਕੁਮਾਰ ਕਿਨ੍ਹਾਂ ਹਾਲਾਤ ਤੇ ਕਿਹੜੀ ਸੋਚ ਤਹਿਤ ਬਲਾਤਕਾਰੀ ਤੇ ਕਾਤਲ ਬਣਦਾ ਹੈ?***

ਯਾਕੂਬ ਮੈਨਨ ਨੂੰ ਫਾਂਸੀ ਦੇ ਮੁੱਦੇ ਉਤੇ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਕਾਰਕੁਨਾਂ ਦੀ ਘੇਰਾਬੰਦੀ ਕਰ ਕੇ ਇਨ੍ਹਾਂ ਖਿਲਾਫ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਗਿਆ ਹੈ। ਮੌਤ ਦੀ ਸਜ਼ਾ ਖ਼ਤਮ ਕਰਨ ਵਾਲੀ ਮੁਹਿੰਮ ਨੂੰ ਹਰ ਤਰ੍ਹਾਂ ਦੇ ਵਿਸ਼ੇਸ਼ਣ ਦਿੱਤੇ ਜਾ ਰਹੇ ਹਨ। ਇੱਕ ਪਾਸੇ ਜ਼ਮੀਰ ਦੀ ਆਵਾਜ਼ ਬੁਲੰਦ ਕਰਨ ਵਾਲੀ ਨਿਗੂਣੀ ਘੱਟ-ਗਿਣਤੀ ਤਿੱਖੇ ਸੁਆਲਾਂ ਦੇ ਘੇਰੇ ਵਿਚ ਹੈ ਅਤੇ ਦੂਜੇ ਪਾਸੇ ਇਹ ਆਪਣੀ ਸਮਝ ਦੀ ਅਹਿਮੀਅਤ ਨੂੰ ਮੁਖ਼ਾਤਬ ਹੋ ਰਹੀ ਹੈ। ਸੁਆਲਾਂ ਦੇ ਘੇਰੇ ਅਤੇ ਗਾਲਾਂ ਵਰਗੇ ਵਿਸ਼ੇਸ਼ਣਾਂ ਦੀ ਗੜੇਮਾਰੀ ਵਿਚ ਘਿਰੇ ਹੋਣ ਤੋਂ ਬਾਅਦ, ਆਪਣੀ ਆਵਾਜ਼ ਦੇ ਅਸਰ ਦਾ ਅੰਦਾਜ਼ਾ ਲਗਾਉਣਾ ਹਮੇਸ਼ਾ ਮਸਲਾ ਬਣਦਾ ਹੈ। ਜੰਗ ਦਾ ਵਿਰੋਧ ਕਰਦਿਆਂ, ਜੰਗੀ ਮੁਹਿੰਮਾਂ ਦੇ ਪ੍ਰਚਾਰ ਦੀ ਮਾਰ ਵਿਚ ਆਉਣਾ ਅਤੇ ਖ਼ੂਨ-ਖ਼ਰਾਬੇ ਦੇ ਸਨਮੁੱਖ ਬੇਮਾਅਨਾ ਹੋਣ ਦਾ ਅਹਿਸਾਸ 'ਜੰਗ ਵਿਰੋਧੀ ਲਹਿਰਾਂ' ਦੇ ਹਿੱਸੇ ਆਇਆ ਹੈ। ਫਿਰਕੂ ਹਿੰਸਾ ਦੇ ਦੌਰ ਵਿਚ ਡਰਪੋਕ ਕਰਾਰ ਦਿੱਤੇ ਜਾਣਾ ਅਤੇ ਬਾਅਦ ਵਿਚ



**ਦਲਜੀਤ ਅਮੀ**
ਫੋਨ: +91-97811-21873

ਇਤਿਹਾਸ ਵਿਚੋਂ ਰੱਦ ਕਰ ਦਿੱਤੇ ਜਾਣਾ, ਅਮਨਪਸੰਦੀ ਦੀ ਝੋਲੀ ਪਿਆ ਹੈ। ਯਾਕੂਬ ਮੈਨਨ ਦੇ ਹਵਾਲੇ ਨਾਲ ਬਹੁਤ ਸਾਰੇ ਕਾਰਕੁਨਾਂ ਨੂੰ ਦੇਸ਼ਧ੍ਰੋਹੀ, ਮੁਨੱਖਤਾ ਵਿਰੋਧੀ ਅਤੇ ਅਤਿਵਾਦੀ ਪੱਖੀ ਕਰਾਰ ਦਿੱਤਾ ਗਿਆ ਹੈ। ਇਸ ਤੋਂ ਬਿਨਾਂ ਨਫ਼ਰਤ ਦੇ ਬੋਲਿਆਂ ਦੀ ਕੋਈ ਗਿਣਤੀ ਨਹੀਂ ਹੈ। ਪੁਲਿਸ ਅਫ਼ਸਰਾਂ ਵੱਲੋਂ ਲਿਖੀਆਂ 'ਵਿਦਵਾਨਾਂ ਦੇ ਨਾਮ' ਬੇਨਾਮੀ ਚਿੱਠੀਆਂ ਤੋਂ ਲੈ ਕੇ ਹੁਕਮਰਾਨ ਧਿਰ ਦੇ ਸ਼ਬਦੀ ਬਾਣਾਂ ਦੇ ਨਾਲ ਨਾਲ 'ਦੇਸ਼ ਭਗਤੀ' ਦੇ ਨਾਮ ਉਤੇ ਵੰਨ-ਸਵੰਨੀਆਂ ਜਥੇਬੰਦੀਆਂ ਦੀਆਂ ਧਮਕੀਆਂ ਦੀ ਲੰਮੀ ਫ਼ਹਿਰਿਸਤ ਹੈ।

ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੇ ਮਾਮਲਿਆਂ ਵਿਚ ਆਵਾਜ਼ ਬੁਲੰਦ ਕਰਨ ਦੀ ਲੋੜ ਸਦਾ ਹੀ ਰਹਿੰਦੀ ਹੈ। ਹਮਲਾਵਰ ਧਿਰ ਹਮੇਸ਼ਾ ਦਲੀਲ ਦਿੰਦੀ ਹੈ ਕਿ 'ਫਲਾਣੇ ਵੇਲੇ ਤੁਸੀਂ ਕਿੱਥੇ ਸੀ?... ਧਿਮਕੇ ਵਾਰੀ ਤੁਸੀਂ ਚੁੱਪ ਕਿਉਂ ਸੀ?' ਹੁਕਮਰਾਨ ਦੀ ਹਿੰਸਾ ਉਤੇ ਸੁਆਲ ਕੀਤਾ ਜਾਂਦਾ ਹੈ ਤਾਂ ਉਹ ਮੰਗ ਕਰਦੇ ਹਨ ਕਿ ਪਹਿਲਾਂ ਦੇਸ਼ ਭਗਤੀ ਦਾ ਇਮਤਿਹਾਨ ਦਿੱਤਾ ਜਾਵੇ। ਗ਼ੈਰ-ਹੁਕਮਰਾਨ ਦੀਆਂ ਵਧੀਕੀਆਂ ਉਤੇ ਸੁਆਲ ਕਰੋ ਤਾਂ ਉਹ ਹੁਕਮਰਾਨ ਦੇ ਦਲਾਲ ਕਰਾਰ ਦੇਣ ਤੋਂ ਲੈ ਕੇ 'ਕਿਸੇ ਵੇਲੇ ਚੁੱਪ ਰਹਿਣ?' ਜਾਂ 'ਕਿਸੇ ਵੇਲੇ ਗ਼ੈਰ-ਹਾਜ਼ਰ ਰਹਿਣ?' ਤੱਕ ਦੇ ਸੁਆਲ ਕਰਦੇ ਹਨ। ਹੁਕਮਰਾਨ ਦੇ ਦਲਾਲ ਹੋਣ ਤੋਂ ਲੈ ਕੇ ਅਤਿਵਾਦੀਆਂ ਦੇ ਹਮਾਇਤੀ ਹੋਣ ਦੇ ਇਲਜ਼ਾਮ ਆਪਣੀ ਥਾਂ ਹਨ, ਪਰ ਜੋਖਮ ਭਰੇ ਇਹ ਸੁਆਲ ਕੋਈ ਕਰਦਾ ਕਿਉਂ ਹੈ? ਜਦੋਂ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਕਾਰਕੁਨਾਂ ਦੀਆਂ ਦਲੀਲਾਂ ਦੇ ਬਾਵਜੂਦ ਯਾਕੂਬ ਮੈਨਨ ਨੂੰ ਫਾਂਸੀ ਦੇ ਦਿੱਤੀ ਗਈ ਹੈ ਤਾਂ ਕੀ ਇਹ ਬੇਮਾਅਨਾ ਹੋ ਗਏ ਹਨ? ਇਹ ਸੁਆਲ ਹਰ ਜੰਗੀ ਮੁਹਿੰਮ, ਦੰਗੇ, ਕਤਲੇਆਮ ਅਤੇ ਫਾਂਸੀ ਦੀ ਸਜ਼ਾ ਤੋਂ ਬਾਅਦ ਖੜ੍ਹੇ ਹੁੰਦੇ ਹਨ।

ਦੱਖਣੀ ਏਸ਼ੀਆ ਵਿਚ ਸਭ ਤੋਂ ਵੱਡਾ ਕਤਲੇਆਮ 1947 ਦੀ ਵੰਡ ਦੌਰਾਨ ਹੋਇਆ। ਇਸ ਖ਼ੂਨ-ਖ਼ਰਾਬੇ ਦੀ ਤਫ਼ਸੀਲ ਵਿਚ ਇਹ ਗੱਲ ਵਿਸਾਰ ਦਿੱਤੀ ਜਾਂਦੀ ਹੈ ਕਿ ਉਸ ਦੌਰ ਵਿਚ ਕੁਝ ਲੋਕਾਂ ਨੇ ਅਮਨ ਕਮੇਟੀਆਂ ਬਣਾ ਕੇ ਆਪਣੀ ਜਾਨ ਨੂੰ ਖ਼ਤਰਾ ਸਹੇੜਿਆ ਸੀ। ਉਸ ਦੌਰ ਵਿਚ ਲੋਕਾਂ ਨੇ ਜੋਟੀਆਂ ਪਾ ਕੇ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥' ਗਾਇਆ ਸੀ। ਕਿਸੇ ਗਹਿਲ ਸਿੰਘ ਛੱਜਲਵੱਢੀ ਨੂੰ 'ਦੂਜਿਆਂ' ਦੀ ਰਾਖੀ ਕਰਨ ਦੇ 'ਸਨਮਾਨ' ਵਜੋਂ ਆਪਣਿਆਂ ਨੇ ਮਾਰ ਕੇ ਸਭ ਤੋਂ ਮੁਕੱਦਸ ਥਾਂ ਸਾੜਿਆ ਸੀ। ਗਾਜ਼ਾ ਉਤੇ ਇਸਰਾਇਲੀ ਹਮਲੇ ਦੌਰਾਨ ਹਮਲਾਵਰ ਟੈਂਕਾਂ ਨੇ ਅਮਰੀਕਾ ਤੋਂ ਆਈ ਅਮਨਪਸੰਦ ਕਾਰਕੁਨ ਰੈਸ਼ਲ ਕੈਰੀ ਨੂੰ ਲਤਾੜਿਆ ਸੀ। ਗਹਿਲ ਸਿੰਘ ਛੱਜਲਵੱਢੀ ਨਾਲ ਦਸ ਲੱਖ ਲੋਕਾਂ ਦਾ ਕਤਲੇਆਮ ਨਹੀਂ ਰੁਕਿਆ ਅਤੇ ਨਾ ਹੀ ਰੈਸ਼ਲ ਕੈਰੀ ਨਾਲ ਇਸਰਾਈਲ ਦੀਆਂ ਆਦਮਖ਼ੋਰ ਮੁਹਿੰਮਾਂ ਨੂੰ ਠੱਲ੍ਹ ਪਈ। ਇੱਦਾਂ ਦੀਆਂ ਅਨੇਕ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਬੁਨਿਆਦੀ ਰੂਪ ਵਿਚ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੀਆਂ ਦਲੀਲਾਂ, ਸਰਕਾਰ ਜਾਂ ਕਾਨੂੰਨੀ ਅਦਾਰਿਆਂ ਨੂੰ ਮੁਖ਼ਾਤਬ ਹੁੰਦੀਆਂ ਹਨ। ਜਦੋਂ ਸਰਕਾਰ ਦਾ ਦਾਅਵਾ ਕਾਨੂੰਨ ਤਹਿਤ ਕੰਮ ਕਰਨਾ ਹੈ ਤਾਂ ਕਾਨੂੰਨ ਦੀਆਂ ਚੋਰ-ਮੋਰੀਆਂ ਰਾਹੀਂ ਹੁੰਦੀਆਂ ਸਰਕਾਰੀ ਵਧੀਕੀਆਂ ਉਤੇ ਸੁਆਲ ਹੁਕਮਰਾਨ ਧਿਰ ਨੂੰ ਹੀ ਤਾਂ ਕੀਤਾ ਜਾਵੇਗਾ। ਜੇ ਕੋਈ ਕਾਨੂੰਨ ਨਾਇਨਸਾਫ਼ੀ ਦਾ ਸਬੱਬ ਬਣਦਾ ਹੈ ਤਾਂ ਉਸ ਨੂੰ ਰੱਦ ਕਰਨ, ਸੋਧਣ ਜਾਂ ਬਦਲਣ ਦਾ ਸੁਆਲ ਸਰਕਾਰ ਨੂੰ ਹੀ ਤਾਂ ਕੀਤਾ ਜਾਵੇਗਾ। ਜੇ ਨੀਤੀਆਂ ਕਾਰਨ ਆਵਾਮ ਅਵਾਜ਼ਾਰ ਹੁੰਦਾ ਹੈ ਤਾਂ ਬੁਨਿਆਦੀ ਸੁਆਲ ਤਾਂ ਸਰਕਾਰ ਨੂੰ ਹੀ ਕੀਤਾ ਜਾਣਾ ਚਾਹੀਦਾ ਹੈ। ਜੇ ਨੀਤੀਆਂ ਲਾਗੂ ਕਰਨ ਜਾਂ ਫ਼ੈਸਲੇ ਕਰਨ ਵਿਚ ਕੋਈ ਟੀਰ ਹੈ ਤਾਂ ਸੁਆਲ ਤਾਂ ਸਰਕਾਰ ਨੂੰ ਹੀ ਕੀਤਾ ਜਾਣਾ ਹੈ। ਕਾਨੂੰਨ ਨਾਲ ਬੱਝੇ ਅਦਾਰਿਆਂ ਦੀ ਕਾਰਗੁਜ਼ਾਰੀ ਨੂੰ ਜ਼ਮੀਰ ਅਤੇ ਹਕੂਕ ਦੇ ਸੁਆਲਾਂ ਦੀ ਸਾਣ ਉਤੇ ਚਾੜ੍ਹਨਾ ਮਨੁੱਖੀ ਹਕੂਕ ਦਾ ਬੁਨਿਆਦੀ ਨੁਕਤਾ ਹੈ।

ਜਦੋਂ ਮੌਤ ਦੀ ਸਜ਼ਾ ਉਤੇ ਸੁਆਲ ਆਉਂਦਾ ਹੈ ਤਾਂ ਹੁਕਮਰਾਨ ਜਾਂ ਇਸ ਸਜ਼ਾ ਨੂੰ ਇਨਸਾਫ਼ ਲਈ ਅਹਿਮ ਮੰਨਣ ਵਾਲੀ ਧਿਰ ਦੀ ਦਲੀਲ ਹੁੰਦੀ ਹੈ ਕਿ 'ਅਤਿਵਾਦੀ', 'ਕਾਤਲ', 'ਬਲਾਤਕਾਰੀ' ਜਾਂ 'ਦੇਸ਼ਧ੍ਰੋਹੀ' ਦਾ ਪੱਖ ਪੂਰਿਆ ਜਾ ਰਿਹਾ ਹੈ। ਕਾਨੂੰਨ ਮੁਤਾਬਕ ਮੌਤ ਦੀ ਸਜ਼ਾ ਤਾਂ ਇਨ੍ਹਾਂ ਇਲਜ਼ਾਮਾਂ ਤਹਿਤ ਹੀ ਦਿੱਤੀ ਜਾਣੀ ਹੈ। ਇਸ ਲਈ ਮੌਤ ਦੀ ਸਜ਼ਾ ਦਾ ਸੁਆਲ ਵੀ ਅਜਿਹੇ ਮਾਮਲਿਆ ਦੇ ਹਵਾਲੇ ਨਾਲ ਹੀ ਆਉਣਾ ਹੈ। ਜਦੋਂ ਸਰਕਾਰਾਂ ਮੌਤ ਦੀ ਸਜ਼ਾ ਵਰਗੇ ਸੁਆਲ ਨੂੰ ਵਡੇਰੇ ਸੁਆਲਾਂ ਨਾਲ ਜੋੜ ਕੇ ਮੁਖਾਤਬ ਨਹੀਂ ਹੁੰਦੀਆਂ, ਤਾਂ ਚਰਚਾ ਤਾਂ ਕਿਸੇ ਮਾਮਲੇ ਨਾਲ ਜੋੜ ਕੇ ਹੀ ਹੋਣੀ ਹੈ। ਜਿਸ ਵੀ ਮਾਮਲੇ ਨਾਲ ਜੋੜ ਕੇ ਹੋਵੇਗੀ, ਉਸ ਵਿਚ ਅਤਿਵਾਦ ਜਾਂ ਕਤਲ ਜਾਂ ਬਲਾਤਕਾਰ ਜਾਂ ਦੇਸ਼ਧ੍ਰੋਹ ਦੇ ਇਲਜ਼ਾਮ ਹੋਣਗੇ। ਜਦੋਂ ਸਰਕਾਰ ਜ਼ਿੰਦਗੀ ਅਤੇ ਹਕੂਕ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਬਹਿਸ ਦੋਸ਼ੀ ਕਰਾਰ ਦਿੱਤੇ ਗਏ ਬੰਦੇ ਉਤੇ ਲੱਗੇ ਇਲਜ਼ਾਮ ਤੱਕ ਮਹਿਦੂਦ ਕੀਤੀ ਜਾਂਦੀ ਹੈ। ਇਸ ਨਾਲ ਮਨੁੱਖੀ ਹਕੂਕ ਦੀ ਦਲੀਲ ਉਤੇ ਕਾਤਲ ਜਾਂ ਬਲਾਤਕਾਰੀ ਜਾਂ ਦੇਸ਼ਧ੍ਰੋਹੀ ਦੇ ਹਮਾਇਤੀ ਹੋਣ ਦਾ ਇਲਜ਼ਾਮ ਲੱਗ ਜਾਂਦਾ ਹੈ ਅਤੇ ਬਹਿਸ ਉਲਾਰ ਹੋ ਜਾਂਦੀ ਹੈ। 'ਜੇ ਥੋਡੀ ਭੈਣ ਨਾਲ ਕੁਝ ਹੋਵੇ?' ਜਾਂ 'ਜੇ ਤੁਹਾਡੇ ਰਿਸ਼ਤੇਦਾਰ ਦਾ ਕਤਲ ਹੋਵੇ?' ਵਰਗੇ ਬੋਲੇ ਬਹਿਸ ਨੂੰ ਦਲੀਲ ਦੀ ਥਾਂ ਵੇਗ ਨਾਲ ਜੋੜ ਦਿੰਦੇ ਹਨ।

ਅਜਿਹੇ ਮੌਕੇ ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ 'ਫਲਾਣੇ ਨੂੰ ਤਾਂ ਫਾਂਸੀ ਨਹੀਂ ਦਿੱਤੀ ਗਈ' ਤਾਂ 'ਇਸ ਨੂੰ ਕਿਉਂ' ਦਿੱਤੀ ਜਾ ਰਹੀ ਹੈ। ਇਸ ਦਲੀਲ ਦੀ ਅਹਿਮੀਅਤ ਪੱਖਪਾਤ ਅਤੇ ਹੋਰ ਨਾਇਨਸਾਫ਼ੀਆਂ ਨੂੰ ਉਘਾੜਨ ਵਿਚ ਹੈ। ਦੂਜੇ ਪਾਸਿਓਂ, ਇਹ ਮੌਜੂਦਾ ਮਾਮਲੇ ਵਿਚ ਸਰਕਾਰ ਨੂੰ ਮੌਤ ਦੀ ਸਜ਼ਾ ਕਾਇਮ ਰੱਖਣ ਦੀ ਸ਼ਰਤ ਬਣਦੀ ਹੈ ਕਿ ਜੇ 'ਫਲਾਣੇ ਨੂੰ ਫਾਂਸੀ ਦਿੱਤੀ' ਜਾਵੇ ਤਾਂ ਇਸ ਨੂੰ ਵੀ ਦਿੱਤੀ ਜਾ ਸਕਦੀ ਹੈ। ਇਸ ਦਲੀਲ ਵਾਲੀ ਧਿਰ ਨੂੰ 'ਮੌਤ ਦੀ ਸਜ਼ਾ' ਨਾਲ ਕੋਈ ਇਤਰਾਜ਼ ਨਹੀਂ ਹੈ, ਸਗੋਂ ਇਹ ਮੌਤ ਦੀ ਸਜ਼ਾ ਨੂੰ ਨਿਰਪੱਖਤਾ ਨਾਲ ਦੇਣ ਦੀ ਅਲੰਬਰਦਾਰ ਹੈ। ਸਰਕਾਰੀ ਕਾਰਗੁਜ਼ਾਰੀ ਵਿਚ ਇਹ ਨਿਰਪੱਖਤਾ ਤਾਂ ਹੋਣੀ ਹੀ ਚਾਹੀਦੀ ਹੈ ਪਰ ਮੌਤ ਦੀ ਸਜ਼ਾ ਦੇ ਮਾਮਲੇ ਵਿਚ ਇਹ ਦਲੀਲ ਨਾਲ ਹੋਰ ਪੇਚੀਦਗੀ ਵੀ ਜੁੜੀ ਹੋਈ ਹੈ। ਇਹ ਦਲੀਲ 'ਮੌਤ ਦੀ ਸਜ਼ਾ' ਰਾਹੀਂ ਇਨਸਾਫ਼ ਯਕੀਨੀ ਬਣਾਉਣ ਵਾਲੀ ਸਰਕਾਰੀ ਧਿਰ ਨਾਲ ਸਹਿਮਤ ਹੈ ਅਤੇ ਇਸ ਸਜ਼ਾ ਨੂੰ ਸਬਕ ਵਜੋਂ ਜਾਰੀ ਰੱਖਣ ਦਾ ਦਾਅਵਾ ਕਰਦੀ ਹੈ।

ਸੁਆਲ 'ਮੌਤ ਦੀ ਸਜ਼ਾ' ਦੀ ਇਨਸਾਫ਼ ਅਤੇ ਰੋਕਥਾਮ ਦੇ ਸਬਕ ਵਜੋਂ ਅਹਿਮੀਅਤ ਅਤੇ ਹਰ ਦੋਸ਼ੀ ਨੂੰ ਸਜ਼ਾ ਦੇਣ ਦਾ ਹੈ। ਇਸ ਮਾਮਲੇ ਵਿਚ ਬਹੁਤ ਸਾਰੇ ਅੰਕੜੇ ਅਤੇ ਅਧਿਐਨ ਹੋ ਚੁੱਕੇ ਹਨ ਕਿ 'ਮੌਤ ਦੀ ਸਜ਼ਾ' ਨਾਲ ਅਪਰਾਧ ਘਟ ਨਹੀਂ ਜਾਂਦਾ ਅਤੇ ਇਸ ਨੂੰ ਖ਼ਤਮ ਕਰਨ ਨਾਲ ਵਧ ਨਹੀਂ ਜਾਂਦਾ। ਇਹ ਸਜ਼ਾ ਦੇਣ ਤੋਂ ਬਾਅਦ ਰੱਦ ਨਹੀਂ ਹੋ ਸਕਦੀ ਜਿਸ ਨਾਲ ਕਿਸੇ ਗ਼ਲਤੀ ਜਾਂ ਉਕਾਈ ਨੂੰ ਮਨੁੱਖੀ ਜਾਨ ਲੈਣ ਦੀ ਗੁੰਜਾਇਸ਼ ਨਹੀਂ ਛੱਡੀ ਜਾ ਸਕਦੀ। ਸੁਧਾਰ ਦੇ ਮਾਮਲੇ ਵਿਚ ਡਾਕੂ ਉਂਗਲੀਮਾਲ ਤੋਂ ਸੱਜਣ ਠੱਗ ਤੱਕ ਦਾ ਇਤਿਹਾਸ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਸਭ ਤੋਂ ਅਹਿਮ ਪੱਖ ਇਹ ਹੈ ਕਿ ਸਰਕਾਰ ਨੂੰ ਜਾਨ ਲੈਣ ਦਾ ਕੋਈ ਹੱਕ ਨਹੀਂ ਹੈ। ਇਸ ਦਾ ਕੰਮ ਦੋਸ਼ੀ ਨੂੰ ਸਜ਼ਾ ਯਕੀਨੀ ਬਣਾਉਣਾ ਹੈ ਜੋ ਮੌਤ ਤੋਂ ਘੱਟ ਕੁਝ ਵੀ ਹੋ ਸਕਦੀ ਹੈ। ਇਨਸਾਫ਼ ਦਾ ਦੂਜਾ ਪੱਖ ਉਨ੍ਹਾਂ ਹਾਲਾਤ ਨੂੰ ਮੁਖ਼ਾਤਬ ਹੋਣਾ ਹੈ ਜਿਸ ਵਿਚੋਂ ਕਾਤਲ, ਬਲਾਤਕਾਰੀ ਅਤੇ ਦੇਸ਼ਧ੍ਰੋਹੀ ਪੈਦਾ ਹੁੰਦਾ ਹੈ। ਜਦੋਂ ਸਰਕਾਰ ਇਨ੍ਹਾਂ ਹਾਲਾਤ ਨੂੰ ਮੁਖ਼ਾਤਬ ਹੋਣ ਦੀ ਥਾਂ 'ਮੌਤ ਦੀ ਸਜ਼ਾ' ਦੀ ਵਕਾਲਤ ਕਰਦੀ ਹੈ ਤਾਂ ਇਹ ਸਰਕਾਰੀ ਕਤਲ ਦੀ ਮੂੰਹਜ਼ੋਰ ਨੁਮਾਇਸ਼ ਤੋਂ ਘੱਟ ਕੁਝ ਨਹੀਂ ਹੁੰਦੀ।

ਸਰਕਾਰ ਦਾ ਕੰਮ ਆਵਾਮ ਦੀ ਸੁਰੱਖਿਆ ਅਤੇ ਇਨਸਾਫ਼ ਯਕੀਨੀ ਬਣਾਉਣਾ ਹੈ। ਸੁਰੱਖਿਆ ਅਤੇ ਇਨਸਾਫ਼ ਨੂੰ ਯਕੀਨੀ ਬਣਾਉਣ ਲਈ ਸਜ਼ਾ ਇੱਕ ਪੱਖ ਹੈ, ਪਰ ਅਹਿਮ ਪੱਖ ਹਾਲਾਤ ਨੂੰ ਮੁਖ਼ਾਤਬ ਹੋਣਾ ਹੈ। ਮਿਸਾਲ ਵਜੋਂ ਇਨ੍ਹਾਂ ਸੁਆਲਾਂ ਨੂੰ ਮੁਖ਼ਾਤਬ ਹੋਣਾ ਜ਼ਰੂਰੀ ਹੈ; ਕੋਈ ਉਸਾਮਾ ਬਿਨ-ਲਾਦਿਨ ਪੁਲਾਂ ਤੇ ਸੜਕਾਂ ਬਣਾਉਣ ਦਾ ਮਾਹਰ ਹੋਣ ਤੋਂ ਬਾਅਦ ਮੋਰਚਿਆਂ ਦੀ ਜ਼ਿੰਦਗੀ ਕਿਉਂ ਚੁਣਦਾ ਹੈ? ਰਣਜੀਤ ਕੁੱਕੀ ਖੇਤੀ ਵਿਗਿਆਨ ਪੜ੍ਹਦਾ ਪੜ੍ਹਦਾ ਕਿਸੇ ਲਲਿਤ ਮਾਕਨ ਦੇ ਕਤਲ ਦੇ ਇਲਜ਼ਾਮ ਦਾ ਭਾਗੀਦਾਰ ਕਿਉਂ ਬਣਦਾ ਹੈ? ਨਵੇਂ ਕੁੜਤੇ ਤੋਂ ਮਹਿਰੂਮ ਮੁਹੰਮਦ ਕਸਾਬ ਦੁਨੀਆਂ ਦੇ ਮਹਿੰਗੇ ਤੇ ਆਦਮਖ਼ੋਰ ਹਥਿਆਰਾਂ ਨਾਲ ਸਰਹੱਦਾਂ ਤੇ ਸਮੁੰਦਰਾਂ ਦੀ ਦੂਰੀ ਤੈਅ ਕਰ ਕੇ ਕਾਤਲ ਵਜੋਂ ਦਫ਼ਨ ਕਿਵੇਂ ਹੁੰਦਾ ਹੈ? ਕੋਈ ਮੁਕੇਸ਼ ਕੁਮਾਰ ਕਿਨ੍ਹਾਂ ਹਾਲਾਤ ਤੇ ਕਿਹੜੀ ਸੋਚ ਤਹਿਤ ਬਲਾਤਕਾਰੀ ਤੇ ਕਾਤਲ ਬਣਦਾ ਹੈ? ਕਾਨੂੰਨ ਦੇ ਘੇਰੇ ਤੋਂ ਬਾਹਰ ਅਤੇ ਜਾਇਜ਼-ਨਜਾਇਜ਼ ਵਿਚ ਕੋਈ ਫ਼ਰਕ ਨਾ ਕਰਨ ਵਾਲੀਆਂ ਖ਼ੁਫ਼ੀਆ ਏਜੰਸੀਆਂ ਜਮਹੂਰੀਅਤ ਕਿਵੇਂ ਚਲਾ ਸਕਦੀਆਂ ਹਨ? ਕਤਲੇਆਮ ਦੇ ਇਲਜ਼ਾਮਾਂ ਵਿਚ ਘਿਰੇ ਸਿਆਸੀ ਆਗੂ ਸਭ ਤੋਂ ਵੱਡੇ 'ਸਮਾਜਵਾਦੀ ਅਤੇ ਜਮਹੂਰੀ' ਮੁਲਕ ਦੇ ਸਰਬਉੱਚ ਅਹੁਦਿਆਂ ਤੱਕ ਕਿਵੇਂ ਪਹੁੰਚਦੇ ਹਨ?

'ਮੌਤ ਦੀ ਸਜ਼ਾ' ਕਿਸੇ ਨੂੰ ਨਹੀਂ ਹੋਣੀ ਚਾਹੀਦੀ। ਦੋਸ਼ੀ ਦਾ ਨਾਮ ਭਾਵੇਂ ਉਸਾਮਾ ਬਿਨ-ਲਾਦਿਨ ਹੋਵੇ ਜਾਂ ਮੁਹੰਮਦ ਕਸਾਬ। ਉਸ ਦਾ ਨਾਮ ਚਾਹੇ ਮਾਇਆ ਬੇਨ ਕੋਡਨਾਨੀ ਹੋਵੇ ਜਾਂ ਬਾਬੂ ਬਜਰੰਗੀ। ਉਸ ਦਾ ਨਾਮ ਮੁਕੇਸ਼ ਕੁਮਾਰ ਹੋਵੇ ਜਾਂ ਸੁਰਿੰਦਰ ਕੋਲੀ। ਉਸ ਦਾ ਨਾਮ ਚਾਹੇ ਦਾਰਾ ਸਿੰਘ ਹੋਵੇ ਜਾਂ ਕਿਸ਼ੋਰੀ ਲਾਲ ਬੁੱਚੜ। ਇਸੇ ਤਰ੍ਹਾਂ ਸਜ਼ਾ ਹਰ ਗੁਨਾਹਗਾਰ ਨੂੰ ਮਿਲਣੀ ਚਾਹੀਦੀ ਹੈ; ਉਸ

***(ਬਾਕੀ ਅਗਲੇ ਸਫੇ 'ਤੇ)***

# ਯਾਕੂਬ ਤੋਂ ਕਲਾਮ: ਉਦਾਰਵਾਦ ਲੀਰੋ-ਲੀਰ

***ਯਾਕੂਬ ਮੈਮਨ ਦੀ ਫਾਂਸੀ ਆਪਣੇ ਪਿੱਛੇ ਬਹੁਤ ਸਾਰੇ ਸਵਾਲ ਛੱਡ ਗਈ ਹੈ। ਉਸ ਨੂੰ ਮੁੰਬਈ ਧਮਾਕਿਆਂ ਵਾਲੇ ਕੇਸ ਵਿਚ ਇਹ ਸਜ਼ਾ ਸੁਣਾਈ ਗਈ ਸੀ, ਪਰ ਬਾਬਰੀ ਮਸਜਿਦ ਢਾਹੁਣ ਵਾਲੀ ਜਿਸ ਘਟਨਾ ਕਰ ਕੇ ਇਹ ਧਮਾਕੇ ਵਾਪਰੇ ਸਨ, ਉਹ ਕੇਸ ਅਜੇ ਵੀ ਲਟਕ ਰਿਹਾ ਹੈ। ਸੀਨੀਅਰ ਪੱਤਰਕਾਰ ਹਰੀਸ਼ ਖਰੇ ਨੇ ਆਪਣੇ ਇਸ ਲੇਖ ਵਿਚ ਇਸ ਨੁਕਤੇ ਨੂੰ ਹੋਰ ਵੀ ਵਿਸਥਾਰ ਦਿੱਤਾ ਹੈ। ਇਸ ਵਿਸਥਾਰ ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ ਏ.ਪੀ.ਜੇ. ਅਬਦੁੱਲ ਕਲਾਮ ਦੇ ਰਾਸ਼ਟਰਪਤੀ ਵਾਲੇ ਅਹੁਦੇ ਤੱਕ ਅੱਪੜਨ ਪਿੱਛੇ ਚੱਲੀ ਸਿਆਸਤ ਦੀਆਂ ਘੁੰਢੀਆਂ ਵੀ ਖੋਲ੍ਹੀਆਂ ਗਈਆਂ ਹਨ। -ਸੰਪਾਦਕ***

ਲੰਘਿਆ ਵੀਰਵਾਰ (30 ਜੁਲਾਈ) ਵਾਲਾ ਦਿਨ ਭਾਰਤ ਲਈ ਬੜਾ ਦੁਖਦਾਈ ਸੀ। ਇਸ ਦਿਨ ਅਸੀਂ ਐਨ ਵੱਖਰੇ, ਦੋ ਮੁਸਲਮਾਨਾਂ ਦੀਆਂ ਮੌਤਾਂ ਦੇਖੀਆਂ। ਨਾਗਪੁਰ ਦੀ ਸੈਂਟਰਲ ਜੇਲ੍ਹ ਵਿਚ ਯਾਕੂਬ ਅਬਦੁੱਲ ਰੱਜ਼ਾਕ ਮੈਮਨ ਨੂੰ ਫਾਹੇ ਲਾ ਦਿੱਤਾ। ਇਸ ਕਾਰੇ 'ਤੇ ਕਿਤੇ ਚੁੱਪ-ਚਾਪ ਅਤੇ ਕਿਤੇ ਰਲ ਕੇ ਬਾਘੀਆਂ ਪਾਈਆਂ ਗਈਆਂ। ਰਾਮੇਸ਼ਵਰਮ ਵਿਚ ਏ.ਪੀ.ਜੇ. ਅਬਦੁੱਲ ਕਲਾਮ ਨੂੰ ਸਪੁਰਦ-ਏ-ਖ਼ਾਕ ਕਰ ਦਿੱਤਾ। ਪੂਰੇ ਤਾਮ-ਝਾਮ ਅਤੇ ਸਰਕਾਰੀ ਸਨਮਾਨਾਂ ਨਾਲ ਇਹ ਰਸਮ ਕੀਤੀ ਗਈ। ਕਿਸੇ ਕੈਮਰੇ ਨੂੰ ਨਾਗਪੁਰ ਵਾਲੀ ਮੌਤ ਕੈਮਰਾਬੰਦ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਰਾਮੇਸ਼ਵਰਮ ਵਾਲੀ ਰਸਮ ਵੇਲੇ ਹਰ ਪਾਸੇ ਕੈਮਰਿਆਂ ਦੀਆਂ ਰੌਸ਼ਨੀਆਂ ਦਾ ਹੜ੍ਹ ਸੀ।



ਨਾਗਪੁਰ ਵਿਚ ਇਹ ਭਰਮ ਪੈਦਾ ਕੀਤਾ ਗਿਆ ਕਿ


**ਹਰੀਸ਼ ਖਰੇ**

ਸੁਭਾਵਿਕ, ਪਰ ਖਰਾ ਅਤੇ ਬੇਹੱਦ ਜ਼ਰੂਰੀ ਸੁਨੇਹਾ ਦਿੱਤਾ ਜਾ ਰਿਹਾ ਹੈ। ਆਧੁਨਿਕ ਮੁਲਕ ਦੀ ਇਹ ਜ਼ਿੰਮੇਵਾਰੀ ਹੈ ਕਿ ਇਹ ਅੰਦਰੂਨੀ ਤੇ ਬਾਹਰੂਨੀ ਤਾਕਤਾਂ ਤੋਂ ਆਪਣੇ ਬਾਸ਼ਿੰਦਿਆਂ ਦੀ ਜਾਨ-ਮਾਲ ਦੀ ਰਾਖੀ ਕਰੇ ਤੇ ਅਮਨ-ਅਮਾਨ ਕਾਇਮ ਰੱਖੇ। ਸੁਭਾਵਿਕ ਸਿੱਟਾ ਸਾਹਮਣੇ ਹੈ। ਰਖਵਾਲੇ ਦੇ ਤੌਰ 'ਤੇ, ਸਟੇਟ ਅਤੇ ਇਸ ਦੇ ਸ਼ਾਸਕਾਂ ਤੇ ਅਹਿਲਕਾਰਾਂ ਦਾ ਇਹ ਫਰਜ਼ ਹੈ ਕਿ ਜਿਹੜੇ ਅਨਸਰ ਲੋਕਾਂ ਨੂੰ ਮਾਰਦੇ ਜਾਂ ਕੋਈ ਨੁਕਸਾਨ ਪਹੁੰਚਾਉਂਦੇ ਹਨ, ਉਨ੍ਹਾਂ ਨੂੰ ਸਜ਼ਾਵਾਂ ਯਕੀਨੀ ਬਣਾਈਆਂ ਜਾਣ। ਯਾਕੂਬ ਮੈਮਨ ਲਈ ਮੌਤ ਮੰਗ ਕੇ ਅਸੀਂ ਤਸੱਲੀ ਮਹਿਸੂਸ ਕਰ ਸਕਦੇ ਹਾਂ ਕਿ ਬੁਨਿਆਦੀ ਸਿਧਾਂਤ ਬਹਾਲ ਰਹੇ ਹਨ ਅਤੇ ਬੁਨਿਆਦੀ ਫਰਜ਼ ਵੀ ਨਿਭਾਏ ਗਏ ਹਨ। ਇਹ ਪ੍ਰਭਾਵ ਵੀ ਦਿੱਤਾ ਗਿਆ ਕਿ ਯਾਕੂਬ ਦੀ ਮਜ਼ਹਬੀ ਸ਼ਨਾਖ਼ਤ ਮਹਿਜ਼ ਇਤਫ਼ਾਕ ਹੀ ਸੀ।

ਰਾਮੇਸ਼ਵਰਮ ਵਿਚ ਇਕ ਹੋਰ ਸੁਨੇਹਾ ਦੇਣ ਦਾ ਜ਼ਿੰਮਾ ਲਿਆ: ਭਾਰਤ ਦਾ ਰਾਜ ਪ੍ਰਬੰਧ ਧਰਮ ਨਿਰਪੱਖ ਹੈ ਅਤੇ ਅਸੀਂ ਮਾਣ ਮਹਿਸੂਸ ਕਰ ਸਕਦੇ ਹਾਂ ਕਿ ਇਸ ਦੇ ਉਚੇ ਅਹੁਦੇ, ਘੱਟ ਗਿਣਤੀਆਂ ਦੇ ਹਰ ਮਰਦ-ਔਰਤ ਲਈ ਖੁੱਲ੍ਹੇ ਹਨ। ਅਸੀਂ ਦਾਅਵਾ ਕਰ ਸਕਦੇ ਹਾਂ ਕਿ ਇਨਾਮ ਅਤੇ ਸਜ਼ਾ ਦੇ ਸਿਲਸਿਲੇ ਵਿਚ ਇਕੱਲੇ ਸਦਗੁਣ ਤੇ ਪ੍ਰਾਪਤੀਆਂ ਦਾ ਹੀ ਲੇਖਾ ਹੁੰਦਾ ਹੈ, ਮਜ਼ਹਬੀ ਸਰੋਕਾਰਾਂ ਦਾ ਨਹੀਂ। ਅਸੀਂ ਇਸ ਗੱਲ 'ਤੇ ਟੇਕ ਰੱਖ ਸਕਦੇ ਹਾਂ ਕਿ ਅਸੀਂ ਕਾਬਲੀਅਤ ਆਧਾਰਤ ਸਿਵਲ ਸੁਸਾਇਟੀ ਅਤੇ ਧਰਮ ਨਿਰਪੱਖ ਸਿਆਸੀ ਪ੍ਰਬੰਧ ਉਸਾਰ ਲਿਆ ਹੈ।

ਨਾਗਪੁਰ ਵਿਚ ਭਾਰਤੀ ਸਟੇਟ ਦੇ ਬਲਸ਼ਾਲੀ ਕਿਰਦਾਰ ਉਤੇ ਜ਼ੋਰ ਦਿੱਤਾ ਅਤੇ ਦਰਸਾਇਆ ਗਿਆ ਕਿ ਭਾਰਤ ਕੋਈ ਫੋਸਡ ਸਟੇਟ ਨਹੀਂ ਹੈ। ਜੇ ਕੋਈ ਸਾਡੇ ਕਾਨੂੰਨ ਤੇ ਪ੍ਰਬੰਧ ਨੂੰ ਵੰਗਾਰਦਾ ਹੈ ਤਾਂ ਅਸੀਂ ਉਸ ਨੂੰ ਸਬਕ ਸਿਖਾਉਣ ਦੇ ਸਮਰੱਥ ਹਾਂ। ਰਾਮੇਸ਼ਵਰਮ ਵਿਚ ਅਸੀਂ ਦਰਸਾਇਆ ਕਿ ਅਸੀਂ ਭਾਰਤੀ ਸਟੇਟ ਦੀ ਧਰਮ ਨਿਰਪੱਖ ਸ਼ਨਾਖਤ ਕਾਇਮ ਰੱਖੀ ਹੈ। ਇਹ ਦੋਵੇਂ ਦਲੀਲਾਂ ਓੜਕ ਹਨ ਕਿਉਂਕਿ ਦੋਵੇਂ ਹੀ ਨਿਗੁਣਵਾਦੀ ਸਿਆਸੀ ਸੋਚ ਉਤੇ ਪਰਦਾ ਪਾਉਂਦੀਆਂ ਹਨ। ਯਾਕੂਬ ਦੀ ਮੌਤ ਮੌਕੇ ਸਿਰਫ ਜੱਲਾਦ ਦਾ ਸਾਜ਼-ਸਮਾਨ ਹੀ ਮੌਜੂਦ ਸੀ ਅਤੇ ਕਲਾਮ ਨੂੰ ਸਪੁਰਦ-ਏ-ਖ਼ਾਕ ਕਰਨ ਮੌਕੇ ਫ਼ੌਜੀ ਬਿਗਲਚੀ ਮਾਤਮੀ ਧੁਨਾਂ ਛੇੜ ਰਹੇ ਸਨ। ਇਹ ਦੋਵੇਂ ਹੀ ਦ੍ਰਿਸ਼ ਸਾਨੂੰ ਸਾਡੇ ਸੰਕਲਪ ਦੀ ਯਾਦ ਦਿਵਾ ਰਹੇ ਸਨ ਜੋ ਹੁਣ ਨਿਰੋਲ ਸੰਸਥਾਈ ਤੇ ਬਿਮਾਰ ਉਦਾਰਵਾਦ ਦਾ ਸਰੂਪ ਗ੍ਰਹਿਣ ਕਰ ਚੁੱਕਾ ਹੈ।

ਯਾਕੂਬ ਦੇ ਮਾਮਲੇ ਵਿਚ ਅਸੀਂ ਆਪਣੀ ਸਮੂਹਿਕ ਸੋਚ ਵਿਚੋਂ ਉਸ ਦੇ ਅਪਰਾਧ ਨਾਲ ਜੁੜੇ ਪ੍ਰਸੰਗ ਦਾ ਖੁਰਾ-ਖੋਜ ਪੂੰਝ ਸੁੱਟਿਆ। ਆਓ ਜ਼ਰਾ ਯਾਦ ਕਰੀਏ ਕਿ ਪ੍ਰਸੰਗ ਬਾਬਰੀ ਮਸਜਿਦ ਢਾਹ ਸੁੱਟਣ ਦਾ ਸੀ; ਤੇ ਇਹ ਕੋਈ ਐਵੇਂ ਵਾਪਰੀ ਘਟਨਾ ਨਹੀਂ ਸੀ। ਇਹ ਤਾਂ ਸਿਆਸੀ ਗੋਲਬੰਦੀ ਤਹਿਤ, ਬਾਕਾਇਦਾ ਸੋਚੀ-ਵਿਚਾਰੀ ਅਤੇ ਅਮਲ ਵਿਚ ਲਿਆਂਦੀ ਰਣਨੀਤੀ ਦਾ ਹਿੱਸਾ ਸੀ। ਐਲ.ਕੇ. ਅਡਵਾਨੀ ਇਸ ਦੀ ਅਗਵਾਈ ਕਰ ਰਹੇ ਸਨ ਜਿਨ੍ਹਾਂ ਸੋਮਨਾਥ ਤੋਂ ਅਯੁੱਧਿਆ ਲਈ ਰੱਥ ਯਾਤਰਾ ਆਰੰਭ ਕਰ ਕੇ ਆਪਣੇ ਪਿਛਾਂਹ ਹਿੰਸਾ, ਭੈਅ ਤੇ ਦਹਿਸ਼ਤ ਦਾ ਝੱਖੜ ਝੁਲਾ ਦਿੱਤਾ ਸੀ। ਰਣਨੀਤੀ ਇਹ ਸੀ ਕਿ ਹਿੰਦੂ ਬਹੁ-ਗਿਣਤੀ ਨੂੰ "ਬਾਬਰ ਕੀ



ਔਲਾਦ" (ਜਿਵੇਂ ਅਡਵਾਨੀ ਨੇ ਉਕਸਾਊ ਮੁਹਾਵਰਾ ਵਰਤਿਆ ਸੀ) ਨੂੰ ਇਨ੍ਹਾਂ ਦੀ ਔਕਾਤ ਦਿਖਾਉਣ ਲਈ ਉਤਸ਼ਾਹਿਤ ਕੀਤਾ ਜਾਵੇ। ਇਸ ਦਾ ਅਸਿੱਧਾ ਅਰਥ ਇਹ ਸੀ ਕਿ ਘੱਟ ਗਿਣਤੀਆਂ ਨੂੰ ਬਹੁਗਿਣਤੀ ਦੀਆਂ ਮੰਗਾਂ ਤੇ ਤਰਜੀਹਾਂ ਮੁਤਾਬਕ ਸਿੱਧੇ ਹੋਣ ਦਾ ਸੁਨੇਹਾ ਦਿੱਤਾ ਜਾਵੇ। ਯਾਕੂਬ ਤੇ ਉਸ ਦੇ ਨਾਲ ਵਾਲੇ ਇਹ ਸੋਚ ਕੇ ਗੁੰਮਰਾਹ ਹੋ ਗਏ ਕਿ ਉਹ ਅਡਵਾਨੀ ਦੀ ਸਿਆਸਤ ਨੂੰ ਹਿੰਸਕ ਢੰਗ-ਤਰੀਕਿਆਂ ਨਾਲ ਜਵਾਬ ਦੇ ਸਕਦੇ ਹਨ।

ਮੁਲਕ ਵਿਚ ਕਲਾਮ ਦੀ ਸਭ ਤੋਂ ਉਚੇ ਅਹੁਦੇ ਤੱਕ ਪਹੁੰਚ ਦਾ ਵੀ ਆਪਣਾ ਪ੍ਰਸੰਗ ਹੈ; ਤੇ ਉਹ ਪ੍ਰਸੰਗ 2002 ਵਿਚ ਗੁਜਰਾਤ ਦੇ ਭਿਆਨਕ ਮੁਸਲਮਾਨ-ਵਿਰੋਧੀ ਦੰਗਿਆਂ ਬਾਰੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਬੇਵਸੀ ਦਾ ਸੀ। ਵਾਜਪਾਈ ਨੇ ਜਦੋਂ ਇਹ ਕਿਹਾ ਕਿ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਆਪਣਾ ਰਾਜ ਧਰਮ ਨਿਭਾਉਣ ਵਿਚ ਨਾਕਾਮ ਰਹੇ ਹਨ ਤਾਂ ਉਨ੍ਹਾਂ ਦੀ ਆਪਣੀ ਪਾਰਟੀ ਦੇ ਸੀਨੀਅਰ ਸਾਥੀਆਂ ਨੇ ਉਨ੍ਹਾਂ ਨੂੰ ਅਲੱਗ-ਥਲੱਗ ਕਰ ਦਿੱਤਾ। ਵਾਜਪਾਈ ਚਾਹੁੰਦੇ ਸਨ ਕਿ ਸਿਆਸੀ ਜਵਾਬਦੇਹੀ ਦਾ ਸਿਧਾਂਤ ਕਾਇਮ ਰੱਖਿਆ ਜਾਵੇ। ਉਨ੍ਹਾਂ ਦੀ ਰਾਜ ਧਰਮ ਵਾਲੀ ਸ਼ਾਸਨ ਕਲਾ ਦੀ ਮੰਗ ਨੂੰ ਠੋਕਰ ਮਾਰ ਦਿੱਤੀ ਗਈ ਸੀ। ਇਸੇ ਪਛਤਾਵੇ ਵਿਚੋਂ ਵਾਜਪਾਈ ਧੜਾ ਅਬਦੁੱਲ ਕਲਾਮ ਨੂੰ ਅੱਗੇ ਲੈ ਕੇ ਆਇਆ ਤਾਂ ਕਿ ਭਾਰਤ ਦੇ ਦਾਗ਼ਦਾਰ ਹੋਏ ਅਕਸ ਨੂੰ ਧੋਤਾ ਜਾ ਸਕੇ। ਅਬਦੁੱਲ ਕਲਾਮ ਕਈ ਹੋਰ ਕਾਰਨਾਂ ਕਰ ਕੇ ਵੀ ਇਸ ਮਾਮਲੇ ਵਿਚ ਐਨ ਫਿੱਟ ਬੈਠਦੇ ਸਨ। ਐਨ.ਡੀ.ਏ. ਦੇ ਰਾਜ ਦੌਰਾਨ ਰਾਸ਼ਟਰਪਤੀ ਭਵਨ ਦੀ ਲਚਕ ਬਾਰੇ ਤਾਂ ਸਭ ਨੂੰ ਖ਼ਬਰ ਹੀ ਹੈ। ਮਸਲਨ, ਪਾਰਲੀਮੈਂਟ ਦੇ ਕੇਂਦਰੀ ਹਾਲ ਵਿਚ ਵੀਰ ਸਾਵਰਕਰ ਦੀ ਤਸਵੀਰ ਤੋਂ ਪਰਦਾ ਉਠਾਉਣ ਦਾ ਕੰਮ ਉਨ੍ਹਾਂ ਨੇ ਖ਼ੁਸ਼ੀ ਖ਼ੁਸ਼ੀ ਕੀਤਾ। ਉਨ੍ਹਾਂ ਤੋਂ ਪਹਿਲੇ ਰਾਸ਼ਟਰਪਤੀ ਕੇ.ਆਰ. ਨਰਾਇਣਨ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

ਅਸੀਂ ਇਸ ਗੱਲੋਂ ਤਸੱਲੀ ਮਹਿਸੂਸ ਕਰਦੇ ਹਾਂ ਕਿ ਨਿਆਂਪਸੰਦ ਸਮਾਜ ਦੇ ਸਿਧਾਂਤ ਅਤੇ ਦਸਤੂਰ ਕਾਇਮ ਰੱਖਣ ਲਈ ਸਾਡਾ ਨਿਆਇਕ ਅਮਲ ਬੜਾ ਖਰਾ ਤੇ ਉਦਾਰ ਹੈ। ਸੱਚਮੁੱਚ, ਯਾਕੂਬ ਅਤੇ ਉਸ ਦੇ ਵਕੀਲਾਂ ਨੂੰ ਹਰ ਕਾਨੂੰਨੀ ਚਾਰਾਜੋਈ ਅਤੇ ਰਾਹਤ ਲਈ ਇਜਾਜ਼ਤ ਦਿੱਤੀ ਗਈ, ਪਰ ਸਵਾਲ ਕਾਨੂੰਨੀ ਢਾਂਚੇ ਦੀ ਮਜ਼ਬੂਤੀ ਬਾਰੇ ਨਹੀਂ ਹੈ; ਸਗੋਂ ਹੁਣ ਤਾਂ ਭਾਰਤੀ ਰਾਜ ਪ੍ਰਬੰਧ ਦੀ ਨਿਰਪੱਖਤਾ, ਇਸ ਦਾ ਨੈਤਿਕ ਵਿਵੇਕ ਅਤੇ ਸਦਾਚਾਰ ਦਾਅ ਉਤੇ ਹੈ। ਦੂਜੇ ਪਾਸੇ, ਅਸੀਂ ਭੁੱਲ ਹੀ ਗਏ ਹਾਂ ਕਿ ਅਡਵਾਨੀ ਤੇ ਹੋਰਨਾਂ ਖ਼ਿਲਾਫ਼ ਬਾਬਰੀ ਮਸਜਿਦ ਢਾਹੁਣ ਵਾਲੇ ਚਰਚਿਤ ਕੇਸ ਦਾ ਕਾਨੂੰਨੀ ਅਮਲ ਅਜੇ ਸਿਰੇ ਚੜ੍ਹਨਾ ਬਾਕੀ ਹੈ।

ਬਾਬਰੀ ਮਸਜਿਦ ਢਾਹੁਣ ਵਾਲੇ ਕੇਸ ਵਿਚ ਅਸਲ ਅਪਰਾਧ ਨੂੰ ਲਾਂਭੇ ਹੀ ਕਰ ਦਿੱਤਾ ਗਿਆ ਹੈ, ਇਥੋਂ ਤੱਕ ਕਿ ਇਸ ਨੂੰ 'ਸਿਆਸੀ ਕੋਤਾਹੀ' ਦੱਸ ਕੇ ਪੱਲਾ ਝਾੜਿਆ ਜਾ ਰਿਹਾ ਹੈ, ਪਰ ਯਾਕੂਬ ਦੇ ਅਪਰਾਧ ਨੂੰ ਵਿਅਕਤੀਗਤ ਅਪਰਾਧ ਆਖ ਕੇ ਨਿਖੇੜ ਲਿਆ ਗਿਆ ਅਤੇ ਉਸ ਨੂੰ ਸਜ਼ਾ ਦੇ ਦਿੱਤੀ ਗਈ। ਉਸ ਦੇ ਵਿਰੋਧੀ ਅਡਵਾਨੀ ਨੂੰ ਬਲੈਕ ਕੈਟ ਕਮਾਂਡੋਜ਼ ਦੀ ਸੁਰੱਖਿਆ ਮਿਲੀ ਹੋਈ ਹੈ। ਇਹ ਕਮਾਂਡੋਜ਼ ਭਾਰਤੀ ਸਟੇਟ ਦੀ ਸਰਦਾਰੀ ਦੇ ਹੀ ਚਿੰਨ੍ਹ ਹਨ। ਯਾਕੂਬ ਨੂੰ ਫਾਹੇ ਲਾਉਣ 'ਚ ਅਣਐਲਾਨੀ, ਪਰ ਬੜੀ ਪ੍ਰਤੱਖ ਸਮਝ ਝਲਕਾਂ ਮਾਰ ਰਹੀ ਹੈ। ਨਾਗਪੁਰ ਸੈਂਟਰਲ ਜੇਲ੍ਹ ਵਿਚ ਮੌਤ ਦੀ ਇਸ ਵਹਿਸ਼ਿਆਨਾ ਰਸਮ ਨਾਲ, ਕਦੀ ਵੀ ਵੱਖ ਨਾ ਕੀਤਾ ਜਾਣ ਵਾਲਾ ਇਤਿਹਾਸ ਰਲਗੱਡ ਕਰ ਦਿੱਤਾ ਗਿਆ ਹੈ। ਯਾਕੂਬ ਸਾਨੂੰ ਮੁਕਤੀ ਦਾ ਮੌਕਾ ਦੇ ਰਿਹਾ ਸੀ, ਅਸੀਂ ਸਵੀਕਾਰ ਨਹੀਂ ਕੀਤਾ; ਸਗੋਂ ਅਸੀਂ ਬਦਲੇ ਅਤੇ ਵੈਰ ਦੀ ਜ਼ਿੱਦ ਹੇਠ, ਪ੍ਰਸੰਨਚਿੱਤ ਹਾਂ।

ਉਜਵਲ ਨਿਕਮ ਮਾਰਕਾ ਵੱਧ ਤੋਂ ਵੱਧ ਸਜ਼ਾ ਵਾਲੀ ਸੋਚ ਨੇ ਸਾਡੇ ਨਾਮੁਕੰਮਲ ਉਦਾਰਵਾਦ ਨੂੰ ਪਛਾੜ ਦਿੱਤਾ ਹੈ। ਨਾਗਪੁਰ ਵਿਚ ਅਸੀਂ ਸਭ ਤੋਂ ਮੁਸ਼ਕਿਲ ਘੁੰਢੀ ਸੁਲਝਾਉਣ ਦਾ ਮੌਕਾ ਗੁਆ ਲਿਆ ਹੈ ਜਿਹੜਾ ਬਹੁਗਿਣਤੀ ਅਤੇ ਘੱਟ ਗਿਣਤੀਆਂ ਵਿਚਕਾਰ ਸਹਿਹੋਂਦ ਦੇ ਇਕਰਾਰਾਂ ਨਾਲ ਸਬੰਧਤ ਸੀ। ਇਹ ਘੁੰਢੀ ਸਾਡੇ ਰਾਜ ਪ੍ਰਬੰਧ ਦੀ ਅਰੋਗਤਾ ਅਤੇ ਭਾਰਤੀ ਸਟੇਟ ਦੀ ਕਾਰਗਰੀ ਲਈ ਕੱਲ੍ਹ ਵੀ ਅਹਿਮ ਸੀ, ਅੱਜ ਵੀ ਹੈ ਅਤੇ ਕੱਲ੍ਹ ਵੀ ਰਹੇਗੀ। ਰਾਮੇਸ਼ਵਰਮ ਵਿਚ ਫ਼ੌਜੀ ਸਲਾਮੀਆਂ ਤੇ ਰੀਤਾਂ, ਨਾਗਪੁਰ ਵਿਚ ਦਰਸਾਈ ਰੱਤ ਦੀ ਤ੍ਰੇਹ ਤੋਂ ਉਪਜੇ ਪਾੜੇ ਨੂੰ ਪੂਰ ਨਹੀਂ ਸਕਣਗੀਆਂ। ਜੋ ਕੁਝ ਵਾਪਰਿਆ ਹੈ, ਉਸ ਤੋਂ ਜਿੱਥੇ ਇੱਕ ਮੁਲਕ ਦੇ ਤੌਰ 'ਤੇ ਸਾਨੂੰ ਜ਼ਰੂਰ ਹੀਣੇ ਮਹਿਸੂਸ ਕਰਨਾ ਚਾਹੀਦਾ ਹੈ, ਉਥੇ ਇੱਕ ਸਟੇਟ ਦੇ ਤੌਰ 'ਤੇ ਅਸੀਂ ਆਪਣੇ ਅਕਸ ਨੂੰ ਜੋ ਖ਼ੁਦ-ਬਖ਼ੁਦ ਸੱਟ ਮਾਰੀ ਹੈ, ਉਸ ਤੋਂ ਸਾਨੂੰ ਸ਼ਰਮਸਾਰ ਹੋਣਾ ਚਾਹੀਦਾ ਹੈ।

# ਯਾਕੂਬ ਮੈਮਨ ਦੇ 'ਗੁਨਾਹ' ਦਾ ਪਿਛੋਕੜ

ਮੁਲਕ ਦੀਆਂ ਇਨਸਾਫਪਸੰਦ ਜਮਹੂਰੀ ਤਾਕਤਾਂ, ਜਮਹੂਰੀ/ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ, ਬੇਸ਼ੁਮਾਰ ਬੁੱਧੀਜੀਵੀਆਂ ਅਤੇ ਸਾਬਕਾ ਜੱਜਾਂ ਆਦਿ ਦੇ ਤਿੱਖੇ ਵਿਰੋਧ ਦੇ ਬਾਵਜੂਦ ਯਾਕੂਬ ਮੈਮਨ ਨੂੰ ਫਾਂਸੀ ਦੇ ਦਿੱਤੀ ਗਈ। ਇਸ ਬਦਲੇ ਉਨ੍ਹਾਂ ਸਾਰਿਆਂ ਨੂੰ ਦੇਸ਼ਧ੍ਰੋਹੀ ਕਹਿਣ 'ਚ ਸੱਤਾਧਾਰੀਆਂ ਨੂੰ ਕੋਈ ਸੰਕੋਚ ਨਹੀਂ। ਯਾਕੂਬ ਅਤੇ ਉਸ ਦੇ ਪਰਿਵਾਰ ਵਲੋਂ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਬਦਲਣ ਦੀਆਂ ਅਰਜੋਈਆਂ ਦਾ ਨਿਜ਼ਾਮ ਉਪਰ ਕੋਈ ਅਸਰ ਨਹੀਂ ਹੋਇਆ। ਕੀ ਇਹ ਸਟੇਟ ਸੱਚੀਂ ਹੀ ਇਸ ਦੇ ਦਾਅਵੇ ਅਨੁਸਾਰ ਧਰਮ ਨਿਰਪੱਖ ਅਤੇ ਸੁਪਰ ਜਮਹੂਰੀਅਤ ਹੈ ਜਿਸ ਵਿਚ ਲਹੂ ਮੰਗਦੀਆਂ ਅਤੇ ਕਤਲੋਗਾਰਤ ਉਪਰ ਫ਼ਖ਼ਰ ਮਹਿਸੂਸ ਕਰਨ ਵਾਲੀਆਂ ਆਦਮਖੋਰ

**ਬੂਟਾ ਸਿੰਘ**

ਹਿੰਦੂਤਵੀ ਜੀਭਾਂ ਨੂੰ ਤਾਂ ਜ਼ਮਾਨਤਾਂ ਦਿੱਤੀਆਂ ਜਾ ਰਹੀਆਂ ਹਨ, ਪਰ ਯਾਕੂਬ ਅਤੇ ਅਫ਼ਜ਼ਲ ਗੁਰੂ ਵਰਗੇ ਮੁਸਲਮਾਨ ਕਿਸੇ ਕਤਲੇਆਮ ਲਈ ਸਿੱਧੇ ਗੁਨਾਹਗਾਰ ਨਾ ਹੋਣ ਦੇ ਬਾਵਜੂਦ ਫਾਹੇ ਲਾਏ ਜਾ ਰਹੇ ਹਨ। ਦਰਅਸਲ, ਸਟੇਟ ਦਾ ਹਿੰਦੂ ਫਿਰਕਾਪ੍ਰਸਤ ਅਤੇ ਤਾਨਾਸ਼ਾਹ ਕਿਰਦਾਰ ਮੂੰਹ ਚੜ੍ਹ ਬੋਲ ਰਿਹਾ ਹੈ। ਇਹ ਪਛਤਾਵੇ ਅਤੇ ਸੁਧਾਰ ਦਾ ਰਸਤਾ ਬੰਦ ਕਰ ਕੇ ਗੁਨਾਹਗਾਰ ਨੂੰ ਕਤਲ ਕਰਨ ਨੂੰ ਤਰਜੀਹ ਦਿੰਦਾ ਹੈ, ਉਹ ਵੀ ਤਹਿਜ਼ੀਬ ਦੇ ਅਜੋਕੇ ਪੜਾਅ ਉਪਰ ਜਦੋਂ ਸਜ਼ਾ-ਏ-ਮੌਤ ਦੀ ਕੋਈ ਵਾਜਬੀਅਤ ਨਹੀਂ ਅਤੇ ਜਦੋਂ ਦੁਨੀਆਂ ਦੇ 99 ਮੁਲਕਾਂ ਨੇ ਇਹ ਸਜ਼ਾ ਖ਼ਤਮ ਕਰ ਦਿੱਤੀ ਹੋਈ ਹੈ।

ਸਜ਼ਾਵਾਂ ਬਾਰੇ ਨਿਆਂ ਪ੍ਰਬੰਧ ਦੇ ਦੂਹਰੇ ਮਿਆਰ ਹਨ। ਇਹ ਸਥਾਪਤੀ ਵਿਰੋਧੀ ਹਿੰਸਾ 'ਚ ਸ਼ਾਮਲ ਲੋਕਾਂ ਨੂੰ ਤਾਂ ਮੌਤ ਦੇ ਹਵਾਲੇ ਕਰ ਰਿਹਾ ਹੈ, ਪਰ ਅਵਾਮ ਅਤੇ ਧਾਰਮਿਕ ਘੱਟ ਗਿਣਤੀਆਂ ਦੀ ਕਤਲੋਗਾਰਤ ਕਰਨ ਵਾਲੀ ਸਟੇਟ ਮਸ਼ੀਨਰੀ ਅਤੇ ਹੁਕਮਰਾਨ ਸਿਆਸੀ ਤਾਕਤਾਂ ਨੂੰ ਹਰ ਹਰਬਾ ਵਰਤ ਕੇ ਕਲੀਨ ਚਿੱਟਾਂ ਦੇ ਰਿਹਾ ਹੈ। ਇਸ ਅੱਗੇ ਨਿਆਂ ਦਾ, ਗੁਨਾਹਗਾਰ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ ਹੈ; ਨਾ ਇਹ ਕਿ ਕੋਈ ਕਿੰਨਾ ਗੁਨਾਹਗਾਰ ਹੈ; ਸਗੋਂ ਸਿੱਧਾ ਪੈਮਾਨਾ ਹੈ ਕਿ ਹਿੰਦੂ ਫਿਰਕਾ ਤਾਂ ਜਮਾਂਦਰੂ ਤੌਰ 'ਤੇ ਅਹਿੰਸਾ ਦਾ ਪੁਜਾਰੀ ਹੈ। ਇਹ ਚਾਹੇ ਹਜ਼ਾਰਾਂ ਭੋਲੇ-ਭਾਲੇ ਲੋਕਾਂ ਨੂੰ ਸੜਕਾਂ ਉਪਰ ਕਤਲ ਕਰ ਦੇਣ, ਇਨ੍ਹਾਂ ਨੂੰ ਦਹਿਸ਼ਤਗਰਦ ਨਹੀਂ ਗਿਣਿਆ ਜਾਵੇਗਾ। ਇਸੇ ਲਈ ਬਾਬਰੀ ਮਸਜਿਦ ਨੂੰ ਢਾਹੁਣ ਪਿੱਛੋਂ ਦੀ ਕਤਲੋਗਾਰਤ ਵਿਚ 900 ਮੁੰਬਈ ਵਾਸੀਆਂ ਸਮੇਤ 2000 ਲੋਕਾਂ ਦੀਆਂ ਜਾਨਾਂ ਲੈਣ ਦੇ ਮੁਜਰਿਮ ਅੱਜ ਵੀ ਦਨਦਨਾ ਰਹੇ ਹਨ। 1984 ਵਿਚ ਜਿਨ੍ਹਾਂ ਨੇ ਪੰਜ ਹਜ਼ਾਰ ਬੇਕਸੂਰ ਸਿੱਖਾਂ ਨੂੰ ਸੜਕਾਂ ਉਪਰ ਜਿਉਂਦੇ ਸਾੜਿਆ, ਕਤਲੋਗਾਰਤ ਦੀ ਸਿੱਧੀ ਅਗਵਾਈ ਕੀਤੀ ਅਤੇ ਆਰ.ਐਸ.ਐਸ. ਦੇ ਜਿਸ ਤਾਣੇਬਾਣੇ ਨੇ ਹਜੂਮਾਂ ਨੂੰ ਉਕਸਾ ਕੇ ਵਿਉਂਤਬਧ ਤਰੀਕੇ ਨਾਲ ਕਤਲੋਗਾਰਤ ਨੂੰ ਅਮਲ 'ਚ ਲਿਆਂਦਾ, ਦਹਿਸ਼ਤਗਰਦੀ ਦੀ ਪ੍ਰਿਭਾਸ਼ਾ ਉਨ੍ਹਾਂ ਲਈ ਨਹੀਂ ਹੈ।

ਯਾਕੂਬ ਬਾਰੇ ਕਿਹਾ ਗਿਆ ਕਿ ਉਹ 257 ਵਿਅਕਤੀਆਂ ਨੂੰ ਬੰਬ ਧਮਾਕਿਆਂ ਵਿਚ ਮਾਰਨ ਦੀ ਸਾਜ਼ਿਸ਼ ਦਾ ਹਿੱਸੇਦਾਰ ਸੀ ਕਿਉਂਕਿ ਉਹ ਆਪਣੇ ਭਰਾ ਟਾਈਗਰ ਮੈਮਨ ਦੇ ਖਾਤਿਆਂ ਦਾ ਹਿਸਾਬ-ਕਿਤਾਬ ਦੇਖਦਾ ਸੀ, ਪਰ 'ਸਾਜ਼ਿਸ਼ ਵਿਚ ਹਿੱਸੇਦਾਰ' ਨੂੰ ਮੌਤ ਦੀ ਸਜ਼ਾ ਦੇਣ ਵਾਲਾ ਅਦਾਲਤੀ ਪ੍ਰਬੰਧ, ਇਸ ਸਜ਼ਾ ਦੀ ਵਜਾਹਤ ਕਰਨ ਵਾਲੇ 'ਦੇਸ਼ਭਗਤ' ਉਸ ਕਤਲੋਗਾਰਤ ਬਾਰੇ ਖ਼ਾਮੋਸ਼ ਹਨ ਜਿਸ ਦੇ ਪ੍ਰਤੀਕਰਮ ਵਜੋਂ ਮੁਸਲਿਮ ਇੰਤਹਾਪਸੰਦਾਂ ਵਲੋਂ ਲੜੀਵਾਰ ਬੰਬ ਧਮਾਕੇ ਕੀਤੇ ਗਏ। ਜਸਟਿਸ ਬੀ.ਐਨ. ਕ੍ਰਿਸ਼ਨਾ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਹਿੰਦੂ ਫਾਸ਼ੀਵਾਦੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਜੋ ਇਸ ਬਾਬਤ ਪ੍ਰਮਾਣਿਕ ਦਸਤਾਵੇਜ਼ ਹੈ ਜਿਸ ਨੂੰ ਬਾਬਰੀ ਮਸਜਿਦ ਢਾਹੇ ਜਾਣ ਪਿੱਛੋਂ ਦਸੰਬਰ 1992 ਅਤੇ ਜਨਵਰੀ 1993 'ਚ ਮੁੰਬਈ ਵਿਚ ਹੋਏ 'ਫ਼ਸਾਦਾਂ' ਦੀ ਜਾਂਚ ਕਰਨ ਲਈ ਕਿਹਾ ਗਿਆ ਸੀ।

ਰਿਪੋਰਟ ਅਨੁਸਾਰ, '8 ਜਨਵਰੀ 1993 ਤੋਂ ਸ਼ਿਵ ਸੈਨਾ ਅਤੇ ਸ਼ਿਵ ਸੈਨਿਕਾਂ ਨੇ ਮੁਸਲਮਾਨਾਂ ਤੇ ਉਨ੍ਹਾਂ ਦੀਆਂ ਜਾਇਦਾਦਾਂ ਉਪਰ ਜਥੇਬੰਦ ਹਮਲਿਆਂ ਦੀ ਅਗਵਾਈ ਕੀਤੀ। ਇਹ ਸ਼ਾਖਾ ਪ੍ਰਮੁੱਖ ਤੋਂ ਲੈ ਕੇ ਸ਼ਿਵ ਸੈਨਾ ਦੇ ਪ੍ਰਮੁੱਖ ਬਾਲ ਠਾਕਰੇ ਪੱਧਰ ਦੇ ਅਨੇਕ ਸ਼ਿਵ ਸੈਨਾ ਆਗੂਆਂ ਦੀ ਅਗਵਾਈ ਹੇਠ ਹੋਇਆ ਜੋ ਬਦਲਾਲਊ ਹਮਲਿਆਂ ਕਰਨ ਲਈ ਇਕ ਤਜਰਬੇਕਾਰ ਜਰਨੈਲ ਦੀ ਤਰ੍ਹਾਂ ਆਪਣੇ ਵਫ਼ਾਦਾਰ ਸ਼ਿਵ ਸੈਨਿਕਾਂ ਦੀ ਕਮਾਨ ਕਰ ਰਿਹਾ ਸੀ।'

'ਛੇ ਜਨਵਰੀ 1993 ਤੋਂ ਲੈ ਕੇ ਵੱਡੇ ਪੱਧਰ 'ਤੇ ਦੰਗੇ-ਫ਼ਸਾਦ ਅਤੇ ਹਿੰਸਾ ਹੋਈ.... ਸ਼ਿਵ ਸੈਨਾ ਤੇ ਇਸ ਦੇ ਆਗੂਆਂ ਨੇ ਆਪਣੇ ਬਿਆਨਾਂ ਤੇ ਕਾਰਵਾਈਆਂ ਅਤੇ ਬਾਲ ਠਾਕਰੇ ਵਲੋਂ ਜਾਰੀ ਕੀਤੀਆਂ ਲਿਖਤਾਂ ਤੇ ਨਿਰਦੇਸ਼ ਫਿਰਕੂ ਜਨੂੰਨ ਨੂੰ ਲਗਾਤਾਰ ਭੜਕਾਉਂਦੇ ਰਹੇ।'

'ਦਸੰਬਰ 1992 ਤੇ ਜਨਵਰੀ 1993 ਦੇ ਫ਼ਸਾਦਾਂ ਅਤੇ 12 ਮਾਰਚ 1993 ਦੇ ਬੰਬ ਧਮਾਕਿਆਂ ਦਰਮਿਆਨ ਸਾਂਝੀ ਕੜੀ ਇਹ ਸੀ ਕਿ ਪਹਿਲਾ ਮਗਰਲੇ ਕਾਂਡ ਦਾ ਕਾਰਨ ਬਣਿਆ ਸੀ। ਲਗਦਾ ਹੈ ਦੋ ਫ਼ਸਾਦਾਂ ਅਤੇ ਲੜੀਵਾਰ ਬੰਬ ਧਮਾਕਿਆਂ ਦਰਮਿਆਨ ਕਾਰਨ ਤੇ ਕਾਰਜ ਦਾ ਰਿਸ਼ਤਾ ਹੈ।... ਲੜੀਵਾਰ ਬੰਬ ਧਮਾਕਿਆਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਟਾਈਗਰ ਮੈਮਨ ਅਤੇ ਉਸ ਦੇ ਪਰਿਵਾਰ ਨੂੰ ਫ਼ਸਾਦਾਂ ਦੌਰਾਨ ਵਿਆਪਕ ਨੁਕਸਾਨ ਉਠਾਉਣਾ ਪਿਆ ਸੀ ਅਤੇ ਲਿਹਾਜ਼ਾ ਉਸ ਵਿਚ ਬਦਲੇ ਦੀ ਪ੍ਰਬਲ ਭਾਵਨਾ ਸੀ। ਉਸ ਦਾ ਵਿਸ਼ਵਾਸਪਾਤਰ ਜਾਵੇਦ ਦਾਊਦ ਟੇਲਰ ਉਰਫ਼ ਜਾਵੇਦ ਚਿਕਨਾ ਵੀ ਫ਼ਸਾਦਾਂ ਦੌਰਾਨ ਗੋਲੀ ਨਾਲ ਜ਼ਖ਼ਮੀ ਹੋਇਆ ਸੀ। ਲਿਹਾਜ਼ਾ ਉਸ ਵਿਚ ਵੀ ਬਦਲੇ ਦੀ ਭਾਵਨਾ ਸੀ।'

'ਮਹੇਸ਼ ਨਾਰਾਇਣ ਸਿੰਘ ਜੋ ਬੰਬ ਧਮਾਕਿਆਂ ਦੀ ਜਾਂਚ ਟੀਮ ਦੀ ਅਗਵਾਈ ਕਰ ਰਿਹਾ ਸੀ... ਵੀ ਜ਼ੋਰ ਦਿੰਦਾ ਹੈ ਕਿ ਦਸੰਬਰ 1992 ਅਤੇ ਜਨਵਰੀ 1993 ਦੀਆਂ ਅਯੁੱਧਿਆ ਅਤੇ ਮੁੰਬਈ ਦੀਆਂ ਸਮੁੱਚੀਆਂ ਘਟਨਾਵਾਂ ਦਾ ਪ੍ਰਤੀਕਰਮ ਸਨ ਅਤੇ ਕਮਿਸ਼ਨ ਵੀ ਉਸ ਨਾਲ ਸਹਿਮਤ ਹੈ।'

ਮੁੰਬਈ ਦੇ ਬੰਬ ਧਮਾਕਿਆਂ ਦੀ ਅਸਲ ਜ਼ਿੰਮੇਵਾਰ ਭਗਵੇਂ ਫਾਸ਼ੀਵਾਦੀ, ਖ਼ਾਸ ਕਰ ਕੇ ਇਸ ਦੇ ਆਗੂ ਐਲ.ਕੇ. ਅਡਵਾਨੀ ਐਂਡ ਕੰਪਨੀ ਸੀ ਜਿਨ੍ਹਾਂ ਨੇ ਕਾਂਗਰਸ ਦੀ ਸ਼ਹਿ 'ਤੇ ਪੂਰੇ ਮੁਲਕ ਵਿਚ ਫਿਰਕੂ ਜ਼ਹਿਰ ਦਾ ਛੱਟਾ ਦੇ ਕੇ ਬਾਬਰੀ ਮਸਜਿਦ ਢਾਹੇ ਜਾਣ ਲਈ ਹਜੂਮ ਇਕੱਠੇ ਕਰ ਕੇ ਅਯੁੱਧਿਆ ਨੂੰ ਨਿਸ਼ਾਨਾ ਬਣਾਇਆ ਅਤੇ ਮੁਸਲਿਮ ਫਿਰਕੇ ਦੇ ਧਾਰਮਿਕ ਜਜ਼ਬਾਤ ਨੂੰ ਠੇਸ ਪਹੁੰਚਾਈ। ਫਿਰ ਮੁਸਲਮਾਨਾਂ ਦਾ ਰੋਸ ਕੁਚਲਣ ਲਈ ਹਿੰਦੂਤਵੀ ਤਾਕਤਾਂ ਨੇ ਸਟੇਟ-ਮਸ਼ੀਨਰੀ ਦੀ ਮਿਲੀਭੁਗਤ ਨਾਲ ਵਿਆਪਕ ਹਿੰਸਾ ਅਤੇ ਸਾੜ-ਫੂਕ ਮੁਹਿੰਮ ਚਲਾਈ ਜਿਸ ਨੂੰ ਮੁੰਬਈ ਵਿਚ ਬਾਲ ਠਾਕਰੇ ਗਰੋਹ ਅਤੇ ਆਰ.ਐਸ.ਐਸ. ਦੇ ਕਾਡਰ ਨੇ ਮਿਲ ਕੇ ਜਥੇਬੰਦ ਕੀਤਾ।

ਦੋ ਤਰ੍ਹਾਂ ਦੀ ਇਸ ਹਿੰਸਾ ਪ੍ਰਤੀ ਸਟੇਟ ਦੀ ਪਹੁੰਚ ਵੱਖੋ-ਵੱਖਰੀ ਹੈ। ਬੰਬ ਧਮਾਕਿਆਂ ਵਿਚ ਯਾਕੂਬ ਮੈਮਨ ਸਮੇਤ 100 ਤੋਂ ਵੱਧ ਮੁਸਲਮਾਨਾਂ ਉਪਰ ਮੁਕੱਦਮੇ ਚਲਾਏ ਗਏ। ਉਸ ਦੇ ਜਨਾਜ਼ੇ ਦੀਆਂ ਤਸਵੀਰਾਂ ਲੈਣ ਦੀ ਵੀ ਮਨਾਹੀ ਕਰ ਦਿੱਤੀ ਗਈ। ਦੂਜੇ ਪਾਸੇ ਮੁੰਬਈ ਦੇ 900 ਲੋਕਾਂ ਸਮੇਤ 2000 ਬੇਕਸੂਰ ਲੋਕਾਂ ਦੀ ਜਾਨ ਲੈਣ ਵਾਲੀ ਸ਼ਿਵ ਸੈਨਾ ਅਤੇ ਸੰਘ ਪਰਿਵਾਰ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਨਵੰਬਰ 2012 ਵਿਚ ਜਦੋਂ 20 ਸਾਲ ਬਾਅਦ ਬਾਲ ਠਾਕਰੇ ਦੀ ਮੌਤ ਹੋਈ ਤਾਂ 'ਧਰਮ ਨਿਰਪੱਖ' ਸਟੇਟ ਦਾ ਕੌਮੀ ਝੰਡਾ ਉਸ ਦੇ ਸਨਮਾਨ 'ਚ ਝੁਕ ਗਿਆ। ਸ਼ਿਵ ਸੈਨਾ ਦੀ ਦਹਿਸ਼ਤ ਦੇ ਸਾਏ ਹੇਠ ਸਮੁੱਚੇ ਮਹਾਂਨਗਰ ਦੀ ਜ਼ਿੰਦਗੀ ਉਸ ਦੇ ਸਤਿਕਾਰ 'ਚ ਥਾਂਏਂ ਰੁਕ ਗਈ। ਉਸ ਦੀ ਅੰਤਿਮ ਯਾਤਰਾ ਦਾ ਸਿੱਧਾ ਪ੍ਰਸਾਰਨ ਸਰਕਾਰੀ ਟੈਲੀਵਿਜ਼ਨ ਉਪਰ ਕੀਤਾ ਗਿਆ। ਇਨਸਾਫ਼ ਦੀ ਬਜਾਏ ਮੌਤ ਵੰਡਣ ਵਾਲੇ ਸਟੇਟ ਤੋਂ ਹੋਰ ਉਮੀਦ ਵੀ ਕੀ ਹੋ ਸਕਦੀ ਹੈ ਜਿਸ ਦੀਆਂ ਨਜ਼ਰਾਂ ਵਿਚ ਹਿੰਸਕ ਪ੍ਰਤੀਕਰਮ ਮਹਿਜ਼ ਅਮਨ-ਕਾਨੂੰਨ ਦੇ ਮਸਲੇ ਹਨ। ਇਹ ਤੈਅ ਹੈ ਕਿ ਘੱਟ ਗਿਣਤੀ ਭਾਈਚਾਰੇ ਨੂੰ ਫਾਂਸੀ-ਦਰ-ਫਾਂਸੀ, ਇਨਸਾਫ਼ ਦੀ ਨਾਉਮੀਦੀ ਅਤੇ ਅਲੱਗ-ਥਲੱਗਤਾ ਦੀ ਭਾਵਨਾ ਨੂੰ ਹੋਰ ਵਧਾਏਗੀ ਅਤੇ ਭਵਿੱਖ ਵਿਚ ਲੜੀਵਾਰ ਬੰਬ ਧਮਾਕਿਆਂ ਵਰਗੇ ਹਿੰਸਕ ਪ੍ਰਤੀਕਰਮਾਂ ਲਈ ਹੋਰ ਜ਼ਮੀਨ ਤਿਆਰ ਕਰੇਗੀ। ਹਿੰਦੂਤਵੀ ਤਾਕਤਾਂ ਇਹੀ ਤਾਂ ਚਾਹੁੰਦੀਆਂ ਹਨ।

## ਇਲਜ਼ਾਮਾਂ ਦੇ ਘੇਰੇ ਵਿਚੋਂ ਜ਼ਮੀਰ ਦੀ ਆਵਾਜ਼

*(ਪਿਛਲੇ ਸਫੇ ਦੀ ਬਾਕੀ)*

ਦੇ ਨਾਮ ਨਾਲ ਭਾਵੇਂ ਗਾਂਧੀ ਜੁੜੇ ਜਾਂ ਮੋਦੀ। ਉਸ ਕੋਲ ਭਾਵੇਂ ਟਾਟਾ ਦੀ ਵਿਰਾਸਤ ਹੋਵੇ ਜਾਂ ਬਿਰਲਾ ਦੀ। ਉਸ ਨੇ ਭਾਵੇਂ ਮੁਲਕ ਦੀ 'ਏਕਤਾ ਅਖੰਡਤਾ' ਦੀ ਰਾਖੀ ਕੀਤੀ ਹੋਵੇ ਜਾਂ ਸੰਤ ਦਾ ਭੇਸ ਧਾਰਨ ਕੀਤਾ ਹੋਵੇ।

ਮਨੁੱਖੀ, ਸ਼ਹਿਰੀ ਅਤੇ ਜਮਹੂਰੀ ਹਕੂਕ ਦੇ ਪੈਂਤੜੇ ਤੋਂ ਇਹ ਧਾਰਨਾ ਸਭ ਤੋਂ ਅਹਿਮ ਹੈ ਕਿ ਕਾਨੂੰਨ ਮਹਿਜ਼ ਤਕਨੀਕੀ ਚਾਰਾਜੋਈ ਨਾਲ ਨਹੀਂ, ਸਗੋਂ ਇਨਸਾਫ਼ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ। ਇਨਸਾਫ਼ ਦੀ ਭਾਵਨਾ ਨੂੰ ਜ਼ਮੀਰ ਦੀ ਆਵਾਜ਼ ਸੁਣੇ ਬਿਨਾਂ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਆਵਾਜ਼ ਭਾਵੇਂ ਕਿੰਨੀ ਵੀ ਨਾਖ਼ੁਸ਼ਗਵਾਰ ਹੋਵੇ ਅਤੇ ਭਾਵੇਂ ਇਤਿਹਾਸ ਦੀਆਂ ਕੰਨੀਆਂ ਵਿਚ ਮਹਿਦੂਦ ਹੋ ਜਾਵੇ, ਪਰ ਮਨੁੱਖੀ ਸ਼ਾਨ ਲਈ ਹੈ। ਇਨਸਾਫ਼ ਦੀ ਕਤਾਰ ਵਿਚ ਖੜ੍ਹਾ ਆਖ਼ਰੀ ਜੀਅ ਇਸੇ ਆਵਾਜ਼ ਤੋਂ ਆਸ ਰੱਖਦਾ ਹੈ।

ਇਨ੍ਹਾਂ ਹਾਲਾਤ ਵਿਚ ਇਹ ਆਵਾਜ਼ ਬੁਲੰਦ ਕਰਨਾ ਜ਼ਰੂਰੀ ਹੈ। ਦੇਸ਼ਧ੍ਰੋਹੀ, ਸਰਕਾਰੀ ਦਲਾਲ, ਕਾਤਲ ਪੱਖੀ ਜਾਂ ਬਲਾਤਕਾਰੀ ਹਮਾਇਤੀ ਕਰਾਰ ਦਿੱਤੇ ਜਾਣ ਤੋਂ ਬਾਅਦ ਵੀ ਇਹ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ। ਆਖ਼ਰ ਇਹ ਆਵਾਜ਼ ਜ਼ਿੰਦਗੀ ਦੀ ਕਦਰ ਕਰਨ ਦਾ ਉਜ਼ਰ ਹੈ ਅਤੇ ਤਾਕਤਵਰ ਦੀ ਜਵਾਬਦੇਹੀ ਦਾ ਸਬੱਬ ਹੈ। ਸਰਕਾਰ ਆਪਣੀ ਨਾਕਸ ਕਾਰਗੁਜ਼ਾਰੀ ਉਤੇ ਪਰਦਾ ਪਾਉਣ ਦੀ ਮਸ਼ਕ ਕਰਦੀ ਹੈ ਤਾਂ ਜ਼ਮੀਰ ਦੀ ਆਵਾਜ਼ ਇਸ ਪਰਦੇ ਵਿਚ ਮੋਰੀ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਕੁਰਸੀਏ ਹਤਿਆਰੀਏ, ਇਉਂ ਨਾ ਕਹਿਰ ਗੁਜ਼ਾਰੀਏ...

ਬੰਬ ਧਮਾਕਾ... ਆਤਮਘਾਤੀ ਹਮਲਾ... ਦਹਿਸ਼ਤਗਰਦਾਂ ਵੱਲੋਂ ਗੋਲਾਬਾਰੀ... ਕਤਲੋਗਾਰਤ ਦਾ ਖੂਨੀ ਕਾਰਾ... ਜਾਨ-ਮਾਲ ਦਾ ਖੂਨ-ਖਰਾਬਾ... ਜਦ ਵੀ ਕਿਸੇ ਨਗਰ ਸ਼ਹਿਰ ਵਿਚ ਅਚਨਚੇਤੀ ਅਜਿਹਾ ਕੋਈ ਕਹਿਰ ਵਾਪਰਦਾ ਹੈ, ਤਦ ਕੋਈ ਵੱਡਾ ਰਾਜਸੀ ਆਗੂ ਘਟਨਾ ਸਥਾਨ 'ਤੇ ਪਹੁੰਚ ਕੇ ਜਾਂ ਦੂਰ-ਨੇੜੇ ਦੇ ਕਿਸੇ ਹੋਰ ਸ਼ਹਿਰ ਵਿਚ ਪੱਤਰਕਾਰਾਂ ਸਾਹਮਣੇ ਗਰਮਾ-ਗਰਮ ਬਿਆਨ ਦਾਗਦਾ ਹੈ, 'ਦਹਿਸ਼ਤਗਰਦੀ ਨੂੰ ਕੁਚਲ ਕੇ ਰੱਖ ਦਿੱਤਾ ਜਾਵੇਗਾ... ਅਮਨ ਤੇ ਸ਼ਾਂਤੀ ਨੂੰ ਆਂਚ ਨਹੀਂ ਆਉਣ ਦਿਆਂਗੇ... ਦੋਸ਼ੀ ਬਖ਼ਸ਼ੇ ਨਹੀਂ ਜਾਣਗੇ... ਜਲਦ ਤੋਂ ਜਲਦ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ... ਅਜਿਹੇ ਖੂਨੀ ਕਾਰੇ ਸਾਡਾ ਮਨੋਬਲ ਨਹੀਂ ਡੇਗ ਸਕਦੇ... ਅਸੀਂ ਇਨ੍ਹਾਂ ਦੀ ਘੋਰ ਨਿੰਦਾ ਕਰਦੇ ਹਾਂ...।'

ਮੀਡੀਆ ਵਿਚ ਇਹੋ ਜਿਹੀ ਸ਼ਬਦਾਵਲੀ ਵਾਲੇ ਬਿਆਨ ਪੜ੍ਹਦਿਆਂ ਸੁਣਦਿਆਂ ਆਮ ਜਨਤਾ ਸੋਚਦੀ ਹੈ ਕਿ ਸਾਡੇ ਨੇਤਾ ਜੀ ਕਿੰਨੀ ਦ੍ਰਿੜ੍ਹਤਾ ਨਾਲ ਅਤਿਵਾਦ ਦੀ ਨਿਖੇਧੀ ਕਰ ਰਹੇ ਹਨ ਅਤੇ ਉਹ ਬੇਦੋਸ਼ੇ ਲੋਕਾਂ ਦੀਆਂ ਜਾਨਾਂ ਜਾਣ 'ਤੇ ਤਨੋ-ਮਨੋ ਦੁਖੀ ਹਨ। ਅਤਿਵਾਦ ਦੀ ਲੜਾਈ ਵਿਰੁਧ ਸਰਕਾਰ ਚਲਾ ਰਹੇ ਆਗੂਆਂ ਦੀ 'ਸਖ਼ਤੀ' ਭੋਲੇ-ਭਾਲੇ ਨਾਗਰਿਕਾਂ ਦਾ ਦਿਲ ਜਿੱਤ ਲੈਂਦੀ ਹੈ, ਪਰ ਜੀਵਨ ਦੇ ਲੰਬੇ ਤਜਰਬਿਆਂ ਨਾਲ ਤੀਖਣ-ਬੁੱਧ ਹੋਏ ਲੋਕ ਜਾਣਦੇ ਹੁੰਦੇ ਨੇ ਕਿ ਇਹ ਲੀਡਰਾਂ ਵੱਲੋਂ ਵਗਾਏ ਜਾ ਰਹੇ ਮਗਰਮੱਛ ਦੇ ਹੰਝੂ ਵੀ ਹੋ ਸਕਦੇ ਨੇ। ਚੇਤਨ ਵਰਗ ਹਮੇਸ਼ਾ ਸਿਆਸਤ ਤੇ ਤਬਾਹੀ ਦੇ ਆਪਸੀ ਨਾਪਾਕ ਸਬੰਧਾਂ ਤੋਂ ਵਾਕਫ਼ ਹੁੰਦਾ ਹੈ। ਅਜਿਹੇ ਲੋਕਾਂ ਦੀ ਸੋਚਣੀ ਆਮ ਪਬਲਿਕ ਨਾਲੋਂ ਇਕਦਮ ਵੱਖਰੀ ਹੁੰਦੀ ਹੈ। ਉਨ੍ਹਾਂ ਨੂੰ ਸਿਆਸਤਦਾਨਾਂ ਦੀਆਂ ਕਪਟੀ ਚਾਲਾਂ ਦਾ ਭੇਤ ਹੁੰਦਾ ਹੈ,

ਬੜਾ ਗਹਿਰਾ ਤੁਆਲਕ ਹੈ ਸਿਆਸਤ ਸੇ ਤਬਾਹੀ ਕਾ,

ਕੋਈ ਭੀ ਸ਼ਹਿਰ ਜਲਤਾ ਹੈ ਤੋ ਦਿੱਲੀ ਮੁਸਕਰਾਤੀ ਹੈ।

ਮਿਸਾਲ ਵਜੋਂ ਨਵੰਬਰ ਚੁਰਾਸੀ ਦਾ ਸਮਾਂ ਲੈ ਲਓ। ਇਹ ਦਿੱਲੀ ਦੀ ਮੁਸਕਰਾਹਟ ਦਾ ਹੀ ਨਤੀਜਾ ਸੀ ਕਿ ਪੁਲਿਸ, ਅਰਧ ਸੈਨਿਕ ਬਲਾਂ ਤੇ ਫੌਜ ਦੇ ਹੁੰਦਿਆਂ ਵੀ ਸਿੱਖਾਂ ਦਾ ਬੇਖ਼ੌਫ਼ ਕਤਲੇਆਮ ਹੁੰਦਾ ਰਿਹਾ। ਸਿੱਖਾਂ ਦੀ ਜਾਇਦਾਦ, ਮਕਾਨ, ਦੁਕਾਨਾਂ ਸੜਦੇ ਰਹੇ ਅਤੇ ਵਿਧਵਾਵਾਂ ਦੇ ਵੈਣ, ਦਿੱਲੀ ਖੁਸ਼ ਹੋ ਕੇ ਦੇਖਦੀ/ਸੁਣਦੀ ਰਹੀ। ਇਸ ਮਨਹੂਸ ਸਮੇਂ ਤੋਂ ਸਾਲ ਡੇਢ ਸਾਲ ਪਹਿਲੋਂ ਜਦੋਂ ਮੁਲਕ ਦਾ ਬਣਨ ਵਾਲਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਚੰਡੀਗੜ੍ਹ ਆ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਧਾਰਮਿਕ ਸ਼ਖਸੀਅਤ' ਕਹਿ ਰਿਹਾ ਸੀ, ਤਾਂ ਉਸ ਸਮੇਂ ਦੂਰ ਕਿਤੇ ਪਹਾੜੀਆਂ ਵਿਚ ਦਰਬਾਰ ਸਾਹਿਬ ਕੰਪਲੈਕਸ ਦਾ ਮਾਡਲ ਬਣਾ ਕੇ ਸੰਤ ਭਿੰਡਰਾਂਵਾਲੇ ਨੂੰ ਖਤਮ ਕਰਨ ਦੀਆਂ ਜੰਗੀ ਮਸ਼ਕਾਂ ਕੀਤੀਆਂ ਜਾ ਰਹੀਆਂ ਸਨ।

ਰਾਜਗੱਦੀ ਉਤੇ ਆਪਣੇ ਹੀ ਖਾਨਦਾਨ ਦਾ ਕਬਜ਼ਾ ਜਮਾਈ ਰੱਖਣ ਲਈ ਰਾਜੇ-ਮਹਾਰਾਜੇ ਵੀ ਛਲ-ਕਪਟ ਦਾ ਸਹਾਰਾ ਲੈਂਦੇ ਰਹੇ। ਸਿਰੇ ਦੀ ਐਸ਼ਪ੍ਰਸਤ ਕਰਤੂਤਾਂ ਕਰਦਿਆਂ, ਪਰਜਾ ਨੂੰ ਬੇਵਕੂਫ਼ ਬਣਾ ਕੇ ਧਰਮੀ ਦੇਵਤੇ ਹੋਣ ਦਾ ਢੌਂਗ ਕਰਦੇ ਰਹੇ। ਹੁਣ ਭਾਵੇਂ ਕਹਿਣ ਨੂੰ ਲੋਕਰਾਜ ਹੈ, ਪਰ ਜਿਸ ਦਾ ਕੁਰਸੀ ਨੂੰ ਇਕ ਵਾਰ ਹੱਥ ਪੈ ਜਾਂਦਾ ਹੈ, ਬੱਸ ਫਿਰ ਉਹ ਇਸ ਨੂੰ ਆਪਣੇ ਖਾਨਦਾਨ ਦੀ ਵਿਰਾਸਤ ਬਣਾਈ ਰੱਖਣ ਲਈ ਹਰ ਹਰਬਾ ਵਰਤਦਾ ਹੈ। ਸਾਡੇ ਦੇਸੀ ਹਾਕਮ, ਹੱਸਦੇ-ਵੱਸਦੇ ਫਿਰਕਿਆਂ ਵਿਚ ਵੰਡੀਆਂ ਪਾਉਣ ਲਈ ਗੁਪਤ ਢੰਗ-ਤਰੀਕਿਆਂ ਨਾਲ ਆਪਣੇ 'ਖਾਸ ਮਿਸ਼ਨ' ਨੇਪਰੇ ਚਾੜ੍ਹਦੇ ਰਹਿੰਦੇ ਹਨ। 'ਬਹੁਤ ਦੁਖੀ ਮਨ' ਨਾਲ ਬੰਬ ਧਮਾਕਿਆਂ ਜਾਂ ਹੋਰ ਅਤਿਵਾਦੀ ਘਟਨਾਵਾਂ ਦੀ 'ਸਖਤ ਨਿੰਦਾ' ਕਰਨ ਦੀ ਕਲਾ ਵਿਚ ਨਿਪੁੰਨ ਹੋ ਕੇ ਇਹ ਇਹੋ ਜਿਹੀਆਂ ਗੁੱਝੀਆਂ ਛੁਰੀਆਂ ਚਲਾਉਂਦੇ ਨੇ ਕਿ ਲੋਕ ਦੰਗ ਰਹਿ ਜਾਂਦੇ ਹਨ,

ਵੋਹ ਤੋਂ ਬਸ ਹਾਥ ਹਿਲਾਤਾ ਹੈ, ਗੁਜ਼ਰ ਜਾਤਾ ਹੈ,

ਸ਼ਹਿਰ ਆ ਜਾਤੇ ਹੈਂ, ਵਹਿਸ਼ਤ ਕੇ ਅਸਰ ਮੇਂ ਖ਼ੁਦ ਹੀ।

ਮੰਦੇ ਭਾਗਾਂ ਨੂੰ ਹੁਣ ਮਰਨ-ਮਰਾਉਣ ਦੇ ਖੂਨੀ ਧੰਦੇ ਲਈ ਬੰਦੇ ਵੀ ਬਾਜ਼ਾਰ ਵਿਚ ਉਪਲਬਧ ਹੋਣ ਲੱਗੇ ਪਏ ਨੇ। ਬੱਸ, ਉਨ੍ਹਾਂ ਦਾ 'ਬਾਹਰੀ ਸਰੂਪ' ਲੋੜ ਮੁਤਾਬਕ ਅਦਲ-ਬਦਲ ਕਰ ਕੇ ਉਨ੍ਹਾਂ ਪਾਸੋਂ ਕੁਝ ਵੀ ਕਰਵਾਇਆ ਜਾ ਸਕਦਾ ਹੈ। ਕੋਈ ਹੁਕਮਰਾਨ ਦਹਿਸ਼ਤਗਰਦੀ ਦੀ ਕਿਸੇ ਖੂਨੀ ਵਾਰਦਾਤ ਉਪਰੰਤ ਕਿਸੇ ਦੀ ਘੋਰ ਨਿੰਦਾ ਕਰ ਰਿਹਾ ਹੋਵੇ, ਜਾਂ ਕਿਸੇ ਵਿਸ਼ੇਸ਼ ਧਿਰ ਦੀ ਪ੍ਰਸ਼ੰਸਾ, ਉਹ ਜ਼ਰੂਰੀ ਨਹੀਂ ਕਿ ਇੰਨ-ਬਿੰਨ ਸੱਚ ਹੋਵੇ। ਅੰਦਰਲੀ ਹਕੀਕਤ ਕੁਝ ਹੋਰ ਹੀ ਹੋ ਸਕਦੀ ਹੈ। ਆਪਣੇ ਉਲਟ ਜਾ ਰਹੀ ਕਿਸੇ ਲੋਕ ਲਹਿਰ ਨੂੰ ਔਝੜੇ ਪਾਉਣ ਜਾਂ ਆਪਣੇ ਹਿੱਤਾਂ ਮੁਤਾਬਕ ਢਾਲਣ ਲਈ ਹਾਕਮ ਲੋਕ 'ਖੂਨ ਪੀਣੇ ਨਾਟਕ' ਵੀ ਖੇਡਦੇ ਆਏ ਹਨ।

ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਹਿੱਤ ਇਥੇ ਮੈਂ ਸਿੱਖ ਰਾਜ ਵੇਲੇ ਲਾਹੌਰ ਦਰਬਾਰ ਵਿਚ ਹੋਏ 'ਬਾਰੂਦੀ ਧਮਾਕੇ' ਦੀ ਇਤਿਹਾਸਕ ਝਾਕੀ ਵਰਣਨ ਕਰ ਰਿਹਾ ਹਾਂ। ਗ੍ਰੰਥਕਾਰਾਂ ਅਨੁਸਾਰ ਭਲੇ ਵੇਲਿਆਂ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਸਿਹਤ ਪੱਖੋਂ ਕੁਝ ਕਮਜ਼ੋਰ ਹੋਇਆ ਤਾਂ ਦਰਬਾਰ ਵਿਚ ਉਸ ਦੇ ਜਾਨਸ਼ੀਨ ਦੀ ਗੱਲ ਚੱਲ ਪਈ। ਆਪਣੀ ਵਿਸ਼ੇਸ਼ 'ਸੁਨਹਿਰੀ ਕੁਰਸੀ' ਦੀ ਚਮਕ ਵੱਲ ਦੇਖ ਕੇ ਲਲਚਾਈਆਂ ਅੱਖਾਂ ਨਾਲ ਮਹਾਰਾਜੇ ਨੇ ਆਪਣੇ ਜਾਨਸ਼ੀਨ ਵਜੋਂ ਆਪਣੇ ਵੱਡੇ ਪੁੱਤਰ ਸ਼ਹਿਜ਼ਾਦਾ ਖੜਕ ਸਿੰਘ ਦਾ ਨਾਂ ਲਿਆ। ਕਹਿੰਦੇ, ਉਸੇ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਕਿਹਾ ਕਿ ਮਹਾਰਾਜਾ ਸਾਹਿਬ, ਇਹ ਕੋਈ ਖਾਨਦਾਨੀ ਰਾਜ ਨਹੀਂ। ਪੰਜਾਬ ਦੇ ਸਿੱਖਾਂ ਨੇ ਰਲ-ਮਿਲ ਕੇ ਖੂਨ ਡੋਲ੍ਹ ਕੇ ਸਿੱਖ ਰਾਜ ਕਾਇਮ ਕੀਤਾ ਹੈ, ਇਸ ਕਰ ਕੇ ਇਸ ਦਾ ਉਤਰਾਧਿਕਾਰੀ ਚੁਣਨ ਦਾ ਹੱਕ ਵੀ ਕਿਸੇ ਇਕੱਲੇ ਨੂੰ ਨਹੀਂ ਹੋ ਸਕਦਾ। ਯੋਗ ਸਮੇਂ ਸਿੱਖ ਆਪੇ ਹੀ ਵਾਰਿਸ ਚੁਣ ਲੈਣਗੇ। ਕੋਲ ਹੀ ਬੈਠੇ ਮਹਾਰਾਜੇ ਦੇ ਚਾਪਲੂਸ ਵਜ਼ੀਰ ਧਿਆਨ ਸਿੰਘ ਡੋਗਰੇ ਨੇ ਜਿਥੇ ਜਾਨਸ਼ੀਨੀ ਲਈ ਮਹਾਰਾਜੇ ਦੇ ਪੁੱਤਰ ਦੇ ਨਾਂ ਦੀ ਡਟ ਕੇ ਵਕਾਲਤ ਕੀਤੀ, ਉਥੇ ਸ਼ਾਮ ਸਿੰਘ ਅਟਾਰੀ ਦੇ ਸੁਝਾਅ ਦੀ ਕਰੜੀ ਨੁਕਤਾਚੀਨੀ ਕੀਤੀ। ਇਸ ਧੋਖੇਬਾਜ਼ ਵਜ਼ੀਰ ਨੇ ਲਾਹੌਰ ਦਰਬਾਰ ਵਿਚ ਐਸੇ ਹਾਲਾਤ ਬਣਾ ਦਿੱਤੇ ਕਿ ਅਟਾਰੀਵਾਲਾ ਸਰਦਾਰ ਆਪਣੇ ਘਰੇ ਜਾ ਬੈਠਾ (ਸਭਰਾਵਾਂ ਦੀ ਜੰਗ ਵੇਲੇ ਮਹਾਰਾਣੀ ਜਿੰਦਾਂ ਨੇ ਖ਼ਤ ਲਿਖ ਕੇ ਇਸ ਸਰਦਾਰ ਨੂੰ ਮਦਦ ਲਈ ਸੱਦਿਆ ਸੀ)।

ਮਹਾਰਾਜੇ ਦੇ ਅੱਖਾਂ ਮੀਟਦਿਆਂ ਹੀ ਧਿਆਨ ਸਿੰਘ ਖੁਦ ਮਹਾਰਾਜਾ ਬਣਨ ਦੇ ਸੁਪਨੇ ਲੈਣ ਲੱਗਾ। ਆਪਣੇ ਸੁਪਨੇ ਸਾਕਾਰ ਕਰਨ ਲਈ ਖੂਨੀ ਕਾਰੇ ਕਰਨੇ ਸ਼ੁਰੂ ਕਰ ਦਿੱਤੇ। ਸਭ ਤੋਂ ਪਹਿਲਾਂ ਰਣਜੀਤ ਸਿੰਘ ਦੀ ਮੌਤ ਤੋਂ ਡੇਢ ਕੁ ਸਾਲ ਬਾਅਦ ਹੀ ਪੰਜ ਨਵੰਬਰ 1940 ਨੂੰ ਰਾਜਗੱਦੀ ਉਤੇ ਬੈਠੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਖੜਕ ਸਿੰਘ ਦੇ ਅੰਤਿਮ ਸਸਕਾਰ ਮੌਕੇ ਹੀ ਉਸ ਦੇ ਹੋਣਹਾਰ ਨੌਜਵਾਨ ਪੁੱਤਰ ਕੰਵਰ ਨੌਨਿਹਾਲ ਸਿੰਘ ਨਾਲ ਜੋ ਸਲੂਕ ਕੀਤਾ, ਉਹ ਦਿਲ 'ਤੇ ਪੱਥਰ ਰੱਖ ਕੇ ਸੁਣਨ ਵਾਲਾ ਹੈ।

ਇਤਿਹਾਸਕਾਰਾਂ ਅਨੁਸਾਰ ਆਪਣੇ ਬਾਪ ਦੀ ਚਿਖਾ ਨੂੰ ਅੱਗ ਦੇਣ ਸਮੇਂ ਕੰਵਰ ਨੌਨਿਹਾਲ ਸਿੰਘ ਨੇ ਭਾਂਪਿਆ ਕਿ ਧਿਆਨ ਸਿੰਘ ਆਪਣੇ ਸਹਿਯੋਗੀਆਂ ਨਾਲ ਕੁਝ ਸ਼ੱਕੀ ਢੰਗ ਨਾਲ ਕਾਨਾਫੂਸੀ ਕਰ ਰਿਹਾ ਹੈ। ਕਿਸੇ ਸੰਭਾਵੀ ਖਤਰੇ ਦੇ ਬਚਾਅ ਲਈ, ਸ਼ਾਹੀ ਕਿਲ੍ਹੇ ਨੂੰ ਵਾਪਸ ਮੁੜਦਿਆਂ ਕੰਵਰ ਨੌਨਿਹਾਲ ਸਿੰਘ ਨੇ ਧਿਆਨ ਸਿੰਘ ਡੋਗਰੇ ਦੇ ਸਕੇ ਭਤੀਜੇ ਮੀਆਂ ਊਧਮ ਸਿੰਘ ਦੀ ਬਾਂਹ ਵਿਚ ਬਾਂਹ ਪਾ ਲਈ। ਇਹ ਦੋਵੇਂ ਨੌਜਵਾਨ ਡਿਓੜੀ ਦੇ ਉਸ ਦਰਵਾਜ਼ੇ ਵੱਲ ਤੁਰੇ ਜਾ ਰਹੇ ਸਨ ਜਿਸ ਦੇ ਛੱਜੇ ਦੀਆਂ ਕੁਝ ਇੱਟਾਂ ਪੁੱਟ ਕੇ ਇਸ ਵਿਚ ਬਾਰੂਦ ਭਰਿਆ ਹੋਇਆ ਸੀ। ਕਰਨਲ ਬਿਜੈ ਸਿੰਘ ਕੁਝ ਸਿਪਾਹੀਆਂ ਸਮੇਤ ਲੁਕਵੇਂ ਢੰਗ ਨਾਲ ਬੈਠਾ ਬਾਰੂਦ ਨੂੰ ਪਲੀਤਾ ਲਾਉਣ ਲਈ 'ਗੁਪਤ ਇਸ਼ਾਰੇ' ਦੀ ਉਡੀਕ ਕਰ ਰਿਹਾ ਸੀ ਜੋ ਰੁਮਾਲ ਹਿਲਾ ਕੇ ਧਿਆਨ ਸਿੰਘ ਦੇ ਪੁੱਤ ਹੀਰਾ ਸਿੰਘ ਨੇ ਕਰਨਾ ਸੀ। ਹੀਰਾ ਸਿੰਘ ਨੇ ਜਦੋਂ ਦੇਖਿਆ ਕਿ ਉਹਦੇ ਚਾਚੇ ਦਾ ਪੁੱਤ ਭਰਾ 'ਸ਼ਿਕਾਰ' ਦੇ ਨਾਲ ਨਾਲ ਆ ਰਿਹਾ ਹੈ, ਉਸ ਨੇ ਇਸ਼ਾਰਿਆਂ ਨਾਲ ਆਪਣੇ ਬਾਪ ਨੂੰ ਪੁੱਛਿਆ ਕਿ ਹੁਣ ਕੀ ਕੀਤਾ ਜਾਏ?

ਕਹਿੰਦੇ ਨੇ, ਬੇਕਿਰਕ ਤੇ ਬੇਰਹਿਮ ਧਿਆਨ ਸਿੰਘ ਡੋਗਰੇ ਨੇ ਸੈਨਤਾਂ ਨਾਲ ਕਿਹਾ, 'ਸਾਡਾ ਇਕ ਊਧਮ ਸਿੰਘ ਮਰ ਜਾਵੇ, ਕੋਈ ਪਰਵਾਹ ਨਹੀਂ, ਪਰ ਕੰਵਰ ਜਿਉਂਦਾ ਕਿਲ੍ਹੇ ਵਿਚ ਨਹੀਂ ਜਾਣਾ ਚਾਹੀਦਾ।'

ਬਾਰੂਦ ਨੂੰ ਅੱਗ ਦੇ ਦਿੱਤੀ ਗਈ, ਛੱਜਾ ਸੁੱਟਿਆ ਗਿਆ। ਮੀਆਂ ਊਧਮ ਸਿੰਘ ਥਾਂਏਂ ਮਰ ਗਿਆ, ਪਰ ਕੰਵਰ ਦੇ ਕੰਨ ਕੋਲ ਮਾਮੂਲੀ ਜਿਹੀ ਸੱਟ ਲੱਗੀ। ਆਪਣੀ ਗਿਣੀ ਮਿਥੀ ਸਾਜ਼ਿਸ਼ ਨੂੰ ਪੂਰਾ ਕਰਨ ਲਈ ਧਿਆਨ ਸਿੰਘ ਦੇ ਸਹਿਯੋਗੀਆਂ ਨੇ ਮਾਮੂਲੀ ਫੱਟੜ ਕੰਵਰ ਨੌਨਿਹਾਲ ਸਿੰਘ ਨੂੰ ਪਾਲਕੀ ਵਿਚ ਪਾ ਕੇ ਫਟਾ-ਫਟ ਕਿਲ੍ਹੇ ਵਿਚ ਪਹੁੰਚਾ ਦਿੱਤਾ। ਮੁੱਕਦੀ ਗੱਲ, ਅੰਦਰ ਲਿਜਾ ਕੇ ਕੰਵਰ ਦੇ ਸਿਰ 'ਤੇ ਪੱਥਰ ਮਾਰ ਮਾਰ ਕੇ ਉਸ ਨੂੰ ਮੁਰਦਾ ਬਣਾ ਦਿੱਤਾ।

ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਦਰਬਾਰੀ ਡਾਕਟਰ ਮਿਸਟਰ ਜੇ.ਐਮ. ਹੌਨਿੰਗਬਰਗਰ ਅੰਦਰ ਬੁਲਾਇਆ ਗਿਆ। ਹੁਣ ਦੇਖੋ ਧਿਆਨ ਸਿੰਘ ਦੀ ਕਰਤੂਤ, ਅੰਦਰ ਆਏ ਡਾਕਟਰ ਨੂੰ ਘੂਰ ਕੇ ਕਹਿ ਦਿੱਤਾ ਕਿ ਕੰਵਰ ਦੀ ਮੌਤ ਦੀ ਖ਼ਬਰ ਬਾਹਰ ਨਾ ਨਿਕਲੇ, ਪਰ ਜਦੋਂ ਡਾਕਟਰ ਬਾਹਰ ਮੁੜਿਆ ਜਾ ਰਿਹਾ ਸੀ, ਤਾਂ ਨੀਚ ਧਿਆਨ ਸਿੰਘ ਨੇ ਉਚੀ ਆਵਾਜ਼ ਵਿਚ ਡਾਕਟਰ ਨੂੰ ਪੁੱਛਿਆ, "ਡਾਕਟਰ ਜੀ, ਕੰਵਰ ਸਾਹਿਬ ਕੁੱਕੜ ਦੀ ਤਰੀ ਮੰਗਦੇ ਹਨ, ਦੇ ਦੇਈਏ?"

ਇਹ ਸੀ ਰਾਜੇ ਰਣਜੀਤ ਸਿੰਘ ਦੀ ਸੁਨਹਿਰੀ ਕੁਰਸੀ ਉਤੇ ਆਪ ਬਹਿਣ ਦੇ ਸੁਪਨੇ ਲੈਂਦਿਆਂ ਅਕ੍ਰਿਤਘਣ ਗੋਂਦਾਂ ਗੁੰਦਣ ਵਾਲਾ ਧਿਆਨ ਸਿੰਘ, ਜਿਸ ਨੇ ਸ਼ੇਰੇ-ਪੰਜਾਬ ਦੇ ਜਿਉਂਦੇ ਜੀਅ ਆਪਣੇ ਧਰਮ ਗ੍ਰੰਥਾਂ ਉਤੇ ਹੱਥ ਰੱਖ ਕੇ ਸਿੱਖ ਰਾਜ ਦਾ ਵਫ਼ਾਦਾਰ ਰਹਿਣ ਦੀਆਂ ਕਸਮਾਂ ਖਾਧੀਆਂ ਸਨ, ਪਰ ਕੁਰਸੀ ਦੀ ਲਾਲਸਾ ਨੇ ਇਸ ਨੂੰ ਆਦਮੀ ਤੋਂ ਆਦਮਖੋਰ ਬਣਾ ਦਿੱਤਾ।

ਪੱਛਮੀ ਵਿਦਵਾਨ ਜੇਮਜ਼ ਫਰੀਮੈਨ ਕਲਾਰਕ ਲਿਖਦਾ ਹੈ, 'ਪੇਸ਼ਾਵਰ ਸਿਆਸਤਦਾਨ ਅਤੇ ਨੀਤੀਵਾਨ ਵਿਚ ਇਹੀ ਅੰਤਰ ਹੁੰਦਾ ਹੈ ਕਿ ਸਿਆਸਤਦਾਨ ਅਗਲੀਆਂ ਚੋਣਾਂ ਬਾਰੇ ਹੀ ਸੋਚਦਾ ਹੈ, ਜਦ ਕਿ ਨੀਤੀਵਾਨ ਅਗਲੀ ਵੰਸ਼ ਬਾਰੇ ਸੋਚਦਾ ਹੈ।'

ਸਾਡੇ ਮੁਲਕ ਵਿਚ 'ਅਗਲੀਆਂ ਚੋਣਾਂ ਦਾ ਫਿਕਰ' ਕਰਨ ਵਾਲੇ ਆਗੂ ਤਾਂ 'ਹਰ ਸ਼ਾਖ' ਉਤੇ ਬੈਠੇ ਹਨ, ਪਰ ਅਗਲੀ ਵੰਸ਼ ਬਾਰੇ ਸੋਚਣ ਵਾਲੇ ਨਦਾਰਦ ਹਨ! ਉਹ ਅਗਲੀਆਂ ਚੋਣਾਂ ਬਾਰੇ ਜੰਮ ਜੰਮ ਸੋਚਣ, ਪਰ ਅਗਲੀਆਂ ਚੋਣਾਂ 'ਜਿੱਤਣ ਲਈ' ...ਕੁਰਸੀ ਮੱਲਣ ਵਾਸਤੇ ਜੀਆ-ਘਾਤ ਵਾਲੇ ਖੂਨੀ ਕਾਰੇ ਤਾਂ ਨਾ ਕਰਨ-ਕਰਵਾਉਣ ਸਾਡੇ ਇਹ ਲੀਡਰ ਲੋਕ।

#

ਵਿਅੰਗ

# ਪੂਛ ਹਿਲਾਊ ਆਸਣ

ਯੋਗ ਆਸਣ ਜਿੱਥੇ ਮਨੁੱਖ ਨੂੰ ਸਰੀਰਕ ਪੱਖੋ ਤੰਦਰੁਸਤ ਰੱਖਦੇ ਹਨ ਉਥੇ ਮਾਨਸਿਕ ਤੌਰ 'ਤੇ ਵੀ ਮੱਨੁਖ ਨੂੰ ਚੁਸਤ ਦਰੁਸਤ ਰੱਖਦੇ ਹਨ। ਸਵਾਮੀ ਰਾਮਦੇਵ ਨੇ ਪੂਰੀ ਦੁਨੀਆਂ ਵਿਚ ਯੋਗ ਰਾਹੀ ਬਿਮਾਰੀਆਂ ਤੋਂ ਬਚਣ ਦੇ ਵੱਖ ਵੱਖ ਆਸਣ ਟੀ ਵੀ ਅਤੇ ਹੋਰ ਸਾਧਨਾਂ ਰਾਹੀਂ ਘਰ ਘਰ ਪਹੁੰਚਾ ਦੇਣ ਦਾ ਮਿਸ਼ਨ ਅਰੰਭ ਕੀਤਾ ਹੋਇਆ ਹੈ। ਦੁਨੀਆਂ ਦੀਆਂ ਸਾਰੀਆਂ ਚਿਕਿਤਸਾ ਪ੍ਰਣਾਲੀਆਂ ਇਸ ਗੱਲ ਤੋਂ ਬੜੀਆਂ ਚਿੰਤਤ ਹਨ ਕਿ ਅਗਰ ਸਾਰੇ ਲੋਕ ਯੋਗ ਸਾਧਨਾਂ ਰਾਹੀਂ ਲਾਇਲਾਜ ਬਿਮਾਰੀਆਂ ਤੋ ਛੁਟਕਾਰਾ ਪਾਉਣਾ ਸ਼ੁਰੂ ਕਰ ਦੇਣਗੇ ਤਾਂ ਉਨ੍ਹਾਂ

ਅਮਰਜੀਤ ਬੱਬਰੀ ਮੋਗਾ
ਫੋਨ: 91-94630-83363

ਦਾ ਸਾਰਾ ਕਾਰੋਬਾਰ ਚੌਪਟ ਹੋ ਜਾਵੇਗਾ। ਯੋਗ ਦੁਆਰਾ ਸੀਸ ਆਸਣ, ਵਜਰ ਆਸਣ, ਹੱਲ ਆਸਣ ਵਗੈਰਾ ਵਗੈਰਾ ਵੱਖ ਵੱਖ ਬਿਮਾਰੀਆਂ ਨੂੰ ਦੂਰ ਰੱਖਦੇ ਹਨ। ਇਨ੍ਹਾਂ ਆਸਣਾਂ ਵਿਚ ਕੋਈ ਵੀ ਆਸਣ ਅਜਿਹਾ ਨਹੀਂ ਜਿਹੜਾ ਮਨੁੱਖ ਦੀ ਰਾਜਨੀਤਕ, ਧਾਰਮਿਕ, ਸਮਾਜਿਕ, ਅਕਾਦਮਿਕ ਤੋਂ ਇਲਾਵਾ ਹੋਰ ਸਰਕਾਰੀ, ਅਰਧ ਸਰਕਾਰੀ ਮਹਿਕਮਿਆਂ ਵਿਚ ਪੈਂਠ ਬਣਾਈ ਰੱਖੇ। ਸਰੀਰਕ ਤੇ ਮਾਨਸਿਕ ਸਿਹਤ ਬਣਾਉਣ ਵਾਲੇ ਆਸਣਾਂ ਤੋਂ ਇਲਾਵਾ ਇਕ ਹੋਰ ਵੀ ਆਸਣ ਹੈ ਜਿਸ ਨਾਲ ਮਨੁੱਖ ਦੀ ਆਪਣੇ ਅਦਾਰੇ ਜਾਂ ਖੇਤਰ ਵਿਚ ਪੂਰੀ ਪੈਂਠ ਬਣਦੀ ਹੈ, ਉਹ ਹੈ, "ਪੂਛ ਹਿਲਾਊ ਆਸਣ।"

ਮੈਂ ਆਪਣੇ ਸਹਿਰ ਦੇ ਕਈ ਅਜਿਹੇ ਭੱਦਰ ਪੁਰਸ਼ਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਅਕਾਦਮਿਕ ਖੇਤਰਾਂ ਵਿਚ "ਪੂਛ ਹਿਲਾਊ ਆਸਣ" ਦਾ ਪ੍ਰਯੋਗ ਕਰਕੇ ਪ੍ਰਤਿਸ਼ਠਾ ਦੀਆਂ ਉਚਾਈਆਂ ਨੂੰ ਛੂਹਿਆ ਹੈ। ਇਹ ਆਸਣ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ ਹੈ ਪਰ ਜਿਸ ਨੂੰ ਇਹ ਆਸਣ ਲਾਉਣ ਦੀ ਤਰਕੀਬ ਆ ਜਾਂਦੀ ਹੈ, ਉਹ ਬੱਸ ਥੋੜੇ ਜਿਹੇ ਸਮੇਂ ਵਿਚ ਹੀ ਸਾਧਾਰਣ ਲੋਕਾਂ ਦੀਆਂ ਅੱਖਾਂ ਵਿਚ ਉਚਾ ਉਚਾ ਉਠਿਆ ਮਹਿਸੂਸ ਕਰਨਾ ਸ਼ੁਰੂ ਕਰ ਦਿੰਦਾ ਹੈ ਪਰ ਜਾਗਦੀ ਜ਼ਮੀਰ ਵਾਲਿਆਂ ਦੀਆਂ ਅੱਖਾਂ ਵਿਚ ਰੜਕਦਾ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਗਿਰ ਵੀ ਜਾਂਦਾ ਹੈ। ਬੜੀ ਤਾਕਤ ਹੈ ਪੂਛ ਹਿਲਾਊ ਆਸਣ ਵਿਚ। ਇਸ ਆਸਣ ਦੇ ਆਸਰੇ ਕਈ ਵਾਰ ਅਜਿਹੇ ਕੰਮ ਵੀ ਹੋ ਜਾਂਦੇ ਹਨ ਜਿਨ੍ਹਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਹਾਂ, ਅਗਰ ਇਸ ਆਸਣ ਦੇ ਨਾਲ ਨਾਲ ਕਿਤੇ ਚਾਂਦੀ ਦੀ ਜੁੱਤੀ ਦਾ ਇਸਤੇਮਾਲ ਹੋ ਜਾਵੇ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ।

ਮੇਰਾ ਇਕ ਅਧਿਆਪਕ ਦੋਸਤ 'ਪੂਛ ਹਿਲਾਊ ਆਸਣ' ਦਾ ਪ੍ਰਯੋਗ ਕਰਕੇ ਆਪਣੇ ਆਪ ਨੂੰ ਬੜਾ ਵੱਡਾ ਤੇ ਪ੍ਰਭਾਵਸ਼ਾਲੀ ਹੋਣ ਦਾ ਭਰਮ ਪਾਲ ਰਿਹਾ ਹੈ। ਬੁਨਿਆਦੀ ਤੌਰ 'ਤੇ ਭਾਵੇਂ ਉਹ ਇਕ ਅਧਿਆਪਕ ਹੈ ਪਰ ਉਹ ਦਫਤਰਾਂ ਵਿਚ ਕੰਮ ਕਰਵਾਉਣ ਦਾ ਬੜਾ ਮਾਹਰ ਹੈ। ਮਸਲਨ ਦਫਤਰ ਵਿਚ ਚੱਕਰ ਲਾਉਣੇ, ਦਫਤਰਾਂ ਦੇ ਕਲਰਕਾਂ ਨੂੰ ਚਾਹ ਪਾਣੀ ਪਿਆਉਣ ਤੋਂ ਇਲਾਵਾ ਕਦੇ ਕਦੇ ਉਨ੍ਹਾਂ ਨੂੰ ਸੋਮ ਰਸ ਦਾ ਸਵਾਦ ਵੀ ਚਖਾ ਦਿੰਦਾ ਹੈ। ਬਾਕੀ ਕਲਰਕਾਂ ਨੂੰ ਪੱਟੀ ਰੱਖਣਾ ਉਸ ਲਈ ਮਾਮੂਲੀ ਕੰਮ ਹੈ। ਬਦਲੀਆਂ ਮੌਕੇ ਦਲਾਲੀ ਕਰਨੀ, ਨਿੱਕੇ ਮੋਟੇ ਕੰਮ ਦਾ ਮਿਹਨਤਾਨਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਕਰਨਾ ਉਸ ਦੀ ਜੀਵਨ ਸ਼ੈਲੀ ਦਾ ਅਨਿਖੜ ਅੰਗ ਹੈ। ਉਸ ਦਾ ਇਕ ਆਪਣਾ ਸਕੂਲ ਵੀ ਹੈ ਅਤੇ ਸਕੂਲ ਦੇ ਫਿਕਰ ਵਿਚ ਚਾਰ ਪੰਜ ਸੌ ਰੁਪਏ 'ਤੇ ਰੱਖੇ ਅਧਿਆਪਕਾਂ ਨੂੰ ਠੀਕ ਨਾ ਪੜ੍ਹਾਉਣ ਕਾਰਨ ਕੱਢ ਦੇਣ ਦੀ ਧਮਕੀ ਵੀ ਦੇ ਦਿੰਦਾ ਹੈ। ਰਾਸ਼ਟਰ ਦਾ ਨਿਰਮਾਣ ਹੋਵੇ ਜਾਂ ਨਾ ਹੋਵੇ ਪਰ ਉਸ ਨੂੰ ਆਪਣੇ ਭਵਨ ਦੇ ਨਿਰਮਾਣ ਦੀ ਹਮੇਸ਼ਾ ਫਿਕਰ ਲੱਗੀ ਰਹਿਦੀ ਹੈ। ਲੋਕਾਂ ਦੇ ਬੱਚੇ ਭਾਵੇਂ ਜਾਣ ਢੱਠੇ ਖੂਹ ਵਿਚ ਪਰ ਆਪਣੇ ਬੱਚਿਆਂ ਦੇ ਉਜਲ ਭਵਿੱਖ ਲਈ ਉਹ ਹਮੇਸ਼ਾ ਚਿੰਤਾਤੁਰ ਰਹਿਦਾ ਹੈ।

ਇਸੇ ਤਰ੍ਹਾਂ ਇਕ ਹੋਰ ਦੋਸਤ ਹੈ, ਉਹ ਹੈ ਤਾਂ ਸਾਧਾਰਣ ਕਿਰਤੀ ਪਰ ਕਿਰਤ ਕਰਨ ਨਾਲੋਂ ਉਹ ਲੋਕਾਂ ਦੇ ਨਾਜਾਇਜ਼ ਕੰਮ ਆਪਣੇ ਸਿਆਸੀ ਆਕਾ ਦੀ ਸਰਪ੍ਰਸਤੀ ਹੇਠ ਥੋੜੀ ਬਹੁਤ ਬਖਸ਼ੀਸ਼ ਲੈ ਕੇ ਕਰਵਾ ਦਿੰਦਾ ਹੈ। ਕਚਹਿਰੀ, ਪੁਲਿਸ, ਮਾਲ ਵਿਭਾਗ, ਬਿਜਲੀ ਬੋਰਡ, ਹਸਪਤਾਲ ਅਤੇ ਮਿਊਂਸਪਲ ਕਮੇਟੀ ਵਗੈਰਾ ਦੇ ਛੁੱਟ ਪੁੱਟ ਕੰਮ ਬਸ ਸਕਿੰਟਾਂ ਵਿਚ ਹੀ ਕਰਵਾ ਦਿੰਦਾ ਹੈ। ਕਿਰਤ ਨਾਲੋਂ ਫਿਰਤ ਉਸ ਨੂੰ ਜ਼ਿਆਦਾ ਰਾਸ ਆਈ ਹੈ। ਉਸ ਦਾ ਮੰਨਣਾ ਹੈ ਕਿ ਪੈਸੇ ਲੈ ਕੇ ਸਮਾਜ ਸੇਵਾ ਕਰਨੀ ਹੀ ਬੰਦੇ ਦਾ ਅਸੂਲ ਹੋਣਾ ਚਾਹੀਦਾ ਹੈ। ਦਫਤਰੀ ਅਮਲੇ ਨੂੰ ਆਪਣੇ ਸਿਆਸੀ ਆਕਾ ਦੀ ਧੌਂਸ ਦੇ ਕੇ ਕੰਮ ਕਰਵਾਉ ਤੇ ਬਟੋਰੀ ਰਕਮ ਜੇਬ ਵਿਚ ਪਾਉ। 'ਨਾ ਹਿੰਗ ਲੱਗੇ ਨਾ ਫੜਕੜੀ, ਰੰਗ ਵੀ ਬਹੁਤਾ ਹੋਏ' ਵਾਲੀ ਗੱਲ ਬਣ ਜਾਂਦੀ ਹੈ।

ਦੋਵੇਂ ਮਿੱਤਰਾਂ ਨੂੰ ਆਪਣੇ ਕੰਮਾਂ ਦੀ ਪੂਰਤੀ ਲਈ ਹਮੇਸ਼ਾ ਪੂਛ ਹਿਲਾਊ ਆਸਣ ਦਾ ਸਹਾਰਾ ਲੈਣਾ ਪੈਂਦਾ ਹੈ। ਦੋਵੇਂ ਹਰ ਰੋਜ਼ ਆਪਣੀ ਪੂਛ ਨੂੰ ਤਾਅ ਦੇ ਕੇ ਆਪੋ ਆਪਣੇ ਆਕਾਵਾਂ ਦੇ ਘਰ ਖਾਲੀ ਪੇਟ ਹਾਜਰ ਹੋ ਕੇ ਪੂਰੀ ਨਿਸ਼ਠਾ ਨਾਲ ਆਸਣ ਕਰਦੇ ਹਨ। ਪਹਿਲੇ ਤੋਂ ਕੋਈ ਵੀ ਸਿੱਖਿਆ ਅਧਿਕਾਰੀ ਤੇ ਦੂਜੇ ਤੋਂ ਕਿਸੇ ਵੀ ਸੱਤਾਧਾਰੀ ਪਾਰਟੀ ਦਾ ਸਿਆਸੀ ਨੇਤਾ ਉਨ੍ਹਾਂ ਦਾ ਯੋਗ ਗੁਰੂ ਬਣਨ ਤੋਂ ਨਹੀਂ ਬਚ ਸਕਿਆ। ਕਾਰਨ ਇਹ ਹੈ ਕਿ ਉਹ ਪੂਛ ਹਿਲਾਊ ਆਸਣ ਦੀ ਮਦਦ ਨਾਲ ਆਪਣਾ ਵੀ ਤੋਰੀ ਫੁਲਕਾ ਚਲਾਉਂਦੇ ਹਨ ਅਤੇ ਆਕਾਵਾਂ ਦੀਆਂ ਜੇਬਾਂ ਵੀ ਗਰਮ ਕਰ ਦਿੰਦੇ ਹਨ। ਉਹ ਆਮ ਜਨਤਾ ਵਿਚ ਅਕਸਰ ਅਫਸਰਾਂ ਅਤੇ ਨੇਤਾਵਾਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੇ ਹੋਏ ਉਨ੍ਹਾਂ ਦੇ ਇਮਾਨਦਾਰੀ ਦੀ ਮੂਰਤੀ ਹੋਣ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਅਸਲ ਵਿਚ ਇਹ ਕੁੱਤੇ ਨਾਲੋਂ ਥੋੜ੍ਹੇ ਭਿੰਨ ਹਨ।

ਅਧਿਆਪਕ ਦੋਸਤ ਨੂੰ ਬੱਚਿਆਂ ਨੂੰ ਨਾ ਪੜ੍ਹਾਉਣ ਅਤੇ ਸਕੂਲ ਵਿਚੋਂ ਗਾਇਬ ਰਹਿਣ ਦਾ ਕੋਈ ਡਰ ਨਹੀਂ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਜਦ ਉਹ ਖੁਦ ਨਹੀਂ ਪੜ੍ਹਿਆ, ਬੱਚਿਆਂ ਨੂੰ ਪੜ੍ਹਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬੱਚਿਆਂ ਦੀ ਸ਼ਰਾਰਤੀ ਬਿਰਤੀ ਵਿਚ ਖਲਲ ਨਾ ਪਵੇ ਅਤੇ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਨਾ ਹੋਵੇ ਦੇ ਮਨੋਰਥ ਨੂੰ ਮੱਦੇਨਜ਼ਰ ਰਖਦਿਆਂ ਉਹ ਕਲਾਸ ਵਿਚ ਪੜ੍ਹਾਉਣ ਦੀ ਗ਼ਲਤੀ ਨਹੀਂ ਕਰਦਾ। ਅੰਗਰੇਜ਼ੀ, ਹਿਸਾਬ ਅਤੇ ਸਾਇੰਸ ਦੀਆਂ ਪੁਸਤਕਾਂ ਵੇਖ ਕੇ ਉਸ ਦੀਆਂ ਅੱਖਾਂ ਅੱਗੇ ਭੰਬੂ ਤਾਰੇ ਆਉਣੇ ਸ਼ੁਰੂ ਹੋ ਜਾਂਦੇ ਹਨ। ਪੜ੍ਹਾਉਣ ਦੇ ਚੱਕਰ ਵਿਚ ਉਸ ਦੀ ਇੱਜ਼ਤ ਜਾਵੇ, ਇਹ ਉਸ ਨੂੰ ਮਨਜ਼ੂਰ ਨਹੀਂ ਹੈ ਪਰ ਦਫਤਰਾਂ ਦੇ ਚੱਕਰ ਲਾਉਣ ਵਿਚ ਉਸ ਨੂੰ ਅਨੰਦ ਮਿਲਦਾ ਹੈ। ਦਫਤਰ ਵਿਚ ਕੋਈ ਮੀਟਿੰਗ ਹੋਵੇ, ਸਰਕਾਰ ਦੀ ਕਿਸੇ ਵੀ ਸਕੀਮ ਦਾ ਸੈਮੀਨਾਰ ਹੋਵੇ, ਗਣਤੰਤਰ ਦਿਵਸ ਜਾਂ ਆਜ਼ਾਦੀ ਦਿਵਸ ਦੀ ਕੋਈ ਰੀਹਰਸਲ ਹੋਵੇ, ਟੂਰਨਾਮੈਂਟ ਹੋਵੇ ਜਾਂ ਕਿਸੇ ਵੀ ਕਿਸਮ ਦੀ ਮੁਹਿੰਮ ਦਾ ਆਗਾਜ਼ ਕਰਨਾ ਹੋਵੇ, ਇਹ ਭੱਦਰਪੁਰਸ਼ ਸਭ ਤੋਂ ਪਹਿਲਾਂ ਉਥੇ ਹਾਜ਼ਰ ਹੁੰਦੇ ਹਨ। ਸਕੂਲ ਵਿਚ ਨਾ ਵੜਨ ਅਤੇ ਬੱਚਿਆਂ ਨੂੰ ਨਾ ਪੜ੍ਹਾਉਣ ਦੇ ਬਾਵਜੂਦ ਇਨ੍ਹਾਂ ਦੀਆਂ ਸੇਵਾਵਾਂ ਜਾਰੀ ਰਹਿੰਦੀਆਂ ਹਨ। ਬੰਦ ਦੀ ਕਾਲ ਹੋਵੇ, ਧਰਨਾ ਹੋਵੇ ਜਾਂ ਹੜਤਾਲ ਹੋਵੇ- ਇਹ ਸਭ ਜਗ੍ਹਾ ਦਿਖਾਈ ਦਿੰਦਾ ਹੈ ਪਰ ਇਸ ਐਕਸ਼ਨ ਕਾਰਨ ਅਗਰ ਸਰਕਾਰ ਕੋਈ ਸਖਤ ਕਦਮ ਚੁੱਕਣ ਦਾ ਐਲਾਨ ਕਰ ਦੇਵੇ ਤਾਂ ਮਲੱਕੜੇ ਜਿਹੇ ਆਪਣੇ ਸਾਥੀਆਂ ਨੂੰ ਛੱਡ ਕੇ ਸਰਕਾਰੀ ਪੱਖ ਵਿਚ ਖੜ੍ਹਨੋਂ ਸੰਕੋਚ ਵੀ ਨਹੀਂ ਕਰਦਾ। ਇਸ ਤਰ੍ਹਾਂ ਉਸ ਦੀਆਂ ਸੇਵਾਵਾਂ ਲੋਕਲ ਖੇਤਰ 'ਚੋਂ ਨਿਕਲ ਕੇ ਪੂਰੇ ਰਾਸ਼ਟਰ ਨੂੰ ਸਮਰਪਿਤ ਹੋ ਜਾਂਦੀਆਂ ਹਨ। ਬੱਚਿਆਂ ਦਾ ਭਵਿੱਖ ਉਜਾੜਨ ਅਤੇ ਰਾਸ਼ਟਰ ਦੇ ਨਿਰਮਾਣ ਨੂੰ ਠੇਡਾ ਲਾਉਣ ਵਿਚ ਉਨ੍ਹਾਂ ਦਾ ਪੂਰਾ ਯੋਗਦਾਨ ਹੈ।

ਦੇਸ਼ ਦੀ ਅਰਥ ਵਿਵਸਥਾ ਦਾ ਵੀ ਉਨ੍ਹਾਂ 'ਤੇ ਪੂਰਾ ਅਸਰ ਹੋਇਆ ਹੈ। ਟੁੱਟੀ ਸਾਈਕਲ, ਖੱਦਰ ਦਾ ਕੁੜਤਾ-ਪਜਾਮਾ ਤੇ ਮੋਢੇ 'ਤੇ ਕਾਮਰੇਡਾਂ ਵਾਂਗ ਲਟਕਦੇ ਝੋਲੇ ਦੀ ਥਾਂ ਉਨ੍ਹਾਂ ਕੋਲ ਹੁਣ ਚਮਕਦੀ ਨਵੀਂ ਮੋਟਰਸਾਈਕਲ, ਬ੍ਰਾਂਡਡ ਪੈਂਟ-ਸ਼ਰਟ ਅਤੇ ਹੱਥ ਵਿਚ ਮੋਬਾਈਲ ਹੁੰਦਾ ਹੈ।

ਮੈਂ ਤੇ ਮੇਰੇ ਮਹਾਨ ਦੇਸ਼ ਦਾ ਹਰ ਵਾਸੀ ਅਜਿਹੇ ਅਧਿਆਪਕਾਂ, ਕਲਰਕਾਂ ਅਤੇ ਗਲੀ ਛਾਪ ਸਿਆਸੀ ਚਮਚਿਆਂ ਦਾ ਕੋਟਾਨਿ ਕੋਟਿ ਰਿਣੀ ਹੈ। ਇਹ ਰਿਣ ਕਦੋਂ ਲੱਥੇਗਾ, ਇਹ ਤਾਂ ਸਮਾਂ ਹੀ ਦਸੇਗਾ। ਅਜਿਹੇ ਇਮਾਨਦਾਰ ਲੋਕਾਂ ਦੇ ਕਿਰਦਾਰ ਨਾਲ ਦੇਸ਼ ਦਾ ਭੱਠਾ ਕਦੋਂ ਬੈਠਦਾ ਹੈ, ਲੋਕ ਉਸ ਦਿਨ ਦੀ ਉਡੀਕ ਵਿਚ ਹਨ। ਦੇਸ਼ ਦੇ ਸੰਵੇਦਨਸ਼ੀਲ ਲੋਕ ਇਸ ਗੱਲ ਤੋਂ ਚਿੰਤਤ ਹਨ ਕਿ ਇਨ੍ਹਾਂ ਪੂਛ ਹਿਲਾਊ ਆਸਣ ਲਾਉਣ ਵਾਲੇ ਲੋਕਾਂ ਦਾ ਜਨਤਾ ਰਿਣ ਕਿਵੇਂ ਉਤਾਰੇਗੀ? ਤੁਹਾਡੇ ਪਾਸ ਕੋਈ ਇਸ ਬਾਰੇ ਕੋਈ ਸਲਾਹ ਹੈ ਤਾਂ ਜਰੂਰ ਦਸੋ।

# ਸ਼ਹੀਦ ਊਧਮ ਸਿੰਘ ਦਾ 75ਵਾਂ ਸ਼ਹੀਦੀ ਦਿਹਾੜਾ ਮਨਾਇਆ

**ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ ਵਲੋਂ ਸ਼ਹੀਦ ਊਧਮ ਸਿੰਘ ਦਾ 75ਵਾਂ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ 31 ਜੁਲਾਈ ਤੋਂ 2 ਅਗਸਤ ਤੱਕ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਸਭਾ ਵਲੋਂ ਇਹ ਉਪਰਾਲਾ ਪਿਛਲੇ 12 ਸਾਲਾਂ ਤੋਂ ਟਰਾਈ ਸਟੇਟ ਦੀਆਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।










ਐਤਵਾਰ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਪੈਨਸਿਲਵੇਨੀਆ ਤੋਂ ਆਏ ਪ੍ਰਿੰ. ਬਲਬੀਰ ਸਿੰਘ ਨੇ ਸ਼ਹੀਦ ਊਧਮ ਸਿੰਘ ਦੇ ਸੁਨਾਮ ਤੋਂ ਲੈ ਕੇ ਜੱਲਿਆਂ ਵਾਲਾ ਬਾਗ, ਲੰਦਨ ਵਿਚ ਜਨਰਲ ਓਡਵਾਇਰ ਦੇ ਕਤਲ ਅਤੇ ਹੱਸਦਿਆਂ ਫਾਂਸੀ ਚੜ੍ਹਨ ਤੱਕ ਦੇ ਜੀਵਨ ਸਫਰ ਉਪਰ ਚਾਨਣਾ ਪਾਇਆ ਤੇ ਕਿਹਾ ਕਿ ਜੋ ਦੇਸ਼ ਕੌਮ ਲਈ ਆਪਣੀਆਂ ਜਾਨਾਂ ਵਾਰਦੇ ਹਨ, ਦੁਨੀਆਂ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਚੇਤੇ ਰੱਖਦੀ ਹੈ। ਉਘੇ ਕਥਾਵਾਚਕ ਭਾਈ ਅਮਰੀਕ ਸਿੰਘ ਮੁਕੇਰੀਆਂ ਨੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਅਤੇ ਸਿੱਖੀ ਵਿਚ ਸ਼ਹੀਦੀ ਦੇ ਸੰਕਲਪ ਬਾਰੇ ਕਥਾ ਵਿਆਖਿਆ ਰਾਹੀਂ ਜਾਣਕਾਰੀ ਦਿੱਤੀ।

ਇਸ ਤੋਂ ਪਹਿਲਾਂ ਹਰਿੰਦਰ ਸਿੰਘ ਦੇ ਟਕਸਾਲ ਵਾਲੇ ਜਥੇ ਨੇ ਰਸਭਿੰਨਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਬਲਬੀਰ ਸਿੰਘ ਕੋਮਲ ਦੇ ਢਾਡੀ ਜਥੇ ਨੇ ਸ਼ਹੀਦ ਊਧਮ ਸਿੰਘ ਅਤੇ ਹੋਰ ਸਿੱਖ ਸ਼ਹੀਦਾਂ ਦੀ ਵਾਰਤਾ ਬੀਰਰਸੀ ਵਾਰਾਂ ਰਾਹੀਂ ਸਰਵਣ ਕਰਵਾਈ। ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਵਿਚ ਵਿਚ ਗੁਰਬਾਣੀ ਦੇ ਆਧਾਰ ਉਤੇ ਸ਼ਹੀਦੀ ਦੇ ਸੰਕਲਪ ਦੀ ਵਿਆਖਿਆ ਕੀਤੀ। ਸਿਟੀ ਕੌਂਸਲ ਲਈ ਸਿੱਖ ਉਮੀਦਵਾਰ ਸਤਾਨਮ ਸਿੰਘ ਪਰਹਾਰ ਵੀ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਚੇਚੇ ਪਹੁੰਚੇ।







ਇਸ ਮੌਕੇ ਸਭਾ ਦੇ ਨੌਜਵਾਨਾਂ ਵਲੋਂ ਗਰਮੀ ਤੋਂ ਰਾਹਤ ਪਹੁੰਚਾਉਣ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ। ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਪਹੁੰਚੇ ਕੀਰਤਨੀ ਤੇ ਢਾਡੀ ਜਥੇ, ਕਵੀਸ਼ਰੀ ਜਥੇ ਅਤੇ ਹੋਰ ਪ੍ਰਚਾਰਕਾਂ ਤੋਂ ਇਲਾਵਾ ਸਤਨਾਮ ਸਿੰਘ ਪਰਹਾਰ ਦਾ ਸ਼ੀਲਡਾਂ ਦੇ ਕੇ ਸਨਮਾਨ ਕੀਤਾ ਗਿਆ। ਸਭਾ ਨੇ ਆਪਣੇ ਪੁਰਾਣੇ ਸਰਗਰਮ ਮੈਂਬਰਾਂ-ਜਗੀਰ ਸਿੰਘ ਨਿਊ ਜਰਸੀ, ਬਹਾਦਰ ਸਿੰਘ ਸੁਨਾਮ, ਪਰਮਜੀਤ ਸਿੰਘ ਜੋਸਨ ਅਤੇ ਹਰਜਿੰਦਰ ਸਿੰਘ ਚਤਰਥ ਦਾ ਵੀ ਸ਼ਲਾਘਾਯੋਗ ਸੇਵਾਵਾਂ ਬਦਲੇ ਸਨਮਾਨ ਕੀਤਾ।

ਸਮਾਗਮ ਦੇ ਅਖੀਰ ਵਿਚ ਸ਼ਹੀਦ ਊਧਮ ਸਿੰਘ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਜੱਸਾ ਨੇ ਇਸ ਤਿੰਨ ਦਿਨਾ ਸਮਾਗਮ ਵਿਚ ਹਿੱਸਾ ਲੈਣ ਲਈ ਪਹੁੰਚੇ ਸਮੂਹ ਬੁਲਾਰਿਆਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਟਰਾਈ ਸਟੇਟ ਦੀਆਂ ਜਥੇਬੰਦੀਆਂ-ਬਾਬਾ ਦੀਪ ਸਿੰਘ, ਬਾਬਾ ਬੁੱਢਾ ਸਾਹਿਬ ਸੁਸਾਇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸੁਸਾਇਟੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਦਾ ਸਹਿਯੋਗ ਲਈ ਉਚੇਚਾ ਧੰਨਵਾਦ ਕੀਤਾ। ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਨੇ ਨਿਭਾਈ। ਸਾਰਾ ਪ੍ਰੋਗਰਾਮ ਜਸ ਪੰਜਾਬੀ ਟੀ ਵੀ ਅਤੇ ਗਲੋਬਲ ਪੰਜਾਬ ਟੀ ਵੀ ਨੇ ਪ੍ਰਸਾਰਿਤ ਕੀਤਾ।

## ਦੁਬਈ 'ਚ ਰਿਸ਼ਵਤ ਦੇ ਦੋਸ਼ ਵਿਚ ਦੋ ਭਾਰਤੀਆਂ ਨੂੰ ਸਜ਼ਾ

**ਦੁਬਈ:** ਮਾਰਕੀਟ ਵਿਚ ਟਰੱਕਾਂ ਲਈ ਪਾਰਕਿੰਗ ਵਾਸਤੇ ਥਾਂ ਅਲਾਟ ਕਰਵਾਉਣ ਲਈ ਸੀਨੀਅਰ ਸਰਕਾਰੀ ਅਧਿਕਾਰੀ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਨ ਵਾਲੇ ਦੋ ਭਾਰਤੀਆਂ ਸਣੇ ਤਿੰਨ ਵਿਦੇਸ਼ੀਆਂ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਕ ਭਾਰਤੀ ਤੇ ਇਕ ਇਰਾਨੀ ਨਿਵੇਸ਼ਕ ਨੇ ਦੁਬਈ ਮਿਉਂਸਿਪਲਟੀ ਨਿਯਮਾਂ ਦੀ ਉਲੰਘਣਾ ਕਰਕੇ ਸਬਜ਼ੀਆਂ ਤੇ ਫਲਾਂ ਦੀ ਮਾਰਕੀਟ ਰਸ ਅਲ ਖੋਰ ਵਿਚ ਟਰੱਕਾਂ ਵਾਸਤੇ ਪਾਰਕਿੰਗ ਅਲਾਟ ਕਰਵਾਉਣ ਲਈ ਇੰਸਪੈਕਟਰ ਨੂੰ 2.5 ਲੱਖ ਦਿਰਹਾਮ (43,60,185 ਰੁਪਏ) ਰਿਸ਼ਵਤ ਦੀ ਪੇਸ਼ਕਸ਼ ਕੀਤੀ।

## ਕੈਨੇਡਾ ਵਿਚ ਚੋਣਾਂ ਦਾ ਬਿਗਲ ਵੱਜਿਆ

**ਟੋਰਾਂਟੋ:** ਮੁਲਕ ਦੇ 22ਵੇਂ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕੇਂਦਰੀ ਚੋਣਾਂ ਦੀ ਮੁਹਿੰਮ ਨੂੰ ਹਰੀ ਝੰਡੀ ਵਿਖਾ ਦਿੱਤੀ ਹੈ ਤੇ ਪਹਿਲਾਂ ਤੋਂ ਕਮਰਕੱਸੇ ਕਰੀ ਬੈਠੇ ਉਮੀਦਵਾਰ ਆਪੋ ਆਪਣੇ ਹਲਕਿਆਂ ਵਿਚ ਸਰਗਰਮ ਹੋ ਗਏ ਹਨ। ਇਹ ਚੋਣਾਂ 19 ਅਕਤੂਬਰ ਨੂੰ ਹੋਣਗੀਆਂ।

ਇਸ ਵਾਰ ਮੁਲਕ ਦੇ ਇਤਿਹਾਸ ਵਿਚ ਪਹਿਲੀ ਵਾਰ ਚੋਣ ਮੁਹਿੰਮ ਲੰਬੀ ਚੱਲੇਗੀ ਤੇ ਚਿੰਤਕਾਂ ਮੁਤਾਬਕ ਇਸ ਦੇ ਖਰਚੇ ਦਾ ਵਾਧੂ ਬੋਝ ਲੋਕਾਂ ਸਿਰ ਹੀ ਪਵੇਗਾ। ਸਿਆਸੀ ਪਾਰਟੀਆਂ ਨੂੰ ਆਪਣੇ ਪ੍ਰਚਾਰ ਲਈ ਤਕਰੀਬਨ 11 ਹਫ਼ਤੇ ਮਿਲਣਗੇ। ਆਮ ਤੌਰ ਉਤੇ ਘੱਟੋ ਘੱਟ 37 ਦਿਨ ਚੋਣ ਮੁਹਿੰਮ ਲਈ ਮਿਥੇ ਗਏ ਹਨ, ਜਿਸ ਦੌਰਾਨ ਹਰ ਪਾਰਟੀ 2.5 ਕਰੋੜ ਡਾਲਰ ਖਰਚ ਸਕਦੀ ਹੈ ਪਰ ਇਸ ਵਾਰ ਇਹ ਖਰਚਾ ਪੰਜ ਕਰੋੜ ਡਾਲਰਾਂ ਤੱਕ ਪੁੱਜਣ ਦੇ ਆਸਾਰ ਹਨ।

ਚੋਣ ਕਮਿਸ਼ਨ ਦੇ ਸੂਤਰਾਂ ਮੁਤਾਬਕ 35 ਦਿਨਾਂ ਚੋਣ ਮੁਹਿੰਮ 37.5 ਕਰੋੜ ਡਾਲਰਾਂ ਵਿਚ ਪੈਂਦੀ ਹੈ। ਭੰਗ ਹੋਣ ਵਾਲੀ ਸੰਸਦ ਵਿਚ 308 ਸੀਟਾਂ ਵਿਚੋਂ ਇਸ ਵੇਲੇ ਸੱਤਾਧਾਰੀ ਕਨਜ਼ਰਵੇਟਿਵ ਪਾਰਟੀ ਕੋਲ 159, ਡੈਮੋਕਰੇਟਾਂ ਕੋਲ 95 ਅਤੇ ਲਿਬਰਲਾਂ ਕੋਲ 36 ਸੀਟਾਂ ਹਨ। ਬਲਾਕ ਤੇ ਗਰੀਨ ਪਾਰਟੀ ਕੋਲ ਦੋ-ਦੋ, 8 ਆਜ਼ਾਦ ਅਤੇ ਚਾਰ ਖਾਲੀ ਪਈਆਂ ਹਨ। ਇਸ ਵਾਰ ਆਬਾਦੀ ਦੇ ਲਿਹਾਜ਼ ਨਾਲ ਨਵੇਂ ਹਲਕੇ ਬਣੇ ਹਨ ਤੇ ਅਸੈਂਬਲੀ ਦੀਆਂ ਸੀਟਾਂ ਵਧ ਕੇ 338 ਹੋ ਗਈਆਂ ਹਨ।

# ਪਿੰਗਲਵਾੜੇ ਦੀ ਡੌਲੀ ਨੇ ਮਾਰੀ ਵੱਡੀ ਮੱਲ

**ਲਾਸ ਏਂਜਲਸ:** ਪਿੰਗਲਵਾੜੇ ਲਈ ਇਹ ਇਤਿਹਾਸਕ ਦਿਨ ਸੀ ਜਦੋਂ ਇਥੋਂ ਦੀ ਸਪੈਸ਼ਲ ਬੱਚੀ ਡੌਲੀ ਜਿਸ ਨੇ ਭਾਰਤ ਵੱਲੋਂ ਪਾਵਰਲਿਫਟਿੰਗ ਵਰਲਡ ਸਪੈਸ਼ਲ ਓਲੰਪਿਕ ਗੇਮਜ਼ 2015 ਲਾਸ ਏਂਜਲਸ (ਯੂ.ਐਸ.ਏ.) ਵਿਚ ਹਿੱਸਾ ਲਿਆ ਤੇ ਕਾਂਸੀ ਦੇ ਦੋ ਤਮਗੇ ਜਿੱਤੇ। ਉਸ ਨੇ ਡੈੱਡ ਲਿਫਟ ਈਵੈਂਟ ਵਿਚ ਤੀਜਾ ਸਥਾਨ ਹਾਸਲ ਕੀਤਾ।



ਡੌਲੀ 14 ਜੂਨ 2003 ਵਿਚ ਦਸ ਸਾਲ ਦੀ ਉਮਰ ਵਿਚ ਬਾਲ ਸੇਵਾ ਆਸ਼ਰਮ ਭਵਾਨੀ ਤੋਂ ਪਿੰਗਲਵਾੜੇ ਵਿਚ ਆਈ ਸੀ, ਜੋ ਅਨਾਥ ਸੀ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ ਤੇ ਮਾਂ ਦਾ ਕੋਈ ਥਹੁ-ਪਤਾ ਨਹੀਂ ਸੀ। ਜਨਮ ਤੋਂ ਹੀ ਉਹ ਅਪਾਹਜ ਸੀ ਅਤੇ ਇਪੀਲੀਪਸੀ ਦੀ ਬਿਮਾਰੀ ਤੋਂ ਪੀੜਤ ਸੀ।

ਕੌਮੀ ਪੱਧਰ 'ਤੇ ਚੋਣ ਤੋਂ ਪਹਿਲਾਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਡੌਲੀ ਨੂੰ ਟਰੇਨਿੰਗ ਦਿੱਤੀ ਗਈ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਰੀਰਕ ਸਿੱਖਿਆ ਵਿਭਾਗ ਦੇ ਡਾ. ਸੁਖਦੇਵ ਸਿੰਘ ਤੇ ਡਾ. ਅਮਨਦੀਪ ਸਿੰਘ ਦਾ ਇਸ ਕਾਰਜ ਵਿਚ ਵਿਸ਼ੇਸ਼ ਸਹਿਯੋਗ ਸੀ। ਇਹ ਪ੍ਰਾਪਤੀ ਪਿੰਗਲਵਾੜੇ ਵਿਚ ਵਿਸ਼ੇਸ਼ ਖੁਸ਼ੀ ਤੇ ਉਤਸ਼ਾਹ ਲੈ ਕੇ ਆਈ ਹੈ। ਪਿੰਗਲਵਾੜਾ ਮਾਨਾਂਵਾਲਾ ਵਿਚ ਇਸ ਖਬਰ ਪਿੱਛੋਂ ਜਸ਼ਨ ਮਨਾਏ ਗਏ।

## ਆਈ.ਕਿਊ. ਟੈਸਟ ਵਿਚ ਬਾਰਾਂ ਸਾਲਾ ਕੁੜੀ ਨੇ ਖੱਟੀ ਵਾਹ-ਵਾਹ

**ਲੰਡਨ:** ਬਰਤਾਨੀਆ ਵਿਚ 12 ਸਾਲਾ ਲੜਕੀ ਨੇ ਮੇਨਸਾ ਆਈਕਿਊ ਟੈਸਟ ਵਿਚ ਹੁਣ ਤੱਕ ਦੇ ਸਭ ਤੋਂ ਵੱਧ 162 ਅੰਕ ਲੈ ਕੇ ਵਾਹ ਵਾਹ ਖੱਟੀ ਹੈ। ਨਿਕੋਲ ਬਰ ਨਾਂ ਦੀ ਇਸ ਲੜਕੀ ਨੇ ਮੇਨਸਾ ਆਈਕਿਊ ਟੈਸਟ ਵਿਚ 162 ਨੰਬਰ ਪ੍ਰਾਪਤ ਕੀਤੇ ਹਨ, ਜੋ ਹੁਣ ਤੱਕ ਦੇ ਸਭ ਤੋਂ ਵੱਧ ਹਨ। ਇਨ੍ਹਾਂ ਅੰਕਾਂ ਨੇ ਇਸ ਲੜਕੀ ਨੂੰ ਤੇਜ਼ ਦਿਮਾਗ ਲੋਕਾਂ ਦੀ ਮੂਹਰਲੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ। ਇੰਨੇ ਅੰਕ ਪ੍ਰਾਪਤ ਕਰਨ ਉਤੇ ਉਸ ਨੂੰ ਹਾਕਿੰਗ ਤੇ ਐਲਬਰਟ ਤੋਂ ਵੀ ਤੇਜ਼ ਦਿਮਾਗ ਮੰਨਿਆ ਜਾ ਰਿਹਾ ਹੈ। ਨਿਕੋਲ ਦੀ ਮਾਂ ਡੌਲੀ ਬਕਲੈਂਡ ਨੇ ਦੱਸਿਆ ਕਿ ਉਸ ਦੀ ਧੀ ਬਰਨਟ ਮਿਲ ਅਕੈਡਮੀ ਵਿਚ ਪੜ੍ਹਦੀ ਹੈ ਤੇ ਬਹੁਤ ਮਿਹਨਤੀ ਹੈ। ਨਿਕੋਲ ਨੇ ਕਿਹਾ ਕਿ ਜਦੋਂ ਪਤਾ ਲੱਗਿਆ ਕਿ ਉਸ ਨੇ ਆਈਕਿਊ ਟੈਸਟ ਵਿਚੋਂ 162 ਅੰਕ ਪ੍ਰਾਪਤ ਕੀਤੇ ਹਨ ਤਾਂ ਉਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ।

WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

# ਹਰਿਮੰਦਰ ਤੇ ਕੇਸਗੜ੍ਹ ਸਾਹਿਬ ਦੀਆਂ ਇਮਾਰਤਾਂ ਹੋਈਆਂ ਕਮਜ਼ੋਰ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਅੰਦਰੂਨੀ ਤੌਰ ਉਤੇ ਕਮਜ਼ੋਰ ਹੋ ਗਈ ਹੈ। ਇਸ ਅਸਥਾਨ ਦੀ ਇਮਾਰਤ ਨੂੰ ਮਜ਼ਬੂਤੀ ਪ੍ਰਦਾਨ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖ-ਵੱਖ ਪਹਿਲੂਆਂ ਉਤੇ ਵਿਚਾਰ ਕਰ ਰਹੀ ਹੈ। ਮਾਹਿਰਾਂ ਵੱਲੋਂ ਮੁੱਢਲੇ ਤੌਰ ਉਤੇ ਦਿੱਤੀ ਗਈ ਸਲਾਹ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਇਸ ਕਰਕੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਸੁਰੱਖਿਅਤ ਰੱਖਣਾ ਸ਼੍ਰੋਮਣੀ ਕਮੇਟੀ ਲਈ ਵੱਡਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਦੇ ਕਮਜ਼ੋਰ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਾਰ ਵੱਖ-ਵੱਖ ਸੰਸਥਾਵਾਂ ਤੋਂ ਅਧਿਐਨ ਕਰਵਾਇਆ ਸੀ ਤੇ ਆਈ.ਆਈ.ਟੀ. ਰੁੜਕੀ ਵੱਲੋਂ ਦਿੱਤੇ ਗਏ ਸੁਝਾਅ ਨੂੰ ਅਮਲੀ ਰੂਪ ਵਿਚ ਨੇਪਰੇ ਚਾੜ੍ਹਨ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਅੰਦਰੂਨੀ ਤੌਰ ਉਤੇ ਕਮਜ਼ੋਰ ਹੋਣ ਬਾਰੇ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਸ ਇਤਿਹਾਸਿਕ ਇਮਾਰਤ ਦੀ ਉਸਾਰੀ ਲਈ ਲੱਗੀ ਲੱਕੜ, ਚੂਨਾ ਤੇ ਪੁਰਾਣੀਆਂ ਇੱਟਾਂ ਆਦਿ ਨੂੰ ਕੁਝ ਕਾਰਨਾਂ ਕਰਕੇ ਦਿੱਕਤ ਆਉਣੀ ਸ਼ੁਰੂ ਹੋ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਵੱਡੀ ਸਮੱਸਿਆ ਸਿਉਂਕ ਦੀ ਹੈ। ਇਹ ਇਮਾਰਤ ਦੇ ਵੱਖ-ਵੱਖ ਹਿੱਸਿਆਂ ਤੇ ਇਮਾਰਤ ਦੇ ਨਿਰਮਾਣ ਵਿਚ ਵਰਤੇ ਗਏ ਸਮਾਨ ਨੂੰ ਖੋਰਾ ਲਾਉਂਦੀ ਜਾ ਰਹੀ ਹੈ। ਹਾਲਾਂਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਕਈ ਮਾਹਿਰਾਂ ਨਾਲ ਰਾਬਤਾ ਵੀ ਬਣਾਇਆ ਹੈ ਪਰ ਉਨ੍ਹਾਂ ਦੇ ਸੁਝਾਵਾਂ ਅਨੁਸਾਰ ਕੰਮ ਕਰਨਾ ਸੰਭਵ ਨਹੀਂ ਹੈ।



## ਕੇਸਗੜ੍ਹ ਸਾਹਿਬ ਦੀ ਇਮਾਰਤ ਨੂੰ ਮਜ਼ਬੂਤ ਕਰਨ ਦੀ ਯੋਜਨਾ

ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਨੂੰ ਮਜ਼ਬੂਤ ਕਰ ਕੇ 200 ਸਾਲ ਲਈ ਸੁਰੱਖਿਅਤ ਕਰਨ ਦੀ ਯੋਜਨਾ ਬਣਾਈ ਗਈ ਹੈ। ਇਸ ਦੀ ਕਾਰ ਸੇਵਾ ਬਾਬਾ ਮਹਿੰਦਾ ਸਿੰਘ ਯੂ.ਕੇ. ਵਾਲਿਆਂ ਨੂੰ ਦਿੱਤੀ ਗਈ ਹੈ ਤੇ ਉਨ੍ਹਾਂ ਨੂੰ ਹੀ ਸਮੁੱਚਾ ਡਿਜ਼ਾਈਨ ਤਿਆਰ ਕਰਨ ਲਈ ਕਿਹਾ ਗਿਆ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਥੇ ਹੀ ਹੂਬਹੂ ਆਰਜ਼ੀ ਇਮਾਰਤ ਤਿਆਰ ਕਰਵਾਈ ਜਾਵੇਗੀ, ਜਿਥੇ ਦੋ ਮਹੀਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ ਜਾਵੇਗਾ ਜਦੋਂ ਤਖ਼ਤ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ ਮੁਕੰਮਲ ਹੋ ਜਾਵੇਗੀ, ਉਸ ਤੋਂ ਬਾਅਦ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਗਤ ਲਈ ਖੋਲ੍ਹ ਦਿੱਤਾ ਜਾਵੇਗਾ।

## ਮਾਹਿਰਾਂ ਦੀ ਸਲਾਹ ਨੂੰ ਲਾਗੂ ਕਰਨਾ ਬਣਿਆ ਚੁਣੌਤੀ

ਸ਼੍ਰੋਮਣੀ ਕਮੇਟੀ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਸੁਰੱਖਿਅਤ ਰੱਖਣ ਤੇ ਮਰਿਆਦਾ ਅਨੁਸਾਰ ਮਜ਼ਬੂਤੀ ਪ੍ਰਦਾਨ ਕਰਨਾ ਚੁਣੌਤੀ ਬਣਿਆ ਹੋਇਆ ਹੈ। ਮਾਹਿਰਾਂ ਵੱਲੋਂ ਮੁੱਢਲੇ ਤੌਰ ਉਤੇ ਦਿੱਤੀ ਗਈ ਸਲਾਹ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਆਈ.ਆਈ.ਟੀ. ਰੁੜਕੀ ਵੱਲੋਂ ਦਿੱਤੇ ਗਏ ਸੁਝਾਅ ਨੂੰ ਅਮਲੀ ਰੂਪ ਵਿਚ ਨੇਪਰੇ ਚਾੜ੍ਹਨ ਉਤੇ ਵਿਚਾਰ ਕੀਤਾ ਜਾ ਰਿਹਾ ਹੈ।

## ਅਣਗੌਲੇ ਹੀ ਰਹੇ ਪ੍ਰਦੂਸ਼ਣ ਰੋਕਣ ਬਾਰੇ ਸੁਝਾਅ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਵੱਧ ਰਹੇ ਪ੍ਰਦੂਸ਼ਣ ਦਾ ਭਾਵੇਂ ਉੱਚ ਅਦਾਲਤ ਨੇ ਸਖ਼ਤ ਨੋਟਿਸ ਲਿਆ ਸੀ ਪਰ ਇਸ ਦੌਰਾਨ ਹੁਣ ਤੱਕ ਕੋਈ ਢੁਕਵੀਂ ਕਾਰਵਾਈ ਨਾ ਹੋਣ ਕਾਰਨ ਇਸ ਇਲਾਕੇ ਵਿਚ ਮੁੜ ਪ੍ਰਦੂਸ਼ਣ ਵੱਧ ਰਿਹਾ ਹੈ ਤੇ ਦਰਬਾਰ ਸਾਹਿਬ ਦੀ ਇਮਾਰਤ ਉਤੇ ਇਸ ਦਾ ਮਾੜਾ ਪ੍ਰਭਾਵ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਬਾਰੇ ਅਦਾਲਤ ਵੱਲੋਂ ਸਵੈ ਨੋਟਿਸ ਲੈਂਦਿਆਂ ਸਰਕਾਰ ਕੋਲੋਂ ਰਿਪੋਰਟ ਮੰਗੀ ਗਈ ਸੀ, ਜਿਸ ਦੇ ਆਧਾਰ ਉਤੇ ਅਗਲੀ ਕਾਰਵਾਈ ਸ਼ੁਰੂ ਹੋਈ ਸੀ। ਬੀਤੇ ਵਰ੍ਹੇ ਇਸ ਬਾਰੇ ਕੇਂਦਰ ਸਰਕਾਰ ਦੀ ਹਦਾਇਤ ਉਤੇ ਆਈ.ਆਈ.ਟੀ. ਦੇ ਮਾਹਰਾਂ ਵੱਲੋਂ ਸਰਵੇਖਣ ਵੀ ਕੀਤਾ ਗਿਆ ਸੀ ਤੇ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ ਗਈ ਸੀ, ਜਿਸ ਦੇ ਆਧਾਰ ਉਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਯਤਨ ਸ਼ੁਰੂ ਹੋਣੇ ਸਨ। ਇਸ ਦੌਰਾਨ ਕੇਂਦਰੀ ਤੇ ਸੂਬਾਈ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਦਰਬਾਰ ਸਾਹਿਬ ਵਿਖੇ ਪ੍ਰਦੂਸ਼ਣ ਮਾਪਣ ਵਾਲਾ ਅਤਿ ਆਧੁਨਿਕ ਯੰਤਰ ਸਥਾਪਤ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਸੀ, ਜੋ ਕਿ ਹੁਣ ਤੱਕ ਸਥਾਪਤ ਨਹੀਂ ਹੋਇਆ। ਇਸ ਕਾਰਵਾਈ ਦੌਰਾਨ ਜਿਥੇ ਸ਼੍ਰੋਮਣੀ ਕਮੇਟੀ ਨੂੰ ਲੰਗਰ ਲਈ ਲੱਕੜ ਦਾ ਬਾਲਣ ਵਰਤਣ ਤੋਂ ਰੋਕਣ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਇਲਾਕੇ ਵਿਚ ਪ੍ਰਦੂਸ਼ਣ ਦੀ ਰੋਕਥਾਮ ਲਈ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ ਸੀ। ਇਸ ਵਿਚ ਦਰਬਾਰ ਸਾਹਿਬ ਦੇ ਆਲੇ ਦੁਆਲੇ ਹੋਟਲਾਂ ਵਿਚ ਚੱਲਦੇ ਜਨਰੇਟਰ ਬੰਦ ਕਰਨ, ਨੇੜੇ ਸੁਨਿਆਰਿਆਂ ਦੀਆਂ ਦੁਕਾਨਾਂ ਉਤੇ ਸੋਨੇ ਨੂੰ ਢਾਲਣ ਲਈ ਵਰਤੇ ਜਾਂਦੇ ਰਸਾਇਣ ਦੀ ਵਰਤੋਂ ਨੂੰ ਰੋਕਣਾ, ਡੀਜ਼ਲ ਨਾਲ ਚੱਲਣ ਵਾਲੇ ਥ੍ਰੀਵ੍ਹੀਲਰਾਂ ਨੂੰ ਰੋਕਣਾ ਆਦਿ ਸ਼ਾਮਲ ਸੀ।

## ਵਧੇਰੇ ਪ੍ਰਦੂਸ਼ਣ ਵਾਲੇ ਸ਼ਹਿਰਾਂ 'ਚ ਅੰਮ੍ਰਿਤਸਰ ਵੀ ਸ਼ਾਮਲ

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਕ ਦੇਸ਼ ਭਰ ਵਿਚੋਂ ਅੰਮ੍ਰਿਤਸਰ ਨੂੰ ਨੌਵਾਂ ਅਜਿਹਾ ਸ਼ਹਿਰ ਦੱਸਿਆ ਗਿਆ ਹੈ, ਜਿਸ ਵਿਚ ਵਧੇਰੇ ਪ੍ਰਦੂਸ਼ਣ ਹੈ। ਇਥੇ ਵਧੇਰੇ ਆਟੋ ਰਿਕਸ਼ੇ ਬਿਨਾਂ ਪ੍ਰਵਾਨਗੀ ਹੀ ਚੱਲ ਰਹੇ ਹਨ। ਦਰਬਾਰ ਸਾਹਿਬ ਦੇ ਆਲੇ ਦੁਆਲੇ ਹੋਟਲਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਪ੍ਰਦੂਸ਼ਣ ਸਬੰਧੀ ਅਧਿਐਨ ਮੁਤਾਬਕ ਸੜਕਾਂ ਤੋਂ ਉੱਡਣ ਵਾਲੇ ਮਿੱਟੀ ਘੱਟੇ ਦੇ ਪ੍ਰਦੂਸ਼ਣ ਦੀ ਔਸਤ 47 ਫੀਸਦੀ, ਸਨਅਤੀ ਪ੍ਰਦੂਸ਼ਣ 31 ਫੀਸਦੀ, ਜਨਰੇਟਰਾਂ ਕਾਰਨ ਪ੍ਰਦੂਸ਼ਣ ਦੀ ਔਸਤ 59 ਫੀਸਦੀ, ਵਾਹਨਾਂ ਕਾਰਨ 26 ਫੀਸਦੀ ਤੇ ਦਰਬਾਰ ਸਾਹਿਬ ਦੇ ਲੰਗਰ ਲਈ ਵਰਤੇ ਜਾਣ ਵਾਲੇ ਬਾਲਣ ਕਾਰਨ 12 ਫੀਸਦੀ ਪ੍ਰਦੂਸ਼ਣ ਫੈਲ ਰਿਹਾ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸਾਲ 2011 ਵਿਚ ਕੀਤੇ ਸਰਵੇਖਣ ਮੁਤਾਬਕ ਇਥੇ ਆਰ.ਐਸ.ਪੀ.ਐਮ ਦੀ ਮਾਤਰਾ 100 ਹੋਣੀ ਚਾਹੀਦੀ ਹੈ ਜਦਕਿ ਇਹ ਵੱਧ ਤੋਂ ਵੱਧ 227 ਅਤੇ ਘੱਟ ਤੋਂ ਘੱਟ 124 ਸੀ। ਪ੍ਰਦੂਸ਼ਣ ਕਾਰਨ ਦਰਬਾਰ ਸਾਹਿਬ ਉਤੇ ਲੱਗੇ ਸੋਨੇ ਤੇ ਸੰਗਮਰਮਰ ਉਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸ ਦਾ ਪ੍ਰਭਾਵ ਇਮਾਰਤ ਦੇ ਅੰਦਰਲੇ ਹਿੱਸੇ ਵਿਚ ਹੋਈ ਕੰਧ ਕਲਾ ਅਤੇ ਸੋਨੇ ਦੀ ਨਕਾਸ਼ੀ ਉਤੇ ਵੀ ਪਿਆ ਹੈ।

# ਮਿਸ਼ਨ ਗ੍ਰੀਨ ਪੰਜਾਬ ਉਤੇ ਵਿੱਤੀ ਸੰਕਟ ਦੇ ਬੱਦਲ ਛਾਏ

**ਚੰਡੀਗੜ੍ਹ:** ਮਿਸ਼ਨ ਗ੍ਰੀਨ ਪੰਜਾਬ ਉੱਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਇਸ ਮਿਸ਼ਨ ਲਈ ਵਿਸ਼ੇਸ਼ ਤੌਰ ਉਤੇ ਗ੍ਰੀਨ ਪੰਜਾਬ ਫੰਡ ਸਥਾਪਤ ਕੀਤਾ ਗਿਆ ਸੀ, ਜਿਨ੍ਹਾਂ ਕਾਰਪੋਰੇਸ਼ਨਾਂ ਤੇ ਬੋਰਡਾਂ ਨੂੰ ਗ੍ਰੀਨ ਪੰਜਾਬ ਫੰਡ ਵਿਚ ਪੈਸਾ ਦੇਣ ਲਈ ਕਿਹਾ ਗਿਆ ਸੀ, ਉਨ੍ਹਾਂ ਨੇ ਹੱਥ ਖੜ੍ਹੇ ਕਰ ਦਿੱਤੇ ਹਨ ਤੇ ਪੈਸਾ ਸਰਕਾਰ ਨੇ ਹੋਰਾਂ ਲੋੜਾਂ ਲਈ ਵਰਤ ਲਿਆ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿੱਤੀ ਸਾਲ 2011-12 ਦੌਰਾਨ ਮਿਸ਼ਨ ਗ੍ਰੀਨ ਪੰਜਾਬ ਦਾ ਐਲਾਨ ਕਰਕੇ ਇਸ ਦੇ ਲਈ ਗ੍ਰੀਨ ਪੰਜਾਬ ਫੰਡ ਬਣਾ ਦਿੱਤਾ ਸੀ।



ਫੰਡ ਵਿਚ 42 ਕਰੋੜ ਰੁਪਏ ਜਮ੍ਹਾਂ ਕਰਵਾਉਣੇ ਸੀ ਪਰ ਪਹਿਲੇ ਸਾਲ ਛੇ ਕਾਰਪੋਰੇਸ਼ਨਾਂ ਤੇ ਬੋਰਡਾਂ ਨੇ 18 ਕਰੋੜ ਰੁਪਏ ਜਮ੍ਹਾਂ ਕਰਵਾਏ ਤੇ ਮੁੜ ਹਮੇਸ਼ਾ ਕੰਨੀ ਕਤਰਾਉਂਦੇ ਰਹੇ। ਮਿਸ਼ਨ ਤਹਿਤ ਪੰਜਾਬ ਵਿਚ ਵਣ ਅਧੀਨ ਰਕਬਾ ਮੌਜੂਦਾ 6.5 ਫੀਸਦੀ ਤੋਂ ਵਧਾ ਕੇ 15 ਫੀਸਦੀ ਤੱਕ ਲੈ ਜਾਣਾ ਸੀ।

ਅੱਠ ਸਾਲਾਂ ਦੌਰਾਨ 40 ਕਰੋੜ ਪੌਦੇ ਭਾਵ ਹਰ ਸਾਲ ਪੰਜ ਕਰੋੜ ਪੌਦੇ ਲਗਾਉਣ ਦਾ ਟੀਚਾ ਤੈਅ ਕੀਤਾ ਗਿਆ ਸੀ। ਚਾਰ ਸਾਲ ਲੰਘ ਜਾਣ ਤੋਂ ਬਾਅਦ ਮਿਸ਼ਨ ਵਿੱਤੀ ਤੌਰ ਉਤੇ ਦਮ ਤੋੜਦਾ ਦਿਖਾਈ ਦੇ ਰਿਹਾ ਹੈ। ਇਕ ਸੀਨੀਅਰ ਅਧਿਕਾਰੀ ਅਨੁਸਾਰ ਕਾਰਪੋਰੇਸ਼ਨਾਂ ਤੇ ਬੋਰਡਾਂ ਦਾ ਮੰਨਣਾ ਹੈ ਕਿ ਸਰਕਾਰ ਨੇ ਉਸ ਦੇ ਪੈਸੇ ਦਾ ਕਿਤੇ ਹੋਰ ਇਸਤੇਮਾਲ ਕਰ ਲਿਆ ਹੈ। ਵਿੱਤੀ ਸੰਕਟ ਕਾਰਨ ਤਰਜੀਹਾਂ ਬਦਲ ਗਈਆਂ ਹਨ।

ਸੂਤਰਾਂ ਅਨੁਸਾਰ ਪੰਜਾਬ ਦੀਆਂ ਸਾਰੀਆਂ ਨਰਸਰੀਆਂ ਵਿਚ ਇਸ ਸਾਲ 1.5 ਕਰੋੜ ਪੌਦਾ ਹੈ। ਨਰਸਰੀਆਂ ਨਾਲ ਜੁੜੇ ਇਕ ਅਧਿਕਾਰੀ ਨੇ ਕਿਹਾ ਕਿ ਵਣ ਵਿਭਾਗ ਵੱਲੋਂ ਤੁਰੰਤ ਬੂਟੇ ਪੈਦਾ ਨਹੀਂ ਕੀਤੇ ਜਾ ਸਕਦੇ। ਇਸ ਲਈ ਪਹਿਲਾਂ ਹੀ ਸਪੱਸ਼ਟ ਤੌਰ ਉਤੇ ਹੁਕਮ ਤੇ ਪੈਸਾ ਜਾਰੀ ਕਰਨ ਦੀ ਲੋੜ ਹੁੰਦੀ ਹੈ।

ਵਣ ਵਿਭਾਗ ਨੇ ਲੰਘੇ ਹਫ਼ਤੇ ਹੀ ਪੌਦੇ ਜਾਰੀ ਕਰਨ ਲਈ ਹੁਕਮ ਦਿੱਤੇ ਹਨ। ਹੁਣ ਜੋ ਵੀ ਪੰਚਾਇਤਾਂ ਜਾਂ ਸਕੂਲ, ਧਾਰਮਿਕ ਸਥਾਨ ਆਦਿ ਸੰਸਥਾਵਾਂ ਆਉਣਗੀਆਂ ਤਾਂ ਉਨ੍ਹਾਂ ਨੂੰ ਪੈਸਾ ਦਿੱਤਾ ਜਾ ਸਕਦਾ ਹੈ। ਸੂਤਰਾਂ ਅਨੁਸਾਰ ਇਸ ਸਾਲ ਪੰਜਾਬ ਰਾਜ ਵਣ ਨਿਗਮ ਨੇ ਵੱਖ-ਵੱਖ ਬੀੜਾਂ ਵਿਚ ਖੜ੍ਹੇ ਪੁਰਾਣੇ ਦਰਖ਼ਤਾਂ ਨੂੰ ਵੇਚ ਕੇ ਤਿੰਨ ਕਰੋੜ ਰੁਪਏ ਵਣ ਵਿਭਾਗ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੇਸ਼ ਕੀਤੇ ਗਏ 2015-16 ਦੇ ਬਜਟ ਵਿਚ ਵਣ ਵਿਭਾਗ ਦੇ ਪ੍ਰੋਜੈਕਟਾਂ ਲਈ 25 ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਗਿਆ ਸੀ। ਇਸ ਪੈਸੇ ਵਿਚੋਂ ਫਿਲਹਾਲ ਕੁਝ ਵੀ ਜਾਰੀ ਹੋਣ ਦੀ ਸੰਭਾਵਨਾ ਨਹੀਂ ਹੈ। ਪੰਜਾਬ ਦੇ ਵਣ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਚੁੰਨੀ ਲਾਲ ਭਗਤ ਨੇ ਸਵੀਕਾਰ ਕੀਤਾ ਕਿ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚੋਂ ਪੈਸਾ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਨਵੇਂ ਪੌਦੇ ਲਗਾਉਣ ਦੇ ਮਾਮਲੇ ਵਿਚ ਵਿੱਤੀ ਸੰਕਟ ਨਹੀਂ ਆਉਣ ਦਿੱਤਾ ਜਾਵੇਗਾ। ਇਸ ਸੀਜ਼ਨ ਵਿਚ ਚਾਲੀ ਲੱਖ ਪੌਦੇ ਲਗਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ, ਇਸ ਲਈ ਵਿਭਾਗ ਪੂਰੀ ਤਰ੍ਹਾਂ ਤਿਆਰ ਹੈ।

# ਵਿਦੇਸ਼ੀ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਿਆ ਗੁਰਦੁਆਰਾ ਬੰਗਲਾ ਸਾਹਿਬ

**ਨਵੀਂ ਦਿੱਲੀ:** ਦਿੱਲੀ ਦੇ ਵਿਚਕਾਰ ਸਥਿਤ ਪ੍ਰਸਿੱਧ ਗੁਰਦੁਆਰਾ ਬੰਗਲਾ ਸਾਹਿਬ ਪ੍ਰਤੀ ਵਿਦੇਸ਼ੀ ਸੈਲਾਨੀਆਂ ਦੀ ਰੁਚੀ ਪਹਿਲਾਂ ਨਾਲੋਂ ਵਧੀ ਹੈ। ਦਿੱਲੀ ਦਾ ਦਿਲ ਕਹੇ ਜਾਂਦੇ ਕਨਾਟ ਪਲੇਸ ਤੇ ਨੇੜੇ ਦੇ ਹੋਰ ਸਥਾਨ ਦੇਖਣ ਵਾਲੇ ਵਿਦੇਸ਼ੀ ਸੈਲਾਨੀ ਬੰਗਲਾ ਸਾਹਿਬ ਦੀ ਆਭਾ ਦੇਖਣ ਜ਼ਰੂਰ ਆਉਂਦੇ ਹਨ। ਉਨ੍ਹਾਂ ਨੂੰ ਇਸ ਗੁਰਦੁਆਰੇ ਤੇ ਸਿੱਖੀ ਫਲਸਫ਼ੇ ਬਾਰੇ ਮੁੱਢਲੀ ਜਾਣਕਾਰੀ ਮਿਲ ਜਾਂਦੀ ਹੈ। ਇਸ ਗੁਰਦੁਆਰੇ ਵਿਖੇ ਬਣਾਏ ਗਏ ਟੂਰਿਸਟ ਸੂਚਨਾ ਕੇਂਦਰ ਦੇ ਅਧਿਕਾਰੀ ਮਨਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਜੁਲਾਈ ਅਗਸਤ ਮਹੀਨਿਆਂ ਦੌਰਾਨ ਇਥੇ ਰੋਜ਼ਾਨਾ ਤਕਰੀਬਨ 300 ਵਿਦੇਸ਼ੀ ਸੈਲਾਨੀ ਆਉਂਦੇ ਹਨ। ਜ਼ਿਆਦਾਤਰ ਇਟਲੀ, ਸਪੇਨ ਦੇ ਖਿੱਤੇ ਦੇ ਹੁੰਦੇ ਹਨ ਕਿਉਂਕਿ ਉਨ੍ਹਾਂ ਲਈ ਹੁੰਮਸ ਭਰਿਆ ਮੌਸਮ ਕੋਈ ਬਹੁਤੀ ਤਕਲੀਫ਼ ਨਹੀਂ ਦਿੰਦਾ ਤੇ ਉਨ੍ਹਾਂ ਦਿਨਾਂ ਵਿਚ ਉਪਰੋਕਤ ਮੁਲਕਾਂ ਵਿਚ ਛੁੱਟੀਆਂ ਹੁੰਦੀਆਂ ਹਨ। ਸਤੰਬਰ-ਅਕਤੂਬਰ ਵਿਚ ਰੋਜ਼ਾਨਾ 450 ਤੋਂ 500 ਵਿਦੇਸ਼ੀ ਸੈਲਾਨੀ ਅਮਰੀਕਾ, ਕੈਨੇਡਾ, ਯੂਰਪੀ ਮੁਲਕਾਂ ਤੋਂ ਇਥੇ ਪੁੱਜਦੇ ਹਨ।। ਬੈਲਜ਼ੀਅਮ ਦੇ ਸ਼ਹਿਰਾਂ ਐਨਟਵੀਰਨ, ਬਰਾਗਗੀ ਤੇ ਜੀਨਿਕ ਤੋਂ ਆਏ ਸੈਲਾਨੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਥੇ ਆਉਣਾ ਚੰਗਾ ਲੱਗਾ ਤੇ ਉਨ੍ਹਾਂ ਨਾਲ ਆਏ ਬੱਚਿਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਮਿਲੀ ਹੈ। ਮਈ-ਜੂਨ ਵਿਚ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਕਾਫੀ ਘਟ ਜਾਂਦੀ ਹੈ ਪਰ ਉਦੋਂ ਵੀ 100 ਦੇ ਕਰੀਬ ਸੈਲਾਨੀ ਬੰਗਲਾ ਸਾਹਿਬ ਆ ਹੀ ਜਾਂਦੇ ਹਨ। ਅਤਿ ਗਰਮੀ ਦੇ ਮੌਸਮ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਗਰੁੱਪ ਜ਼ਿਆਦਾਤਰ ਇਥੇ ਆਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਸਸਤੇ ਟੂਰਾਂ ਦੇ ਪੈਕੇਜ ਮਿਲ ਜਾਂਦੇ ਹਨ। ਇਨ੍ਹਾਂ ਗਰਮੀ ਵਾਲੇ ਮਹੀਨਿਆਂ ਦੌਰਾਨ ਕਾਰੋਬਾਰ ਨਾਲ ਜੁੜੇ ਜਾਂ ਸਰਕਾਰੀ ਕਾਰਜਾਂ ਲਈ ਆਏ ਵਿਦੇਸ਼ੀ ਸੈਲਾਨੀਆਂ ਦੀ ਆਮਦ ਹੁੰਦੀ ਹੈ। ਸੂਚਨਾ ਕੇਂਦਰ ਵਿਚ ਮੁੱਖ ਵਿਦੇਸ਼ੀ ਭਾਸ਼ਾਵਾਂ ਦਾ ਸਾਹਿਤ ਹਮੇਸ਼ਾ ਰੱਖਿਆ ਜਾਂਦਾ ਹੈ ਜੋ ਵਿਦੇਸ਼ੀ ਸੈਲਾਨੀਆਂ ਨੂੰ ਵੰਡ ਕੇ ਸਿੱਖ ਧਰਮ ਬਾਰੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਕਰਦਾ ਹੈ। ਸੈਲਾਨੀਆਂ ਨੂੰ ਇਸ ਦਫ਼ਤਰ ਅੰਦਰ ਆਉਣ ਤੇ ਗੁਰਦੁਆਰੇ ਦੇ ਦਰਸ਼ਨ ਕਰਵਾਉਣ ਵੇਲੇ ਵੀ ਗਾਈਡ ਸਿੱਖ ਧਰਮ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਹਨ। ਚਾਂਦਨੀ ਚੌਕ ਵਿਚ ਵੀ ਵਿਦੇਸ਼ੀ ਸੈਲਾਨੀ ਜਾਂਦੇ ਹਨ। ਲਾਲ ਕਿਲ੍ਹਾ, ਜਾਮਾ ਮਸਜਿਦ ਤੇ ਚਾਂਦਨੀ ਚੌਕ ਦੇ ਪੁਰਾਤਨ ਬਾਜ਼ਾਰ ਦੇਖਣ ਵਾਲੇ ਸੈਲਾਨੀ ਗੁਰਦੁਆਰਾ ਸੀਸ ਗੰਜ ਸਾਹਿਬ ਜ਼ਰੂਰ ਜਾਂਦੇ ਹਨ। ਉਥੋਂ ਦੇ ਸੂਚਨਾ ਕੇਂਦਰ ਵਿੱਚ ਵੀ ਵਿਦੇਸ਼ੀ ਸੈਲਾਨੀਆਂ ਲਈ ਸਹੂਲਤਾਂ ਹਨ।



## ਦਿੱਲੀ ਦੇ ਗੁਰਦੁਆਰਿਆਂ ਦੀ ਆਮਦਨ ਵਧੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰੇ ਬੰਗਲਾ ਸਾਹਿਬ ਦੀ ਗੋਲਕ ਵਿਚ ਵਾਧਾ ਦਰਜ ਕੀਤਾ ਗਿਆ ਹੈ। ਇਸ ਗੁਰਦੁਆਰੇ ਦੀ ਗੋਲਕ ਹਰ ਪੰਜਵੇਂ ਦਿਨ ਖੋਲ੍ਹੀ ਜਾਂਦੀ ਹੈ ਤੇ ਇਸ ਲਈ ਬਕਾਇਦਾ ਸਟਾਫ਼ ਦੀ ਪਹਿਲਾਂ ਹੀ ਡਿਊਟੀ ਲਾਈ ਜਾਂਦੀ ਹੈ। ਦਿੱਲੀ ਕਮੇਟੀ ਦੇ ਸਾਰੇ ਗੁਰਦੁਆਰਿਆਂ ਦੀਆਂ ਗੋਲਕਾਂ ਦੇ ਇੰਚਾਰਜ ਗੁਰਬਚਨ ਸਿੰਘ ਚੀਮਾ ਨੇ ਦੱਸਿਆ ਕਿ ਗੁਰਦੁਆਰਾ ਬੰਗਲਾ ਸਾਹਿਬ ਦੀ ਗੋਲਕ ਵਿਚੋਂ ਰੋਜ਼ਾਨਾ ਤਕਰੀਬਨ ਛੇ ਤੋਂ ਸਾਢੇ ਛੇ ਲੱਖ ਰੁਪਏ ਦੀ ਮਾਇਆ ਪ੍ਰਾਪਤ ਹੁੰਦੀ ਹੈ ਤੇ ਇਸ ਤਰ੍ਹਾਂ ਹਰ ਹਫ਼ਤੇ ਪੱਚੀ-ਤੀਹ ਲੱਖ ਰੁਪਏ ਦੀ ਮਾਇਆ ਸੰਗਤ ਦਾਨ ਕਰਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠਲੇ ਸਾਰੇ ਗੁਰਦੁਆਰਿਆਂ ਦੀ ਗੋਲਕ ਵਿਚ ਤਕਰੀਬਨ ਵੀਹ ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਦਿੱਲੀ ਕਮੇਟੀ ਸਿੱਖਾਂ ਦੀ ਦੂਜੀ ਵੱਡੀ ਸਿੱਖ ਸੰਸਥਾ ਹੈ ਜਿਸ ਦੇ ਪ੍ਰਬੰਧਕ ਸਿੱਖ ਵੋਟਰ ਚੁਣਦੇ ਹਨ। ਇਸ ਕਮੇਟੀ ਵੱਲੋਂ ਦਿੱਲੀ ਅੰਦਰ ਪ੍ਰਾਇਮਰੀ ਤੇ ਹਾਈ ਸਕੂਲ, ਕਾਲਜ, ਸਿੱਖਿਆ ਸੰਸਥਾਵਾਂ, ਹਸਪਤਾਲ ਤੇ ਡਿਸਪੈਂਸਰੀਆਂ ਤੋਂ ਇਲਾਵਾ ਹੋਰ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ।

## ਮਨੀਲਾ ਵਿਚ ਗੁਰਦੁਆਰੇ ਦੇ ਪ੍ਰਧਾਨ ਦੀ ਹੱਤਿਆ

**ਹੰਢਿਆਇਆ:** ਕਸਬਾ ਹੰਢਿਆਇਆ ਨੇੜਲੇ ਪਿੰਡ ਧਨੌਲਾ ਖੁਰਦ ਦੇ ਵਾਸੀ ਕੁਲਪਾਲ ਸਿੰਘ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ ਮਨੀਲਾ (ਫਿਲਪੀਨਜ਼) ਵਿਚ ਆਪਣਾ ਕਾਰੋਬਾਰ ਕਰਦਾ ਸੀ ਤੇ ਗੁਰਦੁਆਰਾ ਕਰਤਾਰਸਰ ਸਾਹਿਬ, ਮਰਕੀਨਾ ਸਿਟੀ ਦਾ ਪ੍ਰਧਾਨ ਵੀ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕੁਲਪਾਲ ਸਿੰਘ ਆਪਣੇ ਘਰ ਤੋਂ ਸਟੋਰ ਵਿਚ ਕੰਮ ਕਰਨ ਲਈ ਜਾ ਰਿਹਾ ਸੀ ਕਿ ਰਸਤੇ ਵਿਚ ਛੇ ਜਣਿਆਂ ਨੇ ਉਸ ਉਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਪਹਿਲਾਂ ਉਸਦੀਆਂ ਬਾਂਹਾਂ ਵਿਚ ਗੋਲੀਆਂ ਮਾਰੀਆਂ, ਫਿਰ ਡਿੱਗਣ ਉਪਰੰਤ ਉਸਦੀ ਛਾਤੀ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

# ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ



ਸਵਰਗੀ ਤੀਰਥ ਸਿੰਘ ਅਟਵਾਲ



ਜੇ ਪੀ ਐਸ ਖਹਿਰਾ
ਕਲੱਬ ਚੇਅਰਮੈਨ

## ਕਬੱਡੀ ਪ੍ਰੋਮੋਟਰ ਸਵਰਗੀ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ

# ਖੇਡ ਤੇ ਸਭਿਆਚਾਰਕ ਮੇਲਾ

## 13 ਸਤੰਬਰ 2015

ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ, ਐਲਕ ਗਰੂਵ

ਕਬੱਡੀ ਦਾ ਪਹਿਲਾ ਇਨਾਮ ਦਰਸ਼ਨ ਸਿੰਘ ਧਾਲੀਵਾਲ ਵਲੋਂ ਦਿੱਤਾ ਜਾਵੇਗਾ
ਕਬੱਡੀ ਦਾ ਦੂਜਾ ਤੀਰਥ ਸਿੰਘ ਅਟਵਾਲ ਦੀ ਯਾਦ ਵਿਚ ਕਲੱਬ ਵਲੋਂ ਦਿੱਤਾ ਜਾਵੇਗਾ

**ਸਭਨਾਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ**



ਸ. ਦਰਸ਼ਨ ਸਿੰਘ
ਧਾਲੀਵਾਲ



ਬਲਦੇਵ ਸਿੰਘ ਸੱਲ੍ਹਾਂ
ਗੈਸਟ ਆਫ ਆਨਰ




**ਕਲੱਬ ਮੈਂਬਰ**



ਹਰਵਿੰਦਰ ਸਿੰਘ ਬਿੱਲਾ ਪ੍ਰਧਾਨ, ਅਮਰੀਕ ਸਿੰਘ ਅਮਰ ਕਾਰਪੈਟਸ, ਜਸਰਕਨ ਸਿੰਘ ਧਾਲੀਵਾਲ, ਨਰਿੰਦਰ ਸਰਾਂ, ਹੈਪੀ ਹੀਰ, ਗੁਰਮੀਤ ਸਿੰਘ ਭੋਲਾ, ਲਵਦੀਪ ਸਿੰਘ ਦੁੱਲਤ, ਗੁਰਪ੍ਰੀਤ ਸਿੰਘ ਗਿੱਲ, ਲੱਕੀ ਸਹੋਤਾ, ਗਿਆਨ ਸਿੰਘ ਸੀਹਰਾ, ਅੰਮ੍ਰਿਤਪਾਲ ਸਿੰਘ ਸੰਘਾ, ਮਨਮਿੰਦਰ ਸਿੰਘ ਹੀਰ, ਰਜਿੰਦਰ ਸਿੰਘ ਦਿਆਲ

ਕਲੱਬ ਮੈਂਬਰ ਸਵਰਨ ਸਿੰਘ

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 708-228-8520, 773-507-8043, 630-398-7052, 630-205-9264
224-425-0705, 630-290-7993, 773-406-2131

# ਕਾਲਾ ਕਾਗਜ਼ ਤੇ ਕਾਨੀ

## ਸ਼ਸ਼ੀਕਾਂਤ ਧੋਤਰੇ ਦੇ ਚਿੱਤਰ ਪਾਉਂਦੇ ਨੇ ਫੋਟੋ ਦਾ ਭੁਲੇਖਾ



ਕਲਾ ਪਰਿਕਰਮਾ

32 ਵਰ੍ਹਿਆਂ ਦੇ ਨੌਜਵਾਨ ਸ਼ਸ਼ੀਕਾਂਤ ਧੋਤਰੇ ਦੇ ਹੱਥਾਂ ਵਿਚ ਕੋਈ ਜਾਦੂ ਰਚਿਆ ਹੋਇਆ ਹੈ। ਉਸ ਵੱਲੋਂ ਬਣਾਏ ਚਿੱਤਰ ਦਰਸ਼ਕ ਨੂੰ ਫੋਟੋ ਦਾ ਭੁਲੇਖਾ ਪਾਉਂਦੇ ਹਨ। ਸ਼ਸ਼ੀਕਾਂਤ ਨੇ ਚਿੱਤਰਕਲਾ ਦੀ ਵਿਧੀਵਤ ਢੰਗ ਨਾਲ ਕਿਤਿਉਂ ਕੋਈ ਸਿਖਲਾਈ ਨਹੀਂ ਲਈ। ਉਹ ਚਿੱਤਰਕਲਾਂ ਦੀ ਅਜਿਹੀ ਰਸਮੀ ਸਿੱਖਿਆ ਲੈਣ ਮੁੰਬਈ ਦੇ ਮਸ਼ਹੂਰ ਜੇ.ਜੇ. ਸਕੂਲ ਆਫ਼ ਆਰਟ ਵਿਚ ਦਾਖ਼ਲ ਹੋਇਆ ਸੀ ਪਰ ਇਕ ਮਹੀਨੇ ਬਾਅਦ ਹੀ ਉਸ ਨੇ ਇਹ ਸਿਖਲਾਈ

ਸਿਮਰਨ ਕੌਰ

ਛੱਡ ਦਿੱਤੀ। ਉਂਜ ਕੱਲ੍ਹ ਉਹ ਕਾਲੇ ਸਿਆਹ ਕਾਗਜ਼ਾਂ ਉਤੇ ਰੰਗ-ਬਰੰਗੀਆਂ ਪੈਂਨਸਿਲਾਂ ਨਾਲ ਚਿੱਤਰ ਬਣਾਉਂਦਾ ਹੈ ਅਤੇ ਸਭ ਦਾ ਧਿਆਨ ਖਿੱਚ ਰਿਹਾ ਹੈ। ਉਸ ਦੇ ਚਿੱਤਰਾਂ ਵਿਚ ਹਕੀਕਤ ਦਾ ਇੰਨਾ ਗੂੜ੍ਹਾ ਰੰਗ ਭਰਿਆ ਹੁੰਦਾ ਹੈ ਕਿ ਜਾਪਦਾ ਹੈ, ਇਹ ਹੁਣ ਬੋਲੇ ਕਿ ਬੋਲੇ!

ਸ਼ਸ਼ੀਕਾਂਤ ਧੋਤਰੇ ਦੀਆਂ ਕਿਰਤਾਂ ਆਪਣੀ ਕਹਾਣੀ ਆਪ ਸੁਣਾ ਰਹੀਆਂ ਹਨ। ਉਹ ਚਿੱਤਰਕਾਰ ਰਾਜਾ ਰਵੀ ਵਰਮਾ (29 ਅਪਰੈਲ 1848-2 ਅਕਤੂਬਰ 1906) ਦੀ ਕਲਾ ਤੋਂ ਬਹੁਤ ਪ੍ਰਭਾਵਿਤ ਹੈ। ਇਸ ਚਿੱਤਰਕਾਰ ਦਾ ਪ੍ਰਭਾਵ ਕਬੂਲ ਕਰਨ ਤੋਂ ਬਾਅਦ ਹੀ ਉਸ ਦੇ ਜ਼ਿਹਨ ਵਿਚ ਕੁਝ ਵੱਖਰਾ ਕਰਨ ਦਾ ਖਿਆਲ ਉਠਿਆ ਅਤੇ ਥੋੜ੍ਹੇ ਹੀ ਚਿਰ ਵਿਚ ਇਹ ਖਿਆਲ ਸਮੁੰਦਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਨ ਲੱਗ ਪਿਆ। ਫਿਰ ਉਸ ਨੇ ਜਿਹੜੀਆਂ ਕਲਾ ਕਿਰਤਾਂ ਦੀ ਰਚਨਾ ਕੀਤੀ, ਉਹ ਇੰਨੀਆਂ ਸੂਖਮ ਹਾਂ ਨਿੱਬੜੀਆਂ ਕਿ ਔਰਤ ਦਾ ਇਕ ਇਕ ਵਾਲ ਜਾਂ ਇਨ੍ਹਾਂ ਔਰਤਾਂ ਦੀਆਂ ਸਾੜ੍ਹੀਆਂ 'ਤੇ ਕੀਤੀ





ਸ਼ਸ਼ੀਕਾਂਤ ਧੋਤਰੇ

ਕਢਾਈ ਦਾ ਇਕ ਇਕ ਧਾਗਾ ਦਿਖਾਈ ਦਿੰਦਾ ਹੈ। ਉਸ ਨੇ ਕੁਝ ਐਬਸਟਰੈਕਟ ਕਲਾ ਕਿਰਤਾਂ ਵੀ ਸਿਰਜੀਆਂ ਹਨ, ਪਰ ਉਸ ਨੂੰ ਸਭ ਤੋਂ ਵੱਧ ਸ਼ਾਬਾਸ਼ ਆਪਣੀਆਂ ਦੂਜੀਆਂ ਕਲਾ ਕਿਰਤਾਂ ਲਈ ਹੀ ਮਿਲੀ। ਹੁਣ ਤੱਕ ਉਹ ਆਪਣੀਆਂ ਕਲਾ ਕਿਰਤਾਂ ਦੀਆਂ ਕਈ ਨੁਮਾਇਸ਼ਾਂ ਲਾ ਚੁੱਕਾ ਹੈ। ਫੇਸਬੁੱਕ ਅਤੇ ਹੋਰ ਸ਼ੋਸ਼ਲ ਮੀਡੀਆ ਉਤੇ ਵੀ ਉਸ ਵੱਲੋਂ ਬਣਾਏ ਚਿੱਤਰ ਤੇਜ਼ੀ ਨਾਲ ਘੁੰਮ ਰਹੇ ਹਨ ਅਤੇ ਵਧ ਤੋਂ ਵੱਧ ਦਰਸ਼ਕ ਉਸ ਦੀਆਂ ਕਲਾ ਕਿਰਤਾਂ ਦੇ ਦੀਵਾਨੇ ਹੋ ਰਹੇ ਹਨ। ਉਂਜ ਅਜੇ ਤੱਕ ਉਸ ਨੂੰ ਕੋਈ ਵੱਡਾ ਸਪਾਂਸਰਰ ਨਹੀਂ ਮਿਲਿਆ। ਇਸ ਬਾਰੇ ਉਹ ਬਹੁਤਾ ਫਿਕਰ ਵੀ ਨਹੀਂ ਕਰਦਾ। ਉਹ ਆਖਦਾ ਹੈ- "ਮੈਂ ਤਾਂ ਆਪਣੀ ਕਲਾ ਨੂੰ ਪ੍ਰਨਾਇਆ ਹੋਇਆ ਹਾਂ। ਜੇ ਕਿਤੇ ਰਾਹ ਵਿਚ ਕੋਈ ਹੁਲਾਰਾ ਮਿਲਦਾ ਹੈ ਤਾਂ ਭਲੀ ਵਾਹਵਾ, ਨਹੀਂ ਤਾਂ ਮੇਰੇ ਹੱਥ ਕਾਗਜ਼ ਉਤੇ ਕਾਨੀ ਫੇਰਦੇ ਰਹਿਣਗੇ।"

ਸ਼ਸ਼ੀਕਾਂਤ ਧੋਤਰੇ ਆਪਣੀ ਕਲਾ ਬਾਰੇ ਖੁਲਾਸਾ ਕਰਦਾ ਹੈ ਕਿ ਉਸ ਨੂੰ ਸਹਿਜ ਅਤੇ ਇਕਾਂਤ ਬਹੁਤ ਪੋਂਹਦੇ ਹਨ ਅਤੇ ਉਸ ਦੀਆਂ ਕਲਾ ਕਿਰਤਾਂ ਵਿਚ ਇਹ ਅਹਿਸਾਸ ਆਪਣੇ ਆਪ ਸਮਾਈ ਜਾਂਦੇ ਹਨ। ਸੱਚਮੁੱਚ ਉਸ ਦੀਆਂ ਕਲਾ ਕਿਰਤਾਂ ਦਾ ਸਹਿਜ ਦੇਖਣ ਹੀ ਵਾਲਾ ਹੈ, ਖਾਸ ਕਰ ਕੇ ਔਰਤਾਂ ਦੇ ਚਿੱਤਰਾਂ ਵਿਚ ਇਹ ਸਹਿਜ ਪੂਰੀ ਬੁਲੰਦੀ ਨਾਲ ਪੇਸ਼ ਹੋਇਆ ਹੈ। ਇਨ੍ਹਾਂ ਚਿੱਤਰਾਂ ਵਿਚ ਔਰਤ ਦਾ ਆਪਾ ਉਘੜਦਾ ਹੈ। ਸ਼ਸ਼ੀਕਾਂਤ ਧੋਤਰੇ ਨੇ ਔਰਤ ਦੇ ਇਸ ਸੁਹਜ ਨੂੰ ਬਹੁਤ ਪਿਆਰ ਨਾਲ ਪੇਸ਼ ਕੀਤਾ ਹੈ।



### ਕਲਾ ਨਾਲ ਸਿੱਧੇ ਸੰਵਾਦ ਦੀ ਸਕੀਰੀ

*ਇਸ ਤਸਵੀਰ ਵਿਚ ਸ਼ਸ਼ੀਕਾਂਤ ਧੋਤਰੇ ਆਪਣੀ ਕਲਾ ਕਿਰਤ ਦੇ ਸਾਹਮਣੇ ਬੈਠਾ ਹੈ। ਜਾਪ ਇੰਜ ਰਿਹਾ ਹੈ ਜਿਵੇਂ ਉਹ ਕੋਲ ਬੈਠੀ ਮੁਟਿਆਰ ਨਾਲ ਗੱਲਾਂ ਕਰ ਰਿਹਾ ਹੋਵੇ। ਬੱਸ ਇਹੀ ਉਸ ਦੀਆਂ ਕਲਾ ਕਿਰਤਾਂ ਦੀ ਖਾਸੀਅਤ ਹੈ। ਇਹ ਦਰਸ਼ਕਾਂ ਨਾਲ ਸਿੱਧਾ ਸੰਵਾਦ ਛੇੜਦੀਆਂ ਹਨ ਅਤੇ ਦਿਲੋ-ਦਿਮਾਗ ਵਿਚ ਨਵੀਆਂ ਤਰੰਗਾਂ ਪੈਦਾ ਕਰਦੀਆਂ ਹਨ। ਇਸ ਬਾਬਤ ਉਹ ਆਖਦਾ ਹੈ ਕਿ ਉਹ ਆਪਣੀ ਇਸ ਪ੍ਰਾਪਤੀ ਤੋਂ ਪੂਰਾ ਬਾਗੋਬਾਗ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਕਾਨੀ, ਕਾਗਜ਼ ਉਤੇ ਇਸੇ ਤਰ੍ਹਾਂ ਫਿਰਦੀ ਰਹੇ ਅਤੇ ਨਿੱਤ ਨਵੇਂ ਚਿੱਤਰ ਬਣਦੇ ਰਹਿਣ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਗਸਤ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-181



*ਇਕ ਮਰਦ ਦੇ ਲੜ ਇਹ ਲਾ'ਤੀਆਂ ਲੱਗਦੈ ਸਕੀਆਂ ਭੈਣਾਂ।*
*ਬੰਦਾ ਬਣਦਾ ਇਹ ਵੀ ਵੇਖਿਓ ਜ਼ਿੰਦਗੀ ਵਿਚ ਟਟਹਿਣਾ।*
*ਹੋ ਸਕਦਾ ਕੋਈ ਪਿਤਰ ਮਨਾਉਣ ਦੀ ਹੋਵੇਗੀ ਮਜਬੂਰੀ।*
*ਅੱਜ ਕੱਲ੍ਹ ਲੋਕੀਂ ਕੁੱਟ ਲੈਂਦੇ ਨੇ ਘਿਓ ਦੇ ਬਿਨ ਵੀ ਚੂਰੀ।*

## ਕੈਪਸ਼ਨ ਮੁਕਾਬਲਾ-179



ਉਹ ਦੇਖੋ ਆਉਂਦਾ ਹਾਥੀ
ਬਣਾਈਏ ਇਸ ਨੂੰ ਆਪਣਾ ਸਾਥੀ।
ਆਓ ਸਾਰੇ 'ਕੱਠੇ ਹੋਈਏ
ਇਸ 'ਤੇ ਸਾਰੇ ਝੂਟੇ ਲਈਏ।
ਵੀਰੋ, ਵੀਰੋ ਤੁਸੀਂ ਵੀ ਆਵੋ,
ਭੈਣਾਂ ਦੇ ਸੰਗ ਬੈਠ ਜਾਵੋ।
ਇਹ ਹੈ ਹਾਥੀ ਦੀ ਸਵਾਰੀ,
ਲੱਗਦੀ ਸਭ ਨੂੰ ਬਹੁਤ ਪਿਆਰੀ।

**-ਰਾਮ ਕੁਮਾਰ ਐਸ਼ ਜਾਜਾ**

---

ਬੁੱਤ ਕਲਾ ਦਾ ਅਦਭੁਤ ਨਮੂਨਾ
ਕਲਾਕਾਰ ਨੇ ਖੂਬ ਪੇਸ਼ ਕੀਤਾ।
ਸੀਮਿੰਟ-ਬਜਰੀ 'ਚੋਂ ਪਲੋਸ ਘੜਿਆ
ਉਤੇ ਬਿਠਾਇਆ ਸਿੰਘ ਜੀਤਾ।
ਹਾਥੀ ਚਲਦੇ ਸਦਾ ਕੁੰਡਿਆਂ ਨਾਲ
ਡੰਡਿਆਂ ਨਾਲ ਚਲਦੇ ਖੋਤੇ।
ਅਜਾਇਬ ਘਰ 'ਚ ਮਿਲ 'ਕੱਠੇ ਹੋਏ
ਖਿਚਾਵਣ ਫੋਟੋ ਪੋਤੀ-ਪੋਤੇ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਅਸਲੀ ਕੋਲੋਂ ਡਰ ਪਿਆ ਲਗਦਾ
ਉਹਦੇ ਤਾਂ ਅਸੀਂ ਕੋਲ ਨਾ ਜਾਈਏ।
ਨਕਲੀ ਦੇ ਅਸੀਂ ਬੈਠ ਸੁੰਡ 'ਤੇ
ਖੁਸ਼ ਹੋ ਕੇ ਤਸਵੀਰ ਖਿਚਾਈਏ।
ਮਸਾਂ ਮਸਾਂ ਤਾਂ ਮੌਕਾ ਮਿਲਿਆ
ਕਿਉਂ ਨਾ ਆਪਣਾ ਮਨ ਪ੍ਰਚਾਈਏ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਇਹ ਵੀ ਹੈ ਇਕ ਧੰਦਾ
ਸਜ ਧਜ ਬੈਠਾ ਹਾਥੀ ਉਪਰ
ਲੈਂਦਾ ਪੈਸੇ ਸਭ ਤੋਂ ਵਾਰੀ ਸਿਰ।
ਆਈ ਕੁੜੀ ਭਰਾ ਨੂੰ ਨਾਲ ਲੈ
ਇੰਤਜ਼ਾਰ ਬੜੀ ਔਖੀ ਬੱਚੇ ਲਈ
ਚਾਹੁੰਦੀ ਭਰਾ ਨੂੰ ਖੁਸ਼ ਕਰਨਾ।
ਲੈ ਆਈ ਸੀ 'ਜਰਗ ਦੇ ਮੇਲੇ'
ਮਾਰ ਡੰਡਾ ਭਾਈ ਵੇ
ਸਾਡੀ ਵੀ ਵਾਰੀ ਲੱਗੇ।
ਦੱਸੀਏ ਘਰ ਜਾ ਮਾਂ-ਬਾਪ ਨੂੰ
ਕਿੰਨਾ ਅਸੀਂ ਅਨੰਦ ਮਾਣਿਆ
ਹਾਥੀ ਵੀ ਬੜਾ ਸਿਆਣਾ
ਸਮਝਦਾ ਰਮਜ਼ਾਂ ਸਮਾਜ ਦੀਆਂ
ਕੰਨ ਫੜ੍ਹਕਦਾ ਖੁਸ਼ ਕਰ ਦਿੰਦਾ
ਜਿਵੇਂ ਉਸ ਦੀ ਹੈ ਜ਼ਿੰਮੇਵਾਰੀ
ਨਹੀਂ ਮਾਲਕ ਕੁਝ ਕਰ ਸਕਦਾ।

**-ਦਰਸ਼ਨ ਪਾਲ ਦੋਸਾਂਝ**

# ਪੰਜਾਬ ਦੀਆਂ ਜੇਲ੍ਹਾਂ ਵਿਚ ਹਰ ਦੂਜੇ ਦਿਨ ਹੁੰਦੀ ਹੈ ਮੌਤ

**ਬਠਿੰਡਾ:** ਜੇਲ੍ਹਾਂ ਵਿਚ ਮੌਤਾਂ ਦੇ ਮਾਮਲੇ ਵਿਚ ਪੰਜਾਬ ਹੁਣ ਦੇਸ਼ ਵਿਚੋਂ ਦੂਜੇ ਨੰਬਰ ਉਤੇ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਔਸਤਨ ਹਰ ਦੂਜੇ ਦਿਨ ਇਕ ਮੌਤ ਹੁੰਦੀ ਹੈ। ਦੇਸ਼ ਵਿਚ ਸਭ ਤੋਂ ਜ਼ਿਆਦਾ ਮੌਤਾਂ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਹੁੰਦੀਆਂ ਹਨ। ਪੰਜਾਬ ਦੀ ਜੇਲ੍ਹ ਵਿਚ ਆਖਰੀ ਫਾਂਸੀ ਢਾਈ ਦਹਾਕੇ ਪਹਿਲਾਂ ਦਿੱਤੀ ਗਈ ਸੀ ਪਰ ਕੁਦਰਤੀ ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਪਹਿਲੀ ਅਪਰੈਲ 2012 ਤੋਂ 30 ਜੂਨ 2015 ਤੱਕ (ਸਵਾ ਤਿੰਨ ਸਾਲ) ਪੰਜਾਬ ਦੀਆਂ ਜੇਲ੍ਹਾਂ ਵਿਚ 549 ਮੌਤਾਂ ਹੋਈਆਂ, ਜਿਸ ਦਾ ਭਾਵ ਹੈ ਕਿ ਹਰ ਮਹੀਨੇ ਪੰਜਾਬ ਦੀਆਂ ਜੇਲ੍ਹਾਂ ਵਿਚ ਔਸਤਨ 14 ਮੌਤਾਂ ਹੋ ਰਹੀਆਂ ਹਨ। ਪੰਜਾਬ ਵਿਚ 26 ਜੇਲ੍ਹਾਂ ਹਨ ਤੇ ਜੇਲ੍ਹਾਂ ਵਿਚ ਹੋਈਆਂ ਮੌਤਾਂ ਵਿਚ ਕੁਦਰਤੀ ਤੇ ਗੈਰ ਕੁਦਰਤੀ ਮੌਤਾਂ ਦੋਵੇਂ ਸ਼ਾਮਲ ਹਨ। ਸਾਲ 2012-13 ਵਿਚ 117, 2013-14 ਵਿਚ 171 ਤੇ 2014-15 ਵਿਚ 214 ਮੌਤਾਂ ਹੋਈਆਂ। ਚਾਲੂ ਮਾਲੀ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ 47 ਮੌਤਾਂ ਹੋ ਚੁੱਕੀਆਂ ਹਨ। ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਇਨ੍ਹਾਂ ਸਵਾ ਤਿੰਨ ਸਾਲਾਂ ਵਿਚ 1140 ਮੌਤਾਂ ਹੋਈਆਂ ਹਨ ਜਦਕਿ ਹਰਿਆਣਾ ਦੀਆਂ ਜੇਲ੍ਹਾਂ ਵਿਚ 167 ਮੌਤਾਂ ਹੋਈਆਂ ਹਨ। ਮਨੋਵਿਗਿਆਨਕ ਤੇ ਪ੍ਰਿੰਸੀਪਲ ਡਾ. ਤਰਲੋਕ ਬੰਧੂ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿਚਲੇ ਗੈਰ ਮਨੁੱਖੀ ਸਲੂਕ ਤੇ ਮਾੜੇ ਮਾਹੌਲ ਕਾਰਨ ਮੌਤ ਦਰ ਜ਼ਿਆਦਾ ਹੈ। ਮਾਨਸਿਕ ਤਣਾਅ ਤੇ ਜੇਲ੍ਹਾਂ ਵਿਚ ਸਮਰਥਾ ਤੋਂ ਵੱਧ ਕੈਦੀ ਰੱਖਣਾ ਵੀ ਮੌਤਾਂ ਦਾ ਕਾਰਨ ਹਨ। ਜੇਲ੍ਹ ਮੰਤਰੀ ਪੰਜਾਬ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿਚ ਬੰਦੀਆਂ ਨੂੰ ਚੰਗਾ ਮਾਹੌਲ ਦੇਣ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ। ਜੇਲ੍ਹਾਂ ਵਿਚ ਹੁਣ ਜ਼ਿਆਦਾ ਨਸ਼ਿਆਂ ਦੇ ਆਦੀ ਆਉਂਦੇ ਹਨ ਤੇ ਬਜ਼ੁਰਗਾਂ ਦੀ ਗਿਣਤੀ ਵੀ ਜ਼ਿਆਦਾ ਹੈ, ਜੋ ਕਿ ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਤੋਂ ਪੀੜਤ ਵੀ ਹੁੰਦੇ ਹਨ। ਇਸੇ ਕਰ ਕੇ ਮੌਤ ਦਰ ਜ਼ਿਆਦਾ ਹੈ।

### ਮੌਤਾਂ ਦੇ ਮਾਮਲੇ ਵਿਚ ਪੰਜਾਬ ਦੂਜੇ ਨੰਬਰ ਉਤੇ



### ਅਧਵਾਟੇ ਹੀ ਲਟਕੀ ਰਹਿੰਦੀ ਹੈ ਜਾਂਚ

**ਚੰਡੀਗੜ੍ਹ:** ਸਾਲ 2012-13 ਵਿਚ ਹੋਈਆਂ ਮੌਤਾਂ ਵਿਚੋਂ 29 ਮੌਤਾਂ ਦੀ ਜਾਂਚ ਹਾਲੇ ਮੁਕੰਮਲ ਨਹੀਂ ਹੋਈ, ਸਾਲ 2013-14 ਵਿਚ ਹੋਈਆਂ 58 ਮੌਤਾਂ ਦੀ ਜਾਂਚ ਕਿਸੇ ਤਣ ਪੱਤਣ ਨਹੀਂ ਲੱਗੀ ਹੈ। ਸੂਤਰ ਆਖਦੇ ਹਨ ਕਿ ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਵਿਚ ਲੋੜੋਂ ਵੱਧ ਦੇਰੀ ਹੋਣ ਕਰ ਕੇ ਪੜਤਾਲ ਲਟਕ ਜਾਂਦੀ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਤਕਰੀਬਨ 30 ਮੌਤਾਂ ਗੈਰ ਕੁਦਰਤੀ ਹੋਈਆਂ ਹਨ, ਜਿਨ੍ਹਾਂ ਵਿਚ ਖ਼ੁਦਕੁਸ਼ੀ ਦੇ ਮਾਮਲੇ ਵੀ ਸ਼ਾਮਲ ਹਨ। ਬਠਿੰਡਾ ਜੇਲ੍ਹ ਵਿਚ ਦੋ ਜੁਲਾਈ ਨੂੰ ਹੀ ਇਕ ਬੰਦੀ ਫਾਹਾ ਲੈ ਲਿਆ ਸੀ ਜਦੋਂ ਵੀ ਜੇਲ੍ਹ ਵਿਚ ਕੋਈ ਮੌਤ ਹੁੰਦੀ ਹੈ ਤਾਂ ਉਸ ਦੀ ਬਕਾਇਦਾ ਮੈਜਿਸਟਰੇਟੀ ਜਾਂਚ ਹੁੰਦੀ ਹੈ। ਜੇਲ੍ਹ ਪ੍ਰਬੰਧਕਾਂ ਵੱਲੋਂ ਹਰ ਮੌਤ ਦੀ ਸੂਚਨਾ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੀ ਜਾਂਦੀ ਹੈ। ਮੈਜਿਸਟਰੇਟੀ ਜਾਂਚ ਮੁਕੰਮਲ ਹੋਣ ਮਗਰੋਂ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਮਾਮਲੇ ਨੂੰ ਬੰਦ ਕਰਦਾ ਹੈ।

### ਜੇਲ੍ਹਾਂ ਵਿਚ ਗੈਂਗਸਟਰਾਂ ਦੀ ਗਿਣਤੀ ਵਧੀ

ਪੰਜਾਬ ਦੀਆਂ ਜੇਲ੍ਹਾਂ ਵਿਚ ਕੁਝ ਸਾਲਾਂ ਵਿਚ ਗੈਂਗਸਟਰਾਂ ਦੀ ਗਿਣਤੀ ਵਧੀ ਹੈ। ਬਠਿੰਡਾ ਜੇਲ੍ਹ ਵਿਚ ਪਿਛਲੇ ਸਮੇਂ ਦੌਰਾਨ ਗੈਂਗਸਟਰਾਂ ਦੀ ਲੜਾਈ ਵਿਚ ਦੋ ਬੰਦੀ ਜ਼ਖ਼ਮੀ ਹੋ ਗਏ ਸਨ। ਸਾਲ 2011 ਤੋਂ 2013 ਦੇ ਤਿੰਨ ਸਾਲਾਂ ਦੌਰਾਨ ਜੇਲ੍ਹਾਂ ਵਿਚ ਲੜਾਈ ਕਾਰਨ ਇਕ ਬੰਦੀ ਦੀ ਮੌਤ ਹੋਈ ਜਦਕਿ ਚਾਰ ਜ਼ਖ਼ਮੀ ਹੋਏ। ਅੰਮ੍ਰਿਤਸਰ ਜੇਲ੍ਹ ਵਿਚ ਕੁਝ ਸਾਲ ਪਹਿਲਾਂ ਜੇਲ੍ਹ ਸਟਾਫ਼ ਦੀ ਕੁੱਟਮਾਰ ਕਰਨ ਇਕ ਬੰਦੀ ਦੀ ਮੌਤ ਹੋ ਗਈ ਸੀ। ਜੇਲ੍ਹਾਂ ਵਿਚ ਸਿਹਤ ਵਿਭਾਗ ਦਾ ਪੱਕਾ ਸਟਾਫ਼ ਨਹੀਂ ਹੁੰਦਾ ਅਤੇ ਹਸਪਤਾਲ ਦੇ ਮੁਲਾਜ਼ਮਾਂ ਦੀ ਗਿਣਤੀ ਵੀ ਘੱਟ ਹੁੰਦੀ ਹੈ। ਜੇਲ੍ਹਾਂ ਵਿਚ ਖਾਣੇ ਦੀ ਸ਼ਿਕਾਇਤ ਵੀ ਅਕਸਰ ਰਹਿੰਦੀ

# ਚੰਡੀਗੜ੍ਹ ਬਣੇਗਾ ਸਮਾਰਟ ਸਿਟੀ

**ਨਵੀਂ ਦਿੱਲੀ:** ਚੰਡੀਗੜ੍ਹ, ਦਿੱਲੀ, ਮੁੰਬਈ, ਕੋਲਕਾਤਾ, ਲਖਨਊ, ਜੈਪੁਰ ਤੇ ਭੁਵਨੇਸ਼ਵਰ ਆਦਿ ਨੂੰ ਸਮਾਰਟ ਸਿਟੀ ਯੋਜਨਾ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ ਤੇ ਸਭ ਤੋਂ ਵੱਧ ਉੱਤਰ ਪ੍ਰਦੇਸ਼ ਦੇ 13 ਸ਼ਹਿਰ ਇਸ ਵਿਚ ਸ਼ਾਮਲ ਹਨ। ਸ਼ਹਿਰੀ ਵਿਕਾਸ ਮੰਤਰਾਲੇ ਵੱਲੋਂ ਜਾਰੀ ਸੂਚੀ ਵਿਚ ਅਜੇ ਤੱਕ 98 ਸ਼ਹਿਰਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਦਿੱਲੀ ਸਣੇ ਸਾਰੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸੂਚੀ ਵਿਚ ਸਥਾਨ ਦਿੱਤਾ ਗਿਆ ਹੈ। ਹਰ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਘੱਟੋ ਘੱਟ ਇਕ ਸ਼ਹਿਰ ਨੂੰ ਸ਼ਾਮਲ ਕੀਤਾ ਗਿਆ ਹੈ। ਸੂਚੀ ਵਿਚ ਪਟਨਾ, ਸ਼ਿਮਲਾ, ਤਿਰੂਵਨੰਤਪੁਰਮ, ਗੰਗਟੋਕ ਅਤੇ ਬੈਂਗਲੁਰੂ ਦੇ ਨਾਂ ਨਹੀਂ ਹਨ। ਕਈ ਮਾਮਲਿਆਂ ਵਿਚ ਤਾਂ ਸੂਬੇ ਦੀ ਰਾਜਧਾਨੀ ਦੀ ਬਜਾਏ ਉਥੇ ਦੇ ਛੋਟੇ ਸ਼ਹਿਰਾਂ ਨੂੰ ਇਸ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਬਿਹਾਰ ਦੀ ਰਾਜਧਾਨੀ ਪਟਨਾ ਨਹੀਂ ਬਲਕਿ ਬਿਹਾਰ ਸ਼ਰੀਫ, ਹਿਮਾਚਲ ਦੀ ਰਾਜਧਾਨੀ ਸ਼ਿਮਲਾ ਦੀ ਜਗ੍ਹਾ ਧਰਮਸ਼ਾਲਾ ਦੀ ਚੋਣ ਕੀਤੀ ਗਈ ਹੈ। ਸ਼ਹਿਰੀ ਵਿਕਾਸ ਮੰਤਰੀ ਵੈਂਕਈਆ ਨਾਇਡੂ ਨੇ ਦੱਸਿਆ ਕਿ ਹਰ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸਾਰੇ ਸ਼ਹਿਰੀ ਨਿਗਮਾਂ ਦੀ ਵਿਸਥਾਰਤ ਸਮੀਖਿਆ ਦੇ ਬਾਅਦ 98 ਸ਼ਹਿਰਾਂ ਦੀ ਚੋਣ ਕੀਤੀ ਗਈ ਹੈ।



# ਪਟਿਆਲਾ ਦੀ ਸ਼ਾਹੀ ਇਮਾਰਤ ਨੂੰ ਢਾਹੁਣ ਦੇ ਹੁਕਮ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਪਟਿਆਲਾ ਦੀ ਸ਼ਾਹੀ ਦਿੱਖ ਵਾਲੀ ਭੁਪਿੰਦਰਾ ਰੋਡ ਸਥਿਤ ਪੁਰਾਤਨ ਇਮਾਰਤ (ਲਾਲ ਕੋਠੀ) ਨੂੰ ਪੁੱਡਾ ਹਵਾਲੇ ਕਰਕੇ ਢਾਹੁਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਇਸ ਥਾਂ ਉਤੇ ਪੁੱਡਾ ਵੱਲੋਂ ਨਵੀਂ ਕਿਸਮ ਦੀਆਂ ਵਪਾਰਕ ਇਮਾਰਤਾਂ ਬਣਾ ਕੇ ਵੇਚੀਆਂ ਜਾਣਗੀਆਂ। ਇਸ ਪੁਰਾਤਨ ਇਮਾਰਤ ਵਿਚ ਪੈਪਸੂ ਸਮੇਂ ਸਰਕਾਰ ਦਾ ਸਰਕਟ ਹਾਊਸ ਰਿਹਾ ਹੈ। ਉਸ ਤੋਂ ਬਾਅਦ ਇਸ ਵਿਚ ਲਾਅ ਕਾਲਜ ਵੀ ਚੱਲਦਾ ਰਿਹਾ ਹੈ। ਫਿਰ ਇਹ ਇਮਾਰਤ ਲੋਕ ਨਿਰਮਾਣ ਵਿਭਾਗ ਵੱਲੋਂ ਰੈਸਟ ਹਾਊਸ ਵਜੋਂ ਵਰਤੀ ਜਾਂਦੀ ਰਹੀ। ਪੀ.ਡਬਲਿਊ.ਡੀ. ਦੇ ਅਧਿਕਾਰੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਪੁਰਾਤਨ ਇਮਾਰਤ 3.82 ਏਕੜ ਵਿਚ ਹੈ। ਇਸ ਵਿਚ ਤਕਰੀਬਨ ਡੇਢ ਏਕੜ ਵਿਚ ਕੋਠੀ ਬਣੀ ਹੋਈ ਹੈ। ਪੀ.ਡਬਲਿਊ.ਡੀ. ਨੇ 29 ਜੁਲਾਈ ਨੂੰ ਇਸ ਕੋਠੀ ਦਾ ਸਾਮਾਨ ਆਪਣੇ ਨਵੇਂ ਰੈਸਟ ਹਾਊਸ ਵਿਚ ਤਬਦੀਲ ਕਰ ਦਿੱਤਾ ਹੈ। ਪਾਵਰਕੌਮ ਵੱਲੋਂ ਇਸ ਰੈਸਟ ਹਾਊਸ ਵਿਚ ਲੱਗਿਆ ਬਿਜਲੀ ਦਾ ਕੁਨੈਕਸ਼ਨ ਵੀ ਕੱਟ ਦਿੱਤਾ ਗਿਆ ਹੈ। ਇਸ ਬਾਰੇ ਬਜ਼ੁਰਗ ਅਮਰਜੀਤ ਸਿੰਘ ਜੇਜੀ ਨੇ ਦੱਸਿਆ ਕਿ ਉਹ ਇਸ ਕੋਠੀ ਦੇ ਸਾਹਮਣੇ ਭੂਤ ਬੰਗਲੇ ਵਿਚ ਰਹਿੰਦੇ ਸਨ। ਇਹ ਕੋਠੀ 1920 ਦੀ ਬਣੀ ਹੋਈ ਹੈ, ਜੋ ਪੁਰਾਤਨ ਦਿੱਖ ਵਿਚ ਬਣੀ ਖ਼ੂਬਸੂਰਤ ਵਿਰਾਸਤੀ ਇਮਾਰਤ ਹੈ। ਪੀ.ਡਬਲਿਊ.ਡੀ. ਦਾ ਰੈਸਟ ਹਾਊਸ ਹੋਣ ਕਰਕੇ ਇਸ ਇਮਾਰਤ ਨੂੰ ਪੂਰੀ ਤਰ੍ਹਾਂ ਵਿਰਾਸਤੀ ਨਹੀਂ ਪ੍ਰਚਾਰਿਆ ਗਿਆ। ਕੁਝ ਬਜ਼ੁਰਗਾਂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਇਸ ਖ਼ੂਬਸੂਰਤ ਇਮਾਰਤ ਨੂੰ ਤੁੜਵਾ ਦਿੰਦੀ ਹੈ ਤਾਂ ਇਸ ਤਰ੍ਹਾਂ ਪਟਿਆਲਾ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਖ਼ਤਮ ਹੋ ਜਾਣਗੀਆਂ। ਪੁੱਡਾ ਦੇ ਮੰਡਲ ਇੰਜੀਨੀਅਰ ਸਿਵਲ ਮਨਜੀਤ ਸਿੰਘ ਦਾ ਕਹਿਣਾ ਹੈ ਕਿ ਲੋਕ ਨਿਰਮਾਣ ਵਿਭਾਗ ਦੇ ਭੁਪਿੰਦਰਾ ਰੋਡ ਤੇ ਸਥਿਤ 3.82 ਏਕੜ ਵਿਚ ਬਣੇ ਵਿਸ਼ਰਾਮ ਘਰ ਦੀ ਜ਼ਮੀਨ ਪੁੱਡਾ ਨੂੰ ਤਬਦੀਲ ਹੋ ਚੁੱਕੀ ਹੈ ਤੇ ਹੁਣ ਪੁੱਡਾ ਇਸ ਜ਼ਮੀਨ ਨੂੰ ਵਪਾਰਕ ਜਗ੍ਹਾ ਦੇ ਰੂਪ ਵਿਚ ਵੇਚੇਗੀ।

### ਭਾਰਤੀ ਨੋਟਾਂ 'ਤੇ ਲੱਗੇਗੀ ਡਾ. ਕਲਾਮ ਦੀ ਤਸਵੀਰ?

**ਨਵੀਂ ਦਿੱਲੀ:** -'ਮਿਜ਼ਾਈਲ ਮੈਨ' ਦੇ ਨਾਂ ਨਾਲ ਜਾਣੇ ਜਾਂਦੇ ਡਾ. ਏ.ਪੀ.ਜੇ. ਅਬਦੁੱਲ ਕਲਾਮ ਦੀ ਅੰਤਿਮ ਵਿਦਾਇਗੀ ਤੋਂ ਬਾਅਦ ਦੇਸ਼ ਦੇ ਸੋਸ਼ਲ ਮੀਡੀਆ ਉਤੇ ਇਹ ਮੰਗ ਜ਼ੋਰ ਫੜਨ ਲੱਗੀ ਹੈ ਕਿ ਡਾ. ਕਲਾਮ ਦੀ ਤਸਵੀਰ ਭਾਰਤੀ ਮੁਦਰਾ (ਰੁਪਏ) ਉਤੇ ਪ੍ਰਕਾਸ਼ਿਤ ਕੀਤੀ ਜਾਵੇ। ਇਹ ਮੰਗ ਬੁਲੰਦ ਕਰਨ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਸਾਇੰਸ ਤੇ ਤਕਨਾਲੋਜੀ ਦੇ ਖੇਤਰ ਵਿਚ ਡਾ. ਕਲਾਮ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ, ਇਸ ਲਈ ਉਨ੍ਹਾਂ ਨੂੰ ਇਹ ਸਨਮਾਨ ਮਿਲਣਾ ਹੀ ਚਾਹੀਦਾ ਹੈ। ਹਾਲਾਂਕਿ ਸੋਸ਼ਲ ਮੀਡੀਆ ਉਤੇ ਚੱਲ ਰਹੀ ਇਸ ਮੰਗ ਦਾ ਵਾਸਤਵਿਕਤਾ ਨਾਲ ਕੋਈ ਸਬੰਧ ਨਹੀਂ ਹੈ।

# ਸੰਜੀਵ ਚਤੁਰਵੇਦੀ ਤੇ ਅੰਸ਼ੂ ਗੁਪਤਾ ਨੂੰ ਮੈਗਸੇਸੇ ਪੁਰਸਕਾਰ

**ਨਵੀਂ ਦਿੱਲੀ:** ਏਮਸ ਵਿਚ ਘੁਟਾਲਿਆਂ ਦੀ ਜਾਂਚ ਸ਼ੁਰੂ ਕਰਾਉਣ ਵਾਲੇ ਵ੍ਹਿਸਲਬਲੋਅਰ ਆਈ.ਐਫ.ਐਸ. ਅਧਿਕਾਰੀ ਸੰਜੀਵ ਚਤੁਰਵੇਦੀ (40) ਤੇ ਗ਼ੈਰ ਸਰਕਾਰੀ ਜਥੇਬੰਦੀ ਗੂੰਜ ਦੇ ਬਾਨੀ ਅੰਸ਼ੂ ਗੁਪਤਾ ਨੂੰ ਇਸ ਸਾਲ ਦੇ ਵੱਕਾਰੀ ਰੈਮਨ ਮੈਗਸੇਸੇ ਪੁਰਸਕਾਰ ਲਈ ਚੁਣਿਆ ਗਿਆ ਹੈ। ਏਮਸ ਵਿਚ ਡਿਪਟੀ ਸਕੱਤਰ ਦੇ ਅਹੁਦੇ ਉਤੇ ਤਾਇਨਾਤ ਸ੍ਰੀ ਚਤੁਰਵੇਦੀ ਨੂੰ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਇਸ ਪੁਰਸਕਾਰ ਵਾਸਤੇ ਚੁਣਿਆ ਗਿਆ ਹੈ।



ਸ੍ਰੀ ਅੰਸ਼ੂ ਗੁਪਤਾ ਵੱਲੋਂ ਲੋੜਵੰਦਾਂ ਨੂੰ ਜ਼ਰੂਰੀ ਵਸਤਾਂ ਮੁਹੱਈਆ ਕਰਾਉਣ ਤੇ ਭਾਰਤ ਵਿਚ ਦਾਨ ਦੇਣ ਦੀ ਪ੍ਰਥਾ ਨੂੰ ਨਵੀਂ ਰੰਗਤ ਦੇਣ ਉਤੇ ਇਸ ਵੱਕਾਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਸ੍ਰੀ ਚਤੁਰਵੇਦੀ ਦਾ ਪਿਛਲੇ ਪੰਜ ਸਾਲਾਂ ਵਿਚ 12 ਵਾਰ ਤਬਾਦਲਾ ਹੋ ਚੁੱਕਿਆ ਹੈ। ਉਨ੍ਹਾਂ ਹਰਿਆਣਾ ਵਿਚ ਵੀ ਆਪਣੇ ਕਾਰਜਕਾਲ ਦੌਰਾਨ ਵੱਡੀਆਂ ਮੱਛੀਆਂ ਦਾ ਟਾਕਰਾ ਕੀਤਾ ਸੀ। ਉਨ੍ਹਾਂ ਨੂੰ ਪਿਛਲੇ ਸਾਲ ਏਮਜ਼ ਦੇ ਚੀਫ਼ ਵਿਜੀਲੈਂਸ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

# ਭਾਰਤ ਅਤੇ ਬੰਗਲਾਦੇਸ਼ ਵਿਚਾਲੇ 162 ਪਿੰਡਾਂ ਦੀ ਅਦਲਾ-ਬਦਲੀ

**ਕੋਲਕਾਤਾ/ਢਾਕਾ:** ਭਾਰਤ ਤੇ ਬੰਗਲਾਦੇਸ਼ ਵਿਚਾਲੇ 162 ਪਿੰਡਾਂ ਦੀ ਅਦਲਾ-ਬਦਲੀ ਦਾ ਸਮਝੌਤਾ ਲਾਗੂ ਹੋ ਗਿਆ। ਭਾਰਤ ਨੇ ਇਸ ਨੂੰ 'ਇਤਿਹਾਸਕ ਦਿਵਸ' ਦੱਸਿਆ ਹੈ। ਭਾਰਤ ਨੇ ਜਿਥੇ 51 ਪਿੰਡ ਬੰਗਲਾਦੇਸ਼ ਨੂੰ ਸੌਂਪ ਦਿੱਤੇ ਉਥੇ ਗੁਆਂਢੀ ਮੁਲਕ ਬੰਗਲਾਦੇਸ਼ ਨੇ 111 ਪਿੰਡ ਭਾਰਤ ਨੂੰ ਸੌਂਪੇ। ਰਾਤ 12.01 ਵਜੇ ਉਤਸ਼ਾਹਿਤ ਹੋਏ ਲੋਕਾਂ ਨੇ ਭਾਰਤ ਦਾ ਰਾਸ਼ਟਰੀ ਝੰਡਾ ਲਹਿਰਾਉਣਾ ਸ਼ੁਰੂ ਕਰ ਦਿੱਤਾ।

ਦਿੱਲੀ ਵਿਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ 31 ਜੁਲਾਈ ਭਾਰਤ ਤੇ ਬੰਗਲਾਦੇਸ਼ ਲਈ ਇਤਿਹਾਸਿਕ ਦਿਨ ਹੈ। ਇਸ ਤਹਿਤ ਬੰਗਲਾਦੇਸ਼ ਨੂੰ 10 ਹਜ਼ਾਰ ਏਕੜ ਜ਼ਮੀਨ ਤੇ ਭਾਰਤ ਨੂੰ 500 ਏਕੜ ਜ਼ਮੀਨ ਮਿਲੇਗੀ। ਇਸ ਦਿਨ ਗੁੰਝਲਦਾਰ ਮੁੱਦੇ ਦਾ ਨਿਪਟਾਰਾ ਹੋਇਆ ਹੈ। ਬੰਗਲਾਦੇਸ਼ ਤੇ ਭਾਰਤ 1974 ਦੇ ਐਲ.ਬੀ.ਏ. ਕਰਾਰ ਨੂੰ ਲਾਗੂ ਕਰਨਗੇ।

ਹੁਣ ਭਾਰਤ ਤੇ ਬੰਗਲਾਦੇਸ਼ ਦੇ ਪਿੰਡ ਵਿਚ ਰਹਿਣ ਵਾਲੇ ਲੋਕਾਂ ਨੂੰ ਸਬੰਧਤ ਦੇਸ਼ ਦੀ ਨਾਗਰਿਕਤਾ ਤੇ ਨਾਗਰਿਕ ਦੇ ਰੂਪ ਵਿਚ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਮਿਲ ਸਕਣਗੀਆਂ। ਇਕ ਅਨੁਮਾਨ ਮੁਤਾਬਕ ਬੰਗਲਾਦੇਸ਼ ਵਿਚ ਭਾਰਤੀ ਪਿੰਡਾਂ ਵਿਚ ਤਕਰੀਬਨ 37 ਹਜ਼ਾਰ ਤੇ ਭਾਰਤ ਵਿਚ ਬੰਗਲਾਦੇਸ਼ੀ ਪਿੰਡਾਂ ਵਿਚ 14 ਹਜ਼ਾਰ ਲੋਕ ਰਹਿੰਦੇ ਹਨ। ਭਾਰਤ-ਬੰਗਲਾਦੇਸ਼ ਵਿਚਕਾਰ ਸਰਹੱਦੀ ਇਲਾਕੇ ਤੇ 162 ਐਨਕਲੇਵ (ਜਿਨ੍ਹਾਂ ਨੂੰ ਵੱਖ-ਵੱਖ ਥਾਂ ਬਣੀਆਂ ਕਾਲੋਨੀਆਂ ਕਾਰਨ ਇਥੇ 'ਛਿਟਮਹਿਲ' ਕਿਹਾ ਜਾਂਦਾ ਹੈ) ਵਿਚ ਰਹਿਣ ਵਾਲੇ 50 ਹਜ਼ਾਰ ਤੋਂ ਵੱਧ ਲੋਕਾਂ ਦੀ ਪਛਾਣ ਅੱਧੀ ਰਾਤ ਤੋਂ ਬਦਲ ਗਈ ਜਿਸ ਦੇ ਤਹਿਤ ਜਿਥੇ 14,215 ਭਾਰਤ ਦੇ ਨਾਗਰਿਕ ਬਣ ਗਏ ਉਥੇ 36,021 ਬੰਗਲਾਦੇਸ਼ ਦੇ ਨਾਗਰਿਕ ਬਣੇ।

ਭਾਰਤ ਤੇ ਬੰਗਲਾਦੇਸ਼ ਨੇ ਜ਼ਮੀਨ ਵਟਾਂਦਰਾ ਸਮਝੌਤੇ ਮੁਤਾਬਕ ਅੱਧੀ ਰਾਤ ਨੂੰ ਇਤਿਹਾਸਿਕ ਕਦਮ ਚੁੱਕਦਿਆਂ ਸੱਤ ਦਹਾਕਿਆਂ ਤੋਂ ਲਟਕੇ ਵਿਸ਼ਵ ਦੇ ਸਭ ਤੋਂ ਗੁੰਝਲਦਾਰ ਸਰਹੱਦੀ ਵਿਵਾਦ ਦਾ ਨਬੇੜਾ ਕਰਦਿਆਂ ਆਪਸ ਵਿਚ 162 ਪਿੰਡਾਂ ਦਾ ਵਟਾਂਦਰਾ ਕੀਤਾ। 17,169 ਏਕੜ ਵਿਚ ਫੈਲੇ 111 ਪਿੰਡ ਭਾਰਤ ਦਾ ਹਿੱਸਾ ਬਣ ਗਏ। ਇਸੇ ਤਰ੍ਹਾਂ 7,110 ਏਕੜ ਵਿਚ ਫੈਲੇ 51 ਪਿੰਡ ਬੰਗਲਾਦੇਸ਼ ਦਾ ਹਿੱਸਾ ਬਣ ਗਏ ਹਨ। ਇਤਿਹਾਸਿਕ ਸਰਹੱਦੀ ਸਮਝੌਤੇ ਦੇ ਲਾਗੂ ਹੋਣ ਨਾਲ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਹੁਣ ਲੋਕਾਂ ਨੂੰ ਸਿੱਖਿਆ, ਸਿਹਤ, ਪਛਾਣ ਤੇ ਹੋਰ ਸਹੂਲਤਾਂ ਦੇਣਗੀਆਂ।



### ਕੋਈ ਵੀ ਬੰਗਲਾਦੇਸ਼ 'ਚ ਰਹਿਣ ਲਈ ਤਿਆਰ ਨਹੀਂ

ਸਾਂਝੇ ਸਰਵੇਖਣ ਅਨੁਸਾਰ ਭਾਰਤ ਵਿਚ ਬੰਗਲਾਦੇਸ਼ੀ ਪਿੰਡਾਂ ਵਿਚ ਰਹਿਣ ਵਾਲਾ ਕੋਈ ਵੀ ਨਾਗਰਿਕ ਉਸ ਦੇਸ਼ ਵਿਚ ਨਹੀਂ ਜਾਣਾ ਚਾਹੁੰਦਾ। ਹਾਲਾਂਕਿ ਤਕਰੀਬਨ 600 ਲੋਕ ਭਾਰਤ ਆਉਣਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਦਾ 30 ਨਵੰਬਰ, 2015 ਤੱਕ ਨਿਪਟਾਰਾ ਕੀਤਾ ਜਾਵੇਗਾ। ਭਾਰਤ ਸਰਕਾਰ ਨੇ ਨਵੇਂ ਨਾਗਰਿਕਾਂ ਦੇ ਮੁੜ ਵਸੇਬੇ ਲਈ 3,048 ਕਰੋੜ ਰੁਪਏ ਰੱਖੇ ਗਏ ਹਨ। ਦੋਵਾਂ ਮੁਲਕਾਂ ਵੱਲੋਂ 30 ਜੂਨ 2016 ਤੱਕ ਜ਼ਮੀਨ ਤਬਦੀਲੀ ਸਮੇਤ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰ ਲਿਆ ਜਾਵੇਗਾ। 111 ਭਾਰਤੀ ਬਸਤੀਆਂ ਦਾ 17160 ਏਕੜ ਰਕਬਾ ਹੁਣ ਬੰਗਲਾਦੇਸ਼ ਵਿਚ ਸ਼ਾਮਲ ਹੋ ਗਿਆ ਹੈ। ਇਸੇ ਤਰ੍ਹਾਂ 51 ਬੰਗਲਾਦੇਸ਼ੀ ਬਸਤੀਆਂ ਦਾ 7110 ਏਕੜ ਰਕਬਾ ਭਾਰਤੀ ਖੇਤਰ ਵਿਚ ਆ ਗਿਆ ਹੈ।

### 68 ਸਾਲਾਂ ਪਿੱਛੋਂ 50 ਹਜ਼ਾਰ ਲੋਕਾਂ ਨੂੰ ਮਿਲੀ ਆਜ਼ਾਦੀ

ਸਮਝੌਤੇ ਤਹਿਤ ਭਾਰਤ ਤੇ ਬੰਗਲਾਦੇਸ਼ ਦੀ ਸਰਹੱਦ ਉਤੇ ਵਸੇ 50 ਹਜ਼ਾਰ ਲੋਕਾਂ ਨੂੰ ਆਜ਼ਾਦੀ ਮਿਲ ਗਈ। ਦੋਵੇਂ ਮੁਲਕਾਂ ਨੇ ਛੇ ਦਹਾਕੇ ਪੁਰਾਣੇ ਨਾਗਰਿਕਤਾ ਦੇ ਮਸਲੇ ਨੂੰ ਹੱਲ ਕਰਦਿਆਂ 162 ਬਸਤੀਆਂ ਦਾ ਨਿਪਟਾਰਾ ਕਰ ਦਿੱਤਾ। ਭਾਰਤੀ ਬਸਤੀਆਂ ਦੇ ਸੈਂਕੜੇ ਲੋਕ ਰਾਤ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ ਤੇ ਉਨ੍ਹਾਂ ਉਤਸ਼ਾਹ ਵਿਚ ਆ ਕੇ ਤਿਰੰਗਾ ਲਹਿਰਾਇਆ ਤੇ ਖ਼ੁਸ਼ੀ ਵਿਚ ਆ ਕੇ ਨੱਚਣ ਲਗ ਪਏ। ਬਸਤੀਆਂ ਦੇ ਲੋਕਾਂ ਨੂੰ ਪਹਿਲੀ ਵਾਰ ਪਛਾਣ ਪੱਤਰ ਮਿਲਣਗੇ ਤੇ ਜ਼ਮੀਨ ਉਨ੍ਹਾਂ ਦੇ ਨਾਮ ਉਤੇ ਹੋਵੇਗੀ। ਲੋਕਾਂ ਦਾ ਕਹਿਣਾ ਸੀ ਕਿ ਇਹ ਦੂਜੀ ਆਜ਼ਾਦੀ ਦਾ ਸਮਾਂ ਹੈ। ਦੇਸ਼ ਭਾਵੇਂ 1947 ਵਿਚ ਆਜ਼ਾਦ ਹੋਇਆ ਪਰ ਸਾਨੂੰ ਅਸਲ ਆਜ਼ਾਦੀ ਹੁਣ ਮਿਲੀ ਹੈ। ਹੁਣ ਅਸੀਂ ਵੀ ਭਾਰਤੀ ਸੱਦੇ ਜਾਵਾਂਗੇ। ਭਾਰਤ ਦੀਆਂ 111 ਤੇ ਬੰਗਲਾਦੇਸ਼ ਦੀਆਂ 51 ਬਸਤੀਆਂ ਦੀ ਅਦਲਾ-ਬਦਲੀ ਹੋਈ ਹੈ। ਬਸਤੀਆਂ ਦੀ ਅਦਲਾ-ਬਦਲੀ ਉਸ ਵੇਲੇ ਸੰਭਵ ਹੋਈ ਹੈ ਜਦੋਂ ਭਾਰਤ ਤੇ ਬੰਗਲਾਦੇਸ਼ ਵਿਚਕਾਰ ਜ਼ਮੀਨ ਸਰਹੱਦੀ ਸਮਝੌਤੇ ਉਤੇ ਦਸਤਖ਼ਤ ਹੋਏ ਸਨ। ਬਸਤੀਆਂ ਦੇ ਤਕਰੀਬਨ 50 ਹਜ਼ਾਰ ਲੋਕਾਂ ਨੂੰ ਕਿਸੇ ਵੀ ਮੁਲਕ ਦੀ ਨਾਗਰਿਕਤਾ ਨਹੀਂ ਮਿਲੀ ਹੋਈ ਸੀ ਪਰ ਹੁਣ ਉਨ੍ਹਾਂ ਨੇ ਆਪਣੇ ਮਰਜ਼ੀ ਦੇ ਮੁਲਕ ਨੂੰ ਚੁਣ ਲਿਆ ਹੈ। ਬੰਗਲਾਦੇਸ਼ੀ ਬਸਤੀਆਂ ਦੇ 14 ਹਜ਼ਾਰ ਵਿਅਕਤੀ ਹੁਣ ਭਾਰਤ ਦੇ ਨਾਗਰਿਕ ਬਣ ਗਏ ਹਨ। ਭਾਰਤੀ ਬਸਤੀਆਂ ਪੱਛਮੀ ਬੰਗਾਲ ਦੇ ਕੂਚ ਬਿਹਾਰ ਜ਼ਿਲ੍ਹੇ ਵਿਚ ਪੈਂਦੀਆਂ ਹਨ।

# ਭੀੜਤੰਤਰੀ ਹਿੰਦੋਸਤਾਨ ਤੇ ਫਾਂਸੀ ਦੀ ਸਜ਼ਾ

ਜਗਤਾਰ ਸਿੰਘ
ਫੋਨ: +91-97797-11201

ਯਾਕੂਬ ਮੈਮਨ ਨੂੰ ਆਖ਼ਰਕਾਰ ਪਿਛਲੇ ਹਫਤੇ ਫਾਂਸੀ ਦੇ ਦਿੱਤੀ ਗਈ। ਇਹ ਕਿਹਾ ਜਾ ਰਿਹਾ ਹੈ ਕਿ ਉਸ ਨੇ ਬਹੁਤ ਘਿਨਾਉਣਾ ਜੁਰਮ ਕੀਤਾ ਸੀ ਅਤੇ ਉਸ ਨੂੰ ਫਾਂਸੀ ਦਿੱਤੀ ਹੀ ਜਾਣੀ ਚਾਹੀਦੀ ਸੀ। ਇਹ ਧਾਰਨਾ ਠੀਕ ਹੋ ਸਕਦੀ ਹੈ, ਪਰ ਸਵਾਲ ਹੈ ਕਿ ਦਿੱਲੀ ਵਿਚ 1984 ਦੇ ਨਵੰਬਰ ਮਹੀਨੇ ਦੀ ਪਹਿਲੀ ਤਰੀਕ ਨੂੰ ਸ਼ੁਰੂ ਹੋਇਆ ਸਿੱਖਾਂ ਦਾ ਯੋਜਨਾਬੱਧ ਕਤਲੇਆਮ, 6 ਦਸੰਬਰ 1992 ਨੂੰ ਢਾਹੀ ਗਈ ਬਾਬਰੀ ਮਸਜਿਦ ਤੋਂ ਬਾਅਦ ਮੁੰਬਈ ਵਿਚ ਕਰਵਾਏ ਗਏ ਮੁਸਲਮਾਨ ਵਿਰੋਧੀ ਦੰਗੇ ਅਤੇ ਗੁਜਰਾਤ ਅੰਦਰ 2002 ਵਿਚ ਮੁਸਲਮਾਨ ਭਾਈਚਾਰੇ ਦੇ ਲੋਕਾਂ ਦੇ ਕਤਲਾਂ ਲਈ ਜ਼ਿੰਮੇਵਾਰ ਵਿਅਕਤੀਆਂ ਦਾ ਅਪਰਾਧ ਘਿਨਾਉਣਾ ਨਹੀਂ ਸੀ। ਭਾਰਤ ਦੇ ਲੋਕਤੰਤਰ ਅਤੇ ਅਦਾਲਤੀ ਸਿਸਟਮ ਉਪਰ ਧੱਬਾ ਬਣੇ ਹੋਏ ਇਨ੍ਹਾਂ ਕੇਸਾਂ ਵਿਚ ਅੱਜ ਤੱਕ ਕਿਸੇ ਇੱਕ ਵਿਅਕਤੀ ਨੂੰ ਵੀ ਸਜ਼ਾ ਨਹੀਂ ਹੋਈ।

ਇਹ ਘਟਨਾਵਾਂ ਹਿੰਦੁਸਤਾਨ ਦੀਆਂ ਘੱਟਗਿਣਤੀਆਂ ਦੇ ਇਸ ਇਲਜ਼ਾਮ ਨੂੰ ਠੀਕ ਸਿੱਧ ਕਰਦੀਆਂ ਹਨ ਕਿ ਇਸ ਮੁਲਕ ਵਿਚ ਇਨਸਾਫ ਇੱਕਸਾਰ ਨਹੀਂ ਹੈ। ਇਥੇ ਮਾਮਲਾ ਹਿੰਦੁਸਤਾਨੀ ਸਟੇਟ ਨੂੰ ਚਲਾਉਣ ਵਾਲੇ ਸਿਸਟਮ ਦਾ ਨਹੀਂ ਹੈ, ਬਲਕਿ ਜੁਰਮ ਰੋਕਣ ਵਿਚ ਵਾਰ ਵਾਰ ਅਸਫਲ ਸਿੱਧ ਹੋ ਚੁੱਕੀ ਫਾਂਸੀ ਦੀ ਸਜ਼ਾ ਨੂੰ ਜਾਰੀ ਰੱਖਣ ਜਾਂ ਖ਼ਤਮ ਕਰ ਦੇਣ ਦਾ ਹੈ। ਵੱਖ ਵੱਖ ਸੰਸਥਾਵਾਂ ਵਲੋਂ ਕੀਤੇ ਗਏ ਸਰਵੇਖਣਾਂ ਤੋਂ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਧ ਫਾਂਸੀ ਦੀ ਸਜ਼ਾ ਗਰੀਬ ਅਤੇ ਘੱਟਗਿਣਤੀਆਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕੇਸ ਵਿਚ 6 ਜਨਵਰੀ 1989 ਵਾਲੇ ਦਿਨ ਕਿਹਰ ਸਿੰਘ ਅਤੇ ਯਾਕੂਬ ਮੈਮਨ ਨੂੰ ਦਿੱਤੀ ਗਈ ਫਾਂਸੀ ਦੀਆਂ ਘਟਨਾਵਾਂ ਆਪਸ ਵਿਚ ਕਾਫੀ ਮੇਲ ਖਾਂਦੀਆਂ ਹਨ। ਕਿਹਰ ਸਿੰਘ ਨੂੰ ਫਾਂਸੀ ਦੇਣ ਤੋਂ ਕੁਝ ਘੰਟੇ ਪਹਿਲਾਂ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਜਗਜੀਤ ਸਿੰਘ ਅਰੋੜਾ ਸਮੇਤ ਵਿਰੋਧੀ ਪਾਰਟੀਆਂ ਦੇ ਤਿੰਨ ਮੁੱਖ ਆਗੂ ਅਟਲ ਬਿਹਾਰੀ ਵਾਜਪਾਈ (ਬੀ.ਜੇ.ਪੀ.), ਕੇ.ਪੀ. ਉਨੀਕ੍ਰਿਸ਼ਨਨ (ਕਾਂਗਰਸ-ਐਸ.) ਅਤੇ ਸੁਰਿੰਦਰ ਮੋਹਨ (ਜਨਤਾ ਦਲ) ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਉਨ੍ਹਾਂ ਨੂੰ ਕਿਹਾ ਜਾ ਸਕੇ ਕਿ ਦਿੱਤੀ ਜਾ ਰਹੀ ਫਾਂਸੀ ਦੀ ਇਹ ਸਜ਼ਾ "ਗੈਰਮਨੁੱਖੀ, ਬੇਬੁਨਿਆਦ ਅਤੇ ਅਦਾਲਤੀ ਕਤਲ" ਹੈ। ਰਾਜੀਵ ਗਾਂਧੀ ਦਿੱਲੀ ਵਿਚ ਨਾ ਹੋਣ ਕਾਰਨ ਇਹ ਆਗੂ ਜਦੋਂ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਮਿਲਣ ਉਨ੍ਹਾਂ ਦੇ ਘਰ ਗਏ ਤਾਂ ਇਨ੍ਹਾਂ ਨੂੰ ਕਿਹਾ ਗਿਆ ਕਿ ਉਹ ਤਾਂ ਸੌਂ ਚੁੱਕੇ ਹਨ। ਇਨ੍ਹਾਂ ਆਗੂਆਂ ਨੇ ਫਿਰ ਗ੍ਰਹਿ ਮੰਤਰਾਲੇ ਨੂੰ ਚਿੱਠੀ ਭੇਜ ਕੇ ਇਸ ਫਾਂਸੀ ਉਤੇ ਰੋਕ ਲਾਉਣ ਲਈ ਕਿਹਾ, ਪਰ ਗ੍ਰਹਿ ਮੰਤਰਾਲੇ ਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ। ਦੂਜੇ ਪਾਸੇ ਪ੍ਰਸਿੱਧ ਕਾਨੂੰਨਦਾਨ ਰਾਮ ਜੇਠ ਮਲਾਨੀ ਸੁਪਰੀਮ ਕੋਰਟ ਰਾਹੀਂ ਇਹ ਫਾਂਸੀ ਰੁਕਵਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਕੋਈ ਵੀ ਕੋਸ਼ਿਸ਼ ਸਫਲ ਨਹੀਂ ਸੀ ਹੋਈ ਅਤੇ ਯਾਕੂਬ ਦੀ ਤਰ੍ਹਾਂ ਹੀ ਕਿਹਰ ਸਿੰਘ ਨੂੰ ਵੀ ਫਾਂਸੀ ਦੇ ਦਿੱਤੀ ਗਈ ਸੀ।

ਸੀਨੀਅਰ ਪੱਤਰਕਾਰ ਅਰੁਣ ਸ਼ੋਰੀ ਜਿਹੜੇ ਬਾਅਦ ਵਿਚ ਐਨ.ਡੀ.ਏ. ਦੀ ਸਰਕਾਰ ਵਿਚ ਕੇਂਦਰੀ ਮੰਤਰੀ ਵੀ ਬਣੇ, ਨੇ ਉਸ ਵੇਲੇ ਲਿਖਿਆ ਸੀ, "ਕਿਹਰ ਸਿੰਘ ਦੇ ਕੇਸ ਸਬੰਧੀ ਮੇਰੀ ਜਿਸ ਕਿਸੇ ਨਾਲ ਵੀ ਗੱਲ ਹੋਈ, ਉਸੇ ਨੇ ਹੀ ਇਹ ਕਿਹਾ ਕਿ ਇਸ ਵਿਅਤਕੀ ਵਿਰੁਧ ਕੋਈ ਵੀ ਸਬੂਤ ਨਹੀਂ ਹੈ। ਸੁਪਰੀਮ ਕੋਰਟ ਅਤੇ ਹੇਠਲੀਆਂ ਅਦਾਲਤਾਂ ਨੇ ਪੁਖਤਾ ਅਤੇ ਨਾ ਝੁਠਲਾਏ ਜਾ ਸਕਣ ਵਾਲੇ ਸਬੂਤ ਪਤਾ ਨਹੀਂ ਕਿੱਥੋਂ ਲੱਭ ਲਏ ਹਨ।... ਅਦਾਲਤ, ਨਾ ਸਿਰਫ ਅਦਾਲਤ ਵਜੋਂ, ਸਗੋਂ ਸਮਾਜ ਦੀ ਤਰਫੋਂ ਵਿਚਰ ਕੇ ਅਜਿਹਾ ਕਰ ਰਹੀ ਹੈ। ਫਾਂਸੀ ਤੋਂ ਕੁਝ ਘੰਟੇ ਪਹਿਲਾਂ ਸੁਪਰੀਮ ਕੋਰਟ ਵਿਚ ਆਪਣੀ ਦਲੀਲ ਦਿੰਦਿਆਂ, ਰਾਮ ਜੇਠ ਮੇਲਾਨੀ ਨੇ ਕਿਹਾ ਸੀ, "ਮੈਂ ਦੋ ਜਲਾਦਾਂ ਦੇ ਸਾਏ ਹੇਠ ਆਪਣੀ ਗੱਲ ਕਹਿ ਰਿਹਾ ਹਾਂ।" ਪਰ ਚੀਫ ਜਸਟਿਸ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਜਦੋਂ ਫਾਂਸੀ ਦੇਣ ਦੇ ਅਮਲ ਵਿਚ ਦਖਲਅੰਦਾਜ਼ੀ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਕਿਹਾ ਸੀ, "ਜੇ ਅਦਾਲਤ ਨੇ ਇਸ ਫਾਂਸੀ ਦੀ ਸਜ਼ਾ ਉਤੇ ਰੋਕ ਨਾ ਲਾਈ ਤਾਂ ਕੱਲ੍ਹ ਸਵੇਰ ਨੂੰ ਸਿਰਫ ਮੇਰਾ ਮੁਵੱਕਲ ਹੀ ਫਾਂਸੀ ਨਹੀਂ ਚੜ੍ਹੇਗਾ, ਉਸ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਮਰ ਜਾਵੇਗਾ। ਕੱਲ੍ਹ ਕਿਹਰ ਸਿੰਘ ਹੀ ਫਾਂਸੀ ਨਹੀਂ ਚੜ੍ਹੇਗਾ, ਬਲਕਿ ਇਨਸਾਫ, ਸਦਾਚਾਰ ਅਤੇ ਮਰਿਯਾਦਾ ਵੀ ਫਾਂਸੀ ਚੜ੍ਹ ਜਾਵੇਗੀ।"

ਫਾਂਸੀ ਦੇਣ ਤੋਂ ਪਹਿਲੀ ਸ਼ਾਮ ਕਰਵਾਈ ਗਈ ਆਖ਼ਰੀ ਮੁਲਾਕਾਤ ਵਿਚ ਕਿਹਰ ਸਿੰਘ ਨੇ ਆਪਣੇ ਪੁੱਤਰ ਨੂੰ ਕਿਹਾ ਸੀ, "ਸਿੱਖਾਂ ਨਾਲ ਅਜਿਹਾ ਪਹਿਲਾਂ ਵੀ ਹੁੰਦਾ ਰਿਹਾ ਹੈ, ਹੁਣ ਵੀ ਹੋ ਰਿਹਾ ਹੈ ਅਤੇ ਅਗਾਂਹ ਨੂੰ ਵੀ ਹੁੰਦਾ ਰਹੇਗਾ।... ਮੇਰੇ ਨਾਲ ਜੋ ਵਾਪਰ ਰਿਹਾ ਹੈ, ਇਹ ਕੋਈ ਨਵਾਂ ਨਹੀਂ ਹੈ... ਅਤੇ ਜੇ ਮੇਰੀ ਕੁਰਬਾਨੀ ਨਾਲ ਪੰਥ ਤਕੜਾ ਹੋ ਜਾਵੇ ਤਾਂ ਇਹ ਬਹੁਤ ਚੰਗੀ ਗੱਲ ਹੈ। ਮੈਂ ਕੋਈ ਜੁਰਮ ਨਹੀਂ ਕੀਤਾ ਤੇ ਨਾ ਕਿਸੇ ਨੂੰ ਨੁਕਸਾਨ ਪਹੁੰਚਾਇਆ ਹੈ।"

ਯਕੂਬ ਮੈਮਨ ਦੇ ਕੇਸ ਵਿਚ ਇੱਕ ਸ਼ਕਤੀਸ਼ਾਲੀ ਧੜੇ ਨੇ ਬਾਦਲੀਲ ਇਸ ਗੱਲ ਉਤੇ ਲਗਾਤਾਰ ਜ਼ੋਰ ਦਿੱਤਾ ਕਿ ਫਾਂਸੀ ਦੀ ਸਜ਼ਾ ਦੇ ਡਰ ਨਾਲ ਘਿਨਾਉਣੇ ਜੁਰਮ ਨਹੀਂ ਰੁਕ ਰਹੇ, ਇਸ ਲਈ ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਇਸ ਧੜੇ ਵਿਚ ਸਮਾਜ ਦੇ ਹਰ ਵਰਗ ਦੇ ਲੋਕ ਸ਼ਾਮਲ ਸਨ, ਪਰ ਅਦਾਲਤੀ ਢਾਂਚਾ ਵੀ ਅਖੀਰ ਤੱਕ ਸਰਗਰਮ ਰਿਹਾ। ਫਾਂਸੀ ਦੇ ਹੱਕ ਵਿਚ ਬੋਲਣ ਵਾਲਿਆਂ ਦਾ ਕਹਿਣਾ ਹੈ ਕਿ ਦੋਸ਼ੀ ਨੂੰ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਦਾ ਹਰ ਮੌਕਾ ਦਿੱਤਾ ਗਿਆ। ਸੁਪਰੀਮ ਕੋਰਟ ਦੇ ਦੋ ਜੱਜਾਂ ਉਤੇ ਅਧਾਰਤ ਬੈਂਚ ਜਦੋਂ ਯਾਕੂਬ ਨੂੰ ਫਾਂਸੀ ਦੇਣ ਲਈ ਇੱਕ ਮੱਤ ਨਾ ਹੋਇਆ ਤਾਂ ਤੁਰੰਤ ਤਿੰਨ ਜੱਜਾਂ ਦਾ ਬੈਂਚ ਬਣਾ ਦਿੱਤਾ ਗਿਆ।

ਤੋਹਮਤਬਾਜ਼ੀ ਨੂੰ ਪਾਸੇ ਰੱਖਦਿਆਂ, ਕੀ ਇਸ ਨੂੰ ਭੀੜਤੰਤਰੀ ਅਦਾਲਤੀ ਢਾਂਚਾ ਨਹੀਂ ਕਿਹਾ ਜਾ ਸਕਦਾ? ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਯਾਕੂਬ ਮੈਮਨ ਨੂੰ ਹਰ ਮੌਕਾ ਦਿੱਤਾ ਗਿਆ ਸੀ, ਪਰ ਇੱਕ ਹੋਰ ਅਹਿਮ ਤੱਥ ਸ਼ਾਇਦ ਰਿਕਾਰਡ ਦਾ ਹਿੱਸਾ ਨਹੀਂ ਬਣਿਆ। ਇੰਟੈਲੀਜੈਂਸ ਅਧਿਕਾਰੀ ਬੀ. ਰਮਨ ਵਲੋਂ ਮੌਤ ਦੀ ਸਜ਼ਾ ਨਾ ਦੇਣ ਦੇ ਦਿੱਤੇ ਗਏ ਭਰੋਸੇ ਤੋਂ ਬਾਅਦ ਹੀ ਯਾਕੂਬ ਨੇ ਪਾਕਿਸਤਾਨ ਤੋਂ ਆ ਕੇ ਪੁਲਿਸ ਕੋਲ ਆਤਮ ਸਮਰਪਣ ਕੀਤਾ ਸੀ, ਪਰ ਸਰਕਾਰ ਵਲੋਂ ਇਹ ਵਾਅਦਾ ਨਿਭਾਇਆ ਨਹੀਂ ਗਿਆ। ਯਾਕੂਬ ਨੇ ਹੀ ਬੰਬ ਧਮਾਕਿਆਂ ਵਿਚ ਪਾਕਿਸਤਾਨ ਦੀ ਸਰਗਰਮ ਸ਼ਮੂਲੀਅਤ ਹੋਣ ਬਾਰੇ ਪੁਲਿਸ ਨੂੰ ਪੁਖ਼ਤਾ ਜਾਣਕਾਰੀ ਦਿੱਤੀ ਸੀ।

ਫਾਂਸੀ ਦੀ ਸਜ਼ਾ ਦੇ ਸਬੰਧ ਵਿਚ ਉਠਾਏ ਜਾ ਰਹੇ ਬਹੁਤੇ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਫਾਹੇ ਲਾਉਣ ਦੀ ਸਜ਼ਾ ਦੇ ਮਿੱਥੇ ਗਏ ਅਧਾਰ "ਬਹੁਤ ਹੀ ਘਿਨਾਉਣੇ ਜੁਰਮ" ਦੀ ਪਰਿਭਾਸ਼ਾ ਬਾਰੇ ਬਹੁਤ ਸਾਰੇ ਕਿੰਤੂ ਪ੍ਰੰਤੂ ਉਠ ਰਹੇ ਹਨ। ਚੱਲ ਰਹੀ ਬਹੁਤੀ ਬਹਿਸ ਨਿੱਜੀ ਅਤੇ ਗੈਰ-ਸੰਜੀਦਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਚਰਚਿਤ ਕੇਸ ਰਾਜੀਵ ਗਾਂਧੀ ਦੇ ਕਤਲ ਦਾ ਹੈ। ਈਸਾਈ ਮਿਸ਼ਨਰੀ ਸਟੇਨਜ਼ ਗ੍ਰਾਹਮ ਅਤੇ ਉਸ ਦੇ ਦੋ ਮਾਸੂਮ ਬੱਚਿਆਂ ਨੂੰ ਜੀਪ ਵਿਚ ਜਿਉਂਦੇ ਹੀ ਸਾੜ ਕੇ ਮਾਰ ਦਿੱਤਾ ਗਿਆ ਸੀ। ਕਾਤਲ ਨੂੰ ਸਿਰਫ ਉਮਰ ਕੈਦ ਦੀ ਸਜ਼ਾ ਹੀ ਦਿੱਤੀ ਗਈ ਸੀ। ਇਹ ਦੋਵੇਂ ਜੁਰਮ ਹੀ ਘਿਨਾਉਣੇ ਸਨ। ਦੋ ਮਾਸੂਮ ਬੱਚਿਆਂ ਨੂੰ ਜੀਪ ਵਿਚ ਸਾੜ ਕੇ ਮਾਰ ਦੇਣਾ ਗੈਰਮਨੁੱਖੀ ਘਟਨਾ ਹੈ। ਇਨਸਾਫ ਦੀ ਤੱਕੜੀ ਦੇ ਪਲੜੇ ਆਪਣੇ ਹਿਸਾਬ ਨਾਲ ਹੀ ਹੇਠਾਂ ਉਤੇ ਹੁੰਦੇ ਹਨ ਜਾਂ ਫਿਰ ਇਹ ਮਾਮਲਾ ਬਹੁਗਿਣਤੀ ਤੇ ਘੱਟਗਿਣਤੀ ਦਾ ਹੈ? ਇਹ ਬਹਿਸ ਵੀ ਜਾਰੀ ਹੈ।

ਦੁਨੀਆਂ ਦੇ ਇਸ ਸਭ ਤੋਂ ਵੱਡੇ ਕਹੇ ਜਾਂਦੇ ਲੋਕਤੰਤਰ ਦੀ ਦਰੁਸਤ-ਅਮਲੀ ਲਈ ਇਹ ਤਾਂ ਜ਼ਰੂਰੀ ਹੈ ਕਿ ਇਹ ਨਿਰਪੱਖ ਢੰਗ ਨਾਲ ਚੱਲੇ, ਬਲਕਿ ਇਸ ਤੋਂ ਵੀ ਜ਼ਰੂਰੀ ਇਹ ਹੈ ਕਿ ਇਸ ਦੇ ਬਸ਼ਿੰਦੇ ਇਸ ਨਿਰਪੱਖਤਾ ਨੂੰ ਮਹਿਸੂਸ ਵੀ ਕਰਨ। ਦੁੱਖ ਦੀ ਗੱਲ ਇਹ ਹੈ ਕਿ ਅਜਿਹਾ ਹੈ ਨਹੀਂ। ਕਈ ਸਰਵੇਖਣਾਂ ਵੱਲੋਂ ਕੱਢੇ ਗਏ ਸਿੱਟਿਆਂ ਨੇ ਇਸ ਧਾਰਨਾ ਨੂੰ ਹੋਰ ਪੁਖਤਾ ਕੀਤਾ ਹੈ ਅਤੇ ਇਸ ਦੀ ਚਰਚਾ ਵਾਰ ਵਾਰ ਯਾਕੂਬ ਮੈਮਨ ਨੂੰ ਦਿੱਤੀ ਗਈ ਫਾਂਸੀ ਸਮੇਂ ਹੁੰਦੀ ਰਹੀ।

ਪੰਜਾਬ ਵਿਚ ਇਸ ਤੋਂ ਬਿਲਕੁਲ ਉਲਟ ਅਜਿਹੀਆਂ ਮਿਸਾਲਾਂ ਵੀ ਹਨ ਜਿੱਥੇ ਮੁਲਜ਼ਮਾਂ ਨੇ ਆਪਣੀਆਂ ਸਜ਼ਾਵਾਂ ਨੂੰ ਮੁਆਫ ਕਰਨ ਲਈ ਅਪੀਲ ਕਰਨ ਤੋਂ ਵੀ ਇਨਕਾਰ ਹੀ ਨਹੀਂ ਕੀਤਾ, ਸਗੋਂ ਮੁਲਕ ਦੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਆਪਣੇ ਵਲੋਂ ਕੀਤੀ ਕਾਰਵਾਈ ਨੂੰ ਜਾਇਜ਼ ਵੀ ਠਹਿਰਾਇਆ। ਉਨ੍ਹਾਂ ਨੇ ਫਾਂਸੀ ਦੇ ਫੰਧੇ ਵੱਲ ਜਾਣ ਤੋਂ ਪਹਿਲਾਂ ਆਪਣੀ ਫਾਂਸੀ ਦੀ ਸਜ਼ਾ ਦਾ ਰੱਜ ਕੇ ਜਸ਼ਨ ਮਨਾਇਆ। ਇਹ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਸਨ। ਉਨ੍ਹਾਂ ਨੂੰ ਭਾਰਤੀ ਫੌਜ ਦੇ ਮੁੱਖੀ ਜਨਰਲ ਏ.ਐਸ. ਵੈਦਿਆ ਨੂੰ ਪੁਣੇ ਵਿਚ 10 ਅਗਸਤ 1986 ਨੂੰ ਕਤਲ ਕਰਨ ਦੇ ਦੋਸ਼ ਵਿਚ 9 ਅਕਤੂਬਰ 1992 ਨੂੰ ਫਾਂਸੀ ਦਿੱਤੀ ਗਈ ਸੀ। ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਿਮਰਨਜੀਤ ਸਿੰਘ ਮਾਨ, ਜਗਦੇਵ ਸਿੰਘ ਤਲਵੰਡੀ ਸਮੇਤ ਬਹੁਤ ਸਾਰੇ ਅਕਾਲੀ ਆਗੂਆਂ ਨੇ ਇਸ ਫਾਂਸੀ ਵਿਰੁੱਧ ਰਾਸ਼ਟਰਪਤੀ ਆਰ. ਵੈਂਕਟਰਮਨ ਨੂੰ ਮੈਮੋਰੰਡਮ ਵੀ ਦਿੱਤਾ ਸੀ। ਉਨ੍ਹਾਂ ਨਮਿੱਤ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਭੋਗ 18 ਅਕਤੂਬਰ ਨੂੰ ਪਾਇਆ ਗਿਆ ਸੀ ਅਤੇ ਇਸ ਸਮੇਂ ਉਨ੍ਹਾਂ ਨੂੰ ਕੌਮ ਦੇ 'ਸ਼ਹੀਦ' ਕਰਾਰ ਦਿੱਤਾ ਗਿਆ ਸੀ।

ਜਿੰਦੇ ਅਤੇ ਸੁੱਖੇ ਨੇ ਆਪਣੀ ਚਿੱਠੀ ਵਿਚ ਰਾਸ਼ਟਰਪਤੀ ਵੈਂਕਟਾਰਮਨ ਨੂੰ ਲਿਖਿਆ ਸੀ, "ਜਦੋਂ ਕੌਮਾਂ ਕਰਵਟ ਲੈਂਦੀਆਂ ਹਨ ਤਾਂ ਇਤਿਹਾਸ ਵੀ ਥਰਥਰਾਉਣ ਲੱਗ ਜਾਂਦਾ ਹੈ। ਇਸੇ ਥਰਥਰਾਹਟ ਦੌਰਾਨ ਕੋਈ ਬੰਦਾ ਬਹਾਦਰ ਆਪਣੇ ਸ਼ਾਂਤੀਮੱਠ ਨੂੰ ਅਲਵਿਦਾ ਆਖ ਸਿਤਮਾਂ ਦੀ ਨਗਰੀ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਂਦਾ ਹੈ, ਕੋਈ ਚੀ ਗਵੇਰਾ ਕਿਊਬਾ ਦੀ ਵਜ਼ੀਰੀ ਨੂੰ ਲੱਤ ਮਾਰ ਕੇ ਬੰਦੂਕ ਹਿੱਕ ਨਾਲ ਲਾ ਬੋਲੀਵੀਆ ਦੇ ਜੰਗਲਾਂ ਵਿਚ ਦੁਸ਼ਮਣਾਂ ਵਿਰੁੱਧ ਮੋਰਚਾਬੰਦੀ ਕਰਦਾ ਹੈ ਅਤੇ ਕੋਈ ਨੈਲਸਨ ਮੰਡੇਲਾ ਨਸਲਵਾਦੀ ਦੁਸ਼ਮਣ ਦਾ ਦੀਨ ਕਬੂਲਣ ਤੋਂ ਨਾਂਹ ਕਰ ਆਪਣੀ ਉਮਰ ਕਾਲ ਕੋਠੜੀ ਦੇ ਲੇਖੇ ਲਾਉਣੀ ਵਧੇਰੇ ਬਿਹਤਰ ਸਮਝਦਾ ਹੈ... ਅਤੇ ਸਾਨੂੰ ਤਾਂ ਮਰਦ ਅਗੰਮੜੇ ਦੇ ਵਰੋਸਾਏ ਪੰਥ ਦੇ ਅਦੁੱਤੀ ਜਰਨੈਲ ਸੰਤ ਜਰਨੈਲ ਸਿੰਘ ਦੀ ਪਿਆਰ ਭਰੀ ਛੋਹ ਅਤੇ ਸਾਥ ਮਾਣਨ ਦਾ ਸਬੱਬ ਹਾਸਲ ਰਿਹਾ ਹੈ। ਅਸੀਂ ਖੰਡੇ ਦੀ ਧਾਰ ਉਤੇ ਤੁਰਨ ਵਾਲੇ ਸਿੱਖ ਕੌਮ ਦੇ ਅਨਮੋਲ ਅਤੇ ਅਣਗਿਣਤ ਹੀਰਿਆਂ ਦੇ ਚਰਨਾਂ ਦੀ ਧੂੜ ਦਾ ਕਿਣਕਾ ਮਾਤਰ ਹੀ ਹਾਂ। ਕੌਮ ਦੇ ਲੇਖੇ ਜਿੰਦ ਲਾਉਣ ਦਾ ਸੁਭਾਗ ਵਿਰਲਿਆਂ ਵਿਚੋਂ ਵੀ ਕਿਸੇ ਵਿਰਲੇ ਨੂੰ ਹਾਸਲ ਹੁੰਦਾ ਹੈ। ਸਾਨੂੰ ਇਹ ਸਨਮਾਨ ਮਿਲਣ ਉਤੇ ਮਾਣ ਹੈ।" ਉਨ੍ਹਾਂ ਲਈ ਫਾਂਸੀ ਦੀ ਸਜ਼ਾ ਮਾਣ ਵਾਲੀ ਗੱਲ ਸੀ ਅਤੇ ਫਾਂਸੀ ਉਤੇ ਝੂਲਣ ਤੋਂ ਪਹਿਲਾਂ ਉਨ੍ਹਾਂ ਨੇ ਫਾਂਸੀ ਦੇ ਫੰਦੇ ਨੂੰ ਚੁੰਮਿਆ ਸੀ।

ਬੁਨਿਆਦੀ ਸਵਾਲ ਇਹ ਹੈ ਕਿ ਆਧੁਨਿਕ ਯੁੱਗ ਵਿਚ ਕਿਸੇ ਮੁਲਕ ਨੂੰ ਚਲਾਉਣ ਲਈ ਫਾਂਸੀ ਦੀ ਸਜ਼ਾ ਕਿਉਂ ਜ਼ਰੂਰੀ ਹੈ? ਆਧੁਨਿਕ ਸਟੇਟ ਵੇਲਾ ਵਿਹਾਅ ਚੁੱਕੀ ਪਿਛਾਂਹ ਖਿੱਚੀ ਸੋਚ ਉਤੇ ਨਹੀਂ ਉਸਾਰੀ ਜਾ ਸਕਦੀ।

# ਦੀਨਾਨਗਰ ਕਾਂਡ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀ ਪਹੁੰਚ

ਸੰਦੀਪ ਦੀਕਸ਼ਿਤ

ਕੀ ਇਹ ਗੱਲ ਸੋਚੀ ਜਾ ਸਕਦੀ ਹੈ ਕਿ ਪਾਕਿਸਤਾਨ ਨੇ ਦੀਨਾਨਗਰ ਥਾਣੇ 'ਤੇ ਹਮਲੇ ਵਿਚ ਆਪਣਾ ਹੱਥ ਹੋਣ ਦਾ ਭੇਤ ਖੁਦ ਹੀ ਜ਼ਾਹਿਰ ਕਰ ਦਿੱਤਾ? ਅਜਿਹੇ ਦਾਅਵਿਆਂ ਦੇ ਹੱਕ ਵਿਚ ਖ਼ੁਫ਼ੀਆ ਏਜੰਸੀਆਂ ਅਕਸਰ ਚੋਰੀ ਟੈਪ ਕੀਤੀਆਂ ਫੋਨ ਵਾਰਤਾਵਾਂ ਜਾਂ ਵਾਇਰਲੈੱਸ ਸੁਨੇਹਿਆਂ ਦੇ ਅੰਸ਼ਾਂ ਆਦਿ ਦਾ ਹਵਾਲਾ ਦਿੰਦੀਆਂ ਹਨ, ਪਰ ਪਾਕਿਸਤਾਨੀ ਹਕੂਮਤ ਦੇ ਹੀ ਦੋ ਵਿੰਗਾਂ ਵੱਲੋਂ ਭੇਜੀਆਂ ਅਧਿਕਾਰਤ ਈ-ਮੇਲਾਂ ਦਿਲਚਸਪ ਕਹਾਣੀ ਪੇਸ਼ ਕਰਦੀਆਂ ਹਨ ਅਤੇ ਪਾਕਿਸਤਾਨੀ ਹੱਥ ਦਾ ਸੰਕੇਤ ਵੀ ਦਿੰਦੀਆਂ ਹਨ।

ਸੋਮਵਾਰ ਰਾਤੀਂ 9 ਵਜੇ ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਇੱਕ ਈ-ਮੇਲ ਰਾਹੀਂ ਪ੍ਰੈਸ ਰਿਲੀਜ਼ ਜਾਰੀ ਕੀਤੀ। ਇਸ ਵਿਚ 'ਗੁਰਦਾਸਪੁਰ ਹਮਲੇ' ਦੀ ਸਖ਼ਤ ਮਜ਼ੱਮਤ ਕੀਤੀ ਗਈ ਅਤੇ ਇਹ ਸਪਸ਼ਟ ਕੀਤਾ ਗਿਆ ਕਿ ਪਾਕਿਸਤਾਨ 'ਹਰ ਸੂਰਤ ਤੇ ਹਰ ਸੀਰਤ ਵਾਲੇ ਦਹਿਸ਼ਤਵਾਦ ਦੀ ਸਖ਼ਤ ਨਿਖੇਧੀ ਕਰਦਾ ਹੈ'। ਰਿਲੀਜ਼ ਵਿਚ ਕਸ਼ਮੀਰ ਬਾਰੇ ਵਾਰਤਾ ਦੀ ਲੋੜ ਜਾਂ ਸਰਹੱਦ ਦੇ ਭਾਰਤੀ ਪਾਸਿਉਂ ਪਾਕਿਸਤਾਨ ਵੱਲ ਗੋਲੀਬਾਰੀ ਵਧਾਏ ਜਾਣ ਦੇ ਪਾਕਿਸਤਾਨੀ ਸ਼ਿਕਵਿਆਂ ਦਾ ਕੋਈ ਜ਼ਿਕਰ ਨਹੀਂ ਸੀ।

ਇਸ ਈ-ਮੇਲ ਤੋਂ ਇਹੋ ਸੰਕੇਤ ਮਿਲਦਾ ਸੀ ਕਿ 'ਊਫ਼ਾ ਵਾਰਤਾ ਵਾਲਾ ਜਜ਼ਬਾ' ਅਜੇ ਵੀ ਬਰਕਰਾਰ ਹੈ। ਜਿਸ ਦਿਨ ਪਾਕਿਸਤਾਨ ਸਰਕਾਰ ਦੇ ਇਸ ਸਿਵਲੀਅਨ ਵਿੰਗ ਦਾ ਖਾਮੋਸ਼ ਰਹਿਣਾ ਵੱਧ ਦਾਨਿਸ਼ਵਾਰਾਨਾ ਜਾਪਣਾ ਸੀ, ਉਸ ਦਿਨ ਇਸ ਨੇ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਨਵਾਜ਼ ਸ਼ਰੀਫ਼ ਵੱਲੋਂ ਉਨ੍ਹਾਂ ਸਾਰੇ ਮੁੱਦਿਆਂ 'ਤੇ ਗੱਲਬਾਤ ਕਰਨ ਦੇ ਪ੍ਰਣ ਨਾਲ ਜੁੜੀ ਭਾਵਨਾ ਨੂੰ ਦ੍ਰਿੜ੍ਹਾਉਣ ਦਾ ਯਤਨ ਕੀਤਾ ਜਿਹੜੇ ਮੁੰਬਈ ਉੱਤੇ 2008 ਵਿਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਦਰਮਿਆਨ ਚਲਦੀ ਆ ਰਹੀ ਕਸ਼ੀਦਗੀ ਕਾਰਨ ਠੰਢੇ ਬਸਤੇ ਵਿਚ ਪਏ ਹੋਏ ਸਨ। ਪਾਕਿਸਤਾਨੀ ਵਿਦੇਸ਼ ਦਫ਼ਤਰ ਵੱਲੋਂ ਦੀਨਾਨਗਰ ਹਮਲੇ ਦੀ ਸਖ਼ਤ ਨਿੰਦਾ ਇਹ ਦਰਸਾਉਂਦੀ ਸੀ ਕਿ ਉਸ ਦੇਸ਼ ਦੀ ਸਰਕਾਰ ਦਾ ਇੱਕ ਹਿੱਸਾ ਦੀਨਾਨਗਰ ਵਿਚ ਸਿਵਲੀਅਨਾਂ ਨੂੰ ਮਾਰੇ ਜਾਣ ਦੇ ਹੱਕ ਵਿਚ ਨਹੀਂ ਸੀ।

ਸੋਮਵਾਰ ਰਾਤ 10.00 ਵਜੇ, ਸਮੁੱਚੇ ਮਾਮਲੇ ਨੂੰ ਨਵਾਂ ਰੂਪ ਮਿਲ ਗਿਆ। ਇੱਕ ਵਾਰ ਫਿਰ ਈ-ਮੇਲ ਦੇ ਜ਼ਰੀਏ ਪ੍ਰੈਸ ਰਿਲੀਜ਼ ਮਿਲੀ। ਇਹ ਪਾਕਿਸਤਾਨੀ ਥਲ ਸੈਨਾ ਦੇ ਰਾਵਲਪਿੰਡੀ ਸਥਿਤ ਹੈੱਡਕੁਆਰਟਰ ਤੋਂ ਆਈ ਸੀ। ਦੇਸ਼ ਦੀਆਂ ਤਿੰਨ ਸੁਰੱਖਿਆ ਸੈਨਾਵਾਂ ਦੇ ਸਾਂਝੇ ਪ੍ਰਚਾਰ ਅਨੁਭਾਗ- ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ.ਐਸ.ਪੀ.ਆਰ.) ਨੇ ਲੰਬੀ ਮੇਲ ਭੇਜੀ ਸੀ। ਇਸ ਦੇ ਨਾਲ ਛੇ ਫੋਟੋਗ੍ਰਾਫ਼ ਵੀ ਸਨ। ਇਸ ਵਿਚ ਭਾਰਤ ਵੱਲੋਂ ਕੌਮਾਂਤਰੀ ਸਰਹੱਦ ਅਤੇ ਕੰਟਰੋਲ ਰੇਖਾ (ਐਲ.ਓ.ਸੀ.) ਦੇ ਆਪਣੇ ਪਾਸਿਉਂ ਅੰਨ੍ਹੇਵਾਹ ਫਾਇਰਿੰਗ ਵਧਾਉਣ, ਵੱਧ ਘਾਤਕ ਹਥਿਆਰਾਂ ਨਾਲ ਗੋਲੀਬਾਰੀ ਕਰਨ ਅਤੇ ਪਾਕਿਸਤਾਨੀ ਹਵਾਈ ਮੰਡਲ ਦੀ ਉਲੰਘਣਾ ਦਾ ਜ਼ਿਕਰ ਕੀਤਾ ਗਿਆ ਸੀ। ਇਸ ਦੇ ਨਾਲ ਆਏ ਛੇ ਫੋਟੋਗ੍ਰਾਫ਼ ਉਸ ਡਰੋਨ ਦੇ ਸਨ ਜੋ ਪਾਕਿਸਤਾਨੀ ਦਾਅਵਿਆਂ ਮੁਤਾਬਿਕ 10 ਜੁਲਾਈ ਨੂੰ ਊਫ਼ਾ (ਰੂਸ) ਵਿਚ ਮੋਦੀ-ਸ਼ਰੀਫ਼ ਮੀਟਿੰਗ ਤੋਂ ਪੰਜ ਦਿਨ ਬਾਅਦ ਪਾਕਿਸਤਾਨ ਵਾਲੇ ਪਾਸੇ ਸੁੱਟ ਲਿਆ ਗਿਆ ਸੀ। ਆਈ.ਐਸ.ਪੀ.ਆਰ. ਦੀ ਮੇਲ ਵਿਚ ਦਾਅਵਾ ਕੀਤਾ ਗਿਆ ਸੀ ਕਿ ਇਹ ਫੋਟੋ ਸਾਬਤ ਕਰਦੇ ਹਨ ਕਿ ਡਰੋਨ, ਭਾਰਤ ਨੇ ਪਾਕਿਸਤਾਨੀ ਇਲਾਕੇ ਵਿਚ ਭੇਜਿਆ ਸੀ।

ਅਹਿਮ ਗੱਲ ਇਹ ਨਹੀਂ ਕਿ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਇਸ ਈ-ਮੇਲ ਰਾਹੀਂ ਭਾਰਤ ਉੱਪਰ ਸਰਹੱਦੀ ਉਲੰਘਣਾਵਾਂ ਦੇ ਦੋਸ਼ ਲਾ ਰਹੀ ਸੀ। ਜ਼ਰੂਰੀ ਗੱਲ ਇਹ ਵੀ ਨਹੀਂ ਕਿ ਉਹ ਦੀਨਾਨਗਰ ਵਿਚ ਹੋਈਆਂ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਨਾ ਹੋਣ ਕਾਰਨ ਭਾਰਤ ਵੱਲੋਂ ਜਵਾਬੀ ਕਾਰਵਾਈ ਦੀ ਅਣਹੋਂਦ ਦੇ ਮੱਦੇਨਜ਼ਰ ਇਹ ਪ੍ਰਭਾਵ ਦੇਣਾ ਚਾਹੁੰਦੀ ਸੀ ਕਿ ਜੇ ਪਾਕਿਸਤਾਨ ਵੱਲੋਂ ਕੋਈ ਉਲੰਘਣਾ ਹੋਈ ਹੈ ਤਾਂ ਭਾਰਤ ਵੀ ਤਾਂ ਅਜਿਹਾ ਕੁਝ ਕਰਦਾ ਹੀ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ, ਜਿਸ ਦੀ ਪਿਛਲੇ ਸਾਲ ਆਮ ਚੋਣਾਂ ਤੋਂ ਪਹਿਲਾਂ ਤੇ ਬਾਅਦ ਵਿਚ ਨਰੇਂਦਰ ਮੋਦੀ ਨੇ ਅਤਿਅੰਤ ਅਸਰਦਾਰ ਢੰਗ ਨਾਲ ਵਰਤੋਂ ਕੀਤੀ ਸੀ, ਦੀਨਾਨਗਰ ਕਾਂਡ ਵਿਚ ਪਾਕਿਸਤਾਨੀ ਹੱਥ ਹੋਣ ਉੱਤੇ ਜ਼ੋਰ ਦੇ ਰਿਹਾ ਹੈ ਅਤੇ ਜਵਾਬੀ ਕਾਰਵਾਈ ਚਾਹੁੰਦਾ ਹੈ। ਅਜਿਹੀ ਹੀ ਕਾਰਵਾਈ ਦੀ ਤਵੱਕੋ ਸ਼ਾਇਦ ਦੀਨਾਨਗਰ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਵੀ ਕਰ ਰਹੇ ਸਨ।

ਉਂਜ, ਦੋਵਾਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਅਹਿਸਾਸ ਹੈ ਕਿ ਉਨ੍ਹਾਂ ਲਈ ਗ਼ਲਤੀ ਦੀ ਗੁੰਜਾਇਸ਼ ਬਹੁਤ ਘੱਟ ਹੈ। ਪਾਕਿਸਤਾਨ ਵਿਚ ਨਵਾਜ਼ ਸ਼ਰੀਫ਼ ਦੀ ਸਰਕਾਰ ਲਈ ਅੱਜ ਕੱਲ੍ਹ ਕੁਝ ਖੁਸ਼ਗਵਾਰ ਦਿਨ ਚੱਲ ਰਹੇ ਹਨ। ਹਥਿਆਰਬੰਦ ਫ਼ੌਜਾਂ ਨੇ ਆਪਣੇ ਅਪਰੇਸ਼ਨ ਰਾਹੀਂ ਪਾਕਿਸਤਾਨੀ ਤਾਲਿਬਾਨ ਨੂੰ ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਨੇੜਲੀ ਬਾਰੀਕ ਜਿਹੀ ਪੱਟੀ ਤਕ ਸੀਮਤ ਕਰ ਦਿੱਤਾ ਹੈ। ਤਾਲਿਬਾਨ ਹੁਣ ਪਾਕਿਸਤਾਨੀ ਮੁੱਖ ਭੂਮੀ ਉੱਪਰ ਬਹੁਤੀ ਹਿੰਸਾ ਫੈਲਾਉਣ ਦੀ ਸਥਿਤੀ ਵਿਚ ਨਹੀਂ। ਹਾਂ, ਉਹ ਆਪਣੇ ਆਧਾਰ ਵਾਲੇ ਖੇਤਰ ਨੇੜੇ ਪਿਸ਼ਾਵਰ ਦੇ ਆਰਮੀ ਸਕੂਲ ਵਰਗੀਆਂ ਕੁਝ ਥਾਵਾਂ 'ਤੇ ਹਮਲੇ ਜ਼ਰੂਰ ਕਰ ਸਕਦੇ ਹਨ, ਪਰ ਪਹਿਲਾਂ ਵਾਂਗ ਜੁੱਗਗਰਦੀ ਮਚਾਉਣੀ ਹੁਣ ਉਨ੍ਹਾਂ ਲਈ ਸੰਭਵ ਨਹੀਂ। ਅਫ਼ਗਾਨ ਤਾਲਿਬਾਨ ਹੁਣ ਕਾਬੁਲ ਸਰਕਾਰ ਨਾਲ ਸੌਦੇਬਾਜ਼ੀ ਦੇ ਰਾਹ ਪਏ ਹੋਏ ਹਨ।

> ***ਦੀਨਾਨਗਰ ਕਾਂਡ ਤੋਂ ਬਾਅਦ ਬਹੁਤੀਆਂ ਵਿਦੇਸ਼ੀ ਖ਼ਬਰ ਏਜੰਸੀਆਂ ਤੇ ਵਿਦੇਸ਼ੀ ਨਾਮਾਨਿਗਾਰੀ ਰਿਪੋਰਟਾਂ ਦਹਿਸ਼ਤਵਾਦੀ ਹਮਲੇ, ਖ਼ਾਸ ਕਰ ਕੇ ਸਰਹੱਦ ਪਾਰੋਂ ਹੋਏ ਦਹਿਸ਼ਤਵਾਦੀ ਹਮਲੇ ਨੂੰ ਜਜ਼ਬ ਤੇ ਬਰਦਾਸ਼ਤ ਕਰ ਲੈਣ ਦੀ ਭਾਰਤੀ ਸਮਰੱਥਾ ਉੱਪਰ ਸਵਾਲ ਉਠਾਉਣ ਲੱਗੀਆਂ ਹਨ।***

ਮੋਦੀ ਸਰਕਾਰ, ਯੂ.ਪੀ.ਏ. ਸਰਕਾਰ ਵਰਗੀ ਨਹੀਂ। ਇਹ ਪਾਕਿਸਤਾਨ ਨੂੰ ਗੰਭੀਰ ਸੱਟ ਮਾਰਨ ਸਮੇਂ ਇਸ ਕਾਰਵਾਈ ਦੇ ਦੂਰਰਸੀ ਪ੍ਰਭਾਵਾਂ ਬਾਰੇ ਸੋਚਣ ਵਾਲੀ ਨਹੀਂ। ਦੀਨਾਨਗਰ ਵਾਲੀ ਸਾਜ਼ਿਸ਼ ਇਸ ਕਰ ਕੇ ਬਹੁਤੀ ਕਾਮਯਾਬ ਨਹੀਂ ਹੋਈ, ਕਿਉਂਕਿ ਜੰਮੂ ਜਾਣ ਵਾਲੀ ਪੰਜਾਬ ਰੋਡਵੇਜ਼ ਦੀ ਬੱਸ ਰੁਕੀ ਨਹੀਂ ਅਤੇ ਬੰਬ ਨਾ ਫਟਣ ਕਾਰਨ ਰੇਲਵੇ ਪੁਲ ਉਡਿਆ ਨਹੀਂ। ਅਜਿਹਾ ਨਾ ਹੋਣ ਦੇ ਬਾਵਜੂਦ ਮੋਦੀ ਉੱਤੇ ਦਬਾਅ ਬਣਿਆ ਰਹੇਗਾ ਕਿ ਉਹ ਪਾਕਿਸਤਾਨ ਖ਼ਿਲਾਫ਼ ਮਾਰਖੁੰਡਪੁਣਾ ਦਿਖਾਏ। ਉਸ ਨੇ ਅਜਿਹਾ ਵਾਅਦਾ ਕਰ ਕੇ ਹੀ ਤਾਂ ਪਿਛਲੇ ਸਾਲ ਵੋਟਾਂ ਬਟੋਰੀਆਂ ਸਨ।

ਭਾਰਤ ਦੇ ਆਰਥਿਕ ਪ੍ਰਬੰਧਕਾਂ ਦਾ ਯਕੀਨ ਹੈ ਕਿ ਆਲਮੀ ਮੰਦੀ ਦੇ ਬਾਵਜੂਦ ਛੇਤੀ ਹੀ ਮੁਲਕ 10 ਫ਼ੀਸਦੀ ਆਰਥਿਕ ਵਿਕਾਸ ਦਰ ਦਾ ਟੀਚਾ ਪਾਰ ਕਰ ਲਵੇਗਾ। ਅਜਿਹਾ ਨਿਸ਼ਾਨਾ ਹਾਸਲ ਕਰਨ ਲਈ ਭਾਰਤ ਨੂੰ ਆਪਣੇ ਆਂਢ-ਗੁਆਂਢ ਵਿਚ ਅਮਨ-ਚੈਨ ਦੀ ਲੋੜ ਹੈ। ਦੀਨਾਨਗਰ ਕਾਂਡ ਤੋਂ ਬਾਅਦ ਬਹੁਤੀਆਂ ਵਿਦੇਸ਼ੀ ਖ਼ਬਰ ਏਜੰਸੀਆਂ ਤੇ ਵਿਦੇਸ਼ੀ ਨਾਮਾਨਿਗਾਰੀ ਰਿਪੋਰਟਾਂ ਦਹਿਸ਼ਤਵਾਦੀ ਹਮਲੇ, ਖ਼ਾਸ ਕਰ ਕੇ ਸਰਹੱਦ ਪਾਰੋਂ ਹੋਏ ਦਹਿਸ਼ਤਵਾਦੀ ਹਮਲੇ ਨੂੰ ਜਜ਼ਬ ਤੇ ਬਰਦਾਸ਼ਤ ਕਰ ਲੈਣ ਦੀ ਭਾਰਤੀ ਸਮਰੱਥਾ ਉੱਪਰ ਸਵਾਲ ਉਠਾਉਣ ਲੱਗੀਆਂ ਹਨ। ਬਹੁਤੀਆਂ ਰਿਪੋਰਟਾਂ ਤੱਥਾਂ ਪੱਖੋਂ ਠੀਕ ਹਨ, ਪਰ ਉਨ੍ਹਾਂ ਦੀਆਂ ਸੁਰਖ਼ੀਆਂ ਤੇ ਤਬਸਰੇ ਸਹੀ ਨਹੀਂ।

ਬਤੌਰ ਪ੍ਰਧਾਨ ਮੰਤਰੀ, ਮੋਦੀ ਆਪਣੇ ਵਿਦੇਸ਼ੀ ਦੌਰਿਆਂ ਦੌਰਾਨ ਸੂਝਵਾਨ ਰਾਜਨੀਤੀਵੇਤਾ ਵਜੋਂ ਵਿਚਰਦੇ ਆਏ ਹਨ। ਇਸਲਾਮ ਅੰਦਰਲੀ ਸ਼ਾਂਤੀ-ਪ੍ਰਿਯਤਾ ਅਤੇ ਪੁਰਅਮਨ ਗੁਆਂਢ ਵਰਗੇ ਉਨ੍ਹਾਂ ਦੇ ਕਥਨਾਂ ਨੇ ਭਾਰਤ ਵਿਚਲੇ ਉਨ੍ਹਾਂ ਸਿਆਸੀ ਵਿਰੋਧੀਆਂ ਨੂੰ ਵੀ ਹੈਰਾਨ ਕਰ ਦਿੱਤਾ ਜਿਹੜੇ ਇਹ ਸੋਚਦੇ ਸਨ ਕਿ ਚੋਣਾਂ ਤੋਂ ਪਹਿਲਾਂ ਵਾਲਾ ਮੋਦੀ ਚੋਣਾਂ ਤੋਂ ਬਾਅਦ ਵੀ ਟਕਰਾਅਵਾਦੀ ਨੀਤੀਆਂ ਜਾਰੀ ਰੱਖੇਗਾ। ਜੇ ਭੜਕਾਹਟ ਬਹੁਤੀ ਵੱਡੀ ਹੁੰਦੀ ਤਾਂ ਮੋਦੀ ਵੱਲੋਂ ਪਾਕਿਸਤਾਨ ਦੇ ਅੰਦਰ ਢੁਕਵੀਂ ਫ਼ੌਜੀ ਕਾਰਵਾਈ ਕੀਤੀ ਜਾ ਸਕਦੀ ਸੀ ਅਤੇ ਅਜਿਹਾ ਕਰਦਿਆਂ ਉਹ ਆਲਮੀ ਪੱਧਰ 'ਤੇ ਅਲੱਗ-ਥਲੱਗ ਪੈਣ ਵਰਗਾ ਜੋਖ਼ਿਮ ਵੀ ਉਠਾ ਸਕਦੇ ਸਨ। ਜਾਪਦਾ ਹੈ ਕਿ ਸਰਹੱਦ ਪਾਰ ਕਰ ਕੇ ਮਿਆਂਮਾਰ ਵਿਚ ਕੀਤੀ ਕਾਰਵਾਈ ਨੇ ਸਰਕਾਰ ਨੂੰ ਸਿਖਾ ਦਿੱਤਾ ਕਿ ਗੁਆਂਢੀ ਮੁਲਕ ਦੇ ਹੁਕਮਰਾਨਾਂ ਦੀ ਪ੍ਰਵਾਨਗੀ ਤੋਂ ਬਿਨਾਂ ਉਨ੍ਹਾਂ ਦੇ ਇਲਾਕੇ ਵਿਚ ਜਾ ਕੇ ਕੋਈ ਕਾਰਵਾਈ ਕਰਨ ਦੇ ਕੀ ਕੀ ਖ਼ਤਰੇ ਹੋ ਸਕਦੇ ਹਨ? ਪਾਕਿਸਤਾਨ ਦੇ ਅੰਦਰ ਜਾ ਕੇ ਕਾਰਵਾਈ ਕਰਨ ਦੇ ਨਤੀਜੇ ਬਹੁਤ ਅਸੁਖਾਵੇਂ ਹੋ ਸਕਦੇ ਹਨ।

ਦੀਨਾਨਗਰ ਹਮਲੇ ਬਾਰੇ ਦੋਵਾਂ ਮੁਲਕਾਂ ਦੀਆਂ ਕੌਮੀ ਰਾਜਧਾਨੀਆਂ ਦੇ ਹੁਣ ਤਕ ਦੇ ਪ੍ਰਤੀਕਰਮ ਬੜੇ ਗੁੰਦਵੇਂ ਜਿਹੇ ਰਹੇ ਹਨ। ਭਾਰਤੀ ਵਿਦੇਸ਼ ਦਫ਼ਤਰ ਨੇ ਆਈ.ਐਸ.ਪੀ.ਆਰ. ਦੀਆਂ ਈ-ਮੇਲਾਂ ਨੂੰ ਅਣਗੌਲਿਆਂ ਕਰਨ ਵਾਲਾ ਰੁਖ਼ ਅਪਣਾਇਆ ਹੈ। ਨਵਾਜ਼ ਸ਼ਰੀਫ਼ ਵੀ ਜਾਣਦੇ ਹਨ ਕਿ ਡਰੋਨ ਮਾਮਲਾ ਆਪਣੇ ਆਪ ਵਿਚ ਕੋਈ ਮੁੱਦਾ ਹੀ ਨਹੀਂ। ਦੋਵਾਂ ਮੁਲਕਾਂ ਦੇ ਕੌਮੀ ਸੁਰੱਖਿਆ ਸਲਾਹਕਾਰ ਇਹ ਜਾਇਜ਼ਾ ਲੈਣ ਦੀ ਸਥਿਤੀ ਵਿਚ ਹਨ ਕਿ ਇੱਕ ਦੂਜੇ ਨੂੰ ਜੰਗ ਵਿਚ ਉਲਝਾਉਣ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

# ਜੇ ਕਿਤੇ ਅਕਬਰ ਤੇ ਬੀਰਬਲ ਹੁਣ ਆ ਜਾਣ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਵਰਤਮਾਨ ਯੁੱਗ ਵਿਚ ਮਨੁੱਖ ਦੀ ਅਸਹਿਣਸ਼ੀਲਤਾ ਨੇ ਇਹ ਸਮੱਸਿਆ ਖੜ੍ਹੀ ਕਰ ਦਿੱਤੀ ਹੈ ਕਿ ਜਿਹੜੇ ਲੋਕ ਕੁਝ ਨਹੀਂ ਕਰ ਸਕਦੇ, ਉਹ ਈਰਖਾ ਦੀ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਕੁਝ ਲੋਕ ਉਹ ਕੰਮ ਕਰ ਰਹੇ ਹਨ ਜਿਸ ਵਿਚ ਸਫ਼ਲ ਹੋਣ ਦੀ ਉਨ੍ਹਾਂ ਕੋਲ ਯੋਗਤਾ ਹੀ ਨਹੀਂ। ਅੰਦਰੋਂ ਸਾੜਾ ਕਰਨ ਵਾਲੇ ਲੋਕਾਂ ਦੀ ਪਛਾਣ ਔਖੀ ਹੈ, ਇਸੇ ਲਈ ਇਹੋ ਤੁਹਾਡੇ ਲਈ ਵੱਧ ਖਤਰਨਾਕ ਹੋ ਰਹੇ ਹਨ। ਸਾਡੀ ਰਾਜਨੀਤੀ ਵਿਚ ਕਿਉਂਕਿ ਯੋਗਤਾ ਨਾਲੋਂ ਤਜਰਬਾ ਜਾਂ 'ਖਾਨਦਾਨੀ ਵੈਦਾਂ' ਵਾਲੀ ਮੁਹਾਰਤ ਦਾ ਭਰਮ ਵੱਧ ਪੈਦਾ ਹੋ ਗਿਆ ਹੈ, ਇਸੇ ਲਈ ਪੜ੍ਹਿਆਂ ਨੂੰ ਹੁਣ ਅਨਪੜ੍ਹ ਲੁੱਟਣ ਲੱਗ ਪਏ ਹਨ। ਇਸ ਕਰ ਕੇ ਕਈ ਉਥੇ ਬੈਠ ਗਏ ਹਨ ਜਿਥੇ ਬੈਠਣਾ ਖਤਰਾ ਹੀ ਖਤਰਾ ਹੈ। ਕਥਨ ਹੈ ਕਿ ਵਿਰੋਧ ਜਦੋਂ ਬੇਅਸੂਲੇ ਹੋ ਜਾਣ, ਤਾਂ ਨਫ਼ਰਤ ਦੀ ਬਦਬੂ ਉਠਦੀ ਹੈ ਪਰ ਜਦੋਂ ਉਸਾਰੂ ਵਿਰੋਧ ਖਿਲਾਫ ਡਾਂਗ ਚੁੱਕ ਲਈ ਜਾਵੇ, ਤਾਂ ਨਾਅਰਿਆਂ ਨੇ ਮੁਜ਼ਾਹਰਿਆਂ ਵਿਚ ਬਦਲਣਾ ਹੀ ਹੁੰਦਾ ਹੈ। ਦੁਨੀਆਂ ਦਿਨ ਚੜ੍ਹਦੇ ਨਾਲ ਹੋਰ ਹੋ ਜਾਂਦੀ ਹੈ, ਤੇ ਜਿਹੜੇ ਫਿਰ ਵੀ ਇਕੋ ਥਾਂ ਖਲੋ ਕੇ ਪੁਰਾਣੇ ਕਾਰਜਾਂ ਲਈ ਨਵੇਂ ਹਾਰਾਂ ਨਾਲ ਸੁਆਗਤ ਦੀ ਉਡੀਕ ਵਿਚ ਹਨ, ਉਨ੍ਹਾਂ ਨੂੰ ਵਕਤ ਨੇ ਆਪਣੇ ਆਪ ਹੀ ਪਿਛਾਂਹ ਧੱਕ ਦੇਣਾ ਹੁੰਦਾ ਹੈ। ਅਜਿਹੇ ਮਿੱਤਰਾਂ ਨੇ ਫਿਰ ਜਾਂ ਤਾਂ ਈਰਖਾ ਕਰਨੀ ਹੁੰਦੀ ਹੈ, ਜਾਂ ਸਾੜਾ ਜਾਂ ਬਿਨ ਸਿਰ-ਪੈਰ ਵਾਲਾ ਵਿਰੋਧ। ਇਨ੍ਹਾਂ ਦੀ ਹਾਲਤ ਉਸੇ ਲੀਡਰ ਵਰਗੀ ਹੁੰਦੀ ਹੈ ਜਿਹੜਾ ਇਹ ਸੋਚਦਾ ਹੈ ਕਿ ਪਰਜਾ ਉਹੀ ਰਹੇ ਤੇ ਚੋਣ ਨਿਸ਼ਾਨ ਵੀ ਪੁਰਾਣਾ ਹੀ, ਪਰ ਪਾਰਟੀ ਬਦਲ ਜਾਵੇ। ਅਸਲ ਵਿਚ ਆਪਣੇ ਹੱਕ ਵਿਚ ਵੀ ਇਹ ਵਿਰੋਧੀ ਨਾਅਰਾ ਲਾ ਰਹੇ ਹੁੰਦੇ ਹਨ। ਕਈ ਲੋਕ ਤੁਹਾਨੂੰ ਮਿਲੇ ਤਾਂ ਇਕ ਵਾਰ ਹੁੰਦੇ ਹਨ ਪਰ ਰਹਿੰਦੇ ਹਮੇਸ਼ਾ ਤੁਹਾਡੇ ਨਾਲ ਹਨ। ਕਈ ਹਰ ਮੋੜ ਉਤੇ ਰੋਜ਼ ਟੱਕਰਦੇ ਰਹੇ, ਦਿਲ ਨੇ ਉਨ੍ਹਾਂ ਲਈ ਜਿੰਦਾ-ਕੁੰਡਾ ਖੋਲ੍ਹਿਆ ਹੀ ਨਹੀਂ। ਜਿਹੜੇ ਸੁਸਤੀ ਤੇ ਵਿਹਲੇ ਰਹਿਣ ਨੂੰ ਆਰਾਮ ਕਹਿੰਦੇ ਨੇ, ਜ਼ਿੰਦਗੀ ਉਨ੍ਹਾਂ ਨੂੰ ਨਾਲਾਇਕ ਸਵੀਕਾਰ ਕਰ ਰਹੀ ਹੁੰਦੀ ਹੈ। ਜਿਹੜੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਮੁਕਾਉਣ ਦਾ ਦਾਅਵਾ ਕਰਨ ਲੱਗ ਪੈਣ, ਉਨ੍ਹਾਂ ਕੋਲ ਮਾਲ੍ਹ ਹੀ ਹੁੰਦੀ ਹੈ, ਚਰਖਾ ਟੁੱਟ ਗਿਆ ਹੁੰਦਾ ਹੈ। ਦੁਨੀਆਂ ਚੰਗੇਜ਼ ਖਾਨ, ਹਿਟਲਰ ਤੇ ਔਰੰਗਜ਼ੇਬ ਨੂੰ ਧੱਕੇ ਮਾਰਦੀ ਹੈ ਅਤੇ ਸੁਕਰਾਤ, ਬੁੱਧ, ਲਿੰਕਨ ਤੇ ਨਿਊਟਨ ਦੀ ਆਰਤੀ ਉਤਰ ਰਹੀ ਹੁੰਦੀ ਹੈ। ਕਿਉਂ? ਇਹੋ ਜ਼ਿੰਦਗੀ ਦਾ ਭੇਤ ਹੈ। ਰਾਜਨੀਤੀ ਦੇ ਉਖੜੇ ਹਾਲਾਤ ਨੇ ਹੀ ਅਜਿਹੇ ਸੁਪਨਿਆਂ ਦੀ ਸਿਰਜਣਾ ਨਹੀਂ ਕੀਤੀ ਲਗਦੀ?*

"ਬਿਜਲੀ ਸਹੁਰੀ ਦੀ ਸਾਰੀ ਪਾਕਿਸਤਾਨ ਨੂੰ ਦੇ'ਤੀ, ਉਪਰੋਂ ਅੱਗ ਵਰ੍ਹਦੀ ਐ। ਦਰਖ਼ਤ ਦਾ ਪੱਤਾ ਨ੍ਹੀਂ ਹਿਲਦਾ, ਫਿਰ ਕਹਿੰਦੇ ਵੋਟਾਂ ਪਾਓ। ਇਹ ਸਾਰੇ ਉਪਰ ਆਲੇ ਤੇ ਥੱਲੇ ਆਲੇ ਖ਼ੂਨ ਈ ਪੀਣ ਲੱਗੇ ਆ ਹਮਾਤੜਾਂ ਦਾ...ਕਿਉਂ ਸਰਪੰਚਾ?" ਸੁੱਚਾ ਸਿਹੁੰ ਨੰਬਰਦਾਰ ਨੇ ਤਪਦੀਆਂ ਇੱਟਾਂ 'ਤੇ ਬੈਠਦਿਆਂ, 'ਮਰ ਗਏ, ਇਹ ਵੀ ਜਿਵੇਂ ਹੁਣੇ ਭੱਠੇ ਵਿਚੋਂ ਲਿਆ ਕੇ ਰੱਖੀਆਂ ਹੁੰਦੀਆਂ ਨੇ', ਕਹਿੰਦਿਆਂ ਪਿੱਪਲ ਹੇਠ ਆਸਣ ਲਾ ਲਿਆ।

"ਆਹ ਤਾਂ ਬਾਈ ਅਖਬਾਰ ਭਰੀ ਪਈ ਐ ਕਿ ਬਾਹਰਲੇ ਮੁਲਕਾਂ ਵਿਚ ਬੜੀ ਕੁਪੱਤ ਹੋਈ ਐ ਸਾਡੇ ਲੀਡਰਾਂ ਨਾਲ।" ਸਰਪੰਚ ਤੇਜਾ ਸਿੰਘ ਨੇ ਗੱਲ ਬਦਲਦਿਆਂ ਸੂਈ ਦੂਜੇ ਪਾਸੇ ਰੱਖ ਦਿੱਤੀ।

"ਸਰਪੰਚਾ, ਬੁਖਾਰ ਜੇ ਚੜ੍ਹਦਾ ਹੁੰਦੈ ਤਾਂ ਉਤਰਦਾ ਵੀ ਆ। ਕੱਛਾਂ ਨਾ ਵਜਾ ਤੂੰ, ਜਿਹੜੀਆਂ ਅਗਾਊਂ ਈ ਟੰਗ'ਤੀਆਂ ਦੋ ਦੋ ਝੰਡੀਆਂ ਚੁਬਾਰੇ 'ਤੇ। ਕੁਪੱਤ ਤੇਰੇ ਆਲਿਆਂ ਨਾਲ ਵੀ ਉਨੀ ਈ ਕਰਨ ਨੂੰ ਕਾਹਲੇ ਆ ਲੋਕ। ਹੌਲੀ ਹੌਲੀ ਨੱਚ ਜੰਡਿਆਲਾ ਨੇੜੇ ਈ ਆ।"

"ਤੂੰ ਬੜਾ ਤੱਤਾ ਹੋਇਆ ਫਿਰਦੈਂ, ਤੇਰੇ ਨਾਲ ਘਰੋਂ ਹੋਈ ਲੱਗਦੀ ਐ। ਗੱਲ ਅੱਧ ਵਿਚੋਂ ਈ ਬੋਚ'ਲੀ?"

"ਚੰਗਾ ਭਲਾ ਬੰਦਾ ਤਾਂ ਊਂਈ ਗਰਮੀ ਵਿਚ ਉਬਲਿਆ ਫਿਰਦੈ, ਤੂੰ ਹੋਰ ਕੋਲੇ ਸੁੱਟ'ਤੇ। ਲੈ ਆਹ ਵੀ ਆ ਗਿਆ ਨਸ਼ੇ ਦਾ ਭੰਨਿਆ ਜਾਗਰ ਅਮਲੀ। ਨਾ ਲਹਿੰਦੀ ਨਾ ਚੜ੍ਹਦੀ। ਦੂਰੋਂ ਈ ਹਿੜ ਹਿੜ ਕਰਦਾ ਆਉਂਦੈ। ਦੰਦ ਦੇਖੋ ਇਹਦੇ ਕਰੇੜੇ ਖਾਧੇ ਜਿਵੇਂ ਤਾਜੀ ਤਾਜੀ ਕੜੀ ਖਾ ਕੇ ਕੁਰਲੀ ਨਾ ਕੀਤੀ ਹੋਵੇ!"

"ਬੜਾ ਖੁਸ਼ ਐਂ ਜਾਗਰਾ, ਮੂੰਹ ਤਾਂ ਥੋੜ੍ਹਾ ਖੋਲ੍ਹ। ਆਏਂ ਲਗਦੈ, ਜਿੱਦਾਂ ਹਲਦੀ ਦਾ ਫੱਕਾ ਮਾਰਿਆ ਹੋਵੇ।" ਸਰਪੰਚ ਨੇ ਉਹਦੇ ਬੈਠਣ ਤੋਂ ਪਹਿਲਾਂ ਈ ਹੋਰ ਅੱਗ ਲਾ ਦਿੱਤੀ।

"ਗੱਲ ਸੁਣ ਓ ਸਰਪੰਚਾ! ਕੀ ਸਮਝਦਾਂ ਤੂੰ ਆਪਣੇ ਆਪ ਨੂੰ? ਡਾਂਗ ਜਿਹੀ, ਜਿਵੇਂ ਬਾਂਸ ਨੂੰ ਪਲਸਤਰ ਕੀਤਾ ਹੋਵੇ। ਗ੍ਰਾਂਟਾਂ ਤੂੰ ਸਾਰੀਆਂ ਖਾ ਲਈਆਂ। ਪੈਨਸ਼ਨਾਂ ਬੁੜ੍ਹਿਆਂ ਦੀਆਂ ਤੂੰ ਨ੍ਹੀਂ ਛੱਡਦਾ। ਰੇਤਾ ਵੇਚ ਕੇ ਖੱਡ ਖਾ ਲਈ ਸਾਰੀ। ਪੁਲਿਸ ਦਾ ਤੂੰ ਟਾਊਟ ਐਂ। ਪਹਿਲਾਂ ਚਿੱਟੀ ਬੰਨ੍ਹਦਾ ਸੀ, ਹੁਣ ਨੀਲੀ ਬੰਨਦੈਂ। ਚੁਫ਼ੇਰ-ਗੜ੍ਹੀਆ ਕਿਸੇ ਥਾਂ ਦਾ। ਵੱਡਾ ਜੂਸਫ਼ ਸਮਝਦਾ ਆਪਣੇ ਆਪ ਨੂੰ...ਮੈਂ ਤਾਂ ਕੋਈ ਚੱਜ ਦੀ ਗੱਲ ਦੱਸਣੀ ਸੀ। ਕੰਜਰ ਦੇ ਨੇ ਨੱਚਦੇ ਮੋਰ ਦਾ ਖੰਭ ਈ ਖਿੱਚ'ਤਾ।"

"ਫੈਲ਼ਾ ਹੋ ਫੈਲ਼ਾ ਜਾਗਰਾ। ਫਿਰ ਵੀ ਮੁਖੀ ਆ ਪਿੰਡ ਦਾ।" ਨੱਥਾ ਸਿਹੁੰ ਨੇ ਗੱਲ ਮੱਠੀ ਪਾਉਂਦਿਆਂ ਕਿਹਾ।

"ਨਾ ਇਹ ਸਮਝਦਾ ਕੀ ਐ...ਮੇਰੇ ਦੰਦ ਪਰਖਦੈ। ਇਹਦੇ ਕੋਲ ਸਰੀਰ ਈ ਸਰੀਰ ਆ, ਸਾਡੇ ਕੋਲ ਜ਼ਮੀਰ ਐ। ਜਿੱਦਣ ਬੰਤਾ ਅਮਲੀ ਅੱਧਾ ਸੇਰ ਡੋਡਿਆਂ ਨਾਲ ਫੜਿਆ, ਇਹਨੇ ਪੂਰਾ ਤੀਹ ਹਜ਼ਾਰ ਦੁਆਇਆ ਪੁਲਿਸ ਨੂੰ। ਰੋਡੇ ਹਰਜੀਤ ਦੀ ਭੱਠੀ ਫੜਾ'ਤੀ। ਘਰਵਾਲਾ ਦੋ ਮਰਲੇ ਥਾਂ ਵੇਚ ਕੇ ਛੁੱਟਿਆ ਅਗਲਾ। ਹੁਣ ਨ੍ਹੀਂ ਇਹਨੂੰ ਦੀਹਦਾ, ਪਈ ਪਿੰਡ ਦੀ ਅੱਧੀ ਜੁਆਨੀ ਸਮੈਕ ਕਿਹਨੇ ਪੀਣ ਲਾਈ ਐ। ਕੁਪੱਤ ਤਾਂ ਇਥੇ ਵੀ ਇੱਦਾਂ ਦਿਆਂ ਨਾਲ ਹੋਣ ਆਲੀ ਐ।"

"ਚੱਲ ਓ ਮਾਰ ਲੈ ਗੁੱਸੇ ਨੂੰ। ਸੁਣਾ ਕੋਈ ਹਾਸੇ-ਠੱਠੇ ਆਲੀ, ਮਹੌਲ ਬਦਲ ਥੋੜ੍ਹਾ।"


"ਨੱਥਿਆ ਹਟਦਾ ਈ ਨ੍ਹੀਂ...ਜਿਥੇ ਵੇਖਦੈ, ਉਥੇ ਮੇਰੀ ਵੱਢਣੀ ਕਰਦੈ। ਲੈ ਸਰਪੰਚਾ, ਤੂੰ ਜਿਹੜਾ ਆਪਣੇ-ਆਪ ਨੂੰ ਹੇਮਾ ਮਾਲਣੀ ਦਾ ਫੁੱਫੜ ਸਮਝਦੈਂ, ਹੁਣ ਜਾਗਰ ਨੂੰ ਐਵੇਂ ਨਾ ਸਮਝੀ, ਬੀਰਬਲ ਦੀ ਕੁੱਲ ਵਿਚੋਂ ਆ।"

"ਚੱਲ ਗਲਤੀ ਹੋ'ਗੀ ਭਰਾਵਾ, ਤੱਤਾ ਨਾ ਹੋ। ਹਾਅ ਸੁਣਾ ਤੂੰ ਕਿ ਬੀਰਬਲ ਦੀ ਕੁੱਲ ਵਿਚੋਂ ਤੂੰ ਕਿਵੇਂ ਆਂ? ਇਹ ਤਾਂ ਤੂੰ ਅੱਜ ਈ ਦੱਸਿਆ।"

"ਲੈ ਫਿਰ ਸੁਣ, ਇਹ ਤਾਂ ਤੈਨੂੰ ਵੀ ਪਤਾ ਈ ਹੋਣਾ, ਬੀਰਬਲ ਕਾਲਾ ਵੀ ਰੱਜ ਕੇ ਸੀ ਤੇ ਬੇਢੱਬਾ ਜਿਹਾ ਵੀ।"

"ਆਹੋ।"

"ਹੁਣ ਚੁੱਪ ਕਰ ਕੇ ਸੁਣ ਜਿਵੇਂ ਲੀਡਰ ਹੁਣੇ ਹੁਣੇ ਬਾਹਰਲਿਆਂ ਦੀ ਸੁਣ ਕੇ ਆਏ ਆ।"



"ਡੱਟ ਈ ਘੁਮਾਈ ਜਾਨੈਂ, ਬੋਤਲ ਵੀ ਖੋਲ੍ਹ ਹੁਣ।"

"ਕਿੱਦਾਂ ਦਿਨ ਖੜ੍ਹੇ ਇਹਦੇ ਅੱਗ ਲੱਗੀ ਪਈ ਆ। ਨੱਥਿਆ ਇਹਨੇ ਤਾਂ ਵਿਚੇ ਟੋਕੀ ਜਾਣਾ, ਤੂੰ ਸੁਣ...।"

"ਹਾਂ ਸੁਣਦੇ ਆਂ ਅਸੀਂ ਦੋਏ, ਹੁਣ ਨ੍ਹੀਂ ਮੂੰਹ ਖੋਲ੍ਹਦਾ ਕੋਈ।"

"ਅਕਬਰ ਨੇ ਇਕ ਵਾਰ ਬੀਰਬਲ ਨੂੰ ਕਿਹਾ, ਸਾਰੇ ਦਰਬਾਰੀ ਹੱਸਦੇ ਰਹਿੰਦੇ ਆ ਕਿ ਅਸੀਂ ਗੋਰੇ ਆਂ, ਤੇ ਇਹ ਕਾਲਾ ਪਰ ਗਿਆਨ ਧਿਆਨ ਬੜਾ ਜਾਣਦੈ।"

"ਜਾਗਰਾ ਆਹ ਲਿਆਂਦਾ ਸੁਆਦ, ਬੰਨ੍ਹ ਦੇ ਰੰਗ।"

"ਨੱਥਿਆ ਝਾੜ-ਝੰਬ ਮੈਂ ਤੇਰੀ ਵੀ ਕਰ ਦੇਣੀ ਆਂ, ਚੁੱਪ ਕਰ ਕੇ ਸੁਣ। ਬੀਰਬਲ ਕਹਿਣ ਲੱਗਾ, ਰੱਬ ਨੇ ਪਹਿਲਾਂ ਸ੍ਰਿਸ਼ਟੀ ਸਾਜੀ, ਫਿਰ ਬ੍ਰਿਛ, ਬੂਟੇ ਤੇ ਦਰਖਤ ਬਣਾਏ ਪਰ ਉਹਦਾ ਦਿਲ ਨਾ ਰੱਜਿਆ। ਫਿਰ ਉਹਨੇ ਸੋਚਿਆ, ਚਲੋ ਪਸ਼ੂ-ਪੰਛੀ ਬਣਾ ਕੇ ਦੇਖ ਲਓ। ਤੋਤੇ, ਮੋਰ, ਮੱਝਾਂ, ਗਾਵਾਂ, ਊਠ ਤੇ ਸ਼ੇਰ ਬਣਾ ਦਿੱਤੇ। ਚਿੱਤ ਫਿਰ ਵੀ ਨਾ ਰਾਜੀ ਹੋਇਆ, ਤਾਂ ਜਾ ਕੇ ਉਹਦਾ ਮਨ ਕੀਤਾ ਕਿ ਚਲੋ ਬੰਦੇ ਬਣਾਉਂਦੇ ਆਂ।"

"ਬੱਲੇ ਓਏ ਤੇਰੇ ਜਾਗਰਾ...।"

"ਠਹਿਰ ਜਾ ਜਰਾ ਬੱਲੇ ਬੱਲੇ ਤਾਂ ਪੂਰੀ ਕਰੇਂਗਾ। ਚਾਰ ਰੁੱਤਾਂ ਤੇ ਚਾਰ ਦਿਸ਼ਾਵਾਂ ਵਾਂਗ ਚਾਰ ਬੰਦੇ ਬਣਾ ਲਏ। ਉਨ੍ਹਾਂ ਨੂੰ ਰੱਬ ਨੇ ਇਕ ਲਾਈਨ ਵਿਚ ਖੜ੍ਹਾ ਕਰ ਲਿਆ। ਸਾਹਮਣੇ ਚਾਰ ਨੁੱਕਰਾਂ ਵਿਚ ਧਨ, ਸੂਰਤ, ਅਕਲ ਤੇ ਬਲ ਰੱਖ'ਤੇ। ਰੱਬ ਨੇ ਹੁਕਮ ਚਾੜ੍ਹਿਆ, ਚੱਕੋ ਬਈ ਜਿਹਦਾ ਜੋ ਜੀਅ ਕਰਦਾ। ਬੀਰਬਲ ਨੇ ਭੱਜ ਕੇ ਅਕਲ ਚੱਕ ਲਈ, ਕਿਸੇ ਨੇ ਦਾਰਾ ਸਿਹੁੰ ਵਾਂਗੂੰ ਬਲ।"

"ਬਾਕੀ?"

"ਉਹ ਵੀ ਦੱਸਦਾਂ...ਜਿਹੜੇ ਪੈਸੇ ਚੱਕਣ ਦੌੜੇ, ਉਹ ਲੀਡਰ ਬਣ ਗਏ, ਤੇ ਜਿਹੜੇ ਸਰਪੰਚ ਵਾਂਗੂੰ ਸੂਰਤ ਪਿੱਛੇ ਪੈ ਗਏ, ਉਹ ਰਹਿ ਗਏ ਫਿਰ ਅਕਲੋਂ ਖਾਲੀ।"

"ਸਦਕੇ ਤੇਰੇ ਜਾਗਰਾ, ਅੱਜ ਢਾਹਿਆ ਈ ਸਰਪੰਚ।" ਤੇਜਾ ਸਿੰਘ ਨੇ ਦੋ ਹੱਥ ਹੁੰਦੇ ਵੇਖ ਕੇ ਆਪ ਹੀ ਮਜ਼ਾਕ ਵਿਚ ਹੱਥ ਪਿਛਾਂਹ ਖਿੱਚ ਲਏ।

"ਲਓ ਬਈ ਆ ਗਿਆ ਮੱਦੋਕਿਆਂ ਦਾ ਪੂਰਨ ਵੀ, ਇਹ ਵੀ ਪਾਊ ਪੂਰੀ। ਇਹ ਤਾਂ ਨੱਥੇ ਨਾਲੋਂ ਵੀ ਵੱਧ ਖੁਸ਼ ਲਗਦੈ!" ਸਰਪੰਚ ਦੀ ਗੱਲ ਵਿਚੋਂ ਟੋਕ ਕੇ ਨੱਥਾ ਸਿਹੁੰ ਕਹਿਣ ਲੱਗਾ, "ਚੰਡੀਗੜ੍ਹ ਮਿਲ ਗਿਐ?"

"ਧਾਰਾਂ ਲੈਣੀਆਂ! ਅਸੀਂ ਤਾਂ ਸੁਣਿਆਂ ਈ ਆ, ਵੇਖਿਆ ਤਾਂ ਹੈ ਈ ਨ੍ਹੀਂ ਪਰ ਰਾਤੀਂ ਜਿਹੜਾ ਸੁਫ਼ਨਾ ਆਇਆ, ਉਹਦੀਆਂ ਕਿਆ ਬਾਤਾਂ। ਚੰਡੀਗੜ੍ਹ ਤਾਂ ਸ਼ੈਅ ਈ ਕੁਛ ਨ੍ਹੀਂ।" ਪੂਰਨ ਥੜ੍ਹੇ ਨਾਲ ਢਾਸਣਾ ਲਾ ਕੇ ਹੀ ਖਲੋ ਗਿਆ।

"ਤੂੰ ਦੱਸ ਕਿਹੜਾ ਲਾਹੌਰ ਵਿਚ ਗਿੱਧਾ ਪੈਂਦਾ ਦੇਖਿਆ?"

"ਬਈ ਰਾਤੀਂ ਹਾੜੇ ਤਾਂ ਚਾਰ ਕੁ ਈ ਲਾਏ ਸੀ, ਨੀਂਦ ਦੀਆਂ ਕਮਾਲਾਂ ਹੋ ਗਈਆਂ।"

"ਡੰਗਰਾਂ ਕੋਲ ਸੌਂਦਾਂ, ਮੱਖੀਆਂ ਵਰਗਾ ਮੱਛਰ ਐ, ਚੱਕਿਆ ਨੀਂਦ ਦਾ, ਪੱਖਾ ਵੀ ਇਕ ਐ।"

"ਹਾ ਹੀ ਤਾਂ ਗੱਲ ਐ ਨੱਥਿਆ। ਬਹੂ ਤੇ ਮੁੰਡਾ ਪਾਲਾ ਸਹੁਰੀਂ ਗਏ ਤੀ। ਭਰਜਾਈ ਤੇਰੀ ਆਂਹਦੀ, ਲਾਹ ਅੱਜ ਨੀਂਦ ਰੱਜ ਕੇ। ਪਹਿਲਾਂ ਮੰਜਾ ਆਪਣਾ, ਫੇਰ ਮੇਰਾ ਤੇ ਅੱਗੇ ਫਰਾਟੇ ਆਲਾ ਪੱਖਾ। ਬਿਜਲੀ ਵੀ ਇਕ ਬਿੰਦ ਨ੍ਹੀਂ ਗਈ।"

"ਇਹ ਫਿਰ ਕਿਹੜੀ ਖਾਸ ਗੱਲ ਐ?"

"ਅੱਗੇ ਤਾਂ ਸੁਣ, ਅੱਖ ਲੱਗਣ ਦੀ ਦੇਰ ਤੀ, ਮੈਂ ਚੰਡੀਗੜ੍ਹ...ਉਥੇ ਰੌਲਾ ਪਵੇ ਕਿ ਅਕਬਰ ਬਹਿ ਗਿਆ ਗੱਦੀ 'ਤੇ। ਸਲਾਹਕਾਰ ਵੀ ਉਹੀ ਬੀਰਬਲ, ਤੇ ਦਰਬਾਰ ਲੱਗਾ ਹੋਇਆ।"

"ਉਥੇ ਤਾਂ ਚਿੜੀ ਨ੍ਹੀਂ ਫੜਕਦੀ, ਤੈਨੂੰ ਲੈ ਗਏ ਅੰਦਰ ਸੈਕਟਰੀਏਟ ਸ਼ਰਾਬੀ-ਕਬਾਬੀ ਨੂੰ।"

"ਨੱਥਾ ਤਾਂ ਹੀ ਕਹਿੰਦਾ, ਪਈ ਸਰਪੰਚਾ...ਸ਼ਕਲ ਈ ਸ਼ਕਲ ਐ, ਅਕਲ ਦਾ ਤਾਂ ਭੋਰਾ ਨ੍ਹੀਂ। ਮੈਂ ਸੁਫ਼ਨਾ ਸੁਣਾਉਨੈ।"

"ਅੱਛਾ ਠੀਕ ਐ, ਸੁਣਾ ਫਿਰ!"

"ਪੂਰਨਾ, ਬਈ ਤੂੰ ਤੇ ਜਾਗਰ ਤਾਂ ਜਿਵੇਂ ਸਲਾਹ ਕਰ ਕੇ ਈ ਆਏ ਹੁੰਦੇ ਓ, ਉਹ ਵੀ ਅਕਬਰ-ਬੀਰਬਲ ਦੀਆਂ ਕਹਾਣੀਆਂ ਈ ਸੁਣਾ ਕੇ ਹਟਿਐ।"

"ਜਾਗਰਾ, ਰਾਤ ਜਿੱਦਾਂ ਮੇਰੀ ਪਹਿਲੀ ਰਾਤ ਵਾਂਗੂ ਲੰਘੀ, ਉਹ ਸੁਣ।"

"ਛੜਾ ਸਾਲਾ ਜਾਗਰ, ਇਹਨੂੰ ਕੀ ਪਤਾ ਰਾਤਾਂ ਰੁਤਾਂ ਦਾ। ਤੂੰ ਗੱਲ ਕਰ ਅੱਗੇ...।"

"ਅੱਛਾ! ਅਕਬਰ ਬਹਿ ਗਿਆ ਕੁਰਸੀ 'ਤੇ। ਪੂਰਾ ਭੀੜ-ਭੜੱਕਾ। ਖਬਰਾਂ ਵਾਲੇ, ਟੈਲੀਵਿਜ਼ਨ ਆਲੇ ਭੱਜੇ ਫਿਰਨ। ਚਿੱਟੀਆਂ ਟੋਪੀਆਂ ਆਲੇ ਆਮ ਬੰਦੇ ਪਿੱਛੇ ਖੜ੍ਹੇ ਹੈਰਾਨ ਹੋਣ, ਪਈ ਵਾਰੀ ਤਾਂ ਸਾਡੀ ਆਉਣ ਵਾਲੀ ਸੀ, ਇਹ ਅਕਬਰ ਬੀਰਬਲ ਕਿਧਰੋਂ ਆ ਗਏ।"

"ਫੋੜਾ ਛਿੱਲੇਂਗਾ, ਤਪਿਆਂ ਨੂੰ ਹੋਰ ਤਪਾਏਂਗਾ...ਚੱਲ ਫਿਰ ਕੀ ਕਹਿੰਦੇ ਸੀ ਲੋਕ?"

"ਅਕਬਰ ਹਾਲੇ ਲੋਕਾਂ ਦੀ ਗੱਲ ਸੁਣਨ ਹੀ ਲੱਗਾ ਤੀ, ਭਰਾਵੋ...ਇਕ ਤੀਵੀਂ ਤਵੇ ਦੀ ਥਾਂ ਰੋਟੀਆਂ ਪਕਾਉਣ ਵਾਲੀ ਵੱਡੀ ਤਵੀ ਚੱਕ ਕੇ ਗਈ ਭੱਜੀ 'ਗਹਾਂ ਨੂੰ। ਅਖੇ, ਮੈਂ ਇਹਦਾ ਪਾਰਸ ਬਣਾਉਣੈ ਰਾਜੇ ਦਾ ਹੱਥ ਲੁਆ ਕੇ। ਉਹਨੂੰ ਪਹਿਰੇਦਾਰਾਂ ਨੇ ਮਸਾਂ ਰੋਕਿਆ, ਬੀਬੀ ਮਹਾਰਾਜਾ ਰਣਜੀਤ ਸਿਹੁੰ ਨ੍ਹੀਂ, ਇਹ ਅਕਬਰ ਐ! ਉਹ ਵਿਚਾਰੀ ਦੁਹੱਥੜਾਂ ਮਾਰ ਕੇ ਪਿੱਟੇ ਕਿ ਮੈਂ ਤਾਂ ਵਾਹੋ-ਦਾਹੀ ਦੌੜੀ ਆਈ ਸੀ, ਪਈ ਕਈ ਸਾਲਾਂ ਦਾ ਰੌਲਾ ਪੈਂਦਾ ਸੀ ਕਿ ਰਾਜੇ ਰਣਜੀਤ ਸਿਹੁੰ ਦਾ ਰਾਜ ਆਉਣ ਵਾਲੈ, ਜਿਹੜਾ ਲੋਹੇ ਦਾ ਪਾਰਸ ਬਣਾਉਂਦਾ ਹੁੰਦਾ ਸੀ।"

"ਆਹ ਦੇਖ ਲੈ ਨੱਥਿਆ, ਇਹਨੂੰ ਸ਼ਰਾਬੀ-ਕਬਾਬੀ ਪੂਰਨ ਕਹਿੰਦੇ ਆ, ਕਾਂ ਵਾਂਗੂੰ ਟਕਾ ਟਕਾ ਕੇ ਠੋਲੇ ਮਾਰਦੈ ਸਿਰ ਵਿਚ।" ਸਰਪੰਚ ਤੇਜਾ ਸਿਹੁੰ ਨੇ ਟੋਰਾ ਲਾਇਆ।

"ਚੱਲ ਤੂੰ ਗੱਲ ਪੂਰੀ ਕਰ।"

"ਬਈ ਜਾਗਰਾ, ਬੀਰਬਲ ਅਕਬਰ ਨੂੰ ਕਹਿਣ ਲੱਗਾ, ਜਹਾਂ ਪਨਾਹ! ਜ਼ਮਾਨਾ ਹੁਣ ਮਸ਼ੀਨਾਂ ਦਾ ਐ। ਗੱਲ ਲੋਕਾਂ ਦੀ ਸੁਣੋ, ਹੁਣ ਉਹ ਪੁਰਾਣੀਆਂ ਗੱਲਾਂ ਨ੍ਹੀਂ ਰਹੀਆਂ, ਤੇ ਨਾ ਚੰਮ ਦੀਆਂ ਚੱਲਣੀਆਂ...। ਬਈ ਇਹ ਕਹਿਣ ਦੀ ਦੇਰ...ਬੀਬੀ ਇਕ ਖੜ੍ਹ ਗਈ ਚੜ੍ਹ ਕੇ ਕੁਰਸੀ 'ਤੇ। ਆਂਹਦੀ ਚੰਮ ਦੀਆਂ ਚਲਾਉਣ ਆਲਿਆਂ ਤੋਂ ਰੱਜ ਕੇ ਦੁਖੀ ਆਂ। ਪਹਿਲਾਂ ਵੋਟਾਂ ਮੰਗਦੇ ਆ, ਫਿਰ ਲੁੱਟਦੇ ਆ, ਉਤੋਂ ਕੁੱਟਦੇ ਵੀ ਆ, ਫਿਰ ਸਿਰ ਪਲੋਸਦੇ ਆ ਕਿ ਘੁੱਟ ਲਾ ਲਓ, ਛਿੱਟ ਲਾ ਲਓ, ਚਿੱਟਾ ਖਿੱਚ ਲੋ। ਜੇ ਭਾਈ ਤੂੰ ਵੀ ਮੂਰਖ ਬਣਾਉਣੈਂ, ਤਾਂ ਹੁਣੇ ਭੱਜ ਲੈ!"

"ਫਿਰ ਕੀ ਬੋਲਿਆ ਅਕਬਰ?"

"ਬੋਲਿਆ ਤਾਂ ਚਲੋ ਨਹੀਂ, ਮੂੰਹ ਜ਼ਰੂਰ ਢਿੱਲਾ ਜਿਹਾ ਕਰ ਲਿਆ, ਪਈ ਸਾਡੇ ਵੇਲੇ ਤਾਂ ਇੱਦਾਂ ਦਾ ਹੁੰਦਾ ਈ ਕੁਝ ਨ੍ਹੀਂ ਸੀ। ਗੱਲ ਅੱਗੇ ਤੁਰ ਪਈ। ਦੂਜੇ ਬੰਨਿਓਂ ਇਕ ਹੋਰ ਬੋਲ ਪਿਆ ਕਿ ਬਾਦਸ਼ਾਹ ਸਲਾਮਤ! ਕਰੋ ਭਲਾ, ਤੁਸੀਂ ਜ਼ਮਾਨੇ ਨੂੰ ਛੱਡੋ, ਉਹੀ ਟਾਂਗੇ ਚਲਾ ਦਿਓ, ਬੱਸਾਂ ਵਿਚ ਤਾਂ ਸਾਡੀਆਂ ਧੀਆਂ-ਭੈਣਾਂ ਹਉਕੇ ਲੈ ਲੈ ਚੜ੍ਹਦੀਆਂ। ਮੰਤਰੀ ਕੁੱਟਦੇ ਆ, ਡਾਂਗਾਂ ਵਰ੍ਹਦੀਆਂ। ਖਜ਼ਾਨਾ ਖਾਲੀ ਐ, ਘਰ ਭਰੇ ਪਏ ਆ। ਜੀਅ ਨ੍ਹੀਂ ਹੁੰਦਾ, ਬੱਸ ਹੁਣ ਤੁਸੀਂ ਨਾ ਛੱਡ ਕੇ ਜਾਇਓ।"

"ਪੂਰਨਾ, ਬੀਰਬਲ ਤਾਂ ਬੜਾ ਚਤੁਰ ਬੰਦਾ ਸੀ, ਉਹਨੇ ਬਾਦਸ਼ਾਹ ਨੂੰ ਕੋਈ ਸਵਾਲ ਨ੍ਹੀਂ ਕੀਤਾ।"

"ਉਹਨੇ ਕੀ ਕਰਨਾ ਸੀ, ਅਕਬਰ ਨੇ ਹੀ ਉਸ ਨੂੰ ਪੁੱਛ ਲਿਆ, ਲੋਕ ਦੁਖੀ ਕਿਉਂ ਨੇ, ਧੀਆਂ-ਭੈਣਾਂ ਸਿਆਪੇ ਕਿਉਂ ਕਰ ਰਹੀਆਂ ਨੇ, ਨੌਜਵਾਨ ਕੁਰਾਹੇ ਕਿਉਂ ਪੈ ਗਏ ਨੇ, ਬੀਰਬਲ ਰਾਜ਼ ਕੀ ਐ? ਬੀਰਬਲ ਦੀ ਹਾਜ਼ਰ ਜੁਆਬੀ ਦਾ ਪਤਾ ਈ ਐ...ਬੋਲਿਆ, ਬਾਦਸ਼ਾਹ ਸਲਾਮਤ! ਰਾਜ਼ ਇਹੋ ਹੈ ਕਿ ਇਹ ਸਭ ਕੁਝ ਉਥੇ ਵਾਪਰਦਾ ਹੈ ਜਿਥੇ ਰਾਜ ਨਾ ਹੋਵੇ। ਅਕਬਰ ਤਾਂ ਭਰਾਵੋ ਗੁੱਸੇ ਹੋ ਗਿਆ, ਪੁੱਛਣ ਲੱਗਾ ਕਿ ਇਥੇ ਦੀ ਪੁਲਿਸ ਕੀ ਕਰਦੀ ਐ? ਬੀਰਬਲ ਨੇ ਆਉਂਦੀ ਫਿਰ ਬੋਚ ਲਈ, ਜਹਾਂ ਪਨਾਹ! ਲੋਕਾਂ ਦੀਆਂ ਜੇਬਾਂ ਖਾਲੀ ਕਰਦੀ ਐ, ਛਿੱਤਰਪ੍ਰੇਡ ਕਰਦੀ ਐ, ਝੂਠੇ ਪਰਚੇ ਦਰਜ ਕਰਦੀ ਐ, ਆਪ ਨਸ਼ੇ ਕਰਦੀ ਐ, ਮੰਤਰੀਆਂ ਦੀ ਜੀ ਹਜ਼ੂਰੀ ਕਰਦੀ ਐ। ਅੱਛਾ...ਬੀਰਬਲ! ਫਿਰ ਤਾਂ ਆਪਾਂ ਨੂੰ ਕੁਛ ਕਰਨਾ ਈ ਪੈਣਾਂ। ਪਿੱਛੇ ਖੜ੍ਹੇ ਮਾਸਟਰਾਂ ਨੇ ਵੀ ਨਾਅਰੇ ਲਾ'ਤੇ- ਬਾਦਸ਼ਾਹ ਜਾਇਓ ਨਾ, ਸਾਡੇ ਟੱਬਰ ਭੁੱਖੇ ਮਰ ਰਹੇ ਨੇ। ਸਾਲ ਸਾਲ ਤਨਖਾਹਾਂ ਨ੍ਹੀਂ ਮਿਲਦੀਆਂ...।"

"ਬੀਰਬਲ ਖਜ਼ਾਨੇ ਦੀ ਕੀ ਪੁਜ਼ੀਸ਼ਨ ਹੈ? ਅਕਬਰ ਨੇ ਪੁੱਛਿਆ, ਤਾਂ ਉਹ ਕਹਿਣ ਲੱਗਾ- ਬਾਦਸ਼ਾਹ ਸਲਾਮਤ! ਇਹੋ ਗੱਲ ਔਖੀ ਹੈ, ਟੁੱਟੀ ਬੰਸਰੀ ਨਾਲ ਕ੍ਰਿਸ਼ਨ ਨਹੀਂ ਬਣਿਆ ਜਾਣਾ। ਖਜ਼ਾਨਾ ਗੰਜੇ ਦੇ ਸਿਰ ਵਾਂਗ ਜਮ੍ਹਾਂ ਖਾਲੀ...ਉਲਟਾ ਕਰਜ਼ਾ ਆ ਗੋਡੇ ਗੋਡੇ।"

"ਪੈਸਾ ਗਿਆ ਕਿਥੇ?"

"ਉਨ੍ਹਾਂ ਦੀ ਜੇਬ ਵਿਚ।"

"ਕਿਨ੍ਹਾਂ ਦੀ?"

(ਬਾਕੀ ਸਫਾ 29 ਉਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਲੱਛੀ ਦੇ ਭਾਗ

ਸਾਜ਼ ਬਦਲ ਗਏ ਵਾਦਕ ਬਦਲੇ, ਨਹੀਂ ਬਦਲਣੇ ਰਾਗ ਮੀਆਂ।
ਬਿਨਾਂ ਸਪੇਰੇ ਬੀਨ ਦੇ ਉਤੇ, ਤਾਂ ਮੇਲਦਾ ਨਾਗ ਮੀਆਂ।
ਚਿੱਟੀ ਟੋਪੀ ਚਿੱਟੇ ਲੀੜੇ, ਪਾ ਕੇ ਬਣਦਾ ਖਾਸ ਬੜਾ,
ਪਰ ਮੱਥੇ ਤੋਂ ਨ੍ਹੀਂ ਮਿਟਣਾ, ਲੱਖ ਲਾਹਣਤ ਦਾ ਦਾਗ ਮੀਆਂ।
ਭਰੇ ਕਟੋਰੇ ਲੈ ਕੇ ਬੈਠੇ, ਪਿਆਰ ਮੁਹੱਬਤ ਵਾਲੇ ਲੋਕ,
ਧਰਮ ਦੇ ਨਾਂ 'ਤੇ ਲੱਗੀ ਜਾਂਦਾ, ਨਫਰਤ ਦਾ ਇਹ ਜਾਗ ਮੀਆਂ।
ਜੂਸਫ ਦੇ ਹੁਣ ਮਾਤਾ ਨਿਕਲੀ, ਤੇਈਆ ਚੜ੍ਹੇ ਜ਼ੁਲੈਖਾਂ ਨੂੰ,
ਜਮ੍ਹਾਂ ਉਜੜ ਗਿਆ ਹੀਰ ਤੱਤੀ ਦਾ, ਬੜੀ ਦੇਰ ਦਾ ਬਾਗ ਮੀਆਂ।
ਅੰਦਰੋਂ ਕਈ ਸੜ੍ਹਿਆਂਦ ਮਾਰਦੇ, ਬਾਹਰੋਂ ਛਿੜਕਣ ਅਤਰ ਬੜੇ,
ਬਿਨ ਬੱਤੀਓਂ ਹੀ ਦੀਵੇ ਹੁੰਦੇ, ਹੁੰਦੇ ਬੁਝੇ ਚਿਰਾਗ ਮੀਆਂ।
ਲੋਕ ਦੁਖੀ ਨੇ ਫਿਰ ਵੀ ਗੱਦੀ, ਬਖਸ਼ੀ ਜਾਣ ਨਿਮਾਣੇ ਨੂੰ।
ਉਂਜ ਕਹਿੰਦੇ ਨੇ ਲੋਕ ਸਿਆਣੇ, ਬੜਾ ਸਿਆਸੀ ਘਾਗ ਮੀਆਂ।
ਪੰਜੇ ਸੋਚਣ ਬਿਖਰੇ ਹੋਏ, ਹਉਕਾ ਲੈ ਕੇ ਆਬ 'ਭੌਰੇ',
ਆਸ ਬੱਝੀ ਜਾਗਣ ਦੀ ਹਾਲੇ, ਫੇਰ ਲੱਛੀ ਦੇ ਭਾਗ ਮੀਆਂ।

# ਗੁਰਮਤਿ ਅਤੇ ਸਿੱਖ ਧਰਮ

## ਪ੍ਰਤੀਕਰਮ

ਸੁਰਜੀਤ ਸਿੰਘ ਪੰਛੀ

'ਪੰਜਾਬ ਟਾਈਮਜ਼' ਦੇ 18 ਜੁਲਾਈ 2015 ਦੇ ਅੰਕ ਵਿਚ ਸ. ਹਾਕਮ ਸਿੰਘ ਆਪਣੇ ਲੇਖ 'ਗੁਰਮਤਿ ਅਤੇ ਸਿੱਖ ਧਰਮ' ਵਿਚ ਲਿਖਦੇ ਹਨ, "ਕਈ ਵਿਦਵਾਨ ਭਗਤੀ ਲਹਿਰ ਅਤੇ ਗੁਰਬਾਣੀ ਦਾ ਮਨੋਰਥ ਸਮਾਜ ਸੁਧਾਰ ਦੱਸਦੇ ਹਨ। ਗੁਰਬਾਣੀ ਵਿਚ ਤਾਂ ਕੇਵਲ ਵਿਅਕਤੀ ਦੇ ਆਪਣੇ ਮਨ 'ਤੇ ਕਾਬੂ ਪਾਉਣ ਦੀ ਗੱਲ ਕੀਤੀ ਗਈ ਹੈ। ਸਮਾਜ ਸੁਧਾਰ ਬਾਰੇ ਗੁਰਬਾਣੀ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ। ਦਰਅਸਲ ਸੰਸਾਰ ਵਿਚ ਮਾਇਆ ਤਾਂ ਪ੍ਰਭੂ ਨੇ ਆਪ ਥਾਪੀ ਹੋਈ ਹੈ। ਮਨੁੱਖ ਸੰਸਾਰ ਦਾ ਕੀ ਸੁਧਾਰ ਕਰ ਸਕਦਾ ਹੈ?"

ਸਮਾਜਕ ਤੇ ਧਾਰਮਿਕ ਸੁਧਾਰਕ ਅਤੇ ਕ੍ਰਾਂਤੀਕਾਰੀ ਲੋਕ ਪੁਰਾਣੇ ਤੇ ਬੇਅਰਥ ਰੀਤਾਂ-ਰਿਵਾਜ਼ਾਂ ਵਿਚ ਸੁਧਾਰ ਕਰਨ ਜਾਂ ਇਨ੍ਹਾਂ ਨੂੰ ਖਤਮ ਕਰਨ ਵਾਲੇ ਹੁੰਦੇ ਹਨ। ਉਹ ਆਪਣੇ ਯੁੱਗ ਵਿਚ ਪ੍ਰਚਲਿਤ ਘਸੇ-ਪਿਟੇ ਰੀਤੀ-ਰਿਵਾਜ਼ਾਂ ਤੇ ਕੌਤਕਾਂ ਨੂੰ ਨਿੰਦਦੇ ਤੇ ਬੰਦ ਕਰਨ ਲਈ ਕਹਿੰਦੇ ਹਨ ਅਤੇ ਉਨ੍ਹਾਂ ਵੱਲੋਂ ਪ੍ਰਚਾਰੇ ਗਏ ਨਵੇਂ ਢੰਗ-ਤਰੀਕਿਆਂ ਨੂੰ ਪ੍ਰਵਾਨ ਕਰਨ ਅਤੇ ਅਨਿਆਂ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਕਹਿ ਕੇ ਸੁਧਾਰ ਕਰਨ ਦੀ ਸਲਾਹ ਦਿੰਦੇ ਹਨ। ਉਨ੍ਹਾਂ ਦੇ ਕਦਮ ਤੇਜ਼ ਹੁੰਦੇ ਹਨ ਅਤੇ ਉਹ ਲੰਮੇ ਸਮੇਂ ਲਈ ਸਬਰ ਨਹੀਂ ਕਰ ਸਕਦੇ। ਉਹ ਦਲੇਰੀ ਨਾਲ ਪੁਰਾਣੀਆਂ ਰਸਮਾਂ ਦੇ ਹਮਾਇਤੀਆਂ ਦੀ ਨਾਰਾਜ਼ਗੀ ਦੀ ਪ੍ਰਵਾਹ ਨਹੀਂ ਕਰਦੇ ਤੇ ਆਪਣੀਆਂ ਯੋਜਨਾਵਾਂ ਦੇ ਵਿਰੋਧ ਤੋਂ ਨਹੀਂ ਡਰਦੇ। ਜੇਲ੍ਹਾਂ ਵਿਚ ਜਾਣ ਅਤੇ ਕੁਰਬਾਨੀਆਂ ਦੇਣ ਤੋਂ ਵੀ ਨਹੀਂ ਝਿਜਕਦੇ।

ਗੁਰੂ ਗ੍ਰੰਥ ਸਾਹਿਬ ਵਿਚ ਤਾਂ ਸਮਾਜ ਸੁਧਾਰ ਬਾਰੇ ਅਨੇਕਾਂ ਪ੍ਰਮਾਣ ਮਿਲਦੇ ਹਨ। ਸਿੱਖ ਧਰਮ ਮੁੱਢ ਤੋਂ ਨਾਮ ਜਪਣ ਦੇ ਸੰਦੇਸ਼ ਦੇ ਨਾਲ ਨਾਲ ਸੁਧਾਰ ਉਤੇ ਕੇਂਦਰਿਤ ਹੈ। ਗੁਰੂਆਂ ਦੇ ਸਮੇਂ ਸਤੀ ਪ੍ਰਥਾ ਚਾਲੂ ਸੀ। ਗੁਰੂ ਜੀ ਨੇ ਇਸ ਸਮਾਜਕ ਬੁਰਾਈ ਵਿਚ ਸੁਧਾਰ ਕਰਨ ਦਾ ਯਤਨ ਕੀਤਾ। ਸਤੀ ਕੌਣ ਹੈ, ਦੀ ਉਹ ਵਿਆਖਿਆ ਕਰਦੇ ਹਨ,

ਸਤੀਆ ਏਹਿ ਨਾ ਆਖੀਅਨਿ
ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨਿ
ਜਿ ਬਿਰਹੇ ਚੋਟਿ ਮਰੰਨ੍ਹਿ॥ (ਪੰਨਾ 787)

ਇਸਤਰੀ ਲਈ ਪੈਰ ਦੀ ਜੁੱਤੀ ਆਦਿ ਭੈੜੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਨ੍ਹਾਂ ਨੇ ਇਸਤਰੀ ਦਾ ਸਤਿਕਾਰ ਕਰਨ ਲਈ ਕਿਹਾ,

ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ (ਪੰਨਾ 473)

ਸਿੱਖ ਧਰਮ ਵਿਚ ਅਕਾਲ ਪੁਰਖ ਦਾ ਸੰਕਲਪ ਦੂਜੀਆਂ ਭਗਤੀ ਲਹਿਰਾਂ ਨਾਲੋਂ ਵੱਖਰਾ ਹੈ। ਉਹ ਸਰੀਰ ਰਹਿਤ ਹੈ ਤੇ ਜਨਮ-ਮਰਨ ਦੇ ਚੱਕਰ ਤੋਂ ਉਪਰ ਹੈ। ਹਿੰਦੂ ਧਰਮ ਰਾਮ ਅਤੇ ਕ੍ਰਿਸ਼ਨ ਆਦਿ ਨੂੰ ਅਵਤਾਰ ਮੰਨਦਾ ਹੈ, ਜਿਨ੍ਹਾਂ ਦਾ ਜਨਮ ਇਸਤਰੀ ਦੇ ਪੇਟੋਂ ਹੋਇਆ। ਗੁਰੂ ਨਾਨਕ ਨੇ ਇਸ ਬਾਰੇ ਕਿਹਾ ਕਿ ਮਨੁੱਖੀ ਦੇਹ ਨਸ਼ਟ ਹੋ ਜਾਣ ਵਾਲੀ ਅਤੇ ਮੌਤ ਦਾ ਵਿਸ਼ਾ ਹੈ। ਉਹ ਲਿਖਦੇ ਹਨ ਕਿ ਅਕਾਲ ਪੁਰਖ ਇਸਤਰੀ ਦੇ ਪੇਟੋਂ ਨਾ ਜਨਮ ਲੈਣ ਵਾਲਾ ਕੇਵਲ ਇਕੋ ਹੈ,

ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
(ਪੰਨਾ 473)

ਕੁਝ ਧਾਰਮਿਕ ਸੰਪਰਦਾਵਾਂ ਮਾਸ ਖਾਣ ਦੇ ਕਾਰਨ ਸਿੱਖ ਧਰਮ ਨਾਲੋਂ ਵਖਰੇਵਾਂ ਰੱਖਦੀਆਂ ਹਨ। ਗੁਰੂ ਜੀ ਪੰਡਤ ਨੂੰ ਮਾਸ ਅਤੇ ਸਾਗ ਦੇ ਅੰਤਰ ਬਾਰੇ ਦੱਸਦੇ ਹਨ,

ਪਾਂਡੇ ਤੂ ਜਾਣੈ ਹੀ ਨਾਹੀ
ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ
ਤੋਇਅਹੁ ਤ੍ਰਿਭਵਣੁ ਗੰਨਾ॥ (ਪੰਨਾ 1290)

ਗੁਰੂ ਨਾਨਕ ਜਨੇਊ ਦੀ ਰਸਮ ਨੂੰ ਪਖੰਡ ਕਹਿੰਦੇ ਹਨ। ਉਹ ਪੰਡਤ ਨੂੰ ਜੀਅ ਦਾ ਜਨੇਊ ਪਾਉਣ ਲਈ ਕਹਿੰਦੇ ਹਨ, ਜਿਹੜਾ ਦਇਆ ਅਤੇ ਸੰਤੋਖ ਦਾ ਬਣਿਆ ਹੋਵੇ,

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥ (ਪੰਨਾ 471)

ਬਹੁਤ ਸਾਰੇ ਭਗਤ ਪ੍ਰਭੂ ਦੀ ਇਕ ਹੋਂਦ ਨੂੰ ਮੰਨਦੇ ਸਨ ਪਰ ਉਹ ਕਿਸੇ ਮੂਰਤੀ ਜਾਂ ਤਸਵੀਰ ਦੁਆਰਾ ਸ਼ਿਵਜੀ, ਵਿਸ਼ਨੂੰ, ਹਨੂੰਮਾਨ ਆਦਿ ਦੀ ਪੂਜਾ ਦਾ ਵਿਰੋਧ ਨਹੀਂ ਕਰਦੇ ਸਨ। ਗੁਰੂ ਨਾਨਕ ਨੇ ਮੂਰਤੀ ਪੂਜਾ ਨੂੰ ਰੱਦ ਕੀਤਾ, ਕਿਉਂਕਿ ਮੂਰਤੀਆਂ ਨੂੰ ਇਕਾਗਰਤਾ ਦੇ ਉਦੇਸ਼ ਨਾਲੋਂ ਪਰਮਾਤਮਾ ਹੀ ਸਮਝਾਇਆ ਗਿਆ,

ਜੋ ਪਾਥਰ ਕਉ ਕਹਤੇ ਦੇਵ॥
ਤਾ ਕੀ ਬਿਰਥਾ ਹੋਵੈ ਸੇਵ॥ (ਪੰਨਾ 1160)

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ॥ (ਪੰਨਾ 654)

ਪਾਖਾਨ ਗਢਿ ਕੈ ਮੂਰਤਿ ਕੀਨੀ
ਦੇ ਕੈ ਛਾਤੀ ਪਾਉ॥
ਜੇ ਏਹ ਮੂਰਤਿ ਸਾਚੀ ਹੈ
ਤਉ ਗੜ੍ਹਣਹਾਰੇ ਖਾਉ॥ (ਪੰਨਾ 479)

ਹਿੰਦੂ ਧਰਮ, ਪਰਮਾਤਮਾ ਨਾਲ ਮਿਲਾਪ ਲਈ ਤਪ, ਜਲ ਧਾਰੇ ਅਤੇ ਸੰਨਿਆਸ ਆਦਿ ਬਾਰੇ ਕਹਿੰਦੇ ਹਨ, ਜਦਕਿ ਸਿੱਖ ਧਰਮ ਸੰਸਾਰ ਦਾ ਤਿਆਗ ਕਰਨ ਤੋਂ ਵਰਜਦਾ ਹੈ,

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ
ਜੰਗਲੁ ਕਿਆ ਢੂਢੇਹਿ॥ (ਪੰਨਾ 1378)

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥ (ਪੰਨਾ 684)

ਗੁਰਬਾਣੀ ਘਰ ਤਿਆਗਣ ਦੀ ਥਾਂ ਗ੍ਰਿਹਸਥੀ ਜੀਵਨ ਜਿਉਣ ਲਈ ਕਹਿੰਦੀ ਹੈ,

ਇਕਿ ਗਿਰਹੀ ਸੇਵਕ
ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ
ਹਰਿ ਭਗਤਿ ਸੁ ਜਾਗੇ॥ (ਪੰਨਾ 419)

ਗਿਰਹੀ ਮਹਿ ਸਦਾ ਹਰਿ ਜਨ
ਉਦਾਸੀ ਗਿਆਨ ਤਤ ਬੀਚਾਰੀ॥

ਗੁਰੂ ਨਾਨਕ ਉਨ੍ਹਾਂ ਪੰਡਤਾਂ ਤੇ ਕਾਜ਼ੀਆਂ ਦੀ ਸਿੱਖਿਆ ਨੂੰ ਨਹੀਂ ਮੰਨਦੇ ਜੋ ਪੈਸੇ ਲੈ ਕੇ ਵਿਆਹ ਦੀਆਂ ਧਾਰਮਿਕ ਰਸਮਾਂ ਪੂਰਾ ਕਰਦੇ ਹਨ। ਹੁਣ ਤਾਂ ਗੁਰੂਘਰਾਂ ਦੇ ਗ੍ਰੰਥੀ ਵੀ ਪੈਸੇ ਲੈ ਕੇ ਅਰਦਾਸਾਂ ਤੇ ਵਿਆਹ ਆਦਿ ਦੀਆਂ ਰਸਮਾਂ ਨਿਭਾਉਂਦੇ ਹਨ,

ਲੈ ਭਾੜਿ ਕਰੇ ਵੀਆਹੁ॥
ਕਢਿ ਕਾਗਲੁ ਦਸੇ ਰਾਹੁ॥ (ਪੰਨਾ 471)

ਧਾਰਮਿਕ ਪੁਜਾਰੀ ਸੰਤ ਹੋਣ ਦਾ ਢੌਂਗ ਕਰਦੇ ਹਨ ਅਤੇ ਜੀਵਾਂ ਨਾਲ ਵਿਸਾਹਘਾਤ ਕਰਦੇ ਹਨ। ਇਹ ਜ਼ੋਰਾਵਰਾਂ ਅਤੇ ਧਨੀਆਂ ਤੋਂ ਰਿਸ਼ਵਤ ਲੈ ਕੇ ਲੋਕਾਂ ਨਾਲ ਅਨਿਆਂ ਕਰਦੇ ਹਨ,

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥ (ਪੰਨਾ 951)

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਉਜਾੜੇ ਕਾ ਬੰਧੁ॥ (ਪੰਨਾ 662)

ਗੁਰੂ ਨਾਨਕ ਤਾਂ ਤਪ ਕਰ ਕੇ ਸਰੀਰ ਨੂੰ ਕਸ਼ਟ ਦੇਣ ਤੋਂ ਵੀ ਵਰਜਦੇ ਹਨ। ਤਪੱਸਵੀ ਨੂੰ ਕਹਿੰਦੇ ਹਨ ਕਿ ਤੂੰ ਆਪਣੇ ਅੰਦਰੋਂ ਭਾਲ ਕਰ,

ਤਨੁ ਨ ਤਪਾਇ ਤਨੂਰ ਜਿਉ
ਬਾਲਣੁ ਹਡ ਨ ਬਾਲਿ॥
ਸਿਰਿ ਪੈਰੀ ਕਿਆ ਫੇੜਿਆ
ਅੰਦਰਿ ਪਿਰੀ ਨਿਹਾਲਿ॥ (ਪੰਨਾ 1384)

ਵਰਣ-ਵੰਡ ਨਾਲ ਮਨੁੱਖ ਜਾਤੀ, ਜਾਤਾਂ ਵਿਚ ਵੰਡੀ ਗਈ। ਸ਼ੂਦਰ ਜਾਤੀ ਨੂੰ ਸਭ ਤੋਂ ਨੀਵਾਂ ਕਿਹਾ ਗਿਆ। ਗੁਰੂ ਜੀ ਕਹਿੰਦੇ ਹਨ ਕਿ ਆਪਣੇ ਆਪ ਨੂੰ ਉਚਾ ਕਹਿਣ ਵਾਲਾ ਕੋਈ ਉਚਾ ਨਹੀਂ ਹੋ ਜਾਂਦਾ ਅਤੇ ਨਾ ਹੀ ਕਿਸੇ ਨੂੰ ਨੀਵਾਂ ਕਹਿਣ ਨਾਲ ਕੋਈ ਨੀਵਾਂ ਹੋ ਜਾਂਦਾ ਹੈ, ਕਿਉਂਕਿ ਜਾਤਿ ਆਦਿ ਦੇ ਦਾਅਵੇ ਝੂਠੇ ਹਨ,

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥
ਨਾਨਕ ਤਾ ਪਰੁ ਜਾਪੈ
ਜਾ ਪਤਿ ਲੇਖੈ ਪਾਏ॥ (ਪੰਨਾ 83)

ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨ ਹੇ॥ (ਪੰਨਾ 349)

ਗੁਰੂ ਨਾਨਕ ਦੇ ਸਮੇਂ ਅਨਿਆਂ ਅਤੇ ਅਸ਼ਾਂਤੀ ਫੈਲੀ ਹੋਈ ਸੀ। ਰਾਜੇ ਪਰਜਾ (ਜੋ ਹਿੰਦੂ ਸੀ) ਉਤੇ ਜ਼ੁਲਮ ਕਰਨ ਵਾਲੇ ਸਨ। ਸਰਕਾਰੀ ਕਰਮਚਾਰੀ ਸ਼ਹਿਨਸ਼ਾਹ ਨਾਲੋਂ ਵੀ ਵੱਧ ਜ਼ੁਲਮ ਕਰਦੇ ਸਨ। ਸ਼ਾਸਕ ਤੇ ਕਰਮਚਾਰੀ ਕਸਾਈਆਂ ਵਰਗੇ ਹੋ ਚੁੱਕੇ ਸਨ। ਸੱਚਾਈ ਸੰਸਾਰ ਤੋਂ ਲੋਪ ਹੋ ਚੁੱਕੀ ਸੀ। ਗੁਰੂ ਜੀ ਕਹਿੰਦੇ ਹਨ,

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
(ਪੰਨਾ 1288)

ਰਤੁ ਪੀਣੇ ਰਾਜੇ ਸਿਰੈ ਉਪਰਿ
ਰਖੀਅਹਿ ਏਵੈ ਜਾਪੈ ਭਾਉ॥ (ਪੰਨਾ 142)

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥ (ਪੰਨਾ 145)

ਕੀ ਰਾਜੇ ਨੂੰ ਸ਼ੇਰ ਕਹਿ ਦੇਣਾ ਅਤੇ ਕਰਮਚਾਰੀਆਂ ਨੂੰ ਕੁੱਤੇ ਕਹਿ ਦੇਣਾ ਉਸ ਸਮੇਂ ਅਨੁਸਾਰ ਬਾਣੀ ਸੁਧਾਰਕ ਦੇ ਨਾਲੋਂ ਵੀ ਅੱਗੇ ਕ੍ਰਾਂਤੀਕਾਰੀ ਨਹੀਂ ਸੀ?

ਗੁਰੂ ਨਾਨਕ ਬਾਬਰ ਵੱਲੋਂ ਫੌਜ ਲੈ ਕੇ ਆਉਣ ਨੂੰ ਪਾਪ ਦੀ ਜੰਞ ਕਹਿੰਦੇ ਹਨ ਜੋ ਧੱਕੇ ਨਾਲ ਇਸਤਰੀਆਂ ਦੀ ਬੇਪਤੀ ਕਰਦੇ ਹਨ। ਸ਼ਰਮ ਧਰਮ ਲੋਪ ਹੋ ਗਏ ਸਨ। ਚਾਰ ਚੁਫੇਰੇ ਝੂਠ ਦਾ ਪਸਾਰਾ ਸੀ। ਚਾਰ ਚੁਫੇਰੇ ਕਤਲੋ-ਗਾਰਤ ਹੋ ਰਹੀ ਸੀ, ਖੂਨ ਵਹਿ ਰਿਹਾ ਸੀ,

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ॥
(ਪੰਨਾ 22-23)

ਜਦੋਂ ਰਾਜਾ ਪਰਜਾ ਦੇ ਭਲੇ ਦਾ ਕੰਮ ਨਹੀਂ ਸਕਦਾ ਜਾਂ ਉਸ ਕੋਲ ਭਲਾ ਕਰਨ ਦੀ ਸ਼ਕਤੀ ਨਹੀਂ ਹੈ ਤਾਂ ਉਸ ਨੂੰ ਸ਼ਕਤੀਸ਼ਾਲੀ ਪਦ 'ਤੇ ਬੈਠਣ ਦਾ ਕੋਈ ਹੱਕ ਨਹੀਂ। ਕੇਵਲ ਉਸ ਰਾਜੇ ਨੂੰ ਤਖ਼ਤ 'ਤੇ ਬੈਠਣ ਦਾ ਹੱਕ ਹੈ ਜੋ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਹੋਵੇ। ਇਸ ਤਰ੍ਹਾਂ ਗੁਰੂ ਜੀ ਲੋਕਤੰਤਰ ਦਾ ਵਿਚਾਰ ਰੱਖਦੇ ਹਨ,

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
(ਪੰਨਾ 1039)

ਗੁਰੂ ਨਾਨਕ ਅਨੁਸਾਰ ਲੋੜ ਤੋਂ ਵੱਧ ਧਨ ਦਾ ਲੋਭ, ਮਨੁੱਖ ਨੂੰ ਚੰਗਿਆਈਆਂ ਨੂੰ ਛੱਡ ਕੇ ਬੁਰਿਆਈਆਂ ਰਾਹੀਂ ਧਨ ਇਕੱਤਰ ਕਰਨ ਅਤੇ ਮਾਨਵਤਾ ਦਾ ਘਾਣ ਕਰਨ ਲਈ ਪ੍ਰੇਰਦਾ ਹੈ। ਐਮਨਾਬਾਦ ਵਿਚ ਬਾਬਰ ਦੇ ਹਮਲੇ ਸਮੇਂ ਅਜਿਹਾ ਹੀ ਹੋਇਆ ਸੀ ਜਿਸ ਵਿਰੁਧ ਗੁਰੂ ਜੀ ਨੇ ਆਵਾਜ਼ ਬੁਲੰਦ ਕੀਤੀ।

ਗੁਰੂ ਨਾਨਕ ਨੇ ਸਿੱਖਾਂ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਲਈ ਕਿਹਾ ਜੋ ਸਿੱਖ ਧਰਮ ਦੇ ਤਿੰਨ ਮੁੱਢਲੇ ਸਿਧਾਂਤ ਹਨ। ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਮਨੁੱਖ ਮਿਹਨਤ ਕਰ ਕੇ ਕਮਾ ਕੇ ਖਾਂਦਾ ਹੈ ਅਤੇ ਆਪਣੀ ਕਿਰਤ ਵਿਚੋਂ ਆਪਣੇ ਹੱਥ ਨਾਲ ਲੋੜਵੰਦਾਂ ਨੂੰ ਵੀ ਦਾਨ ਦਿੰਦਾ ਹੈ, ਉਹ ਜੀਵਨ ਦਾ ਸਹੀ ਰਸਤਾ ਜਾਣਦਾ ਹੈ; ਭਾਵ ਗੁਰੂ ਜੀ ਮਨੁੱਖ ਨੂੰ ਕਿਰਤ ਕਰਨ ਤੇ ਵੰਡ ਛਕਣ ਦਾ ਸੰਦੇਸ਼ ਦਿੰਦੇ ਹਨ,

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥
(ਪੰਨਾ 1245)

ਗੁਰੂ ਜੀ ਨੇ ਲੰਗਰ ਦੀ ਪ੍ਰਥਾ ਨਾਲ ਊਚ-ਨੀਚ ਤੇ ਭੇਦ ਨੂੰ ਸਮਾਪਤ ਕਰਨ ਦਾ ਯਤਨ ਕੀਤਾ। ਲੰਗਰ ਸਭ ਅਮੀਰ-ਗਰੀਬ ਪੰਗਤ ਵਿਚ ਬੈਠ ਕੇ ਛਕਦੇ ਹਨ।

ਗੁਰਬਾਣੀ ਸਮਾਜ ਸੁਧਾਰ ਦੇ ਪ੍ਰਮਾਣਾਂ ਨਾਲ ਭਰੀ ਪਈ ਹੈ। ਇਨ੍ਹਾਂ ਵਿਚਾਰਾਂ ਤੋਂ ਬਿਨਾਂ ਹੋਰ ਵਿਸ਼ਿਆਂ 'ਤੇ ਵੀ ਪ੍ਰਮਾਣ ਮਿਲਦੇ ਹਨ।

ਮੈਕਾਲਫ਼, ਭਾਈ ਕਾਨ੍ਹ ਸਿੰਘ ਨਾਭਾ ਅਤੇ ਤੇਜਾ ਸਿੰਘ ਦੇ ਵਿਚਾਰਾਂ ਅਨੁਸਾਰ ਸਮਾਜ ਸੁਧਾਰਕ ਦੇ ਨਾਲ ਨਾਲ ਗੁਰੂ ਜੀ ਕ੍ਰਾਂਤੀਕਾਰੀ ਵੀ ਸਨ, ਕਿਉਂਕਿ ਉਨ੍ਹਾਂ ਚੱਲ ਰਹੀਆਂ ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਖਤਮ ਕਰਨ ਦਾ ਯਤਨ ਕੀਤਾ। ਫੋਕੇ ਵਹਿਮ-ਭਰਮ, ਜਾਤ-ਪਾਤ, ਉਚ-ਨੀਚ, ਅਤੇ ਅਮੀਰ-ਗਰੀਬ ਦਾ ਵਿਤਕਰਾ ਖਤਮ ਕਰਨ ਲਈ ਆਵਾਜ਼ ਬੁਲੰਦ ਕੀਤੀ; ਆਪਣੇ ਸਮੇਂ ਦੇ ਸਮਾਜਕ ਢਾਂਚੇ ਨੂੰ ਬਦਲਣ ਦੇ ਸੁਝਾਅ ਦਿੱਤੇ; ਦਲੀਲਾਂ ਰਾਹੀਂ ਪੁਰਾਣੀਆਂ ਰੀਤਾਂ, ਰਸਮਾਂ ਆਦਿ ਨੂੰ ਖਤਮ ਕਰ ਕੇ ਪੁਰਾਣੇ ਦੀ ਥਾਂ ਨਵਾਂ ਸਮਾਜ ਸਿਰਜਣ ਦਾ ਯਤਨ ਕੀਤਾ। ਡਾ. ਗੰਡਾ ਸਿੰਘ ਲਿਖਦੇ ਹਨ, "ਗੁਰੂ ਕੇਵਲ ਸੁਧਾਰਕ ਹੀ ਨਹੀਂ ਸੀ, ਸਗੋਂ ਨਵੇਂ ਧਰਮ ਦੇ ਮੋਢੀ ਸਨ।"

ਸੋ, ਕਹਿ ਸਕਦੇ ਹਾਂ ਕਿ ਗੁਰਬਾਣੀ ਵਿਚ ਸਮਾਜ ਸੁਧਾਰ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਇਹ ਕਹਿਣਾ ਕਿ ਸਮਾਜ ਸੁਧਾਰ ਬਾਰੇ ਗੁਰਬਾਣੀ 'ਚ ਕੋਈ ਪ੍ਰਮਾਣ ਨਹੀਂ ਮਿਲਦਾ, ਸਹੀ ਨਹੀਂ ਹੈ।

---

## ਮੱਥਾ ਟੇਕ ਕੇ

ਮੱਥਾ ਟੇਕ ਕੇ ਤੂੰ ਗੁਰਾਂ ਦੇ ਦੁਆਰੇ
ਗੁਣ ਗਾ ਲੈ ਉਸ ਰੱਬ ਦੇ।
ਉਹਦੇ ਵਰਗੇ ਕਿਤੇ ਵੀ ਨਾ ਸਹਾਰੇ
ਗੁਣ ਗਾ ਲੈ ਉਸ ਰੱਬ ਦੇ।

ਜ਼ਿੰਦਗੀ 'ਚ ਉਹਦਾ ਨਾਮ ਕੰਮ ਆਉਣਾ ਏ,
ਨਾਮ ਗੁਣ ਗਾ ਲੈ, ਇਹੀ ਨਾਲ ਤੇਰੇ ਜਾਣਾ ਏ।
ਤਨ, ਮਨ, ਧਨ ਉਹਨੂੰ ਕਰ ਦੇ ਤੂੰ ਅਰਪਣ,
ਇਕ ਦਿਨ ਤੈਨੂੰ ਉਸ ਦੇ ਹੋਣਗੇ ਦਰਸ਼ਨ।
ਭਾਗਾਂ ਵਾਲਿਆਂ ਨੂੰ ਦਿੰਦਾ ਉਹ ਦੀਦਾਰੇ...।

ਕੰਮ ਚੰਗੇ ਕਰ ਕੇ ਤੂੰ ਮਨ ਜਿੱਤ ਸਭ ਦੇ,
ਛੱਡ ਦੇ ਘੁਮੰਡ ਨੂੰ ਤੂੰ ਲੜ ਲੱਗ ਰੱਬ ਦੇ।
ਉਹਦੇ ਤੋਂ ਬਗੈਰ ਤੇਰੀ ਗੱਲ ਨਹੀਂਓ ਬਣਨੀ,
ਚਲਣੀ ਹੈ ਤਾਂ ਕੇਵਲ, ਉਸ ਦੀ ਹੀ ਚਲਣੀ।
ਉਹਨੂੰ ਮੰਨਦੇ ਨੇ ਦੁਨੀਆਂ 'ਚ ਸਾਰੇ...।

ਦਰ ਦਰ ਉਤੇ ਤੂੰ ਕਿਉਂ ਮਾਰਾ ਮਾਰਾ ਫਿਰਦਾ,
ਮੜੀਆਂ ਮਸਾਣੀਆਂ 'ਤੇ ਜਾ ਕੇ ਐਵੇਂ ਗਿਰਦਾ।
ਲੱਭ ਲੈ ਤੂੰ ਉਸ ਨੂੰ ਆਪਣੇ ਅੰਦਰ ਜੇ ਲੱਭਣਾ,
ਮੰਗ ਲੈ ਤੂੰ ਉਸ ਤੋਂ ਜਾ ਕੇ ਜੋ ਹੈਗਾ ਮੰਗਣਾ।
ਉਹਦੇ ਰਹਿੰਦੇ ਸਦਾ ਭਰੇ ਭੰਡਾਰੇ...।

ਉਸ ਦੇ ਤੂੰ ਨਾਮ ਵਾਲੇ ਰੰਗ ਵਿਚ ਰੰਗ ਜਾ,
ਉਹਦੀ ਕਿਰਪਾ ਦੇ ਨਾਲ ਭਵਜਲ ਲੰਘ ਜਾ।
ਛੱਡ ਨਾ ਦੇਵੀਂ ਕਿਤੇ ਉਹਦਾ ਵਿਸ਼ਵਾਸ ਤੂੰ,
ਉਸ ਸੱਚੇ ਪਾਤਸ਼ਾਹ ਦੀ ਰੱਖ ਮਨ ਆਸ ਤੂੰ।
ਉਹ ਤੇ ਡੁਬਦਿਆਂ ਨੂੰ ਲਾ ਦੇਵੇ ਕਿਨਾਰੇ...।

*-ਦਿਲਪ੍ਰੀਤ ਮਾਨ*
*ਕਲੋਵਿਸ, ਕੈਲੀਫੋਰਨੀਆ।*
*ਫੋਨ: 559-291-7116*

---

## ਉਬਰਤ ਰਾਜਾ ਰਾਮ ਕੀ ਸਰਣੀ

### ਗੁਰਬਾਣੀ ਗਿਆਨ

**ਗਉੜੀ ਮਾਲਾ ਮਹਲਾ ੫**
ਉਬਰਤ ਰਾਜਾ ਰਾਮ ਕੀ ਸਰਣੀ॥
ਸਰਬ ਲੋਕ ਮਾਇਆ ਕੇ ਮੰਡਲ
ਗਿਰਿ ਗਿਰਿ ਪਰਤੇ ਧਰਣੀ॥੧॥ਰਹਾਉ॥
ਸਾਸਤ ਸਿੰਮ੍ਰਿਤਿ ਬੇਦ ਬੀਚਾਰੇ
ਮਹਾ ਪੁਰਖਨ ਇਉ ਕਹਿਆ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ
ਸੂਖੁ ਨ ਕਿਨਹੂੰ ਲਹਿਆ॥੧॥
ਤੀਨਿ ਭਵਨ ਕੀ ਲਖਮੀ ਜੋਰੀ
ਬੂਝਤ ਨਾਹੀ ਲਹਰੇ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ
ਫਿਰਤੋ ਪਹਰੇ ਪਹਰੇ॥੨॥
ਅਨਿਕ ਬਿਲਾਸ ਕਰਤ ਮਨ ਮੋਹਨ
ਪੂਰਨ ਹੋਤ ਨ ਕਾਮਾ॥
ਜਲਤੋ ਜਲਤੋ ਕਬਹੂ ਨ ਬੂਝਤ
ਸਗਲ ਬ੍ਰਿਥੇ ਬਿਨੁ ਨਾਮਾ॥੩॥
ਹਰਿ ਕਾ ਨਾਮੁ ਜਪਹੁ ਮੇਰੇ ਮੀਤਾ
ਇਹੈ ਸਾਰ ਸੁਖੁ ਪੂਰਾ॥
ਸਾਧਸੰਗਤਿ ਜਨਮ ਮਰਣੁ ਨਿਵਾਰੈ
ਨਾਨਕ ਜਨ ਕੀ ਧੂਰਾ॥੪॥

ਗੁਰਦੇਵ ਪਿਤਾ ਜੀ ਇਸ ਪਾਵਨ ਸ਼ਬਦ ਵਿਚ ਆਖਦੇ ਹਨ- ਉਬਰਤ ਰਾਜਾ ਰਾਮ ਕੀ ਸਰਣੀ, ਹੇ ਭਾਈ! ਸੰਸਾਰ ਦੇ ਮਾਲਕ ਪ੍ਰਭੂ ਦੀ ਸ਼ਰਨ ਪੈ ਕੇ ਹੀ ਇਹ ਜੀਵ ਮਾਇਆ ਰੂਪੀ ਵਿਕਾਰਾਂ ਦੇ ਜਾਲ ਵਿਚੋਂ ਛੁਟਕਾਰਾ ਪਾ ਸਕਦਾ ਹੈ; ਸਰਬ ਲੋਕ ਮਾਇਆ ਕੇ ਮੰਡਲ, ਇਹ ਮਾਤ, ਪਤਾਲ ਤੇ ਅਕਾਸ਼-ਇਨ੍ਹਾਂ ਤਿੰਨਾਂ ਲੋਕਾਂ ਦੇ ਜੀਵ ਮਾਇਆ ਰੂਪੀ ਪਦਾਰਥਾਂ ਵਿਚ ਹੀ ਫਸੇ ਪਏ ਹਨ; ਗਿਰਿ ਗਿਰਿ ਪਰਤੇ ਧਰਣੀ, ਇਸ ਚੱਕਰ ਵਿਚ ਪਏ ਹੋਏ ਜੀਵ ਉਚੀ ਅਵਸਥਾ ਤੋਂ ਧਰਤੀ ਉਤੇ ਆ ਡਿਗਦੇ ਹਨ।

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ
ਮਹਾ ਪੁਰਖਨ ਇਉ ਕਹਿਆ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ
ਸੂਖੁ ਨ ਕਿਨਹੂੰ ਲਹਿਆ॥੧॥

ਹੇ ਭਾਈ! ਪੰਡਤ ਲੋਕ ਤਾਂ ਸ਼ਾਸਤਰ, ਸਿੰਮ੍ਰਿਤੀਆਂ ਤੇ ਵੇਦਾਂ ਨੂੰ ਹੀ ਵਿਚਾਰਦੇ ਰਹਿ ਗਏ, ਪਰ ਪ੍ਰਭੂ ਪਿਆਰੇ ਮਹਾਂ ਪੁਰਖਾਂ ਨੇ ਤਾਂ ਇਉਂ ਆਖਿਆ ਹੈ; ਬਿਨੁ ਹਰਿ ਭਜਨ ਨਾਹੀ ਨਿਸਤਾਰਾ, ਪ੍ਰਭੂ ਦੇ ਭਜਨ ਤੋਂ ਬਿਨਾਂ ਜੀਵ ਵਿਕਾਰਾਂ ਨਾਲ ਭਰੇ ਇਸ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ। ਜੀਵ ਕੁਝ ਵੀ ਪਿਆ ਕਰੇ, ਪਰ ਉਸ ਜਗਤ ਪਿਤਾ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਕਿਸੇ ਨੂੰ ਸੁਖ ਨਹੀਂ ਮਿਲ ਸਕਦਾ।

ਤੀਨਿ ਭਵਨ ਕੀ ਲਖਮੀ ਜੋਰੀ
ਬੂਝਤ ਨਾਹੀ ਲਹਰੇ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ
ਫਿਰਤੋ ਪਹਰੇ ਪਹਰੇ॥੨॥

ਹੇ ਭਾਈ! ਜੇ ਜੀਵ ਤਿੰਨਾਂ ਲੋਕਾਂ ਦੀ ਸਾਰੀ ਮਾਇਆ ਇਕੱਠੀ ਕਰ ਕੇ ਰੱਖ ਲਵੇ ਤਾਂ ਵੀ ਇਸ ਦੇ ਲੋਭ ਲਾਲਚ ਦੀਆਂ ਲਹਿਰਾਂ ਨਹੀਂ ਮੁੱਕਦੀਆਂ। ਤਿੰਨਾਂ ਲੋਕਾਂ ਦੀ ਮਾਇਆ ਇਕੱਠੀ ਕਰਨ ਤੋਂ ਬਾਅਦ ਵੀ ਉਸ ਮਿਹਰਬਾਨ ਪ੍ਰਭੂ ਜੀ ਦੀ ਭਗਤੀ ਤੋਂ ਬਿਨਾਂ ਜੀਵ ਦੇ ਮਨ ਨੂੰ ਕਿਧਰੇ ਵੀ ਟਿਕਾਉ ਨਹੀਂ ਮਿਲਦਾ; ਇਹ ਜੀਵ ਹਰ ਵੇਲੇ ਹੀ ਮਾਇਆ ਪਿੱਛੇ ਭਟਕਦਾ ਫਿਰਦਾ ਹੈ।

ਅਨਿਕ ਬਿਲਾਸ ਕਰਤ ਮਨ ਮੋਹਨ
ਪੂਰਨ ਹੋਤ ਨ ਕਾਮਾ॥
ਜਲਤੋ ਜਲਤੋ ਕਬਹੂ ਨ ਬੂਝਤ
ਸਗਲ ਬ੍ਰਿਥੇ ਬਿਨੁ ਨਾਮਾ॥੩॥

ਗੁਰਦੇਵ ਪਿਤਾ ਜੀ ਆਖ ਰਹੇ ਹਨ- ਹੇ ਭਾਈ! ਇਹ ਜੀਵ ਮਨ ਨੂੰ ਮੋਹ ਲੈਣ ਵਾਲੀਆਂ ਭਾਵੇਂ ਅਨੇਕਾਂ ਹੀ ਮੌਜ ਮਸਤੀਆਂ ਕਰਦਾ ਫਿਰੇ ਤਾਂ ਵੀ ਇਸ ਦੇ ਮਨ ਦੀ ਵਿਕਾਰਾਂ ਵੱਲੋਂ ਵਾਸ਼ਨਾ ਕਦੀ ਵੀ ਪੂਰੀ ਨਹੀਂ ਹੋ ਸਕਦੀ। ਹੇ ਭਾਈ! ਇਹ ਜੀਵ ਤ੍ਰਿਸ਼ਨਾ ਦੀ ਅੱਗ ਵਿਚ ਹਰ ਵੇਲੇ ਸੜਦਾ ਰਹਿੰਦਾ ਹੈ, ਤੇ ਇਸ ਦੀ ਇਹ ਅੱਗ ਕਦੀ ਵੀ ਬੁਝਦੀ ਨਹੀਂ; ਸਗਲ ਬ੍ਰਿਥੇ ਬਿਨੁ ਨਾਮਾ, ਪ੍ਰਭੂ ਦੇ ਨਾਮ ਤੋਂ ਬਿਨਾਂ ਜੀਵ ਦੇ ਸਾਰੇ ਉਪਰਾਲੇ ਵਿਅਰਥ ਹੋ ਜਾਂਦੇ ਹਨ।

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ
ਇਹੈ ਸਾਰ ਸੁਖੁ ਪੂਰਾ॥
ਸਾਧਸੰਗਤਿ ਜਨਮ ਮਰਣੁ ਨਿਵਾਰੈ
ਨਾਨਕ ਜਨ ਕੀ ਧੂਰਾ॥੪॥

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ, ਗੁਰਦੇਵ ਜੀ ਆਖਦੇ ਹਨ- ਹੇ ਮੇਰੇ ਮਿੱਤਰ ਜੀਉ! ਉਸ ਮਿਹਰਬਾਨ ਪ੍ਰਭੂ ਦਾ ਨਾਮ ਜਪਿਆ ਕਰੋ; ਇਹੈ ਸਾਰ ਸੁਖੁ ਪੂਰਾ, ਇਹੋ ਹੀ ਸਾਰੇ ਸੁੱਖਾਂ ਤੋਂ ਵੱਡਾ ਸੁੱਖ ਹੈ ਤੇ ਇਸ ਸੁੱਖ ਵਿਚ ਕਦੀ ਕੋਈ ਕਮੀ ਨਹੀਂ ਆ ਸਕਦੀ; ਸਾਧਸੰਗਤਿ ਜਨਮ ਮਰਣੁ ਨਿਵਾਰੈ, ਹੇ ਭਾਈ! ਜਿਹੜਾ ਜੀਵ ਸਾਧ ਸੰਗਤ ਵਿਚ ਬੈਠ ਕੇ ਆਪਣਾ ਜਨਮ ਤੇ ਮਰਨ ਦਾ ਚੱਕਰ ਮੁਕਾ ਲੈਂਦਾ ਹੈ; ਨਾਨਕ ਜਨ ਕੀ ਧੂਰਾ, ਇਹ ਨਾਨਕ ਉਸ ਪ੍ਰਭੂ ਪਿਆਰੇ ਦੇ ਚਰਨਾਂ ਦੀ ਧੂੜ ਮੰਗਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਦੇਵਿੰਦਰ ਸਤਿਆਰਥੀ-9

# ਸਾਧੂ-ਬਾਵਾ ਕਥਾ ਕਰੇਂਦਾ, ਬੈਠ ਸੁਣੇ ਹਰ ਕੋਈ!




**ਗੁਰਬਚਨ ਸਿੰਘ ਭੁੱਲਰ**

ਫੋਨ: 01191-11425-02364

bhullargs@gmail.com


***ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ***

ਸਤਿਆਰਥੀ ਜੀ ਜਿੰਨੇ ਖੁਸ਼ ਕਿਸੇ ਮਹਾਨ ਸਾਹਿਤਕਾਰ ਦੀ ਸੰਗਤ ਵਿਚ ਰਹਿੰਦੇ ਸਨ, ਓਨੇ ਹੀ ਸਾਧਾਰਨ ਬੰਦੇ, ਆਮ ਪਾਠਕ ਜਾਂ ਨਵੇਂ ਲੇਖਕ ਦੀ ਸੰਗਤ ਵਿਚ ਰਹਿੰਦੇ ਸਨ। ਜਿਵੇਂ ਪੁਰਾਣੇ ਕੱਪੜਿਆਂ ਦਾ ਧੰਦਾ ਕਰਨ ਵਾਲੇ ਵਪਾਰੀ ਅਨਜਾਣ ਸੁਆਣੀ ਦੀ ਕੌਡੀਆਂ ਦੇ ਭਾਅ ਸੁੱਟੀ ਹੋਈ ਸਾੜ੍ਹੀ ਵਿਚੋਂ ਸੈਂਕੜੇ ਰੁਪਏ ਦੀ ਸੁੱਚੀ ਜਰੀ ਕੱਢ ਲੈਂਦੇ ਹਨ, ਸਤਿਆਰਥੀ ਜੀ ਲੋਕਾਂ ਵਲੋਂ ਟਿਚ ਸਮਝੇ ਜਾਂਦੇ ਬੰਦਿਆਂ ਦੀ ਕਈ-ਕਈ ਦਿਨ, ਕਈ-ਕਈ ਮਹੀਨੇ, ਕਈ-ਕਈ ਸਾਲ ਸੰਗਤ ਕਰ ਸਕਦੇ ਸਨ ਅਤੇ ਅਜਿਹੇ ਬੰਦਿਆਂ ਤੋਂ ਵੀ ਆਪਣੀ ਰਚਨਾ ਲਈ ਕੋਈ ਨਾ ਕੋਈ ਸ਼ਬਦ, ਵਾਕੰਸ਼ ਜਾਂ ਵਾਕ ਲੈ ਲੈਂਦੇ ਸਨ। ਤੇ ਸਰੋਤਾ ਤਾਂ ਉਹ ਕਿਸੇ ਨੂੰ ਵੀ ਬਣਾ ਸਕਦੇ ਸਨ।

ਇਕ ਵਾਰ ਗੁਰਦੇਵ ਸਿੰਘ ਰੁਪਾਣਾ, ਨਵਤੇਜ ਪੁਆਧੀ ਅਤੇ ਮੈਂ ਕਨਾਟ ਪਲੇਸ ਦੇ ਘਾਹ ਉਤੇ ਬੈਠੇ ਫ਼ਿਲਮ ਦਾ ਸਮਾਂ ਹੋਣ ਦੀ ਉਡੀਕ ਕਰ ਰਹੇ ਸਾਂ ਕਿ ਸਤਿਆਰਥੀ ਜੀ ਨੇ ਆ ਕੇ ਇਕ ਸਾਡਾ ਫ਼ਿਲਮ ਦਾ ਸਮਾਂ ਹੋ ਗਿਆ ਅਤੇ ਅਸੀਂ ਚੁੱਪ ਕਰ ਕੇ ਖਿਸਕ ਆਏ। ਮਗਰੋਂ ਖਰੜਾ ਅੱਖਾਂ ਤੋਂ ਲਾਂਭੇ ਹੋਇਆ ਤਾਂ ਸਾਨੂੰ ਗ਼ੈਰਹਾਜ਼ਰ ਦੇਖ ਕੇ ਉਨ੍ਹਾਂ ਨੇ ਸਾਨੂੰ "ਕਈ ਜਮੂਰੇ ਵੇਂਹਦਿਆਂ ਬਣ ਗਏ ਮਦਾਰੀ" ਆਖ ਕੇ ਗਾਲ਼ ਤਾਂ ਦਿੱਤੀ ਜੋ ਕੁਝ ਦਿਨਾਂ ਵਿਚ ਪੂਰੀ ਕਵਿਤਾ ਦਾ ਰੂਪ ਧਾਰ ਗਈ ਪਰ ਰਚਨਾ ਉਥੇ ਹਾਜ਼ਰ ਸਰੋਤਿਆਂ ਸਾਹਮਣੇ ਪੂਰੀ ਪੜ੍ਹ ਕੇ ਹੀ ਛੱਡੀ।

ਉਹ ਹੋਰ ਕੁਝ ਪੜ੍ਹਦੇ ਨਾ ਪੜ੍ਹਦੇ, ਚਰਚਾ ਵਿਚ ਆਈ ਰਚਨਾ ਛੇਤੀ ਤੋਂ ਛੇਤੀ ਪੜ੍ਹ ਲੈਣ ਦੇ ਉਨ੍ਹਾਂ ਦੇ ਉਤਾਵਲਾਪਨ ਦਾ ਇਤਿਹਾਸ ਚੜ੍ਹਦੀ ਉਮਰ ਨਾਲ ਜਾ ਜੁੜਦਾ ਸੀ। ਰਾਬਿੰਦਰਨਾਥ ਟੈਗੋਰ ਦੇ ਕਾਵਿ-ਸੰਗ੍ਰਿਹ 'ਗੀਤਾਂਜਲੀ' ਨੂੰ ਨੋਬਲ ਇਨਾਮ ਮਿਲਿਆ ਤਾਂ ਦੇਸ ਵਿਚ ਹੀ ਨਹੀਂ, ਪਰਦੇਸਾਂ ਵਿਚ ਵੀ ਉਹਦੀਆਂ ਧੁੰਮਾਂ ਪੈਣੀਆਂ ਕੁਦਰਤੀ ਸਨ। ਅਨੇਕ ਜ਼ਬਾਨਾਂ ਵਿਚ ਉਹਦਾ ਅਨੁਵਾਦ ਹੋਣ ਲਗਿਆ। ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਗੁਰੂਦੇਵ ਬਣਾ ਦਿੱਤਾ। ਕਵੀ ਤੇ ਲੋਕਗੀਤ-ਸੰਗ੍ਰਿਹਕ ਸਤਿਆਰਥੀ ਜੀ ਦੇ ਪਾਠਕੀ ਉਤਾਵਲੇਪਨ ਵਿਚ ਪੁਸਤਕ ਦੇ ਨਾਂ 'ਗੀਤਾਂਜਲੀ' ਨੇ ਹੋਰ ਵਾਧਾ ਕਰ ਦਿੱਤਾ। ਪਾਠ ਕੀਤਾ ਤਾਂ ਉਹ ਬਹੁਤ ਪ੍ਰਭਾਵਿਤ ਹੋਏ। ਟੈਗੋਰ ਵਾਂਗ ਕੇਸ ਪਿੱਛੇ ਛੱਡ ਲਏ ਅਤੇ ਦਾੜ੍ਹੀ ਦੀ ਹਜਾਮਤ ਕਰਨੀ ਛੱਡ ਦਿੱਤੀ। ਜਦੋਂ ਨੂੰ ਉਹ ਸ਼ਾਂਤੀ ਨਿਕੇਤਨ ਪਹੁੰਚੇ, ਟੈਗੋਰ ਦੀ ਜਵਾਨੀ ਵੇਲ਼ੇ ਦੀ ਤਸਵੀਰ ਵਰਗੇ ਲਗਦੇ ਸਨ। ਉਨ੍ਹਾਂ ਦੇ ਲੇਖਕ ਤੇ ਲੋਕਗੀਤ-ਸੰਗ੍ਰਿਹਕ ਵਾਲੇ ਰੂਪ ਤੋਂ ਇਲਾਵਾ ਇਹ ਸਰੂਪ ਵੀ ਟੈਗੋਰ ਦੀ ਨੇੜਤਾ ਦਾ ਇਕ ਆਧਾਰ ਬਣ ਗਿਆ। ਸ਼ਾਇਦ ਇਸੇ ਸਦਕਾ ਗੁਰੂਦੇਵ ਨੇ ਖੁਸ਼ੀ ਖੁਸ਼ੀ ਇਨ੍ਹਾਂ ਨਾਲ ਖਲੋ ਕੇ ਤਸਵੀਰ ਖਿਚਵਾਈ ਜੋ ਪਿਤਰਸ ਬੁਖ਼ਾਰੀ ਦੇ ਦਿੱਤੇ ਨਾਂ 'ਖ਼ਿਜ਼ਾਬ ਤੋਂ ਪਹਿਲਾਂ ਤੇ ਖ਼ਿਜ਼ਾਬ ਤੋਂ ਬਾਅਦ' ਕਾਰਨ ਖ਼ੂਬ ਚਰਚਾ ਵਿਚ ਰਹੀ।

ਤਾਰਾ ਸਿੰਘ ਨੇ ਇਸ ਸਬੰਧ ਵਿਚ ਇਕ ਵਧੀਆ ਲਤੀਫ਼ਾ ਘੜ ਦਿੱਤਾ। ਉਹਦਾ ਕਹਿਣਾ ਸੀ ਕਿ ਸਤਿਆਰਥੀ ਜੀ ਦੇ ਖਰੜਾ-ਪਾਠ ਦੀ ਮਾਰ ਤੋਂ ਤਾਂ ਟੈਗੋਰ ਵੀ ਨਹੀਂ ਸੀ ਬਚ ਸਕਿਆ। ਉਹ ਰੋਜ਼, ਵੇਲ਼ਾ-ਕੁਵੇਲ਼ਾ ਦੇਖੇ ਬਿਨਾਂ, ਕੁਝ ਨਾ ਕੁਝ ਸੁਣਾਉਣ ਟੈਗੋਰ ਕੋਲ ਜਾ ਪਹੁੰਚਦੇ। ਨਾਲ ਹੀ ਉਨ੍ਹਾਂ ਨਾਲ ਤਸਵੀਰ ਖਿਚਵਾਉਣ ਦੀ ਇੱਛਾ ਵੀ ਦਸਦੇ ਰਹਿੰਦੇ। ਟੈਗੋਰ ਕੋਲ ਏਨਾ ਵਾਧੂ ਸਮਾਂ ਕਿਥੇ ਕਿ ਵਿਹਲੇ ਬੈਠ ਕੇ ਰਚਨਾ ਸੁਣਦੇ ਰਹਿਣ ਅਤੇ ਕਿਸੇ ਨਾਲ ਉਚੇਚੇ ਤੌਰ ਉਤੇ ਖਲੋ ਕੇ ਤਸਵੀਰ ਖਿਚਵਾਉਣ ਤੋਂ ਵੀ ਉਹ ਸੰਕੋਚ ਹੀ ਕਰਦੇ ਸਨ। ਆਖ਼ਰ ਉਹ ਅੰਦਰੋਂ ਤਾਂ ਅੱਕ ਗਏ ਪਰ ਬਾਹਰੋਂ ਨਰਮੀ ਨਾਲ ਯਾਦ ਕਰਵਾਉਣ ਲੱਗੇ, "ਲੋਕਗੀਤ ਇਕੱਤਰ ਕਰਨ ਦਾ ਤੁਹਾਡਾ ਮਿਸ਼ਨ ਇਕ ਥਾਂ ਲੰਮਾ ਸਮਾਂ ਟਿਕ ਕੇ ਬੈਠਣ ਦੀ ਖੁੱਲ੍ਹ ਨਹੀਂ ਦਿੰਦਾ। ਆਪਣੇ ਮਿਸ਼ਨ ਦੀ ਪੂਰਤੀ ਵਿਚ ਅਵੇਸਲੇ ਹੋਣਾ ਵਾਰਾ ਨਹੀਂ ਖਾਂਦਾ।"

ਇਕ ਦਿਨ ਅਜਿਹੇ ਮੌਕੇ ਦਾ ਲਾਹਾ ਲੈ ਕੇ ਸਤਿਆਰਥੀ ਜੀ ਬੋਲੇ, "ਗੁਰੂਦੇਵ, ਜਿਸ ਦਿਨ ਮੇਰੇ ਨਾਲ ਖਲੋ ਕੇ ਤਸਵੀਰ ਖਿਚਵਾ ਲਵੋਗੇ, ਉਸੇ ਦਿਨ ਤੁਹਾਥੋਂ ਵਿਦਾਈ ਲੈ ਲਵਾਂਗਾ।"

ਤਾਰਾ ਸਿੰਘ ਹਸਦਾ, ਇਨ੍ਹਾਂ ਦੇ ਖਰੜਾ-ਪਾਠ ਤੋਂ ਅੱਕੇ-ਥੱਕੇ ਟੈਗੋਰ ਕੋਲ ਤਸਵੀਰ ਖਿਚਵਾਉਣ ਤੋਂ ਬਿਨਾਂ ਹੋਰ ਰਾਹ ਹੀ ਕੋਈ ਨਹੀਂ ਸੀ!

ਉਹ ਦੂਜਿਆਂ ਨੂੰ ਹੀ ਸਾਧੂ-ਮਹਾਤਮਾ ਨਹੀਂ ਸਨ ਲਗਦੇ, ਆਪ ਵੀ ਆਪਣੇ ਫ਼ਕੀਰੀ ਵੇਸ ਦਾ ਲਾਹਾ ਬੇਝਿਜਕ ਲੈ ਲੈਂਦੇ ਸਨ। ਲੰਮੇ ਸਮੇਂ ਤਕ ਕਲਕੱਤੇ ਰਹੇ। ਟਰਾਮ ਉਤੇ ਸਵਾਰ ਹੁੰਦੇ ਤਾਂ ਕੰਡਕਟਰ ਟਿਕਟ ਪੁਛਦੇ। ਉਹ ਪਿੱਛੇ ਨੂੰ ਖਿੱਲਰੇ ਵਾਲਾਂ ਅਤੇ ਲੰਮੀ ਰੇਸ਼ਮੀ ਦਾੜ੍ਹੀ ਉਤੇ ਹੱਥ ਫੇਰ ਕੇ ਆਖਦੇ, "ਆਮੀ ਬਾਵਾ ਲੋਗ!" ਕਈ ਕੰਡਕਟਰ ਚੁੱਪ ਕਰ ਜਾਂਦੇ ਪਰ ਕਈ ਝਗੜਾ ਪਾ ਬੈਠਦੇ ਅਤੇ ਟਰਾਮ ਰੋਕ ਕੇ ਉਤਾਰ ਦਿੰਦੇ। ਇਹ ਅੱਗੇ ਜਾਂ ਪਿੱਛੇ ਜਿਹੜਾ ਵੀ ਸਟੈਂਡ ਨੇੜੇ ਹੁੰਦਾ, ਜਾ ਕੇ ਦੂਜੀ ਟਰਾਮ ਫੜ ਲੈਂਦੇ। ਉਸ ਟਰਾਮ ਵਿਚ ਵੀ ਇਹੋ ਕਿੱਸਾ ਦੁਹਰਾਇਆ ਜਾਂਦਾ। ਆਖ਼ਰ ਕੁਝ ਦਿਨਾਂ ਵਿਚ ਕੰਡਕਟਰ ਜਾਣ ਗਏ ਕਿ ਕਿੰਨਾ ਵੀ ਉਤਾਰੀਏ, ਸਫ਼ਰ ਤਾਂ 'ਬਾਵਾ ਲੋਗ' ਨੇ ਸਾਡੀਆਂ ਟਰਾਮਾਂ ਵਿਚ ਮੁਫ਼ਤ ਹੀ ਕਰਨਾ ਹੈ। ਉਨ੍ਹਾਂ ਨੇ ਟਿਕਟ ਪੁੱਛਣਾ ਤੇ ਬਾਵਾ-ਲੋਗ ਨੂੰ ਉਤਾਰਨਾ ਛੱਡ ਦਿੱਤਾ।

ਜਦੋਂ ਉਹ ਦਿੱਲੀ ਵਿਚ ਹੁੰਦੇ ਸਨ, ਇਕ ਵਾਰ ਘਰੋਂ ਨਿੱਕਲ ਕੇ ਰਾਤ ਦੇ ਗਿਆਰਾਂ ਵਜੇ ਤੋਂ ਪਹਿਲਾਂ ਘਰ ਨਹੀਂ ਸਨ ਪਰਤਦੇ। ਉਹ ਕਹਿੰਦੇ ਸਨ, "ਘਰ ਵਾਲਿਆਂ ਨੂੰ ਕੁਝ ਪਤਾ ਨਹੀਂ ਹੁੰਦਾ ਕਿ ਮੈਂ ਦਿਨ ਵਿਚ ਕਿਥੇ-ਕਿਥੇ ਭਟਕਾਂਗਾ। ਉਂਜ ਜੀ ਇਹ ਪਤਾ ਤਾਂ ਮੈਨੂੰ ਆਪ ਨੂੰ ਵੀ ਨਹੀਂ ਹੁੰਦਾ।"

ਤਾਰਾ ਸਿੰਘ ਨੇ ਕਿਸੇ ਨਿੱਕੇ-ਮੋਟੇ ਕੰਮ ਲਈ ਵੀ ਘਰ ਵਾਲਿਆਂ ਦੇ ਕਾਬੂ ਨਾ ਆਉਣ ਦੀ ਸਤਿਆਰਥੀ ਜੀ ਦੀ ਚਤੁਰਾਈ ਨੂੰ ਲੈ ਕੇ ਵੀ ਉਨ੍ਹਾਂ ਦੇ ਵੇਸ ਬਾਰੇ ਇਕ ਦਿਲਚਸਪ ਲਤੀਫ਼ਾ ਘੜਿਆ ਹੋਇਆ ਸੀ। ਉਹ ਕਹਿੰਦਾ ਸੀ, ਇਕ ਦਿਨ ਸਵੇਰੇ-ਸਵੇਰੇ ਅਚਾਨਕ ਕੋਈ ਮਹਿਮਾਨ ਘਰ ਆ ਜਾਣ ਕਾਰਨ ਲੋਕ-ਮਾਤਾ ਨੇ ਧਕ-ਧਕਾ ਕੇ ਦੁਕਾਨੋਂ ਦਹੀਂ ਲੈਣ ਤੋਰ ਦਿੱਤੇ। ਹਲਵਾਈ ਦੀ ਦੁਕਾਨ ਦੇ ਗਾਹਕਾਂ ਦੀ ਭੀੜ ਨਿੱਕਲ ਜਾਣ ਦੀ ਉਡੀਕ ਕਰਦਿਆਂ ਉਹ ਅਠਿਆਨੀ ਕਟੋਰੇ 'ਚ ਰੱਖ ਕੇ ਖੰਭੇ ਨਾਲ ਮੋਢਾ ਲਾ ਅੰਤਰ-ਧਿਆਨ ਹੋ ਗਏ। ਧਿਆਨ ਬਾਹਰ ਵੱਲ ਪਰਤਿਆ ਤਾਂ ਕਟੋਰਾ ਅਠਿਆਨੀਆਂ-ਚੁਆਨੀਆਂ ਨਾਲ ਭਰਿਆ ਪਿਆ ਸੀ!

ਢੁਡੀਕੇ ਟਰਸਟ ਨੇ ਉਨ੍ਹਾਂ ਦਾ ਸਨਮਾਨ ਕਰਨ ਦਾ ਫ਼ੈਸਲਾ ਕੀਤਾ ਅਤੇ ਸਮਾਗਮ ਕੋਟਕਪੂਰੇ ਕਰਨਾ ਮਿਥਿਆ। ਜਸਵੰਤ ਸਿੰਘ ਕੰਵਲ ਮੈਨੂੰ ਕਹਿੰਦੇ, "ਇਕੱਲੇ ਬਜ਼ੁਰਗ ਰਾਹ ਵਿਚ ਤੰਗ ਹੋਣਗੇ। ਤੂੰ ਉਨ੍ਹਾਂ ਨਾਲ ਆ ਜਾਈਂ। ਰਾਹ ਵਿਚ ਦੋਵਾਂ ਦਾ ਜੀਅ ਲਗਿਆ ਰਹੂ।" ਨਰਿੰਦਰ ਭੁੱਲਰ ਵੀ ਸਾਡੇ ਨਾਲ ਚੱਲਣ ਵਾਸਤੇ ਤਿਆਰ ਹੋ ਗਿਆ। ਜਿਉਂ ਹੀ ਗੱਡੀ ਦਿੱਲੀ ਤੋਂ ਬਾਹਰ ਨਿੱਕਲੀ, ਉਹ ਬੋਲੇ, "ਵਿਹਲਿਆਂ ਦਾ ਤਾਂ ਸਫ਼ਰ ਹੀ ਨਹੀਂ ਲੰਘਣਾ ਭੁੱਲਰ ਜੀ। ਕਿਉਂ ਨਾ ਕੁਛ ਪੜ੍ਹ-ਸੁਣ ਲਈਏ। ਮੇਰੇ ਕੋਲ ਹੈ ਇਕ ਚੀਜ਼, ਤੁਹਾਨੂੰ ਸੁਣਾਉਣ ਲਈ।"

ਉਨ੍ਹਾਂ ਨੇ ਆਪਣਾ ਖਰੜਾ ਕੱਢਿਆ ਅਤੇ ਰਚਨਾ ਪੜ੍ਹਨੀ ਸ਼ੁਰੂ ਕਰ ਦਿੱਤੀ। ਕਦੀ ਮੰਧੋਦਰੀ ਦਾ ਨਾਂ ਆਉਂਦਾ ਤਾਂ ਕਦੀ ਸ਼ਕੁੰਤਲਾ ਦਾ ਜ਼ਿਕਰ; ਕਦੀ ਨ੍ਰਿਤਕੀ ਆ ਮੰਚ ਨੂੰ ਰੰਗ-ਭਾਗ ਲਾਉਂਦੀ ਤਾਂ ਕਦੀ ਵਿਸ਼-ਕੰਨਿਆ ਆਪਣੇ ਚਲਿਤਰ ਚਲਦੀ। ਪਿੱਛੇ ਨੂੰ ਵਾਹੇ ਹੋਏ ਵਾਲ, ਲੰਮੀ ਚਿੱਟੀ ਦਾੜ੍ਹੀ, ਗਲ਼ ਵਿਚ ਲੰਮੇ ਕੋਟ ਦੇ ਰੂਪ ਵਿਚ ਚੋਗਾ ਤੇ ਕਥਾ ਕਰ ਰਹੇ ਮੰਧੋਦਰੀ, ਸ਼ਕੁੰਤਲਾ, ਨ੍ਰਿਤਕੀ, ਵਿਸ਼-ਕੰਨਿਆ, ਵਗ਼ੈਰਾ ਦੀ! ਜੋ ਮੁਸਾਫ਼ਿਰ ਲਾਂਘੇ ਵਿਚੋਂ ਦੀ ਇਧਰ-ਉਧਰ ਨੂੰ ਲੰਘ ਰਿਹਾ ਹੁੰਦਾ, ਅਜਿਹੇ ਨਾਂ ਸੁਣ ਕੇ ਮਹਾਤਮਾ ਜੀ ਦੀ ਕਥਾ ਸੁਣਨ ਲਈ ਪੈਰ ਮਲ਼ ਲੈਂਦਾ ਅਤੇ ਹੱਥ ਜੋੜ ਕੇ ਤੇ ਮੱਥਾ ਟੇਕਣ ਵਾਂਗ ਸਿਰ ਨਿਵਾ ਕੇ ਖਲੋ ਜਾਂਦਾ। ਮਾਈਆਂ ਤਾਂ ਵਿਚਾਰੀਆਂ ਸ਼ਰਧਾ ਨਾਲ ਅੱਖਾਂ ਵੀ ਬੰਦ ਕਰ ਲੈਂਦੀਆਂ। ਕਿਉਂਕਿ ਉਨ੍ਹਾਂ ਦੀ ਕਥਾ ਸਿਰਫ਼ ਸਾਡੇ ਵਰਗੇ ਬ੍ਰਹਮ-ਗਿਆਨੀਆਂ ਦੇ ਸਮਝ ਆਉਣ ਵਾਲੀ ਸੀ, ਹਰ ਕੋਈ ਕੁਝ ਪਲਾਂ ਮਗਰੋਂ ਸਿਰ ਨਿਵਾਉਂਦਾ ਅਤੇ ਆਪਣੇ ਆਪ ਨੂੰ ਅਗਿਆਨੀ ਸਮਝ ਕੇ ਤੁਰ ਜਾਂਦਾ।

ਮੈਂ ਹੌਲੇ ਜਿਹੇ ਕਿਹਾ, "ਸਤਿਆਰਥੀ ਜੀ, ਭੁੰਜੇ ਤੌਲੀਆ ਵਿਛਾ ਕੇ ਉਸ ਉਤੇ ਦੋ-ਚਾਰ ਰੁਪਈਏ-ਅਠਿਆਨੀਆਂ ਪਹਿਲਾਂ ਆਪ ਹੀ ਨਾ ਸਿੱਟ ਦੇਈਏ?" ਗੱਲ ਇਕਦਮ ਸਮਝ ਵਿਚ ਨਾ ਆਉਣ ਕਰਕੇ ਉਹ ਤ੍ਰਭਕੇ, "ਹੈਂ ਜੀ?" ਫੇਰ ਝੱਟ ਹੀ ਗੁੱਝੀ ਰਮਜ਼ ਸਮਝ ਕੇ ਬੋਲੇ, "ਅੱਛਾ ਜੀ! ਹਾਂ ਜੀ, ਕੋਈ ਹਰਜ਼ ਨਹੀਂ।" ਸਗੋਂ ਖ਼ੁਸ਼ ਹੋ ਗਏ, "ਆਹੋ ਜੀ। ਦਰਅਸਲ ਆਪਣਾ ਭਾੜਾ ਨਿੱਕਲ ਆਵੇ, ਮਹਿੰਗਾਈ ਦੇ ਇਸ ਯੁਗ ਵਿਚ, ਗੱਲ ਕੋਈ ਗ਼ਲਤ ਜਾਂ ਮਾੜੀ ਤਾਂ ਹੈ ਨਹੀਂ!"

# ਮੁਹੰਮਦ ਰਫੀ ਨਾਲ ਬਿਤਾਇਆ ਪੂਰਾ ਦਿਨ

ਇਕ ਯਾਦ




**ਅਜੀਤ ਕਮਲ**

ਫੋਨ: 91-94173-76895


31 ਮਈ 1976 ਦਾ ਮੁਬਾਰਕ ਦਿਨ ਮਨੋਂ ਵਿਸਰਦਾ ਨਹੀਂ ਜਿਸ ਦਿਨ ਮੁੰਬਈ ਦੇ ਮਹਿਬੂਬ ਸਟੂਡੀਓ ਵਿਚ ਸੁਰਾਂ ਦੇ ਸ਼ਹਿਨਸ਼ਾਹ ਮੁਹੰਮਦ ਰਫੀ ਦੇ ਦਰਸ਼ਨ ਨਸੀਬ ਹੋਏ ਸਨ। ਹੋਇਆ ਇਹ ਕਿ ਮੇਰੇ ਦੋਸਤ ਸ੍ਰੀ ਐਮ.ਐਸ. ਗਿੱਲ ਨੇ ਮੇਰੀ ਕਹਾਣੀ 'ਤੇ ਪੰਜਾਬੀ ਫਿਲਮ "ਚੰਨੀ"ਬਣਾਉਣ ਦਾ ਵਿਚਾਰ ਬਣਾਇਆ। ਅਸੀਂ ਮੁੰਬਈ ਗਏ ਅਤੇ ਸੰਗੀਤਕਾਰ ਸੁਰਿੰਦਰ ਕੋਹਲੀ ਨਾਲ ਸਲਾਹ ਮਸ਼ਵਰਾ ਕਰਕੇ ਫਿਲਮ ਲਈ ਮੇਰੇ ਲਿਖੇ ਗੀਤ ਮੁਹੰਮਦ ਰਫੀ, ਮੀਨੂੰ ਪ੍ਰਸ਼ੋਤਮ, ਦਿਲਰਾਜ ਕੌਰ ਅਤੇ ਖੁਦ ਸੁਰਿੰਦਰ ਕੋਹਲੀ ਦੀ ਅਵਾਜ ਵਿਚ ਰਿਕਾਰਡ ਕਰਨ ਦਾ ਪ੍ਰੋਗਰਾਮ ਉਲੀਕਿਆ।

ਸੁਰਿੰਦਰ ਕੋਹਲੀ ਰਫੀ ਸਾਹਿਬ ਨੂੰ ਰਿਹਰਸਲ ਲਈ ਉਨ੍ਹਾਂ ਦੇ ਘਰ ਗਏ ਤਾਂ ਗੀਤ "ਦਿਲ ਛੱਡ ਨਾ ਹਿੰਮਤ ਹਾਰ" ਦਾ ਫਲੋਅ ਅੱਛਾ ਹੋਣ ਕਰਕੇ ਗੀਤ ਜਲਦੀ ਹੀ ਰਫੀ ਸਾਹਿਬ ਨੂੰ ਯਾਦ ਹੋ ਗਿਆ। ਇਹ ਗੀਤ ਰਫੀ ਸਾਹਿਬ ਨੇ ਬੜਾ ਪਸੰਦ ਕੀਤਾ ਅਤੇ ਕੋਹਲੀ ਨੂੰ ਕਿਹਾ ਕਿ ਗੀਤ ਦੇ ਲੇਖਕ ਨੂੰ ਉਨ੍ਹਾਂ ਨਾਲ ਜਰੂਰ ਮਿਲਾਉਣਾ। ਲਿਹਾਜਾ 31 ਮਈ 1976 ਦੇ ਸਵੇਰੇ 11.00 ਕੁ ਵਜੇ ਰਫੀ ਸਾਹਿਬ ਮਹਿਬੂਬ ਸਟੂਡੀਓ ਵਿਚ ਆਏ ਤਾਂ ਕੋਹਲੀ ਜੀ ਮੈਨੂੰ ਉਨ੍ਹਾਂ ਕੋਲ ਲੈ ਗਏ ਅਤੇ ਮੇਰਾ ਤੁਆਰਫ ਰਫੀ ਸਾਹਿਬ ਨਾਲ ਕਰਵਾਇਆ। ਸਤਿਕਾਰ ਵਜੋਂ ਮੈਂ ਰਫੀ ਸਾਹਿਬ ਦੇ ਗੋਡਿਆਂ ਨੂੰ ਹੱਥ ਲਾ ਕੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਗੀਤ ਦੀ ਤਾਰੀਫ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮੈਨੂੰ ਪਹਿਲੀ ਵਾਰ ਵੇਖਿਆ ਹੈ। ਮੈਂ ਨਿਮਰਤਾ ਨਾਲ ਕਿਹਾ ਕਿ ਮੇਰਾ ਗੀਤ ਪਹਿਲੀ ਵਾਰ ਰਿਕਾਰਡ ਹੋ ਰਿਹਾ ਹੈ ਅਤੇ ਉਹ ਵੀ ਉਨ੍ਹਾਂ ਜਿਹੇ ਸੁਰ ਸਮਰਾਟ ਦੀ ਮਿੱਠੀ ਅਵਾਜ ਵਿਚ।

"ਦਿਲ ਛੱਡ ਨਾ ਹਿੰਮਤ ਹਾਰ" ਦਾ ਪਹਿਲਾ ਹਿੱਸਾ ਜਲਦੀ ਹੀ ਰਿਕਾਰਡ ਹੋ ਗਿਆ, ਪਰ ਇਸ ਗੀਤ ਦੇ ਦੋ ਅੰਤਰੇ ਧੀਮੀ ਸੁਰ ਵਿਚ ਰਿਕਾਰਡ ਕਰਨ ਸਮੇਂ ਪਹਿਲੇ ਅੰਤਰੇ ਦੇ ਛੇ ਰੀ-ਟੇਕ ਹੋ ਗਏ। ਹੋਇਆ ਇਹ ਕਿ ਅੰਤਰੇ ਵਿਚ ਦਰਜ ਸ਼ਬਦ "ਨੇਰ੍ਹਾ" ਨੂੰ ਕੋਹਲੀ ਸਾਹਿਬ ਨੇ "ਹਨੇਰਾ" ਲਿਖਾ ਦਿੱਤਾ ਸੀ,

ਅੱਜ ਡੁੱਬਿਆ ਸੂਰਜ ਤੇਰਾ<br>
ਜੀਵਨ ਵਿਚ ਛਾਇਆ ਨੇਰ੍ਹਾ<br>
ਪਰ ਇਕ ਦਿਨ ਆਊ ਸਵੇਰਾ<br>
ਖੁੱਲ੍ਹ ਜਾਣੇ ਸੁਖ ਦੇ ਦੁਆਰ...<br>
ਕਰੇ ਹਿੰਮਤ ਬੇੜਾ ਪਾਰ...।

ਹਨੇਰਾ ਸ਼ਬਦ ਬੋਲਦਿਆਂ ਗੀਤ ਦੀ ਲੈ ਉਖੜ ਜਾਂਦੀ ਸੀ। ਸਵੇਰੇ ਹੋਈ ਮੁਲਾਕਾਤ ਸਮੇਂ ਰਫੀ ਸਾਹਿਬ ਦੇ ਵਤੀਰੇ ਕਰਕੇ ਮੈਂ ਹੌਂਸਲਾ ਕਰਕੇ ਉਨ੍ਹਾਂ ਦੇ ਕੈਬਿਨ ਵਿਚ ਚਲਾ ਗਿਆ ਅਤੇ ਅਰਜ ਕੀਤੀ, "ਸਰ ਇਕ ਅਰਜ ਕਰਨੀ ਏ।" ਹਾਂ ਹਾਂ ਦੱਸੋ...।" ਰਫੀ ਸਾਹਿਬ ਨੇ ਪਿਆਰ ਨਾਲ ਕਿਹਾ। ਮੈਂ ਕਿਹਾ "ਸਰ ਅੜਨ ਵਾਲਾ ਸ਼ਬਦ 'ਹਨੇਰਾ' ਨਹੀਂ, 'ਨੇਰ੍ਹਾ' ਹੈ। ਮੈਂ ਉਹ ਸਤਰ ਗਾ ਕੇ ਉਨ੍ਹਾਂ ਨੂੰ ਸੁਣਾਈ। ਉਨ੍ਹਾਂ ਨੇ ਮੂੰਹ ਵਿਚ ਸਤਰ ਨੇਰ੍ਹਾ ਸ਼ਬਦ ਨਾਲ ਗੁਣਗੁਣਾਈ ਤਾਂ ਉਨ੍ਹਾਂ ਦੇ ਮੂੰਹ ਤੇ ਮੁਸਕਾਨ ਆ ਗਈ। ਮੇਰੇ ਕੈਬਿਨ ਵਿਚ ਖੜੇ ਖੜੋਤੇ ਹੀ ਉਨ੍ਹਾਂ ਰਿਕਾਰਡਿਸਟ ਨੂੰ ਟੇਕ ਲੈਣ ਲਈ ਕਿਹਾ। ਖੁਸ਼ੀ ਦੀ ਗੱਲ ਕਿ ਉਹ ਅੰਤਰਾ ਪਹਿਲੇ ਟੇਕ ਵਿਚ ਹੀ ਓ.ਕੇ ਹੋ ਗਿਆ। ਰਫੀ ਸਾਹਿਬ ਬੜੇ ਖੁਸ਼ ਹੋਏ ਅਤੇ ਉਨ੍ਹਾਂ ਕਿਹਾ, ਬਹੁਤੇ ਗੀਤਕਾਰ ਉਨ੍ਹਾਂ ਨੂੰ ਸ਼ਬਦਾਂ ਦੇ ਉਚਾਰਣ ਬਾਰੇ ਦੱਸਦੇ ਹੀ ਨਹੀਂ। ਮੈਂ ਆਗਿਆ ਲੈ ਕੇ ਕੈਬਿਨ ਚੋਂ ਬਾਹਰ ਆ ਗਿਆ ਅਤੇ ਦੂਜਾ ਅੰਤਰਾ ਪੜ੍ਹਿਆ:

ਇਸ ਜੁਲਮ ਤੋਂ ਨਾ ਘਬਰਾ ਤੂੰ<br>
ਨਾ ਆਪਣਾ ਹੌਸਲਾ ਢਾਹ ਤੂੰ<br>
ਦਿਲ ਆਪਣੇ ਨੂੰ ਸਮਝਾ ਤੂੰ<br>
ਕੱਢ ਦਿਲ ਚੋਂ ਬੂਰੇ ਵਿਚਾਰ<br>
ਕਰੇ ਹਿੰਮਤ ਬੇੜਾ ਪਾਰ...।

ਵੀ ਬੜੀ ਅਸਾਨੀ ਨਾਲ ਰਿਕਾਰਡ ਹੋ ਗਿਆ। ਰਿਕਾਰਡਿਸਟ ਦੇ ਕਮਰੇ ਵਿਚ ਬੈਠੇ ਲੋਕ ਗੱਲਾਂ ਕਰ ਰਹੇ ਸਨ ਕਿ ਇਹ ਰਫੀ ਸਾਹਿਬ ਹੀ ਹਨ ਜੋ ਇਕ ਅੰਤਰੇ ਦੇ ਛੇ ਰੀ-ਟੇਕ ਹੋਣ 'ਤੇ ਵੀ ਖਿਝੇ ਨਹੀਂ, ਜੇਕਰ ਕਿਸ਼ੋਰ ਕੁਮਾਰ ਹੁੰਦੇ ਤਾਂ ਉਨ੍ਹਾਂ ਨੇ ਰਿਕਾਰਡਿੰਗ ਵਿਚੇ ਛੱਡ ਕੇ ਚਲੇ ਜਾਣਾ ਸੀ।

ਬਾਅਦ ਦੁਪਹਿਰ ਦੂਜੀ ਸ਼ਿਫਟ ਵਿਚ 'ਭੰਗੜਾ' ਰਫੀ ਸਾਹਿਬ ਅਤੇ ਮੀਨੂੰ ਪ੍ਰਸ਼ੋਤਮ ਦੀ ਆਵਾਜ਼ ਵਿਚ ਰਿਕਾਰਡ ਹੋਣਾ ਸੀ। ਭੰਗੜੇ ਦੇ ਬੋਲ ਸਨ,

'ਤੇਰੀ ਗੁੱਤ ਦਾ ਪਰਾਂਦਾ ਭੁੰਜੇ ਡਿੱਗਿਆ<br>
ਕਿ ਸੱਪ ਵਾਂਗੂ ਵਲ ਖਾਂਵਦਾ<br>
ਮੇਰੇ ਹੱਥ ਚ ਫੜਾ ਦੇ ਇਹਨੂੰ ਚੁੱਕ ਕੇ<br>
ਵੇ ਕਿਹੜੀ ਗੱਲੋਂ ਡਰ ਆਂਵਦਾ।

ਇਹ ਭੰਗੜਾ ਗੀਤ ਵੀ ਰਫੀ ਸਾਹਿਬ ਨੇ ਬੜੇ ਮੂਡ ਵਿਚ ਰਿਕਾਰਡ ਕਰਾਇਆ। ਇਥੋਂ ਤੱਕ ਕਿ ਭੰਗੜੇ ਵਿਚ ਵੰਨ-ਸਵੰਨੀਆਂ ਅਵਾਜ਼ਾਂ ਅਤੇ ਸੀਟੀਆਂ ਵਜਾਉਣ ਵਿਚ ਵੀ ਰਫੀ ਸਾਹਿਬ ਨੇ ਪੂਰਾ ਯੋਗਦਾਨ ਪਾਇਆ।



***ਤਸਵੀਰ ਵਿਚ (ਖੱਬਿਓਂ) ਪਹਿਲੀ ਮੀਨੂ ਪ੍ਰਸ਼ੋਤਮ, ਦੂਜਾ ਸੁਰਿੰਦਰ ਕੋਹਲੀ, ਤੀਜੇ ਮੁਹੰਮਦ ਰਫੀ ਅਤੇ ਪੰਜਵਾਂ ਲੇਖਕ ਅਜੀਤ ਕਮਲ ਤੇ ਹੋਰ***

ਯਾਦ ਰੱਖਣ ਵਾਲੀ ਵੱਡੀ ਗੱਲ ਇਹ ਹੈ ਕਿ ਰਿਕਾਰਡਿੰਗ ਉਪਰੰਤ ਸ਼ਾਮੀ ਸਾਢੇ ਛੇ ਵਜੇ ਫੋਟੋ ਸੈਸ਼ਨ ਸਮੇਂ ਮੈਂ ਸੰਗਦਾ ਹੋਇਆ ਸਾਹਮਣੇ ਸੋਫੇ ਤੇ ਬੈਠਾ ਰਿਹਾ ਅਤੇ ਰਫੀ ਸਾਹਿਬ ਤੇ ਮੀਨੂੰ ਪ੍ਰਸ਼ੋਤਮ ਨਾਲ ਫੋਟੋ ਖਿਚਾਉਣ ਲਈ ਕਾਫੀ ਲੋਕ ਖੜੇ ਹੋ ਗਏ। ਜਦੋਂ ਰਫੀ ਸਾਹਿਬ ਦਾ ਧਿਆਨ ਮੇਰੇ ਵਲ ਗਿਆ ਤਾਂ ਕਹਿਣ ਲੱਗੇ "ਕਾਕਾ ਜੀ, 'ਗੀਤ ਤੁਸੀਂ ਲਿਖਿਆ ਤੇ ਗਾਇਆ ਮੈਂ, ਫੋਟੋ ਤਾਂ ਸਾਡੀ ਹੋਣੀ ਚਾਹੀਦੀ ਹੈ, ਆਓ...।"

ਮੈਂ ਉਠ ਕੇ ਉਨ੍ਹਾਂ ਕੋਲ ਗਿਆ ਤਾਂ ਉਨ੍ਹਾਂ ਨੇ ਮੈਨੂੰ ਆਪਣੇ ਖੱਬੇ ਪਾਸੇ ਖਲ੍ਹਾਰ ਕੇ ਆਪਣਾ ਖੱਬਾ ਹੱਥ ਮੇਰੇ ਮੋਢੇ 'ਤੇ ਰੱਖ ਕੇ ਮੁਸਕਰਾਉਂਦੇ ਹੋਏ ਫੋਟੋ ਖਿਚਵਾਈ। ਰਫੀ ਸਾਹਿਬ ਦੀ ਦਿਆਲਤਾ ਨੇ ਸਭ ਦੀ ਰੂਹ ਖੁਸ਼ ਕਰ ਦਿੱਤੀ।

ਸੰਨ 1983 ਵਿਚ ਫਿਲਮ ਮੁਕੰਮਲ ਹੋਈ ਪਰ ਅਪਰੇਸ਼ਨ ਨੀਲਾ ਤਾਰਾ ਕਾਰਨ ਲੰਮਾ ਸਮਾਂ ਸਿਨੇਮਾ ਘਰ ਬੰਦ ਰਹੇ ਤੇ ਫਿਲਮ ਰਿਲੀਜ ਨਾ ਹੋ ਸਕੀ। ਸੰਨ 1992 ਵਿਚ ਫਿਲਮ 'ਯਾਰ ਯਾਰਾਂ ਦੇ' ਦੇ ਨਾਂ ਨਾਲ ਰਿਲੀਜ ਹੋਈ ਤੇ ਆਪਣੇ ਗੀਤਾਂ ਕਾਰਨ ਹਿੱਟ ਰਹੀ। ਸ਼ਤੀਸ਼ ਕੌਲ, ਰਜਾ ਮੁਰਾਦ, ਭਾਵਨਾ ਭੱਟ, ਸੀਮਾ ਕਪੂਰ ਅਤੇ ਮਿਹਰ ਮਿੱਤਲ ਨਾਲ ਸਜੀ ਇਸ ਫਿਲਮ ਦੀ ਵੀਡੀਓ ਮਸ਼ਹੂਰ ਕੰਪਨੀ 'ਪਾਲਕੋ' ਨੇ ਰਿਲੀਜ ਕੀਤੀ ਸੀ।

ਬੀਤੇ ਵਰ੍ਹੇ ਡੀ.ਡੀ. ਪੰਜਾਬੀ ਨੇ 'ਸੁਰਾਂ ਦਾ ਸ਼ਹਿਨਸ਼ਾਹ ਮੁਹੰਮਦ ਰਫੀ' ਨਾਮਕ ਡਾਕੂਮੈਂਟਰੀ ਵਿਚ ਮੇਰੀ ਰਫੀ ਸਾਹਿਬ ਨਾਲ ਮੁਲਾਕਾਤ ਦੀ ਯਾਦ ਰਿਕਾਰਡ ਕੀਤੀ ਤੇ ਕਈ ਵਾਰ ਡੀ.ਡੀ. ਪੰਜਾਬੀ ਤੇ ਚਲਾਈ ਗਈ। ਰਫੀ ਸਾਹਿਬ ਨਾਲ ਬਿਤਾਏ ਪਲ ਅੱਜ ਵੀ ਯਾਦ ਕਰਕੇ ਉਨ੍ਹਾਂ ਦੇ ਸਤਿਕਾਰ ਵਿਚ ਸਿਰ ਝੁਕ ਜਾਂਦਾ ਹੈ।

## ਪੰਜਾਬੀ ਵਾਰਤਕ ਦਾ ਉਚਾ ਬੁਰਜ ਸਰਵਣ ਸਿੰਘ

# ਪ੍ਰਿੰ. ਸਰਵਣ ਸਿੰਘ ਨੂੰ ਪਰਵਾਸੀ ਅਵਾਰਡ

***ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਦਾ ਪਹਿਲਾ ਖੇਡ ਲਿਖਾਰੀ ਤਾਂ ਹੈ ਹੀ, ਇਸ ਖੇਤਰ ਵਿਚ ਉਸ ਦੀਆਂ ਬੁਲੰਦੀਆਂ ਨੂੰ ਵੀ ਕੋਈ ਹੋਰ ਨਹੀਂ ਛੋਹ ਸਕਿਆ। ਪੰਜਾਬੀ ਦੇ ਨਾਮੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਇਸ ਲੇਖ ਵਿਚ ਪ੍ਰਿੰਸੀਪਲ ਸਰਵਣ ਸਿੰਘ ਦੀ ਪ੍ਰਤਿਭਾ ਨੂੰ ਅਜਿਹੇ ਸ਼ਬਦਾਂ ਦਾ ਜੱਫਾ ਮਾਰਿਆ ਹੈ ਕਿ ਕਿਸੇ ਧਾਵੀ ਵਾਂਗ ਪਾਠਕ ਨੂੰ ਪਾਣੇ ਦੇ ਅਗਲੇ ਪਾਰ ਯਾਨਿ ਲਿਖਤ ਦੇ ਅੰਤ ਤਕ ਕਲਾਵੇ ਵਿਚੋਂ ਨਿਕਲਣ ਹੀ ਨਹੀਂ ਦਿੰਦਾ। -ਸੰਪਾਦਕ***

ਲਿਖਣ ਦੇ ਮੈਦਾਨ ਵਿਚ ਪੈਰ ਧਰਦਿਆਂ ਸਰਵਣ ਸਿੰਘ ਨੇ ਪੈਂਦੀ ਸੱਟੇ ਸੋਲਾਂ ਹੱਥ ਲੰਮੀ ਛਾਲ ਮਾਰੀ ਤਾਂ 'ਦਰਸ਼ਕਾਂ' ਨੂੰ ਹੈਰਾਨੀ-ਭਰੀ ਖ਼ੁਸ਼ੀ ਹੋਈ। ਹਰ ਰੋਜ਼ 'ਇਕੋ ਜਿਹੀ ਛਾਲ' ਵੇਖਣ ਦੀਆਂ ਆਦੀ ਹੋ ਚੁੱਕੀਆਂ ਅੱਖਾਂ ਦੀ ਮੱਧਮ ਰੌਸ਼ਨੀ ਵਿਚ ਅਨੇਕਾਂ ਚਿਰਾਗ਼ ਬਲ ਉਠੇ। ਉਨ੍ਹਾਂ ਹੁਲਾਸ ਨਾਲ ਭਰ ਕੇ ਪ੍ਰਸ਼ੰਸਾ ਤੇ ਲਾਡ ਨਾਲ ਸਰਵਣ ਸਿੰਘ ਵੱਲ ਵੇਖਿਆ। ਮੂੰਹੋਂ ਆਪ ਮੁਹਾਰੇ ਬੋਲ ਕਿਰ ਪਏ, "ਬਈ ਵਾਹ! ਸਵਾਦ ਆ ਗਿਆ ਸਰਵਣ ਸਿਆਂ! ਬੰਦਾ ਗੱਲ ਕਰੇ ਤਾਂ ਐਂ ਕਰੇ!"

ਇਨ੍ਹਾਂ ਪਾਠਕ 'ਦਰਸ਼ਕਾਂ' ਵਿਚ ਮੈਂ ਵੀ ਸਾਂ। 1960ਵਿਆਂ ਦੌਰਾਨ 'ਆਰਸੀ' ਵਿਚ ਖਿਡਾਰੀਆਂ ਬਾਰੇ ਉਹਦੇ ਰੇਖ਼ਾ ਚਿਤਰ ਛਪਣ ਲੱਗੇ ਤਾਂ ਉਹਦੀਆਂ ਲਿਖਤਾਂ ਨੇ ਮੈਨੂੰ ਵੀ ਕੀਲ ਲਿਆ। ਗੁਰਬਚਨ ਰੰਧਾਵੇ ਬਾਰੇ ਉਹਦਾ ਪਹਿਲਾ ਲੇਖ 'ਆਰਸੀ' ਵਿਚ ਛਪਿਆ, 'ਮੁੜ੍ਹਕੇ ਦਾ ਮੋਤੀ'। ਉਸ ਗੁਰਬਚਨ ਦਾ ਅਜਿਹਾ ਜੀਵੰਤ ਚਿਤਰ ਖਿੱਚਿਆ ਕਿ ਸਾਹਮਣੇ ਸੱਚਮੁਚ ਦੀ ਫ਼ਿਲਮ ਚੱਲਦੀ ਨਜ਼ਰ ਆਉਣ ਲੱਗੀ। ਆਪਣੇ ਮਝੈਲ 'ਭਾਊ'



**ਵਰਿਆਮ ਸੰਧੂ**
e-mail: waryamsandhu@gmail.com

ਬਾਰੇ ਘਿਓ-ਗੁੱਝੀ ਚੂਰੀ ਵਰਗਾ ਬਿਰਤਾਂਤ ਪੜ੍ਹ ਕੇ ਸਰਵਣ ਸਿੰਘ ਨਾਲ ਪੈਂਦੀ ਸੱਟੇ ਅਪਣੱਤ ਦਾ ਰਿਸ਼ਤਾ ਜੁੜ ਗਿਆ। ਅਗਲਾ ਰੇਖਾ-ਚਿਤਰ ਸੀ ਪਰਵੀਨ ਕੁਮਾਰ ਦਾ 'ਧਰਤੀ ਧੱਕ'।

ਪਰਵੀਨ ਸਾਡਾ ਬੇਲੀ ਸੀ। 1962-64 ਵਿਚ ਜਦੋਂ ਮੈਂ ਸਰਹਾਲੀ ਤੋਂ ਜੇ. ਬੀ. ਟੀ. ਕੀਤੀ, ਪਰਵੀਨ ਉਦੋਂ ਸਰਹਾਲੀ ਦੇ ਖ਼ਾਲਸਾ ਸਕੂਲ ਵਿਚ ਨੌਵੀਂ ਦਾ ਵਿਦਿਆਰਥੀ ਸੀ। ਮੈਂ ਫੁੱਟਬਾਲ ਤੇ ਵਾਲੀਬਾਲ ਖੇਡਦਾ ਸਾਂ, ਉਚੀ ਤੇ ਲੰਮੀ ਛਾਲ ਵੀ ਲਾਉਂਦਾ। ਮੈਂ ਉਚੀ ਛਾਲ ਮਾਰਨ ਵਿਚ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਪਰਵੀਨ ਹੈਮਰ ਤੇ ਡਿਸਕਸ ਵਿਚ ਪਹਿਲੇ ਨੰਬਰ 'ਤੇ ਸੀ। ਅਸੀਂ ਡਵੀਜ਼ਨ ਦੇ ਮੁਕਾਬਲਿਆਂ ਲਈ ਜਲੰਧਰ ਅੱਪੜੇ ਤਾਂ ਪਰਵੀਨ ਆਖੇ, "ਭਾਊ! ਮੈਂ ਧਾਡੇ ਨਾਲ ਰਹਿਣਾ। ਤੁਸੀਂ ਮੇਰੇ ਘਰ ਦੇ ਬੰਦੇ ਓ। ਮੈਂ ਇੰਚਾਰਜ ਨੂੰ ਕਹਿ 'ਤਾ ਕਿ ਮੈਂ ਤਾਂ ਆਪਣੇ ਭਾਊਆਂ ਨਾਲ ਰਹੂੰ।"

'ਧਰਤੀ ਧੱਕ' ਪੜ੍ਹ ਕੇ ਲੱਗਾ, ਸਾਡਾ ਪਰਵੀਨ ਉਹ ਸਾਰੇ ਹਾਸੇ ਠੱਠੇ, ਜਿਹੜੇ ਸਰਵਣ ਸਿੰਘ ਨੇ ਬਿਆਨ ਕੀਤੇ ਸਨ, ਸਾਡੇ ਨਾਲ ਹੀ ਕਰਦਾ ਤੁਰਿਆ ਫਿਰਦਾ ਹੈ। ਮੇਰੇ ਲਈ ਵਰਤੇ ਜਾਣ ਵਾਲੇ ਉਮਪਾ-ਅਲੰਕਾਰ ਨਾਲ ਉਹ ਕਿਸੇ ਪਤਲੀਆਂ ਲੱਤਾਂ ਵਾਲੇ ਸਾਥੀ ਅਥਲੀਟ ਦੀ 'ਵਡਿਆਈ' ਕਰ ਰਿਹਾ ਸੀ, "ਲੱਤਾਂ ਵੇਖ, ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ!" ਉਹਨੇ ਸਾਨੂੰ ਆਪਣੀ ਲਿਖਤ ਦਾ ਸ਼ੈਦਾਈ ਬਣਾ ਲਿਆ।

ਮੈਂ ਤੇ ਮੇਰਾ ਦੋਸਤ ਭੂਪਿੰਦਰ ਚੜ੍ਹੇ ਮਹੀਨੇ ਅੰਬਰਸਰ ਪਹੁੰਚ ਕੇ 'ਆਰਸੀ' ਹੱਥ ਹੇਠਾਂ ਕਰਦੇ। ਸਾਨੂੰ ਸਰਵਣ ਸਿੰਘ ਦੇ ਖੇਡ ਨਾਇਕਾਂ ਨੂੰ ਮਿਲਣ ਦੀ ਕਾਹਲ, ਖੁਤਖੁਤੀ ਤੇ ਖਿੱਚ ਹੁੰਦੀ। ਉਦੋਂ 'ਪ੍ਰੀਤ ਲੜੀ' ਪੜ੍ਹਨਾ ਸਾਡੀ ਪਹਿਲ ਹੁੰਦੀ ਸੀ ਪਰ ਸਰਵਣ ਸਿੰਘ ਦੀ ਲਿਖਤ ਦੀ ਧੂਹਵੀਂ ਖਿੱਚ ਨੇ 'ਆਰਸੀ' ਪਹਿਲੇ ਨੰਬਰ 'ਤੇ ਲੈ ਆਂਦੀ। ਇੱਕ ਤਰ੍ਹਾਂ ਨਾਲ ਸਰਵਣ ਸਿੰਘ ਪੰਜਾਬੀ ਵਾਰਤਕ ਦੇ ਸੁਲਤਾਨ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਤੋਂ ਵੀ ਬਾਜ਼ੀ ਮਾਰ ਗਿਆ ਸੀ। ਉਹਦੀ ਲਿਖਤ ਮੈਂ ਚਾਹਤ ਨਾਲ ਉਡੀਕਦਾ ਤੇ ਉਡ ਕੇ ਪੜ੍ਹਦਾ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਜੇ ਉਨ੍ਹਾਂ ਦਿਨਾਂ ਵਿਚ ਮੇਰੇ 'ਦਿਮਾਗ਼' ਦੇ ਨੇੜੇ ਸੀ ਤਾਂ ਸਰਵਣ ਸਿੰਘ 'ਦਿਲ' ਦੇ ਨੇੜੇ ਹੋ ਗਿਆ।

ਸਰਵਣ ਸਿੰਘ ਦੀਆਂ ਖੇਡ ਲਿਖਤਾਂ ਪੜ੍ਹੀਆਂ ਤਾਂ ਮੈਂ ਵੀ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹੀ ਮਿਲਖਾ ਸਿੰਘ ਨਾਲ ਸਾਹੋ ਸਾਹ ਦੌੜਨ ਲੱਗਾ, ਦਿਓ-ਕੱਦ ਪਰਵੀਨ ਕੁਮਾਰ ਨੇ ਹੈਮਰ ਤੇ ਡਿਸਕ ਅਸਮਾਨ ਵੱਲ ਉਛਾਲੀ ਤਾਂ ਨਾਲ ਹੀ ਮੈਂ ਵੀ ਅਸਮਾਨ ਵੱਲ ਉਛਲਿਆ। ਮਹਿੰਦਰ ਗਿੱਲ ਹਿਰਨਾਂ ਵਾਂਗ ਚੁੰਗੀਆਂ ਭਰਦਾ ਤੀਹਰੀ ਛਾਲ ਲਾਉਂਦਾ ਦਿਸਿਆ ਤਾਂ ਮੇਰੇ ਕਦਮ ਵੀ ਛਾਲਾਂ ਲਾਉਣ ਲੱਗੇ। ਪ੍ਰਿਥੀਪਾਲ ਦੀ ਹਾਕੀ ਨੇ ਗੋਲਾਂ ਦਾ 'ਠਾਹ' ਫੱਟਾ ਖੜਕਾਇਆ ਤਾਂ ਮੈਂ ਆਪਣੇ ਗੁੱਟ ਦੀ ਤਾਕਤ ਨੂੰ ਚੁੰਮ ਲਿਆ। ਸੁਰਜੀਤ ਦੀਆਂ ਅੱਖਾਂ ਦੀ ਗਹਿਰ ਮੇਰੀਆਂ ਅੱਖਾਂ 'ਚੋਂ ਝਾਕਣ ਲੱਗੀ। ਮੇਰੇ ਮੁੱਕੇ 'ਚ ਮੁਹੰਮਦ ਅਲੀ ਦੇ ਮੁੱਕੇ ਦੀ ਤਾਕਤ ਉਸਲਵੱਟੇ ਲੈਣ ਲੱਗੀ। ਦੌੜਦਿਆਂ ਮੈਂ ਕਾਰਲ ਲੂਈਸ ਨੂੰ ਪਿੱਛੇ ਛੱਡਣ ਲੱਗਾ। ਮੇਰੇ ਅੰਦਰਲਾ 'ਗਵਾਚਾ ਖਿਡਾਰੀ' ਸਰਵਣ ਸਿੰਘ ਦੀਆਂ ਲਿਖਤਾਂ 'ਚੋਂ ਉਠ ਖੜ੍ਹਿਆ। ਉਸ ਦੀਆਂ ਲਿਖਤਾਂ ਨੇ ਪਾਠਕ ਦੇ ਮਨਾਂ ਉਤੋਂ ਸਵਾਹ ਪਾਸੇ ਕੀਤੀ ਤੇ ਹਰੇਕ ਬੰਦੇ ਦੇ ਮਨ ਅੰਦਰ ਧੁਰ ਹੇਠਾਂ 'ਗਵਾਚੇ ਖਿਡਾਰੀ' ਦੀ ਧੁਖਦੀ ਰੂਹ ਵਿਚ ਮਤਾਬੀਆਂ ਬਾਲ ਦਿੱਤੀਆਂ। ਉਹ ਅਨੇਕਾਂ ਅਧਵਾਟੇ ਰਹੇ ਖਿਡਾਰੀਆਂ ਦੀਆਂ ਅਤ੍ਰਿਪਤ ਰੀਝਾਂ ਦਾ ਰੱਜ ਹੋ ਨਿੱਬੜਿਆ। ਉਹ ਮੇਰੇ ਵਰਗੇ ਲੱਖਾਂ ਅਸਫ਼ਲ ਖਿਡਾਰੀਆਂ ਦਾ ਪਹਿਲਾ ਸਫ਼ਲ ਖੇਡ ਲੇਖਕ ਬਣ ਗਿਆ।

ਸਰਵਣ ਸਿੰਘ ਪਹਿਲੇ ਫ਼ਿਕਰੇ ਤੋਂ ਹੀ ਪੜ੍ਹਨ ਵਾਲੇ ਨੂੰ ਕਿਰਪਾਲ ਸਾਧ ਵਾਂਗ 'ਗੁੱਟ' ਤੋਂ ਐਸਾ ਫੜਦਾ ਕਿ ਪਾਠਕ ਕਿਸੇ ਹੋਰ ਪਾਸੇ ਸੋਚਣ ਜਾਂ ਜਾਣ ਦੀ ਤਾਕਤ ਗਵਾ ਬਹਿੰਦਾ। ਪਹਿਲੇ ਪੈਰੇ ਵਿਚ ਹੀ ਉਹ ਕਲਮ ਦੀ ਇੱਕੋ ਅੜੇਸ ਨਾਲ ਖਿਡਾਰੀ ਬਾਰੇ ਜਾਣਕਾਰੀ ਦਾ ਭਰਿਆ-ਭਰਾਇਆ ਗੱਡਾ ਉਲੱਦ ਸੁੱਟਦਾ। ਇਸ ਗੱਡੇ ਤੋਂ 'ਬੋਰੀਆਂ' ਦੀ ਥਾਂ ਸੋਨ-ਰੰਗੇ ਸ਼ਬਦਾਂ ਦੀਆਂ ਮੋਹਰਾਂ ਡਿੱਗਦੀਆਂ। ਉਹਦੇ ਫ਼ਿਕਰਿਆਂ ਦੀ ਲਿਸ਼ਕ ਵਿਚ ਖਿਡਾਰੀ ਦਾ ਮਾਣ-ਮੱਤਾ ਆਪਾ ਹੱਸਦਾ-ਮੁਸਕਰਾਉਂਦਾ ਸਾਡੀਆਂ ਅੱਖਾਂ 'ਚੋਂ ਲੰਘ ਕੇ ਸਮੂਲਚਾ ਸਾਡੇ ਮਨ-ਮਸਤਕ ਵਿਚ ਆਣ ਬਹਿੰਦਾ। ਖਿਡਾਰੀਆਂ ਦੀਆਂ ਨਾੜੀਆਂ ਵਿਚ ਦੌੜ ਰਿਹਾ ਗਰਮ ਖ਼ੂਨ ਪਾਠਕਾਂ ਦੀਆਂ ਰਗ਼ਾਂ ਵਿਚ ਉਬਾਲੇ ਲੈਣ ਲੱਗਦਾ। ਉਹ ਖਿਡਾਰੀ ਨਾਲ ਜੁੜੇ ਸਾਰੇ ਜੀਵਨ-ਵੇਰਵੇ ਅਜਿਹੀ ਸੁਹਜੀਲੀ-ਜੜਤ ਵਿਚ ਪੇਸ਼ ਕਰਦਾ ਕਿ ਖਿਡਾਰੀ ਦਾ ਪਿਛੋਕੜ, ਉਹਦੀ ਮਾਨਸਿਕਤਾ ਤੇ ਉਹਦਾ ਵਿਹਾਰ ਸਜਿੰਦ ਰੂਪ ਵਿਚ ਉਭਰ ਕੇ ਸਾਹਮਣੇ ਆ ਜਾਂਦਾ। ਉਹ ਨਿਹਾਇਤ ਉਮਦਾ ਕਾਰਾਗਰੀ ਨਾਲ ਸ਼ਬਦਾਂ ਤੇ ਵਾਕਾਂ ਨੂੰ ਸੰਜੋਂਦਾ-ਬੀੜਦਾ ਕਿ ਖਿਡਾਰੀ ਸਾਮਰੱਥ ਜ਼ਿੰਦਗੀ ਤੇ ਖੇਡ ਦੇ ਮੈਦਾਨ ਵਿਚ ਕਾਰਜਸ਼ੀਲ ਹੋਇਆ ਦਿਸਣ ਲੱਗਦਾ। ਜੇ ਟੀਮ ਹਾਰ ਜਾਂਦੀ ਤਾਂ ਉਹ ਮੈਦਾਨ ਵਿਚ ਢੱਠੇ, ਹਾਰੇ, ਅੱਥਰੂ ਕੇਰਦੇ ਖਿਡਾਰੀਆਂ ਦਾ ਅਜਿਹਾ ਮਾਰਮਿਕ ਦ੍ਰਿਸ਼ ਬਿਆਨਦਾ ਕਿ ਲਿਖਤ ਪੜ੍ਹਨ ਤੋਂ ਬਾਅਦ ਵੀ ਪਾਠਕ ਉਸ ਹਾਰ ਦਾ ਦੁੱਖ, ਪੀੜ ਤੇ ਨਮੋਸ਼ੀ ਆਪਣੇ ਨਾਲ ਨਾਲ ਚੁੱਕੀ ਫਿਰਦਾ। ਉਹਦੇ ਏਸੇ ਲਿਖਣ-ਅੰਦਾਜ਼ ਨੂੰ ਡਾ. ਹਰਿਭਜਨ ਸਿੰਘ ਨੇ 'ਅਥਲੈਟਿਕ ਸ਼ੈਲੀ' ਕਿਹਾ ਸੀ।

ਸਰਵਣ ਸਿੰਘ ਦੀਆਂ 'ਆਰਸੀ' ਵਿਚ ਛਪ ਰਹੀਆਂ ਪਹਿਲੀਆਂ ਰਚਨਾਵਾਂ ਹੀ ਮਾਊਂਟ-ਐਵਰੈਸਟੀ ਬੁਲੰਦੀ ਤੋਂ ਬੋਲਦੀਆਂ ਸਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਸੀ। ਉਹ ਕਵਿਤਾ ਲਿਖਣ ਵਾਂਗ 'ਕੱਲੇ 'ਕੱਲੇ ਸ਼ਬਦ ਦੀ ਚੋਣ ਕਰਦਾ। ਜਿਵੇਂ ਸੂਝਵਾਨ ਸੁਨਿਆਰਾ ਛੋਟੀ ਚਿਮਟੀ ਨਾਲ ਨਗੀਨਿਆਂ ਨੂੰ ਪੂਰੀ ਸਿਆਣਪ, ਕਾਰੀਗਰੀ ਤੇ ਕਲਾਕਾਰੀ ਨਾਲ ਜੜਦਾ ਹੈ, ਓਵੇਂ ਹੀ ਸਰਵਣ ਸਿੰਘ ਇਨ੍ਹਾਂ 'ਨਗੀਨੇ ਸ਼ਬਦਾਂ' ਨੂੰ ਵਾਕਾਂ ਵਿਚ ਇਸ ਅੰਦਾਜ਼ ਨਾਲ ਜੋੜਦਾ-ਬੀੜਦਾ ਕਿ ਸ਼ਬਦਾਂ ਦੀ ਇਸ ਸੁਹਜੀਲੀ ਜੜਤ ਦੇ ਜਲੌਅ ਵਿਚੋਂ ਜ਼ਿੰਦਗੀ ਦਾ ਬਹੁਰੰਗਾ, ਬਹੁ-ਅਰਥੀ ਤੇ ਬਹੁ-ਪ੍ਰਭਾਵੀ ਹੁਸਨ ਝਲਕਾਰੇ ਮਾਰਨ ਲੱਗਦਾ। ਸ਼ਬਦਾਂ ਨਾਲ ਖੇਡਣ ਦਾ ਉਹ ਚੈਂਪੀਅਨ ਹੋ ਨਿੱਬੜਿਆ। ਉਹਦਾ ਦਿਲ ਕਰਦਾ ਤਾਂ ਸ਼ਬਦਾਂ ਵਿਚ ਅਜਿਹੇ ਰੰਗ ਘੋਲਦਾ ਕਿ ਪੜ੍ਹਨ ਵਾਲੇ ਸਾਹਮਣੇ ਸਾਕਾਰ ਮੂਰਤਾਂ ਪ੍ਰਤੱਖ ਹੋਣ ਲੱਗਦੀਆਂ। ਦਿਲ ਚਾਹੁੰਦਾ ਤਾਂ ਸ਼ਬਦਾਂ ਦੀ ਐਸੀ ਫ਼ਿਲਮੀ ਰੀਲ ਚਲਾਉਂਦਾ ਕਿ ਪਾਠਕ 'ਦਰਸ਼ਕ' ਬਣ ਕੇ ਰੰਗ-ਰਸ ਭਰੀ ਚੱਲਦੀ ਫ਼ਿਲਮ ਦਾ ਆਨੰਦ ਮਾਣਨ ਲੱਗਦੇ। ਇੰਜ ਉਹ 'ਅਥਲੈਟਿਕ ਸ਼ੈਲੀ' ਦੇ ਨਾਲ 'ਚਿਤ੍ਰਾਤਮਕ ਸ਼ੈਲੀ', 'ਦ੍ਰਿਸ਼ਾਤਮਕ ਸ਼ੈਲੀ' ਤੇ 'ਫ਼ਿਲਮਾਂਕਣ ਸ਼ੈਲੀ' ਦਾ ਉਸਤਾਦ ਹੋ ਨਿੱਬੜਿਆ।

'ਅੱਖਾਂ' ਦੀ ਭੁੱਖ ਤ੍ਰਿਪਤ ਕਰਨ ਲਈ ਹਰੀਆਂ ਫ਼ਸਲਾਂ, ਖਿੜੇ-ਮਹਿਕੇ ਫੁੱਲਾਂ, ਝੀਲਾਂ-ਦਰਿਆਵਾਂ ਦੇ ਪਾਣੀ ਦੀਆਂ ਲਿਸ਼ਕੋਰਾਂ, ਅਸਮਾਨ ਵਿਚ ਉਡਦੀਆਂ ਤਿੱਤਰ-ਖੰਭੀਆਂ ਬਦਲੀਆਂ, ਭੁੱਜਦੇ ਰੇਤੇ, ਉਡਦੀ ਧੂੜ, ਵਰ੍ਹਦੇ ਮੂਸਲੇਧਾਰ ਮੀਂਹਾਂ, ਸਿਰ 'ਤੇ ਆਏ ਸੂਰਜ ਦੀ ਲਿਸ਼ਕ ਤੇ ਡੁੱਬਦੇ ਸੂਰਜ ਦੀ ਲਾਲੀ ਆਦਿ ਦੇ ਦ੍ਰਿਸ਼ ਸਿਰਜ ਕੇ ਉਹ ਆਪਣੀ ਰਚਨਾ ਵਿਚ ਪ੍ਰਕਿਰਤੀ ਦਾ ਹੁਸਨ ਪੂਰੇ ਜਲੌਅ ਵਿਚ ਦ੍ਰਿਸ਼ਟਮਾਨ ਕਰ ਦਿੰਦਾ ਹੈ। ਖਿਡਾਰੀਆਂ ਦੇ ਟਰੈਕ ਸੂਟਾਂ ਦੇ ਰੰਗ, ਧਾਰੀਆਂ, ਉਨ੍ਹਾਂ ਦੇ ਪਿੰਡੇ ਤੋਂ ਵਹਿੰਦਾ ਮੁੜ੍ਹਕਾ, ਮੱਥੇ ਦੇ ਵੱਟ, ਅੱਖਾਂ ਦੀ ਗਹਿਰ, ਜਿੱਤ ਦਾ ਖੇੜਾ ਤੇ ਹਾਰ ਦੀ ਨਮੋਸ਼ੀ, ਪਿੰਡਿਆਂ ਅਤੇ ਪੰਡਾਲਾਂ ਦੇ ਰੰਗ ਪਾਠਕ ਨੂੰ ਸਾਕਾਰ ਦਿਸਣ ਲਾ ਦਿੰਦਾ ਹੈ।

'ਕੰਨ-ਰਸ' ਲਈ ਉਹਦੀ ਵਾਰਤਕ ਵਿਚ ਕਿਤੇ ਵੰਝਲੀਆਂ, ਸਾਰੰਗੀਆਂ ਤੇ ਅਲਗੋਜ਼ਿਆਂ ਦੀਆਂ ਸੁਰਾਂ ਸੁਣਦੀਆਂ ਹਨ; ਕਿਤੇ ਨਚਾਰ ਦੇ ਪੈਰਾਂ ਨਾਲ ਬੱਝੇ ਘੁੰਗਰੂ ਛਣਕਦੇ ਹਨ; ਕਿਤੇ ਰਣਜੀਤ ਸਿੰਘ ਸਿਧਵਾਂ ਤੇ ਚੰਦ ਸਿੰਘ ਜੰਡੀ ਦੀ ਬੁਲੰਦ ਆਵਾਜ਼ ਵਿਚ 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ' ਦੀ ਉਚੀ ਹੇਕ ਸੁਣਾਈ ਦਿੰਦੀ ਹੈ। ਜੇ ਸੁੰਘਣ-ਸੁਆਦ ਨੂੰ ਤ੍ਰਿਪਤ ਕਰਨ ਲਈ ਉਹਦੀਆਂ ਲਿਖਤਾਂ ਵਿਚ ਤਲ਼ੇ ਜਾਂਦੇ ਪਕੌੜਿਆਂ, ਜਲੇਬੀਆਂ, ਪੱਤ ਚੜ੍ਹਨ 'ਤੇ ਆਏ ਗੁੜ ਦੀ ਮਹਿਕ, ਮਸਾਲੇਦਾਰ ਤੜਕੇ ਦੀ ਵਾਸ਼ਨਾ, ਭੱਠੀ 'ਚੋਂ ਨਿਕਲਦੀ ਸੌਂਫੀਆ ਸ਼ਰਾਬ ਦੀ 'ਖ਼ੁਸ਼ਬੋ' ਨਾਸਾਂ ਵਿਚ ਜਲੂਣ ਛੇੜਦੀ ਹੈ ਤਾਂ ਨਾਲ ਹੀ ਬੱਕਰੀ ਦਾ ਦੁੱਧ ਪਾ ਕੇ ਬਣਾਈ ਕੁੜੰਘੀ ਚਾਹ, ਭਾਫ਼ਾਂ ਛੱਡਦੇ ਗਰਮ ਤੜਕਾਏ ਸਾਗ ਵਿਚ ਘੁਲਦੀ ਮੱਖਣੀ, ਕਾੜ੍ਹਨੀ ਵਿਚ ਕੜ੍ਹਦੇ ਦੁੱਧ ਉਤੇ ਤਰਦੀ ਗੇਰੂਆ ਮਲਾਈ ਦਾ ਸਵਾਦ ਵੀ ਜੀਭ ਉਤੇ ਤੈਰਨ ਲੱਗਦਾ ਹੈ।

ਇਹ ਸਭ-ਕੁਝ ਕਰਨਾ ਸਰਵਣ ਸਿੰਘ ਦੀ ਰਚਨਾ-ਜੁਗਤ ਦਾ ਹਿੱਸਾ ਹੈ। ਉਹ ਮਨੁੱਖ ਦੇ ਮਨ ਅੰਦਰ ਪਏ ਸਥਾਈ ਭਾਵਾਂ ਨੂੰ ਟੁੰਬਣ ਦਾ ਹੁਨਰ ਵੀ ਬਾਖ਼ੂਬੀ ਜਾਣਦਾ ਹੈ। ਸੂਖ਼ਮ ਕਿਸਮ ਦਾ ਹਾਸ-ਵਿਅੰਗ ਤੇ ਟਿੱਚਰ-ਵਿਨੋਦ ਉਹਦੀ ਰਚਨਾ ਜੁਗਤ ਦਾ ਮੀਰੀ ਗੁਣ ਹੈ। ਉਹ ਪਾਠਕ ਨੂੰ ਕੁਤਕੁਤਾਰੀਆਂ ਕੱਢੀ ਜਾਂਦਾ ਹੈ ਤੇ ਜ਼ਿੰਦਗੀ ਦੀ ਕਿਸੇ ਟੇਢ, ਨੁਕਸ ਤੇ ਬੇਤਰਤੀਬੀ ਦੀ ਸੁਹਜਮਈ ਠੁਕਾਈ ਵੀ ਕਰੀ ਜਾਂਦਾ ਹੈ। ਉਸ ਦੀ ਲਿਖਤ ਵਿਚ ਅਕਸਰ ਉਤਸ਼ਾਹ, ਖੇੜੇ, ਹੁਲਾਸ ਅਤੇ ਅਨੰਦ ਦਾ ਬੋਲਬਾਲਾ ਹੁੰਦਾ ਹੈ, ਲੋੜ ਪੈਣ 'ਤੇ ਉਹ ਅੱਥਰੂਆਂ ਦਾ ਛੱਟਾ ਵੀ ਦੇਈ ਜਾਂਦਾ ਹੈ ਪਰ ਪਾਠਕ ਨੂੰ ਅੱਥਰੂਆਂ ਵਿਚ ਡੁੱਬਣ ਨਹੀਂ ਦਿੰਦਾ। ਮਾੜੀਆਂ ਜਿਹੀਆਂ ਅੱਖਾਂ ਸਿੱਲ੍ਹੀਆਂ ਹੁੰਦੀਆਂ ਹਨ ਤਾਂ ਉਹ ਫਿਰ ਪਾਠਕ ਦੀ ਵੱਖੀ ਕੁਤਕੁਤਾ ਦਿੰਦਾ ਹੈ। ਰੋਂਦੇ ਬੰਦੇ ਦੇ ਬੁੱਲ੍ਹਾਂ 'ਤੇ ਮੁੜ ਮੁਸਕਣੀ ਖਿੜ ਉਠਦੀ ਹੈ। ਉਹਦੀ ਰਚਨਾ ਪੜ੍ਹਦਿਆਂ ਪਾਠਕ ਰੰਗ, ਰਸ, ਗੰਧ ਦਾ ਸਵਾਦ ਵੀ ਮਾਣਦਾ ਹੈ; ਹੱਸਦਾ-ਮੁਸਕਰਾਉਂਦਾ ਵੀ ਹੈ; ਉਹਦੀਆਂ ਅੱਖਾਂ ਵੀ ਭਿੱਜਦੀਆਂ ਹਨ; ਮੁੜ੍ਹਕੋ-ਮੁੜ੍ਹਕੀ ਵੀ ਹੁੰਦਾ ਹੈ; ਰੋਹ ਵਿਚ ਵੀ ਆਉਂਦਾ ਹੈ, ਜਿੱਤ ਦੇ ਮੰਚ 'ਤੇ ਖਿਡਾਰੀ ਨਾਲ ਖਲੋ ਕੇ ਆਨੰਦਤ ਵੀ ਹੁੰਦਾ ਹੈ, ਅਸਫ਼ਲ ਹੋਣ 'ਤੇ ਨਿੰਮੋਝੂਣ ਉਦਾਸੀ ਵਿਚ ਸਿਰ ਵੀ ਸੁੱਟਦਾ ਹੈ ਤੇ ਜ਼ਿੰਦਗੀ ਦੇ ਅਨੇਕਾਂ ਵਰਤਾਰਿਆਂ ਦੀ ਸਹਿਜ ਸਮਝ ਵੀ ਪ੍ਰਾਪਤ ਕਰਦਾ ਹੈ।



ਪ੍ਰਿੰ. ਸਰਵਣ ਸਿੰਘ

***ਸਰਵਣ ਸਿੰਘ ਦਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਵਿਲੱਖਣ ਸਥਾਨ ਹੈ। ਉਹ ਪੰਜਾਬੀ ਵਿਚ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਪਹਿਲਾ, ਵੱਡਾ ਤੇ ਪ੍ਰਮਾਣਿਕ ਲੇਖਕ ਹੈ। ਉਸ ਨੇ ਸਿਰਫ਼ ਖੇਡਾਂ ਜਾਂ ਖਿਡਾਰੀਆਂ ਬਾਰੇ ਹੀ ਨਹੀਂ ਲਿਖਿਆ, ਪੰਜਾਬ ਦਾ ਪਿੰਡ ਆਪਣੇ ਸਾਰੇ ਰੰਗਾਂ, ਸੁਰਤੀਆਂ-ਬਿਰਤੀਆਂ ਵਿਚ ਉਠਦਾ, ਜਾਗਦਾ, ਅੰਗੜਾਈਆਂ ਭਰਦਾ, ਹੱਸਦਾ-ਖੇਡਦਾ, ਤਰਦਾ-ਡੁੱਬਦਾ, ਚੜ੍ਹਦਾ-ਤਿਲਕਦਾ, ਖਲੋਤਾ-ਤੁਰਦਾ, ਲਲਕਾਰੇ ਮਾਰਦਾ ਤੇ ਭੁੱਬੀਂ ਰੋਂਦਾ ਦਿਖਾਈ ਦਿੰਦਾ ਹੈ।***

ਨਿਸਚੈ ਹੀ ਸਰਵਣ ਸਿੰਘ ਦਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਵਿਲੱਖਣ ਸਥਾਨ ਹੈ। ਉਹ ਪੰਜਾਬੀ ਵਿਚ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਾ ਪਹਿਲਾ, ਵੱਡਾ ਤੇ ਪ੍ਰਮਾਣਿਕ ਲੇਖਕ ਹੈ। ਉਸ ਨੇ ਸਿਰਫ਼ ਖੇਡਾਂ ਜਾਂ ਖਿਡਾਰੀਆਂ ਬਾਰੇ ਹੀ ਨਹੀਂ ਲਿਖਿਆ, ਪੰਜਾਬ ਦਾ ਪਿੰਡ ਆਪਣੇ ਸਾਰੇ ਰੰਗਾਂ, ਸੁਰਤੀਆਂ-ਬਿਰਤੀਆਂ ਵਿਚ ਉਠਦਾ, ਜਾਗਦਾ, ਅੰਗੜਾਈਆਂ ਭਰਦਾ, ਹੱਸਦਾ-ਖੇਡਦਾ, ਤਰਦਾ-ਡੁੱਬਦਾ, ਚੜ੍ਹਦਾ-ਤਿਲਕਦਾ, ਖਲੋਤਾ-ਤੁਰਦਾ, ਲਲਕਾਰੇ ਮਾਰਦਾ ਤੇ ਭੁੱਬੀਂ ਰੋਂਦਾ ਦਿਖਾਈ ਦਿੰਦਾ ਹੈ। ਅੱਜ ਤੱਕ ਪੰਜਾਬ ਦੇ ਪਿੰਡਾਂ ਬਾਰੇ ਸਭ ਤੋਂ ਪ੍ਰਮਾਣਿਕ ਪੁਸਤਕ ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਗਿਣੀ ਜਾਂਦੀ ਹੈ। ਗੁਰਦਿੱਤ ਸਿੰਘ ਨੇ ਪੰਜਾਬ ਦੇ ਪਿੰਡ ਦੀ ਕਹਾਣੀ ਨੂੰ ਜਿੱਥੇ ਛੱਡਿਆ ਸੀ, ਸਰਵਣ ਸਿੰਘ ਨੇ ਇਹ 'ਦੌੜ' ਉਸ ਤੋਂ ਅੱਗੇ ਸ਼ੁਰੂ ਕੀਤੀ ਹੈ। 'ਪਿੰਡ ਦੀ ਸੱਥ ਚੋਂ', 'ਬਾਤਾਂ ਵਤਨ ਦੀਆਂ' ਤੇ 'ਫੇਰੀ ਵਤਨਾਂ ਦੀ' ਪੜ੍ਹ ਕੇ ਹੀ ਪਤਾ ਲੱਗੇਗਾ ਕਿ ਗੁਰਦਿੱਤ ਸਿੰਘ ਤੋਂ 'ਬੈਟਨ' ਫੜ ਕੇ ਸਰਵਣ ਸਿੰਘ ਨੇ 'ਆਪਣੇ ਹਿੱਸੇ ਦੀ ਦੌੜ' ਕਿੰਨੇ ਤਾਣ ਤੇ ਸ਼ਾਨ ਨਾਲ ਦੌੜ ਲਾਈ ਹੈ!

ਪਿਛਲੇ ਪੰਜਾਹ-ਸੱਠ ਸਾਲਾਂ ਵਿਚ ਪੰਜਾਬ ਦਾ ਪਿੰਡ ਕਿਵੇਂ ਜੀਵਿਆ, ਵਿਚਰਿਆ ਤੇ ਬਦਲਿਆ, ਇਸ ਦੀ ਸਭ ਤੋਂ ਵੱਡੀ ਝਾਕੀ ਸਰਵਣ ਸਿੰਘ ਦੀਆਂ ਲਿਖਤਾਂ ਵਿਚੋਂ ਹੀ ਮਿਲੇਗੀ। ਇਨ੍ਹਾਂ ਲਿਖਤਾਂ ਵਿਚ ਬਦਲ ਰਹੇ ਪੰਜਾਬ ਦੀ ਆਤਮਾ ਦੇ ਬਹੁ-ਰੰਗੇ ਝਲਕਾਰੇ ਦ੍ਰਿਸ਼ਟਮਾਨ ਹੁੰਦੇ ਹਨ। ਉਹਨੇ ਗਿਆਨੀ ਗੁਰਦਿੱਤ ਸਿੰਘ ਦੇ ਬੁਲੰਦ ਝੰਡੇ ਦੇ ਨਾਲ ਆਪਣਾ ਝੰਡਾ ਵੀ ਬਰਾਬਰ ਗੱਡ ਦਿੱਤਾ ਹੈ। ਜੇ ਇਹ ਝੰਡਾ ਗਿਆਨੀ ਹੁਰਾਂ ਦੇ ਝੰਡੇ ਤੋਂ ਉਚਾ ਨਹੀਂ ਤਾਂ ਛੋਟਾ ਤਾਂ ਕਿਸੇ ਸੂਰਤ ਵਿਚ ਵੀ ਨਹੀਂ।

ਮੇਰਾ ਧਿਆਨ ਸਰਵਣ ਸਿੰਘ ਦੀਆਂ ਗਾਹੇ-ਬ-ਗਾਹੇ ਲਿਖੀਆਂ ਚੰਦ ਕੁ ਕਹਾਣੀਆਂ ਵੱਲ ਵੀ ਜਾਂਦਾ ਹੈ। ਉਹਨੇ ਲਿਖੀਆਂ ਤਾਂ ਭਾਵੇਂ ਘੱਟ ਹੀ, ਪਰ ਉਨ੍ਹਾਂ ਵਿਚੋਂ ਘੱਟੋ ਘੱਟ ਅੱਧੀਆਂ ਦਾ ਕੱਦ ਤਾਂ ਪੰਜਾਬੀ ਵਿਚ ਲਿਖੀਆਂ ਗਈਆਂ ਬਿਹਤਰੀਨ ਕਹਾਣੀਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। 'ਨਚਾਰ' ਜਿੱਥੇ ਦੂਹਰੇ ਮਨੁੱਖੀ ਕਿਰਦਾਰ ਦੀ ਸਹਿਜ ਤੇ ਕਲਾਤਮਕ ਅੱਕਾਸੀ ਦੀ ਯਾਦਗਾਰੀ ਤਸਵੀਰ ਹੈ ਓਥੇ ਪੰਜਾਬ ਦੇ ਪੇਂਡੂ ਸਭਿਆਚਾਰ ਨਾਲ ਜੁੜੇ ਪਾਤਰਾਂ ਦੇ ਮਨਪ੍ਰਚਾਵੇ, ਮਾਹੌਲ, ਮਾਨਸਿਕਤਾ ਦਾ ਜੀਵੰਤ ਚਿਤਰ ਵੀ ਹੈ। 'ਬੁੱਢਾ ਤੇ ਬੀਜ' ਉਸ ਸਿਰੜੀ, ਸਿਦਕੀ, ਸਬਰ-ਸਬੂਰੀ ਵਾਲੇ ਸੰਘਰਸ਼ਸ਼ੀਲ ਪੰਜਾਬੀ ਦੀ ਸਦਾ ਲਈ ਚੇਤਿਆਂ ਵਿਚ ਵੱਸ ਜਾਣ ਵਾਲੀ ਕਲਾਮਈ ਦਾਸਤਾਨ ਹੈ ਜਿਹੜਾ ਹਾਲਾਤ ਅੱਗੇ ਕਦੀ ਵੀ ਹਾਰ ਨਹੀਂ ਮੰਨਦਾ; ਜੋ ਬਾਰ ਬਾਰ ਡਿੱਗ ਕੇ ਮੁੜ ਉਠਦਾ ਹੈ ਤੇ ਹਰੇਕ ਅਸਾਵੀਂ ਤੇ ਅਣਸੁਖਾਵੀਂ ਸਥਿਤੀ ਵਿਚ ਨਵੀਂ ਲੜਾਈ ਲੜਨ ਲਈ ਤਿਆਰ ਰਹਿੰਦਾ ਹੈ। 'ਪੰਜ ਰੁਪਿਆਂ ਦਾ ਭਾਰ' ਕਹਾਣੀ ਮਨੁੱਖੀ ਮਨ ਦੀ ਬਹੁ-ਰੰਗਤਾ, ਤਰਲਤਾ ਤੇ ਤਰੰਗਤਾ ਦਾ ਦਿਲ ਨੂੰ ਛੂਹ ਜਾਣ ਵਾਲਾ ਅਜਿਹਾ ਸਜਿੰਦ ਬਿਰਤਾਂਤ ਹੈ ਕਿ ਕਹਾਣੀ ਪੜ੍ਹਦਿਆਂ ਬਿਰਤਾਂਤਕਾਰ ਤੇ ਬੱਸ ਦੇ ਡਰਾਈਵਰ ਦੇ ਨਾਲ ਪਾਠਕ ਦੀਆਂ ਅੱਖਾਂ ਵੀ ਸਿੱਲ੍ਹੀਆਂ ਹੋ ਜਾਂਦੀਆਂ ਹਨ। ਬਿਰਤਾਂਤਕਾਰ ਆਪਣੀ ਗੱਲ ਕਹਿ ਕੇ ਤੇ ਡਰਾਈਵਰ ਬੱਸ ਵਿਚ ਬਹਿ ਕੇ ਆਪ ਤਾਂ ਦ੍ਰਿਸ਼ ਤੋਂ ਅਲੋਪ ਹੋ ਜਾਂਦੇ ਹਨ ਪਰ ਜਾਂਦੇ ਜਾਂਦੇ ਆਪਣੇ ਮਨ ਦਾ ਸਾਰਾ ਭਾਰ ਪਾਠਕ ਦੇ ਮਨ 'ਤੇ ਉਲੱਦ ਜਾਂਦੇ ਹਨ। ਮੈਂ ਜਦ ਵੀ ਇਸ ਕਹਾਣੀ ਦੇ ਅੰਤ ਨੂੰ ਚੇਤੇ ਕਰਦਾ ਹਾਂ ਤਾਂ ਓਸੇ ਵੇਲੇ ਦੋਵਾਂ ਪਾਤਰਾਂ ਦੇ ਮਨ ਦਾ ਭਾਰ ਮੇਰੇ ਮਨ 'ਤੇ ਆਣ ਟਿਕਦਾ ਹੈ। ਇੰਜ ਹੀ 'ਨਿਧਾਨਾ ਸਾਧ ਨਹੀਂ' ਅਤੇ 'ਉਡਦੀ ਧੂੜ ਦਿਸੇ' ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ ਸਤਰਾਂ ਲਿਖਦਿਆਂ ਮੈਨੂੰ ਆਪ ਵੀ ਸੰਗ ਆ ਰਹੀ ਹੈ ਕਿ ਕੁਝ ਮਹੱਤਵਪੂਰਨ ਕਹਾਣੀ ਸੰਗ੍ਰਹਿ ਸੰਪਾਦਤ ਕਰਨ ਸਮੇਂ ਮੈਨੂੰ ਇਨ੍ਹਾਂ ਕਹਾਣੀਆਂ ਨੂੰ ਉਨ੍ਹਾਂ ਸੰਗ੍ਰਹਿਆਂ ਵਿਚ ਸ਼ਾਮਲ ਕਰਨ ਦਾ ਖ਼ਿਆਲ ਕਿਉਂ ਨਾ ਆਇਆ?

ਇਸ ਵਿਚ ਕਸੂਰ ਮੇਰਾ ਵੀ ਹੈ ਤੇ ਸਰਵਣ ਸਿੰਘ ਦਾ ਵੀ। ਮੇਰਾ ਇਸ ਕਰਕੇ ਕਿ ਮੈਂ ਖੇਡ ਲੇਖਣੀ ਦੇ ਸਿਕੰਦਰੇ-ਆਜ਼ਮ ਸਰਵਣ ਸਿੰਘ ਦੇ ਡਲ੍ਹਕਾਂ ਮਾਰਦੇ ਹੀਰਿਆਂ ਜੜੇ ਤਾਜ ਵੱਲ ਹੀ ਇੱਕ-ਟੱਕ ਵੇਖੀ ਗਿਆ; ਉਸ ਦੀ ਸ਼ਹਿਨਸ਼ਾਹੀ ਦੇ ਜਲੌਅ ਨੇ ਕਿਸੇ ਹੋਰ ਪਾਸੇ ਨਜ਼ਰ ਜਾਣ ਹੀ ਨਾ ਦਿੱਤੀ। ਉਹਦਾ ਕਸੂਰ ਇਹ ਹੈ ਕਿ ਉਹ ਆਪਣੇ ਆਪ

*(ਬਾਕੀ ਅਗਲੇ ਸਫੇ 'ਤੇ)*

# ਜੌਹਰ ਦਿਖਾਉਣਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਰਾਜਪੂਤ ਆਪਣੇ ਰਾਜੇ-ਰਾਣੀਆਂ ਦੇ ਇਤਿਹਾਸ ਵਿਚ ਵਾਪਰੇ ਜੌਹਰਾਂ ਦਾ ਬਹੁਤ ਫਖ਼ਰ ਕਰਦੇ ਹਨ। ਮੱਧਕਾਲ ਵਿਚ ਰਾਜਪੂਤਾਨੇ ਦੇ ਰਾਜਪੂਤ ਰਾਜਿਆਂ ਵਿਚ ਇਕ ਪ੍ਰਥਾ ਸੀ ਕਿ ਜਦ ਉਨ੍ਹਾਂ ਨੂੰ ਯੁਧ ਦੌਰਾਨ ਹਾਰ ਯਕੀਨੀ ਹੋ ਜਾਂਦੀ, ਉਨ੍ਹਾਂ ਦੀਆਂ ਰਾਣੀਆਂ, ਹੋਰ ਔਰਤਾਂ ਅਤੇ ਕਈ ਹਾਲਤਾਂ ਵਿਚ ਬੱਚੇ ਵੀ ਆਤਮਦਾਹ ਕਰ ਲੈਂਦੇ। ਅਜਿਹਾ ਉਹ ਪਕੜੇ ਜਾਣ ਤੋਂ ਬਚਣ ਅਤੇ ਆਪਣੇ ਸਤੀਤਵ ਦੀ ਰਾਖੀ ਲਈ ਕਰਦੀਆਂ ਸਨ। ਇਸ ਆਪ ਸਹੇੜੀ ਮੌਤ ਨੂੰ ਜੌਹਰ ਆਖਿਆ ਜਾਂਦਾ ਹੈ। ਇਹ ਰਸਮ ਸਤੀ ਜਿਹੀ ਹੀ ਸੀ ਤੇ ਮਕਸਦ ਵੀ ਲਗਭਗ ਉਹੋ। ਕਿਲੇ ਨੂੰ ਬਚਾਉਂਦੇ ਰਾਜਪੂਤ ਸੈਨਿਕਾਂ ਨੂੰ ਜਦ ਹਾਰ ਦਿਸਣ ਲਗਦੀ ਤਾਂ ਉਹ ਆਖਰੀ ਵਾਰ ਇਕ ਜ਼ੋਰ ਦਾ ਹੱਲਾ ਬੋਲਦੇ। ਜੇ ਆਪਣੇ ਯਤਨ ਵਿਚ ਸਫਲ ਨਾ ਹੋ ਸਕਦੇ ਤਾਂ ਕਿਲੇ ਦੀਆਂ ਸਾਰੀਆਂ ਔਰਤਾਂ ਆਤਮਦਾਹ ਕਰ ਲੈਂਦੀਆਂ। ਉਹ ਆਪਣੇ ਵਿਆਹ ਵਾਲੇ ਕੱਪੜੇ ਪਹਿਨ ਲੈਂਦੀਆਂ ਅਤੇ ਆਪਣੇ ਬੱਚਿਆਂ ਨੂੰ ਆਪਣੀ ਗੋਦੀ ਵਿਚ ਲੈ ਕੇ ਇਕ ਬਲਦੀ ਹੋਈ ਸਮੂਹਕ ਚਿਤਾ ਵਿਚ ਕੁੱਦ ਪੈਂਦੀਆਂ। ਆਪਣੀ ਵੀਰਤਾ ਦੀ ਨਿਸ਼ਾਨੀ ਵਜੋਂ ਉਹ ਆਪਣੇ ਸੱਜੇ ਪੰਜੇ ਦਾ ਨਿਸ਼ਾਨ ਇੱਕ ਮਿੱਟੀ ਦੀ ਕੰਧ ਤੇ ਲਾ ਦਿੰਦੀਆਂ ਸਨ। ਇਹ ਆਤਮਦਾਹ ਰਾਤ ਵੇਲੇ ਵੇਦਾਂ ਦੇ ਮੰਤਰਾਂ ਨਾਲ ਹੁੰਦਾ ਸੀ।

ਰਾਜਸਥਾਨ ਦੇ ਲੋਕ ਗੀਤਾਂ ਵਿਚ ਇਸ ਵੀਰਤਾ ਦਾ ਭਰਪੂਰ ਜ਼ਿਕਰ ਆਉਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਦੁਸ਼ਮਣ ਦੇ ਹਮਲੇ ਤੋਂ ਅਣਲੱਗ ਤੇ ਸੁੱਚਾ ਰਹਿੰਦਾ ਸੀ। ਹਿੰਦੂ ਧਰਮ ਅਨੁਸਾਰ ਅਗਨੀ ਪਵਿਤਰਤਾ ਅਤੇ ਆਤਮ-ਮੁਕਤੀ ਦਾ ਦੁਆਰ ਹੈ। ਦੁਨੀਆਂ ਭਰ ਵਿਚ ਘੋਰ ਸਮਾਜਕ ਬਿਪਤਾ ਦੀ ਸਭ ਤੋਂ ਵਧ ਸਰੀਰਕ ਤੇ ਮਾਨਸਿਕ ਹਾਨੀ ਔਰਤਾਂ ਤੇ ਬੱਚਿਆਂ ਦੀ ਹੀ ਹੁੰਦੀ ਹੈ।

ਚਿਤੌੜ ਦੇ ਕਿਲੇ ਵਿਚ ਹੋਏ ਤਿੰਨ ਜੌਹਰ ਬਹੁਤ ਉਘੇ ਹਨ। 1303 ਵਿਚ ਦਿੱਲੀ ਦੇ ਸੁਲਤਾਨ ਅਲਾਉਦੀਨ ਖਿਲਜੀ ਨੇ ਚਿਤੌੜ ਦਾ ਕਿਲਾ ਘੇਰ ਲਿਆ। ਕਹਿੰਦੇ ਹਨ, ਗੁਹੀਲਿਆਂ ਨੇ ਬਹੁਤ ਬਹਾਦਰੀ ਨਾਲ ਕਿਲੇ ਦੀ ਰੱਖਿਆ ਕੀਤੀ ਪਰ ਅੰਤ ਹਾਰ ਗਏ। ਇਸ ਵਿਚ ਰਾਣੀ ਪਦਮਣੀ ਦੀ ਅਗਵਾਈ ਵਿਚ ਜੌਹਰ ਕੀਤਾ ਗਿਆ ਜਿਸ ਵਿਚ ਦੰਦ-ਕਥਾ ਅਨੁਸਾਰ 16000 ਰਮਣੀਆਂ ਸਤੀ ਹੋਈਆਂ। ਰਾਣਾ ਸਾਂਗਾ ਦੀ ਮੌਤ ਪਿਛੋਂ ਮੇਵਾੜ ਦਾ ਰਾਜ ਉਸ ਦੀ ਵਿਧਵਾ ਰਾਣੀ ਕਰਨਵਤੀ ਨੇ ਸੰਭਾਲਿਆ। ਇਸ ਦੌਰਾਨ ਗੁਜਰਾਤ ਦੇ ਰਾਜੇ ਬਹਾਦਰ ਸ਼ਾਹ ਨੇ ਹੱਲਾ ਬੋਲ ਦਿੱਤਾ। ਦੰਦ ਕਥਾ ਅਨੁਸਾਰ ਰਾਣੀ ਨੇ ਮੁਗਲ ਰਾਜੇ ਹਮਾਯੂੰ ਤੋਂ ਸਹਾਇਤਾ ਮੰਗੀ ਪਰ ਬਹੁਤ ਦੇਰੀ ਹੋ ਚੁੱਕੀ ਸੀ। ਬਹਾਦਰ ਸ਼ਾਹ ਨੇ ਕਿਲਾ ਤਹਿਸ-ਨਹਿਸ ਕਰ ਦਿੱਤਾ। ਰਾਣੀ ਕਰਨਵਤੀ ਦੀ ਅਗਵਾਈ ਵਿਚ ਦੂਜਾ ਵੱਡਾ ਜੌਹਰ ਵਾਪਰਿਆ। ਚਿਤੌੜ ਦਾ ਤੀਜਾ ਵੱਡਾ ਜੌਹਰ 22-23 ਫਰਵਰੀ ਦੀ ਰਾਤ ਨੂੰ ਹੋਇਆ, ਇਸ ਵਾਰੀ ਮੁਗਲ ਬਾਦਸ਼ਾਹ ਅਕਬਰ ਦੀਆਂ ਫੌਜਾਂ ਦੇ ਹਮਲੇ ਕਾਰਨ।

ਅਬੁਲ ਫਜ਼ਲ ਅਨੁਸਾਰ ਇਸ ਜੌਹਰ ਵਿਚ 300 ਔਰਤਾਂ ਨੇ ਆਤਮਦਾਹ ਕੀਤਾ। ਇਨ੍ਹਾਂ ਵਿਚ 9 ਰਾਣੀਆਂ, ਪੰਜ ਸ਼ਹਿਜ਼ਾਦੀਆਂ, ਉਨ੍ਹਾਂ ਦੀਆਂ ਧੀਆਂ, ਦੋ ਦੁੱਧ ਚੁੰਘਦੇ ਬਾਲ ਤੇ ਉਸ ਵਕਤ ਹਾਜ਼ਰ ਹੋਰ ਸਰਦਾਰਾਂ ਦੀਆਂ ਸੁਆਣੀਆਂ ਸ਼ਾਮਲ ਸਨ।

ਅੱਜ ਜੌਹਰ ਨੂੰ ਚਰਚਾ ਦਾ ਵਿਸ਼ਾ ਬਣਾਏ ਜਾਣ ਦਾ ਖਾਸ ਸਬੱਬ ਹੈ। ਪਿਛਲੇ ਦਿਨੀਂ ਮੈਂ ਪੰਜਾਬੀ ਲੇਖਕ ਤੇ ਆਲੋਚਕ ਜਲੌਰ ਸਿੰਘ ਖੀਵਾ ਦਾ ਇਕ ਲੇਖ ਪੜ੍ਹ ਰਿਹਾ ਸਾਂ, "ਜੰਗੀ ਮੁਹਾਵਰੇ



ਤੇ ਕਹਾਵਤਾਂ"। ਇਸ ਵਿਚ 'ਜੌਹਰ ਵਿਖਾਉਣਾ' ਮੁਹਾਵਰੇ ਬਾਰੇ ਮੇਰੇ ਖਿਆਲ ਵਿਚ ਗਲਤ ਤਰ੍ਹਾਂ ਵਿਆਖਿਆ ਕੀਤੀ ਗਈ ਹੈ। ਲੇਖਕ ਅਨੁਸਾਰ "ਰਾਣੀਆਂ, ਦਾਸੀਆਂ, ਤੇ ਨੌਜਵਾਨ ਲੜਕੀਆਂ ਵਲੋਂ ਪਤ ਬਚਾਉਣ ਵਾਲੀ ਰੀਤ ਨੂੰ 'ਜੌਹਰ ਵਿਖਾਉਣਾ' ਦਾ ਨਾਂ ਦਿੱਤਾ ਗਿਆ ਹੈ ਪਰ ਬਾਅਦ ਵਿਚ ਸਮਾਂ ਪਾ ਕੇ ਇਸ ਮੁਹਾਵਰੇ ਦਾ ਅਰਥ ਬਦਲ ਕੇ ਬਹਾਦਰੀ ਵਿਖਾਉਣਾ ਬਣ ਗਿਆ ਜਿਵੇਂ ਅੱਜ ਕਲ੍ਹ ਅਸੀਂ ਵਰਤਦੇ ਹਾਂ।"

ਮੇਰੇ ਗਿਆਨ ਅਨੁਸਾਰ ਔਰਤਾਂ ਵਲੋਂ ਪਤ ਬਚਾਉਣ ਵਾਲੀ ਰੀਤ ਦੇ ਪ੍ਰਸੰਗ ਵਿਚ ਕਦੇ ਵੀ 'ਜੌਹਰ ਵਿਖਾਉਣਾ' ਮੁਹਾਵਰੇ ਦੀ ਵਰਤੋਂ ਨਹੀਂ ਹੋਈ ਬਲਕਿ ਇਸ ਲਈ 'ਜੌਹਰ ਕਰਨਾ' ਜਿਹੀ ਉਕਤੀ ਦੀ ਵਰਤੋਂ ਹੀ ਕੀਤੀ ਜਾਂਦੀ ਹੈ। ਦਰਅਸਲ ਜੌਹਰ ਨਾਂ ਦੇ ਦੋ ਹਮਨਾਮ ਸ਼ਬਦ ਹਨ। ਔਰਤਾਂ ਵਲੋਂ ਆਤਮਦਾਹ ਦੇ ਪ੍ਰਸੰਗ ਵਿਚ ਵਰਤੇ ਜਾਂਦੇ ਸ਼ਬਦ ਜੌਹਰ ਦੀ ਦੋ ਤਰ੍ਹਾਂ ਵਿਉਤਪਤੀ ਕੀਤੀ ਜਾਂਦੀ ਹੈ। ਇਕ ਅਨੁਸਾਰ ਇਹ ਬਣਿਆ ਹੈ ਜੀਵ+ਹਰ ਤੋਂ। ਇਥੇ ਜੀਵ ਤੋਂ ਭਾਵ ਮਨੁੱਖ ਦੇ ਅੰਦਰਲੀ ਜੀਵ ਆਤਮਾ ਜਾਂ ਜਾਨ ਹੈ ਤੇ ਹਰ ਤੋਂ ਭਾਵ ਹੈ ਨਾਸ ਕਰਨਾ ਜਾਂ ਖਤਮ ਕਰਨਾ। ਜੀਵ ਬਾਰੇ ਵੱਖਰਾ ਲੇਖ ਲਿਖਿਆ ਜਾ ਚੁੱਕਾ ਹੈ। ਹਰ ਸ਼ਬਦ ਦਾ ਧਾਤੂ 'ਹ੍ਰੀ' ਹੈ ਜਿਸ ਵਿਚ ਲੈ ਜਾਣਾ, ਚੁਰਾਉਣਾ, ਮਿਟ ਜਾਣਾ ਆਦਿ ਦੇ ਭਾਵ ਹਨ। ਹਿਰੇ ਦਾ ਅਰਥ ਹੁੰਦਾ ਹੈ, ਮਿਟਾਏ, "ਕੋਟਿ ਬਿਘਨ ਹਿਰੇ ਖਿਨ ਮਾਹਿ" (ਗੁਰੂ ਅਰਜਨ ਦੇਵ) ਅਰਥਾਤ ਕਰੋੜਾਂ ਰੁਕਾਵਟਾਂ ਪਲ ਵਿਚ ਮਿਟ ਜਾਂਦੀਆਂ ਹਨ। "ਜਿਸ ਪੇਖਤ ਕਿਲਵਿਖ ਹਿਰਹਿ" (ਗੁਰੂ ਅਰਜਨ ਦੇਵ); "ਕਈ ਜਨਮ ਗਰਭ ਹਿਰਿ ਖਰਿਆ" (ਗੁਰੂ ਅਰਜਨ ਦੇਵ)। 'ਸੀਤਾ ਹਰਨ' ਅਤੇ 'ਚੀਰ ਹਰਨ' ਸ਼ਬਦ ਜੁੱਟਾਂ ਵਿਚ ਆਇਆ ਇਹ ਸ਼ਬਦ ਸਭ ਨੇ ਪੜ੍ਹਿਆ-ਸੁਣਿਆ ਹੋਵੇਗਾ। ਸੀਤਾ ਹਰਨ ਵਿਚ ਰਾਵਣ ਵਲੋਂ ਸੀਤਾ ਨੂੰ ਚੁੱਕ ਲਿਜਾਣ ਤੋਂ ਭਾਵ ਹੈ ਅਤੇ ਚੀਰ ਹਰਨ ਵਿਚ ਦਰੋਪਦੀ ਦੇ ਕੱਪੜੇ ਲਹਿ ਜਾਣ ਤੋਂ।

ਟਰਨਰ ਅਨੁਸਾਰ ਇਹ 'ਜੌਹਰ' ਬਣਿਆ ਹੈ 'ਜਤੁ+ਘਰ' ਤੋਂ। ਇਥੇ 'ਜਤੁ' ਦਾ ਅਰਥ ਲਾਖ ਜਾਂ ਇਸ ਤੋਂ ਉਤਪੰਨ ਰਾਲ ਜਾਂ ਗੂੰਦ ਵੀ ਹੈ। ਜਤੁਘਰ ਜਿਸ ਨੂੰ ਸੰਸਕ੍ਰਿਤ ਵਿਚ 'ਜਤੁ-ਗ੍ਰਹਿਮ' ਕਿਹਾ ਜਾਂਦਾ ਹੈ, ਦਾ ਅਰਥ ਹੋਇਆ ਲਾਖ ਅਤੇ ਹੋਰ ਜਲਣਸ਼ੀਲ ਪਦਾਰਥਾਂ ਨਾਲ ਲਿਪਿਆ ਘਰ। ਮਹਾਭਾਰਤ ਵਿਚ ਇਸ ਸ਼ਬਦ ਦਾ ਜ਼ਿਕਰ ਆਇਆ ਹੈ। ਦੁਰਯੋਧਨ ਦੇ ਕਹਿਣ ਤੇ ਪੁਰੋਚਨ ਨੇ ਸੁੱਤੇ ਪਏ ਪਾਂਡਵਾਂ ਨੂੰ ਜਲਾਉਣ ਲਈ ਅਜਿਹਾ ਘਰ ਬਣਾਇਆ ਸੀ ਪਰ ਪਾਂਡਵਾਂ ਨੂੰ ਇਸ ਦਾ ਪਤਾ ਲੱਗ ਗਿਆ ਤਾਂ ਉਨ੍ਹਾਂ ਇਕ ਸੁਰੰਗ ਪੁੱਟ ਲਈ। ਫਿਰ ਪੰਜ ਪੁੱਤਰਾਂ ਵਾਲੀ ਇਕ ਸੂਦਰ ਔਰਤ ਨੂੰ ਸ਼ਰਾਬ ਪਿਲਾ ਕੇ ਪੁਰੋਚਨ ਅਤੇ ਬੱਚਿਆਂ ਸਮੇਤ ਘਰ ਜਲਾ ਕੇ ਮਾਰ ਦਿੱਤਾ ਤੇ ਆਪ ਸੁਰੰਗ ਤੋਂ ਬਾਹਰ ਆ ਗਏ। ਜੌਹਰ ਦੀ ਕਿਰਿਆ ਇਸ ਨਾਲ ਮਿਲਦੀ-ਜੁਲਦੀ ਹੈ ਤੇ ਸੰਭਵ ਹੈ, ਜਤੁਘਰ ਤੋਂ ਹੀ ਵਿਗੜਦਾ-ਵਿਗੜਦਾ ਜੌਹਰ ਸ਼ਬਦ ਬਣ ਗਿਆ ਹੋਵੇ। ਮੈਨੂੰ ਇਹ ਵਿਉਤਪਤੀ ਵਧੇਰੇ ਤਾਰਕਿਕ ਲਗਦੀ ਹੈ।

'ਜੌਹਰ ਦਿਖਾਉਣਾ' ਮੁਹਾਵਰੇ ਵਿਚ ਆਇਆ ਜੌਹਰ ਫਾਰਸੀ ਅਸਲੇ ਦਾ ਹੈ ਤੇ ਇਸ ਦਾ ਉਪਰ ਵਰਣਿਤ ਜੌਹਰ ਨਾਲ ਕੋਈ ਸਬੰਧ ਨਹੀਂ। ਇਹ ਜੌਹਰ ਮੁਢਲੇ ਤੌਰ 'ਤੇ ਫਾਰਸੀ ਸ਼ਬਦ ਹੈ ਤੇ ਇਸ ਵਿਚ ਇਸ ਦਾ ਪਹਿਲਾ ਰੂਪ ਸੀ ਗੌਹਰ। ਅਰਬੀ ਵਿਚ ਆ ਕੇ ਇਸ ਦਾ ਰੂਪ ਹੋਇਆ ਜੌਹਰ ਕਿਉਂਕਿ ਅਰਬੀ ਵਿਚ 'ਗ' ਧੁਨੀ ਨਹੀਂ ਸੀ ਹੁੰਦੀ। ਇਹ ਗੌਹਰ ਮੁੜ ਫਾਰਸੀ ਵਿਚ ਜੌਹਰ ਦੇ ਰੂਪ ਵਿਚ ਆ ਗਿਆ ਤੇ ਸਾਡੀਆਂ ਭਾਸ਼ਾਵਾਂ ਵਿਚ ਵੀ ਇਸ ਦਾ ਰੂਪ ਜੌਹਰ ਹੀ ਹੈ।

ਫਾਰਸੀ ਵਿਚ ਇਸ ਦਾ ਗੌਹਰ ਰੂਪ ਵੀ ਮਿਲਦਾ ਹੈ। ਦੋਨੋਂ ਸ਼ਬਦਾਂ ਦੇ ਲਗਭਗ ਇਕੋ ਅਰਥ ਹੀ ਹਨ ਯਾਨਿ ਕੀਮਤੀ ਪੱਥਰ, ਰਤਨ, ਮੋਤੀ; ਕਿਸੇ ਚੀਜ਼ ਦਾ ਸਾਰ, ਤੱਤ, ਅਸਲਾ, ਗੁਣ, ਖੂਬੀ; ਤਲਵਾਰ ਆਦਿ ਦੀ ਚਮਕ ਜੋ ਇਸ ਦੇ ਵਧੀਆ ਹੋਣ ਦੀ ਸੂਚਕ ਹੈ, "ਵਾਰਸ ਸ਼ਾਹ ਜਾਂ ਜ਼ੌਕ ਦੀ ਲੱਗੀ ਗੱਦੀ, ਜੌਹਰ ਨਿਕਲੇ ਅਸਲ ਤਲਵਾਰ ਦੇ ਨੇ।"

ਧਿਆਨ ਨਾਲ ਦੇਖੀਏ ਤਾਂ ਸਭ ਅਰਥਾਂ ਦਾ ਆਪਸ ਵਿਚ ਤਾਰਕਿਕ ਜੋੜ ਹੈ। ਇਸ ਵਿਚ ਮੁਖ ਭਾਵ ਚਮਕ ਆਦਿ ਦੇ ਦਿਖਾਈ ਦਿੰਦੇ ਹਨ। ਰਤਨ, ਮੋਤੀ ਜਾਂ ਹੋਰ ਕੀਮਤੀ ਪੱਥਰ ਚਮਕਦਾਰ ਹੀ ਹੁੰਦੇ ਹਨ। ਚਮਕ ਕਿਸੇ ਵੀ ਵਸਤੂ ਦੇ ਵਧੀਆ ਅਤੇ ਮੌਲਿਕ ਹੋਣ ਦਾ ਸਬੂਤ ਹੈ ਇਸ ਲਈ ਇਸ ਵਿਚ ਤੱਤ, ਸਾਰ, ਅਸਲਾ ਗੁਣ ਆਦਿ ਦੇ ਭਾਵ ਸਮਾ ਗਏ। ਜਦੋਂ ਅਸੀਂ ਕਹਿੰਦੇ ਹਾਂ ਕਿ ਉਹ ਤਾਂ ਹੀਰਾ ਹੈ ਤਾਂ ਇਸ ਦਾ ਭਾਵ ਹੁੰਦਾ ਹੈ ਕਿ ਉਹ ਹੀਰੇ ਦੀ ਤਰ੍ਹਾਂ ਗੁਣਵਾਨ, ਆਭਾ ਵਾਲਾ ਹੈ। ਹੀਰੇ ਦਾ ਮੁਖ ਗੁਣ ਇਸ ਦੀ ਚਮਕ ਹੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕੁਝ ਇਕ ਵਾਰੀ ਗਉਹਰ ਸ਼ਬਦ ਆਇਆ ਹੈ ਪਰ ਇਥੇ ਇਸ ਦਾ ਭਾਵ ਗਹਿਰਾ, ਗੰਭੀਰ ਹੈ, ਇਸ ਦਾ ਚਰਚਾ ਅਧੀਨ 'ਗੌਹਰ' ਨਾਲ ਕੋਈ ਸਬੰਧ ਨਹੀਂ। ਹਾਂ, ਮਹਾਨ ਕੋਸ਼ ਵਿਚ ਇਸ ਨੂੰ ਇਕ ਦੋ ਥਾਂਵਾਂ 'ਤੇ ਮੋਤੀ ਆਦਿ ਅਰਥਾਂ ਵਿਚ ਦਰਸਾਇਆ ਗਿਆ ਹੈ ਜਿਵੇਂ, "ਗੁਰ ਗਉਹਰ ਦਰੀਆਉ" ਦਾ ਅਰਥ ਕੀਤਾ ਗਿਆ ਹੈ, "ਸਤਿਗੁਰੂ ਮੋਤੀਆਂ ਦਾ ਨਦ ਹੈ।" ਮੇਰੀ ਸਮਝ ਅਨੁਸਾਰ ਇਥੇ ਭਾਵ 'ਸਤਿਗੁਰੂ ਗੰਭੀਰ ਹੈ' ਹੋਣਾ ਚਾਹੀਦਾ ਹੈ। ਇਥੇ ਆ ਕੇ ਹੀ ਅਸੀਂ 'ਜੌਹਰ ਦਿਖਾਉਣਾ' ਮੁਹਾਵਰੇ ਦੇ ਅਰਥ ਸਮਝ ਸਕਦੇ ਹਾਂ। ਇਸ ਵਿਚ ਮੁਢਲਾ ਭਾਵ ਹੈ, ਆਪਣੇ ਅੰਦਰੂਨੀ ਗੁਣ ਪ੍ਰਗਟ ਕਰਨੇ, ਆਪਣਾ ਅਸਲਾ ਦਿਖਾਉਣਾ ਜਿਵੇਂ 'ਸਿੱਖਾਂ ਨੇ ਅਮਰੀਕੀ ਆਜ਼ਾਦੀ ਦੇ ਸਮਾਗਮਾਂ ਵਿਚ ਗਤਕੇ ਦੇ ਜੌਹਰ ਦਿਖਾਏ।'

ਜੌਹਰ ਖੁਲ੍ਹਣਾ ਜਾਂ ਖੋਲ੍ਹਣਾ ਦਾ ਅਰਥ ਦਿੰਦਾ ਹੈ, ਅੰਦਰੂਨੀ ਗੁਣ ਪ੍ਰਗਟ ਹੋਣੇ ਜਾਂ ਕਰਨੇ। ਅੱਠਵੀਂ ਜਮਾਤ ਵਿਚ ਮੈਨੂੰ ਭੌਤਿਕ-ਵਿਗਿਆਨ ਦਾ ਇਕ ਪਦ 'ਜੌਹਰ ਉਡਾਉਣਾ' ਬੜਾ ਅਜੀਬ ਜਿਹਾ ਲਗਦਾ ਸੀ। ਦਰਅਸਲ ਇਹ ਅੰਗਰੇਜ਼ੀ ਟਰਮ sublime ਦਾ ਉਰਦੂ/ਫਾਰਸੀ ਅਨੁਵਾਦ ਹੈ ਜੋ ਪੰਜਾਬੀ ਵਿਚ ਅਪਨਾ ਲਿਆ ਗਿਆ। ਜੌਹਰ ਉਡਾਉਣਾ ਹੁੰਦਾ ਹੈ, ਕਿਸੇ ਠੋਸ ਵਸਤੂ ਨੂੰ ਗਰਮ ਕਰਕੇ ਤਰਲ ਅਵਸਥਾ ਵਿਚ ਲਿਜਾਏ ਬਿਨਾਂ ਵਾਸ਼ਪਾਂ ਵਿਚ ਬਦਲਨਾ। ਹਿਕਮਤ ਵਿਚ ਇਸ ਢੰਗ ਨਾਲ ਦਵਾਈਆਂ ਬਣਾਈਆਂ ਜਾਂਦੀਆਂ ਹਨ; ਤਦੇ ਤਾਂ 'ਮਹਾਨ ਕੋਸ਼' ਵਿਚ ਜੌਹਰ ਦਾ ਇਕ ਅਰਥ ਇਸ ਤਰ੍ਹਾਂ ਦਿੱਤਾ ਗਿਆ ਹੈ, "ਆਂਚ ਨਾਲ ਉਡਾਈ ਦਵਾ ਦਾ ਸਾਰ।" ਫਾਰਸੀ ਵਿਚ 'ਜੌਹਰੀ ਤਮਰ' ਇਮਲੀ ਦੇ ਸਤ (ਗਲਤ ਤੌਰ 'ਤੇ ਟਾਟਰੀ) ਨੂੰ ਆਖਿਆ ਜਾਂਦਾ ਹੈ। ਇਸ ਤਰ੍ਹਾਂ ਬਣਾਈਆਂ ਕਈ ਦਵਾਈਆਂ ਦੇ ਨਾਂਵਾਂ ਵਿਚ ਜੌਹਰ ਸ਼ਬਦ ਆਉਂਦਾ ਹੈ।

ਜੌਹਰ ਤੋਂ ਹੀ ਜੌਹਰੀ ਸ਼ਬਦ ਬਣਿਆ ਅਰਥਾਤ ਹੀਰੇ ਜਵਾਹਰਾਂ ਦਾ ਪਾਰਖੂ। 'ਨਾਨਕ ਪ੍ਰਕਾਸ਼' ਵਿਚ ਇਕ ਚੌਪਈ ਹੈ,

ਵੇਚਹੁ ਜਾਇ ਤਹਾਂ ਇਹੁ ਲਾਲਾ
ਸੁਨਤਿ ਸ੍ਰੋਨ ਗਮਨੋ ਤਤਕਾਲਾ
ਜਾਇ ਜੌਹਰੀ ਕੋ ਦਿਖਰਾਯੋ
ਤੀਨਤਾਂਬ੍ਰਪਣ ਸਹਨਾਯੋ

ਕਈ ਸ਼ਹਿਰਾਂ ਵਿਚ ਜੌਹਰੀ ਬਾਜ਼ਾਰ ਹੁੰਦੇ ਹਨ। ਜੌਹਰ ਦਾ ਬਹੁਵਚਨ ਹੈ ਜਵਾਹਰ ਪਰ ਅਸੀਂ ਇਸ ਨੂੰ ਇਕਵਚਨ ਵਜੋਂ ਹੀ ਲੈਂਦੇ ਹਾਂ, "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ" (ਗੁਰੂ ਨਾਨਕ ਦੇਵ)। ਇਸ ਬਹੁਵਚਨ ਦਾ ਹੋਰ ਬਹੁਵਚਨ ਬਣਾ ਲਿਆ ਗਿਆ ਹੈ, ਜਵਾਹਰਾਤ। ਵਿਅਕਤੀ ਨਾਂਵਾਂ ਵਿਚ ਵੀ ਇਸ ਦੀ ਵਰਤੋਂ ਹੁੰਦੀ ਹੈ ਜਿਵੇਂ ਜਵਾਹਰ ਲਾਲ।

# ਪ੍ਰਿੰ. ਸਰਵਣ ਸਿੰਘ ਨੂੰ ਪਰਵਾਸੀ ਅਵਾਰਡ

(ਪਿਛਲੇ ਸਫੇ ਦੀ ਬਾਕੀ)

ਨੂੰ ਖੇਡ-ਲੇਖਕ ਵਜੋਂ ਸਥਾਪਤ ਕਰਨ ਵਿਚ ਰੁੱਝ ਗਿਆ ਤੇ ਪੈਂਦੀ ਸੱਟੇ ਇਸ ਖ਼ੇਤਰ ਵਿਚ ਬਣੀ ਸਰਬ ਪ੍ਰਵਾਨਿਤ ਸਰਦਾਰੀ ਨਾਲ ਏਨਾ ਸਰੂਰਿਆ ਗਿਆ ਕਿ ਬਾਕੀ ਦੀਆਂ ਸਾਹਿਤਕ ਵਿਧਾਵਾਂ ਨੂੰ ਊਂ ਹੀ ਟਿੱਚ ਸਮਝਣ ਲੱਗਾ। ਉਸ ਦਾ ਕਥਨ ਹੈ, "ਕਹਾਣੀਆਂ ਲਿਖੀ ਜਾਂਦਾ ਤਾਂ ਨਾ ਮੈਂ ਤਿੰਨਾਂ 'ਚ ਹੁੰਦਾ ਤੇ ਨਾ ਤੇਰ੍ਹਾਂ 'ਚ। ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ 'ਚ ਮੈਂ ਪਹਿਲੇ ਨੰਬਰ 'ਤੇ ਹਾਂ।"

ਉਹਦੇ ਇਸ ਕਥਨ ਬਾਰੇ ਮੈਂ ਸਿਰਫ਼ ਏਨੀ ਟਿੱਪਣੀ ਕਰਨੀ ਹੈ ਕਿ ਸਰਵਣ ਸਿੰਘ ਨਾਲੋ ਨਾਲ ਕਹਾਣੀਆਂ ਵੀ ਲਿਖੀ ਜਾਂਦਾ ਤਾਂ ਉਹ 'ਤਿੰਨਾਂ' ਵਿਚ ਹਰ ਹਾਲਤ ਵਿਚ ਹੀ ਹੁੰਦਾ। ਇਹ ਵੀ ਵੱਡੀ ਗੱਲ ਨਹੀਂ ਕਿ ਕਹਾਣੀਕਾਰ ਵੀ ਪਹਿਲੇ ਨੰਬਰ ਦਾ ਹੀ ਬਣ ਜਾਂਦਾ ਤੇ ਹੁਣ ਤੋਂ ਕਈ ਚਿਰ ਪਹਿਲਾਂ ਸਾਹਿਤ ਅਕਾਦਮੀ ਦਾ ਇਨਾਮ ਵੀ ਕੁੱਟ ਚੁੱਕਾ ਹੁੰਦਾ। ਉਹਦੀ ਸਵੈਜੀਵਨੀ ਤੇ ਸਫ਼ਰਨਾਮੇਂ ਪੜ੍ਹ ਕੇ ਵੇਖ ਲਵੋ ਮੇਰੇ ਆਖੇ ਦੀ ਸਦਾਕਤ ਜਾਣ ਜਾਵੋਗੇ। 'ਅੱਖੀਂ ਵੇਖ ਨਾ ਰੱਜੀਆਂ' ਸਫ਼ਰਨਾਮੇ ਦਾ ਪੰਜਾਬੀ ਦੇ ਚੋਣਵੇਂ ਸਫ਼ਰਨਾਮਿਆਂ ਵਿਚ ਜ਼ਿਕਰ ਕੀਤਾ ਜਾਂਦਾ ਹੈ। ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਸ਼ੁਮਾਰ ਵੀ ਪੰਜਾਬੀ ਦੀਆਂ ਪ੍ਰਮਾਣਿਕ ਤੇ ਯਾਦ-ਯੋਗ ਸਵੈ-ਜੀਵਨੀਆਂ ਵਿਚ ਕੀਤਾ ਜਾਵੇਗਾ।

ਹਾਲ ਦੀ ਘੜੀ ਮੈਂ ਲੇਖਕ ਸਰਵਣ ਸਿੰਘ ਬਾਰੇ ਹੀ ਲਿਖਿਆ ਹੈ, ਸੋਹਣੇ ਸੱਜਣ ਸਰਵਣ 'ਬੰਦੇ' ਬਾਰੇ ਕਦੀ ਫੇਰ ਗੱਲਾਂ ਕਰਾਂਗੇ। ਉਂਜ ਬੰਦੇ ਦਾ ਹੋਣਾ, ਜੀਣਾ-ਥੀਣਾ ਉਹਦਾ ਵਿਚਾਰ ਤੇ ਵਿਹਾਰ ਹੀ ਰਚਨਾ ਵਿਚੋਂ ਸਫੁਟਤ ਹੁੰਦਾ ਹੈ। ਉਹ ਸਿਰੜ੍ਹੀ ਤੇ ਸਿਦਕਵਾਨ ਹੈ। ਸਹਿਜ ਅਤੇ ਸੰਤੁਲਤ ਹੈ। ਰੀਂ ਰੀਂ ਕਰਨ ਵਾਲਾ ਰੋਂਦੂ ਨਹੀਂ; ਹਸੰਦੜਾ-ਖੇਲੰਦੜਾ ਹੈ; ਜ਼ਿੰਦਗੀ ਜਿਊਣ ਅਤੇ ਮਾਨਣ ਦੇ ਚਾਅ ਨਾਲ ਗਲ਼-ਗਲ਼ ਤੱਕ ਡੁੱਬਾ ਹੋਇਆ ਜ਼ਿੰਦਗੀ ਦਾ ਆਸ਼ਕ ਹੈ। ਸੰਸਾਰ ਦੇ ਸਾਰੇ ਸੁਹੱਪਣ ਨੂੰ ਇਕੋ ਵਾਰ ਗਲਵੱਕੜੀ ਵਿਚ ਲੈ ਲੈਣ ਲਈ ਕਾਹਲਾ। ਇਹ ਸਾਰਾ ਕੁਝ ਉਹਦੀ ਲਿਖਤ ਵਿਚੋਂ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ। ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਦਾ ਨਾਮਕਰਨ ਉਹਦੀ ਜੀਵਨ ਨੂੰ ਰੱਜ ਰੱਜ ਕੇ ਵੇਖਣ ਤੇ ਮਾਨਣ ਦੀ ਚਾਹਤ ਦਾ ਹੀ ਪ੍ਰਗਟਾਵਾ ਹੈ।

ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਸਿਰਲੇਖ ਜੀਵਨ ਪ੍ਰਤੀ ਉਹਦੇ ਹਾਂ-ਮੁਖੀ ਰਵੱਈਏ ਦੀ ਸ਼ਾਹਦੀ ਭਰਦਾ ਹੈ। ਉਹਦੀ ਲਿਖਤ ਵਿਚ ਕਿਧਰੇ ਵੀ ਬੇਲੋੜੀ ਉਪਭਾਵਕਤਾ ਦਾ ਲਿਜ਼ਲਿਜ਼ਾ ਪ੍ਰਦਰਸ਼ਨ ਨਹੀਂ ਹੋਇਆ, ਕਿਧਰੇ ਵੀ ਸੰਘਣੀ ਉਦਾਸੀ ਦੇ ਲੰਮੇ ਪ੍ਰਛਾਵੇਂ ਨਹੀਂ ਦਿਸਦੇ। ਨਾ ਉਹ ਜ਼ਿੰਦਗੀ ਵਿਚ ਕਿਸੇ ਨਾਲ ਈਰਖ਼ਾ ਤੇ ਸਾੜਾ ਕਰਦਾ ਹੈ ਨਾ ਹੀ ਉਹਦੀ ਲਿਖਤ ਵਿਚ ਕਿਸੇ ਨਾਲ ਵੈਰ-ਭਾਵ ਦੀ ਹੁਮਕ ਆਉਂਦੀ ਹੈ। ਉਹ ਤਾਂ ਖ਼ੂਬਸੂਰਤ ਤੇ ਖ਼ੁਸ਼ਬੂਦਾਰ ਇਨਸਾਨ ਹੈ। ਇੰਜ ਦੀ ਹੀ ਉਹਦੀ ਲਿਖਤ ਹੈ। ਹਰ ਵੇਲੇ ਮਹਿਕਾਂ ਵੰਡਦੀ, ਉਤਸ਼ਾਹ ਤੇ ਪ੍ਰੇਰਨਾ ਦਿੰਦੀ, ਡਿੱਗਿਆਂ ਨੂੰ ਉਠਣ ਤੇ ਤੁਰਨ ਲਈ ਵੰਗਾਰਦੀ ਤੇ ਸਾਰੀ ਦੁਨੀਆਂ ਨੂੰ ਆਪਣੀ ਹਿੱਕ ਅਤੇ ਮੁਹੱਬਤ ਦੇ ਜ਼ੋਰ 'ਤੇ ਫ਼ਤਿਹ ਕਰ ਲੈਣ ਲਈ ਹੌਂਸਲਾ ਦਿੰਦੀ ਹੋਈ।

> ਸਰਵਣ ਸਿੰਘ ਬੜਾ ਧੱਕੜ-ਧਾਵੀ ਲਿਖਾਰੀ ਹੈ। ਮੈਂ ਬੜਾ ਜ਼ੋਰ ਲਾਇਆ ਕਿ ਉਸ ਨੂੰ ਕਿਸੇ ਨਾ ਕਿਸੇ ਪਾਸਿਓਂ ਕਾਬੂ ਕਰਾਂ। ਗੁੱਟ ਫੜਾਂ ਤਾਂ ਤੁਰਤ ਹੁਜਕਾ ਮਾਰ ਕੇ ਛੁਡਾ ਲੈਂਦਾ ਹੈ, ਲੱਤਾਂ ਨੂੰ ਜੱਫਾ ਮਾਰਨ ਪਾਵਾਂ ਤਾਂ ਹਿਰਨ ਵਾਂਗ ਚੁੰਗੀ ਭਰ ਕੇ ਮੇਰੇ ਉਤੋਂ ਦੀ ਛਾਲ ਮਾਰ ਜਾਂਦਾ ਹੈ। ਕੈਂਚੀ ਮਾਰਾਂ ਤਾਂ ਮੈਨੂੰ ਕੁੱਛੜ ਚੁੱਕੀ ਲਕੀਰ ਟੱਪ ਜਾਂਦਾ ਹੈ। ਗੱਲ ਕੀ; ਉਹਦੇ 'ਚ ਜਾਨ ਹੀ ਏਨੀ ਹੈ, ਜਿਸਮ ਈ ਏਨਾਂ ਤਿਲ੍ਹਕਵਾਂ ਹੈ ਕਿ ਜਿਹੜੇ ਵੀ ਅੰਗ ਨੂੰ ਹੱਥ ਪਾਵਾਂ ਉਹ ਬਦੋ-ਬਦੀ ਹੱਥਾਂ 'ਚੋਂ ਤਿਲ੍ਹਕ ਕੇ ਨਿਕਲ ਜਾਂਦਾ ਹੈ।

ਸਰਵਣ ਸਿੰਘ ਰੌਸ਼ਨੀ ਦਾ ਆਸ਼ਕ ਹੈ, ਕਾਲਖ਼ ਦਾ ਵਣਜਾਰਾ ਨਹੀਂ। ਉਹ ਕਲਮ ਦੀ ਬੁਰਸ਼-ਛੁਹ ਨਾਲ ਮਨਾਂ ਨੂੰ ਲਬੇੜਨ ਵਾਲਾ ਨਹੀਂ ਸਗੋਂ ਮਨਾਂ ਦੀ ਮੈਲ਼ ਧੋਣ ਵਾਲਾ ਲੇਖਕ ਹੈ। 'ਬੀਮਾਰ' ਦ੍ਰਿਸ਼ਟੀ ਦੀ ਥਾਂ ਉਸ ਨੇ 'ਸਿਹਤਮੰਦ' ਨਜ਼ਰ ਨਾਲ ਜੀਵਨ ਨੂੰ ਵੇਖਿਆ ਹੈ। ਸਰਵਣ ਸਿੰਘ 'ਕਾਗ' ਨਹੀਂ 'ਹੰਸ' ਹੈ। ਉਹਦੀ ਹੰਸ-ਬੁੱਧ ਮੋਤੀਆਂ ਦੀ ਮੁਤਲਾਸ਼ੀ ਹੈ।

ਗਾਰਗੀ ਦੀ ਵਾਰਤਕ ਤੋਂ ਪ੍ਰਭਾਵਤ ਹੋ ਕੇ ਵੀ ਉਹ ਗਾਰਗੀ ਤੋਂ ਕਿਤੇ ਵੱਖਰਾ ਅਤੇ ਵਿੱਥ 'ਤੇ ਖਲੋਤਾ ਅਸਮਾਨੀ ਸਿਖ਼ਰਾਂ ਛੁਹ ਰਿਹਾ ਹੈ; ਲਾਹੌਰ ਦੇ ਉਚੇ ਬੁਰਜ ਵਾਂਗ; ਜਿਸ ਦੇ ਹੇਠੋਂ ਸਿਰਜਣਾ ਦੇ ਭਰ-ਵਹਿੰਦੇ ਦਰਿਆ ਵਗਦੇ ਹਨ, ਜਿਨ੍ਹਾਂ ਦਾ ਪਾਣੀ ਰੂਹਾਂ ਨੂੰ ਸਿੰਜਦਾ, ਮਨਾਂ ਦੀਆਂ ਹਰਿਆਵਲਾਂ ਨੂੰ ਹੋਰ ਹਰੀਆਂ ਕਰਦਾ, ਆਸਾਂ-ਉਮੀਦਾਂ ਦੇ ਬੂਟਿਆਂ ਨੂੰ ਨਵੇਂ-ਨਵੇਂ ਫ਼ਲ-ਫੁੱਲ ਲਾਉਂਦਾ, ਜ਼ਿੰਦਗੀ ਦੀ ਫ਼ਸਲ ਨੂੰ ਲਹਿਲਹਾਉਣ ਲਾ ਦਿੰਦਾ ਹੈ।

ਕਿਹਾ ਜਾਂਦਾ ਹੈ ਕਿ ਕਾਮ ਅਤੇ ਕਰੁਣਾ ਦਾ ਬਿਆਨ ਅਤੇ ਵਰਣਨ ਕਿਸੇ ਵੀ ਲਿਖਤ ਨੂੰ ਸਭ ਤੋਂ ਵੱਧ ਪੜ੍ਹਨ-ਯੋਗ ਬਨਾਉਣ ਦੀ ਢੁਕਵੀਂ ਜੁਗਤ ਹੈ। ਪਰ ਇਹ ਸਰਵਣ ਸਿੰਘ ਦੀ ਲਿਖਤ ਦਾ ਕਮਾਲ ਹੀ ਹੈ ਕਿ ਉਹਨੇ ਆਪਣੀ ਰਚਨਾ ਵਿਚ ਇਨ੍ਹਾਂ ਸੰਦਾਂ ਦੀ ਵਰਤੋਂ ਤੋਂ ਬਗ਼ੈਰ ਹੀ ਲਟ ਲਟ ਬਲਦੇ ਜਲੌਅ ਵਾਲੀ ਅਜਿਹੀ ਸੋਹਣੀ ਤੇ ਸੁਹੰਢਣੀ ਵਾਰਤਕ ਸਿਰਜੀ ਹੈ ਕਿ ਪੜ੍ਹਨਯੋਗਤਾ ਦਾ ਇੱਕ ਨਵਾਂ ਤੇ ਨਿਆਰਾ ਮਿਆਰ ਸਥਾਪਤ ਕਰ ਦਿੱਤਾ ਹੈ। ਇਹ ਮਿਆਰ ਹੋਰਨਾਂ ਲੇਖਕਾਂ ਲਈ ਵੀ ਵੰਗਾਰ ਹੈ। ਸਾਡੀ ਤਮੰਨਾ ਹੈ ਕਿ ਕੋਈ ਸੂਰਮਾ ਰਚਨਾਕਾਰ ਆਵੇ ਤੇ ਸਰਵਣ ਸਿੰਘ ਦੇ ਮੈਦਾਨ ਵਿਚ ਰੱਖੇ 'ਪਾਨਾਂ ਦੇ ਬੀੜੇ' ਨੂੰ ਚੁੱਕਣ ਦਾ ਸਾਹਸ ਕਰੇ!

ਸਰਵਣ ਸਿੰਘ ਬੜਾ ਧੱਕੜ-ਧਾਵੀ ਲਿਖਾਰੀ ਹੈ। ਮੈਂ ਬੜਾ ਜ਼ੋਰ ਲਾਇਆ ਕਿ ਉਸ ਨੂੰ ਕਿਸੇ ਨਾ ਕਿਸੇ ਪਾਸਿਓਂ ਕਾਬੂ ਕਰਾਂ। ਗੁੱਟ ਫੜਾਂ ਤਾਂ ਤੁਰਤ ਹੁਜਕਾ ਮਾਰ ਕੇ ਛੁਡਾ ਲੈਂਦਾ ਹੈ, ਲੱਤਾਂ ਨੂੰ ਜੱਫਾ ਮਾਰਨ ਪਾਵਾਂ ਤਾਂ ਹਿਰਨ ਵਾਂਗ ਚੁੰਗੀ ਭਰ ਕੇ ਮੇਰੇ ਉਤੋਂ ਦੀ ਛਾਲ ਮਾਰ ਜਾਂਦਾ ਹੈ। ਕੈਂਚੀ ਮਾਰਾਂ ਤਾਂ ਮੈਨੂੰ ਕੁੱਛੜ ਚੁੱਕੀ ਲਕੀਰ ਟੱਪ ਜਾਂਦਾ ਹੈ। ਗੱਲ ਕੀ; ਉਹਦੇ 'ਚ ਜਾਨ ਹੀ ਏਨੀ ਹੈ, ਜਿਸਮ ਈ ਏਨਾਂ ਤਿਲ੍ਹਕਵਾਂ ਹੈ ਕਿ ਜਿਹੜੇ ਵੀ ਅੰਗ ਨੂੰ ਹੱਥ ਪਾਵਾਂ ਉਹ ਬਦੋ-ਬਦੀ ਹੱਥਾਂ 'ਚੋਂ ਤਿਲ੍ਹਕ ਕੇ ਨਿਕਲ ਜਾਂਦਾ ਹੈ।

ਹਾਰ ਕੇ ਮੈਂ ਸੋਚਿਆ ਕਿ ਉਹ 'ਕੱਲੇ ਨਾਲ 'ਕੱਲੇ ਦੀ 'ਕਬੱਡੀ' ਵਿਚ ਤਾਂ ਮੇਰੇ ਕਾਬੂ ਨਹੀਂ ਆ ਸਕਣਾ ਕਿਉਂ ਨਾ ਉਸਨੂੰ 'ਸਾਂਝਾ ਜੱਫਾ' ਲਾਇਆ ਜਾਵੇ। ਪਰ ਸੱਚੀ ਗੱਲ ਹੈ ਕਿ ਕਾਬੂ ਉਹ ਸਾਡੀ ਸਾਂਝੀ ਟੀਮ ਤੋਂ ਵੀ ਨਹੀਂ ਆਇਆ। ਬਿਨਾਂ ਪਿੰਡੇ ਨੂੰ ਮਿੱਟੀ ਲਵਾਇਆਂ ਉਹ ਸਾਥੋਂ ਛੁੱਟ ਕੇ ਹੰਦਿਆਂ ਦੇ ਪਾਰ ਖਲੋਤਾ, ਪਿੱਛੇ ਮੁੜ ਕੇ ਸਾਡੇ ਵੱਲ ਵਿੰਹਦਾ ਖਿੜ ਖਿੜ ਹੱਸੀ ਜਾਂਦਾ ਹੈ ਤੇ ਬਾਂਹ ਉਚੀ ਕਰਕੇ ਸਾਨੂੰ ਵੰਗਾਰ ਰਿਹਾ ਹੈ।

ਕੋਈ ਗੱਲ ਨਹੀਂ ਭਾਅ ਸਰਵਣ ਸਿਆਂ! ਸਾਨੂੰ ਤੇਰੇ ਤੋਂ ਹਾਰ ਜਾਣ ਦੀ ਕੋਈ ਨਮੋਸ਼ੀ ਨਹੀਂ। ਇਸ ਹਾਰ ਵਿਚ ਹੀ ਜਿੱਤ ਦਾ ਅਸਲੀ ਸਵਾਦ ਹੈ। ਤੂੰ ਲਿਖਣ ਦੇ ਮੈਦਾਨ ਵਿਚ ਏਦਾਂ ਹੀ ਮੱਲਾਂ ਮਾਰਦਾ ਰਹੁ। ਜਿੱਤਾਂ ਜਿੱਤਦਾ ਰਹੁ! ਸਾਡੀਆਂ ਦੁਆਵਾਂ ਤੇਰੇ ਨਾਲ ਨੇ!!

#

ਸਰਾਇਕੀ ਕਹਾਣੀ

# ਸੁਆਹ ਦਾ ਸੇਕ

***ਪਾਕਿਸਤਾਨੀ ਅਫਸਾਨਾਨਿਗਾਰ ਅਹਿਸਨ ਵਾਘਾ ਦੀ ਕਹਾਣੀ 'ਸੁਆਹ ਦਾ ਸੇਕ' ਵਿਚ ਜੂਝਦੇ ਮਨੁੱਖ ਦੀ ਵਾਰਤਾ ਬਿਆਨ ਕੀਤੀ ਗਈ ਹੈ। ਮੁਲਕ ਵਿਚ ਫੌਜੀ ਸਖਤੀ ਕਾਰਨ ਆਮ ਪਾਕਿਸਤਾਨੀ ਲਿਖਤਾਂ ਵਾਂਗ, ਇਸ ਰਚਨਾ ਵਿਚ ਵੀ ਬੜਾ ਕੁਝ ਸੰਕੇਤਾਂ ਨਾਲ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਇਹ ਉਨ੍ਹਾਂ ਨਾਇਕਾਂ ਦੀ ਕਹਾਣੀ ਹੈ ਜਿਹੜੇ ਆਪਣੇ ਲੋਕਾਂ ਅਤੇ ਸਮਾਜ ਨੂੰ ਅੱਗੇ ਲਿਜਾਣ ਲਈ ਆਪਣੇ ਦਿਨਾਂ ਤੇ ਰਾਤਾਂ ਦਾ ਸੁਖ-ਚੈਨ ਦਾਅ ਉਤੇ ਲਾ ਕੇ ਘਰੋਂ ਨਿਕਲੇ ਹੋਏ ਹਨ। -ਸੰਪਾਦਕ***

**ਅਹਿਸਨ ਵਾਘਾ**

"ਆਓ ਮੀਆਂਵਾਲੀ, ਮੀਆਂਵਾਲੀ ਵਾਲਿਓ!"

"... ਚੱਲੋ ਉਸਤਾਦ ਜੀ।" ਬੱਸ ਉਹਨੂੰ ਲਾਹ ਕੇ ਚਲੀ ਗਈ। ਉਹ ਇਕ ਪਲ ਲਈ ਰੁਕ ਕੇ ਨਵੇਂ ਮਾਹੌਲ ਦੀ ਖੁਸ਼ਬੂ ਮਹਿਸੂਸ ਕਰਦਾ ਰਿਹਾ। ਉਹ ਇਕੱਲਾ ਹੀ ਬੱਸ ਵਿਚੋਂ ਉਤਰਿਆ ਸੀ। ਇਹ ਗੱਲ ਉਹਦੇ ਲਈ ਤਸੱਲੀ ਵਾਲੀ ਸੀ। ਚਾਰੇ ਪਾਸਿਆਂ ਤੋਂ ਵਿਸਾਖ ਦੀ ਧੁੱਪ ਨੇ ਉਸ ਦਾ ਸਵਾਗਤ ਕੀਤਾ। ਸੜਕ ਤੋਂ ਕੁਝ ਫਾਸਲੇ ਉਤੇ ਇਕ ਝੌਂਪੜੇ ਵਿਚ ਖਾਸੀ ਰੌਣਕ ਸੀ। ਮਿੱਟੀ ਨਾਲ ਲਿੱਪੇ ਹੋਏ ਉਚੇ ਚੁੱਲ੍ਹੇ ਉਤੇ ਦੁੱਧ ਦਾ ਪਤੀਲਾ ਰੱਖਿਆ ਹੋਇਆ ਸੀ। ਕੋਲ ਹੀ ਥਾਲ ਵਿਚ ਚੀਨੀ ਦੀਆਂ ਧੋਤੀਆਂ ਹੋਈਆਂ ਪਿਆਲੀਆਂ ਰੱਖੀਆਂ ਹੋਈਆਂ ਸਨ। ਸ਼ੀਸ਼ੇ ਦੇ ਮਰਤਬਾਨ ਵਿਚ ਚਾਹ ਨਾਲ ਖਾਣ ਲਈ ਰਸ ਰੱਖੇ ਹੋਏ ਸਨ। ਇਹ ਥਲ ਦੇ ਹੋਟਲ ਦਾ ਕਾਊਂਟਰ ਅਤੇ ਕਿਚਨ ਸੀ। ਉਸ ਦੇ ਪਿੱਛੇ ਹਮਾਚਾ (ਵੱਡੀ ਖੱਟ) ਰੱਖਿਆ ਹੋਇਆ ਸੀ ਜਿਸ ਉਤੇ ਇਕ ਆਦਮੀ ਲੇਟਿਆ ਹੋਇਆ ਹੁੱਕਾ ਪੀ ਰਿਹਾ ਸੀ। ਗਾਹਕ ਨੂੰ ਆਉਂਦਾ ਦੇਖ ਉਹ ਸਿੱਧਾ ਹੋ ਕੇ ਬਹਿ ਗਿਆ ਅਤੇ ਪਤੀਲੇ ਥੱਲੇ ਅੱਗ ਠੀਕ ਕਰਨ ਲੱਗਾ।

"ਇਹ ਕੱਲ੍ਹ ਦਾ ਏ।" ਗਾਹਕ ਨੂੰ ਅਖ਼ਬਾਰ ਪਲਟਦਿਆਂ ਵੇਖ ਕੇ ਉਹ ਕਹਿਣ ਲੱਗਾ।

ਖ਼ੈਰ, ਇਸ ਦੇ ਬਾਵਜੂਦ ਉਸ ਨੇ ਚਾਹ ਦਾ ਆਰਡਰ ਦੇ ਦਿੱਤਾ।

"ਸਾਈਂ, ਚਾਹ ਦੀ ਪੱਤੀ ਤਾਂ ਖਤਮ ਹੋ ਚੁੱਕੀ ਏ। ਦੁਪਹਿਰ ਦੀ ਬੱਸ ਰਾਹੀਂ ਆ ਜਾਵੇਗੀ, ਲੱਸੀ ਬਣਾ ਦਿਆਂ?"

"ਨਹੀਂ।"

ਉਸ ਨੇ ਜੇਬ ਵਿਚੋਂ ਪੈਂਨਸਿਲ ਨਾਲ ਬਣਿਆ ਨਕਸ਼ਾ ਕੱਢ ਕੇ ਵੇਖਿਆ ਤੇ ਰਾਹ ਪੁੱਛਿਆ- "ਪ੍ਰੀਤ ਵਾਲਾ?"

"ਸਾਈਂ, ਵਿਚੋ-ਵਿਚ ਵਾਲਾ ਰਸਤਾ ਲਓਗੇ ਤਾਂ ਭੁੱਲ ਜਾਓਗੇ। ਚੰਗਾ ਏ, ਜੇ ਨਹਿਰ ਦੀ ਪਟੜੀ ਫੜ ਲਓ। ਅਹੁ ਸਾਹਮਣੇ ਟਾਹਲੀ ਦੇ ਦਰਖ਼ਤ, ਨਹਿਰ ਦੇ ਕੰਢੇ ਕੰਢੇ ਲੱਗੇ ਹੋਏ ਹਨ।"

ਉਸ ਨੇ ਬ੍ਰੀਫਕੇਸ ਚੁੱਕਿਆ। ਉਚੇ ਨੀਵੇਂ ਟੱਪੇ ਯਾਦ ਆਉਂਦੇ ਚਲੇ ਗਏ। ਉਹ ਜਾਣ-ਬੁੱਝ ਕੇ ਮਟਕ ਮਟਕ ਕੇ ਤੁਰਦਾ ਗਿਆ। ਥੋੜ੍ਹੀ ਦੇਰ ਪਿਛੋਂ, ਪਿੱਛੇ ਮੁੜ ਕੇ ਵੇਖਣ ਤੇ ਤਸੱਲੀ ਕਰ ਲੈਣ ਦੀ ਆਦਤ ਵੀ ਪੂਰੀ ਕਰਦਾ ਗਿਆ, ਪਰ ਸਭ ਤੋਂ ਵੱਧ ਤਸੱਲੀ ਵਾਲੀ ਗੱਲ ਇਹ ਸੀ ਕਿ ਉਹ ਬੱਸ ਤੋਂ ਇਕੱਲਾ ਹੀ ਉਤਰਿਆ ਸੀ। ਇਹ ਤਾਂ ਇਸ ਮੁਲਕ ਦੀ ਇੰਟੈਲੀਜੈਂਸ ਦਾ ਹਾਲ ਏ! ... ਉਹ ਨਹਿਰ ਦੇ ਕੰਢੇ ਕੰਢੇ ਤੁਰਦਾ ਰਿਹਾ। ਨਹਿਰ ਕੁਝ ਦਿਨ ਪਹਿਲਾਂ ਹੀ ਸੁੱਕੀ ਹੋਣੀ ਹੈ। ਆਖਿਰਕਾਰ ਘੱਲੂ ਫਕੀਰ ਦਾ ਡੇਰਾ ਨਜ਼ਰੀਂ ਆ ਗਿਆ। ਉਹ ਕੁਝ ਚਿਰ ਲਈ ਸੁੱਕੀ ਨਹਿਰ ਵਿਚ ਉਤਰ ਕੇ ਠੰਢੀ ਠੰਢੀ ਰੇਤ ਉਤੇ ਲੇਟ ਗਿਆ।

ਦਿਨ ਡੁੱਬਣ ਵਾਲਾ ਸੀ। ਉਸ ਨੇ ਇਕ ਵਾਰ ਫਿਰ ਨਕਸ਼ਾ ਕੱਢ ਕੇ ਵੇਖਿਆ। ਫਿਰ ਉਠਿਆ ਤੇ ਨਹਿਰ ਦਾ ਕੰਢਾ ਛੱਡ ਕੇ ਡੇਰੇ ਵੱਲ ਚੱਲ ਪਿਆ। ਉਸ ਨੇ ਛੱਜੇ ਥੱਲੇ ਕਦਮ ਰੱਖਿਆ।

"ਆ ਕਰਮਾਂ ਵਾਲਿਆ, ਮੰਜੀ ਬਾਹਰ ਵਿਛਾ ਦੇ।"

"ਨਾ ਸਲਾਮ ਨਾ ਦੁਆ, ਇਹ ਚੰਗਾ ਘੱਲੂ ਫਕੀਰ ਏ।" ਖੈਰ, ਉਸ ਨੇ ਛੱਜੇ ਵਿਚੋਂ ਖਿੱਚ ਕੇ ਖੱਟ ਬਾਹਰ ਕੱਢੀ। ਫਕੀਰ ਕੰਬਦਿਆਂ ਹੋਇਆਂ ਖਿਸਕਣ ਲੱਗਾ।

"ਹੱਥ ਵਧਾ ਅਤੇ ਮੇਰੇ ਨੇੜੇ ਆ, ਚੱਲ।"

ਜਦੋਂ ਤੁਸੀਂ ਉਠ-ਬਹਿ ਨਹੀਂ ਸਕਦੇ, ਤਾਂ ਜੰਗਲ ਵਿਚ ਇਕੱਲੇ ਕਿਉਂ ਪਏ ਹੋ।" ਉਸ ਨੇ ਫਕੀਰ ਨੂੰ ਸਹਾਰਾ ਦੇ ਕੇ ਖੱਟ ਤੀਕ ਪਹੁੰਚਾ ਦਿੱਤਾ।

"ਪਾਣੀ ਅੰਦਰ ਰੱਖਿਆ ਏ ਅਤੇ ਲੋਟੇ ਵਿਚ ਉਬਲੇ ਹੋਏ ਚਣੇ ਵੀ ਪਏ ਹਨ। ਜਿਹੜੇ ਬਚ ਜਾਣ, ਢਕ ਦੇਣਾ।"

"ਬਹੁਤ ਅੱਛਾ।" ਉਸ ਨੇ ਉਬਲੇ ਹੋਏ ਚਣੇ ਖਾਧੇ ਬਿਨਾਂ ਹੀ ਪਾਣੀ ਪੀ ਲਿਆ।

"ਆਓ ਹੁਣ ਅੱਗ ਸੁਲਗਾ ਦਿਓ... ਪਾਥੀ ਬੁਝ ਜਾਵੇਗੀ।" ਫਕੀਰ ਨੇ ਦੂਜਾ ਹੁਕਮ ਦੇ ਦਿੱਤਾ। ਚੁੱਲ੍ਹੇ ਵਿਚ ਪਾਥੀ ਸੁਲਗਾਈ ਹੋਈ ਸੀ। ਉਹ ਕੁਝ ਝਾੜੀਆਂ ਤੋੜ ਕੇ ਅਤੇ ਉਨ੍ਹਾਂ ਵਿਚੋਂ ਇਕ-ਅੱਧੀ ਮੋਟੀ ਲੱਕੜ ਉਸ ਉਤੇ ਰੱਖ ਕੇ ਵਾਪਸ ਆ ਕੇ ਖੱਟ ਉਤੇ ਬਹਿ ਗਿਆ।

"ਅੱਗ ਬਲੀ ਕਿ ਨਹੀਂ?"

ਉਹ ਦੁਬਾਰਾ ਉਠਿਆ ਅਤੇ ਇਕ-ਅੱਧ ਲੱਕੜ ਹੋਰ ਚੁੱਲ੍ਹੇ ਵਿਚ ਪਾ ਦਿੱਤੀ ਜਿਸ ਨਾਲ ਧੂੰਆਂ ਉੱਠਣ ਲੱਗਾ। "ਇਹੀ ਦੋ-ਚਾਰ ਲੱਕੜਾਂ ਬਾਕੀ ਹਨ ਸਾਈਂ। ਜੇ ਇਨ੍ਹਾਂ ਨੂੰ ਵੀ ਬਾਲ ਦਿਆਂ ਤਾਂ ਤੁਹਾਡੀ ਮਜਲਸ ਦਾ ਕੀ ਬਣੇਗਾ... ਸੁਣਿਆ ਏ ਕਿ ਤੁਹਾਡੇ ਕੋਲ ਤਾਂ ਸਾਰੀ ਰਾਤ ਧੂਣੀ ਬਲਦੀ ਰਹਿੰਦੀ ਹੈ।"

"ਨੇੜੇ ਆਓ।" ਉਹ ਕੁਝ ਚਿਰ ਪਿਛੋਂ ਬੋਲਿਆ।

"ਅੱਗ ਬਾਲੋ, ਜੁਆਨ ਅੱਗ ਬਾਲੋ... ਧੂਣਾ ਬਣਾਓ... ਜੇ ਧੂਣਾ ਨਾ ਬਲਿਆ ਤਾਂ ਮਜਲਸ ਕਿਵੇਂ ਜੰਮੇਗੀ। ਭਲਾ ਧੂੰਏਂ ਉਤੇ ਵੀ ਮਜਲਸ ਇਕੱਠੀ ਹੋਈ ਹੈ... ਅੱਗ ਬਾਲੋ... ਤੁਸੀਂ ਲੱਕੜਾਂ ਦੀ ਫਿਕਰ ਨਾ ਕਰੋ, ਵੱਡੇ ਲੱਕੜਹਾਰੇ! ਮਜਲਸ ਦੀ ਫਿਕਰ ਕਰੋ, ਲੱਕੜਾਂ ਤਾਂ ਹਰ ਕੋਈ ਆਪਣੇ ਲਈ ਇਕੱਠੀਆਂ ਕਰ ਕੇ ਰੱਖਦਾ ਏ।"

ਉਹ ਮੁਸਕਰਾਉਂਦਾ ਹੋਇਆ ਦੁਬਾਰਾ ਧੂੰਏਂ ਵੱਲ ਗਿਆ।

"ਬਾਲੋ ਪਿਆਰੇ, ਅੱਗ ਬਾਲੋ। ਅੱਗ ਸੁਲਗਾਉਣ ਦਾ ਵੀ ਮੌਸਮ ਹੁੰਦਾ ਏ।"

ਫਿਰ ਅੱਗ ਬਲਦੀ ਗਈ ਅਤੇ ਥੋੜ੍ਹੀ ਹੀ ਦੇਰ ਵਿਚ ਲੋਕਾਂ ਦਾ ਮੇਲਾ ਸਜਣ ਲੱਗਾ। ਕਿਸੇ ਦੇ ਹੱਥ ਵਿਚ ਝਾੜੀ ਤੇ ਕਿਸੇ ਦੇ ਹੱਥ ਵਿਚ ਕਾਨੇ ਸਨ।

ਗੰਨੇ ਤਾਂ ਹਰ ਕਿਸੇ ਚੁੱਕੇ ਹੋਏ ਸਨ। ਇਕ ਬੰਦੇ ਤੋਂ ਫਕੀਰ ਨੇ ਗੰਨਾ ਲੈ ਕੇ ਉਹਨੂੰ ਫੜਾ ਦਿੱਤਾ। ਇਸੇ ਕਾਰਨ ਲੋਕਾਂ ਨੂੰ ਇਹ ਗਲਤਫਹਿਮੀ ਹੁੰਦੀ ਸੀ ਕਿ ਫਕੀਰ ਮਨ ਦੀ ਬੁੱਝ ਲੈਂਦੇ ਹਨ। ਉਹਨੂੰ ਸੱਚੀ-ਮੁੱਚੀ ਗੰਨਾ ਚੂਪਣ ਦੀ ਖਾਹਿਸ਼ ਹੋ ਰਹੀ ਸੀ। ਲੋਕੀਂ ਮਜਲਸ ਵਿਚ ਧੂਣੇ ਤੋਂ ਜ਼ਰਾ ਹਟ ਕੇ ਥੜ੍ਹੇ 'ਤੇ ਬੈਠੇ ਹੋਏ ਗੱਲਾਂ ਕਰ ਰਹੇ ਸਨ।

"ਸਾਈਂ, ਇਜਾਜ਼ਤ ਦਿਓ... ਪ੍ਰੀਤ ਵਾਲਾ ਜਾਣਾ ਏਂ।" ਉਸ ਨੇ ਉਠ ਕੇ ਉਥੋਂ ਦੀ ਵਿਦਾਅ ਲੈਣ ਸਬੰਧੀ ਰਵਾਇਤ ਦਾ ਅੰਦਾਜ਼ਾ ਲਾਇਆ ਕਿ ਚੱਲਣ ਤੋਂ ਪਹਿਲਾਂ ਫਕੀਰ ਨਾਲ ਹੱਥ ਵੀ ਮਿਲਾਉਣਾ ਪਏਗਾ। ਉਸ ਨੇ ਘੱਲੂ ਫਕੀਰ ਦੇ ਥੜ੍ਹੇ ਵੱਲ ਹੱਥ ਵਧਾਉਂਦੇ ਹੋਏ ਆਪਣੀ ਆਦਤ ਮੁਤਾਬਕ ਘੜੀ 'ਤੇ ਨਜ਼ਰ ਮਾਰੀ। ਹਨੇਰਾ ਹੋ ਗਿਆ ਏ ਵਕਤ ਮੁਨਾਸਬ ਏ।

"ਜਿਉਂ ਹੀ ਮਹਿਫ਼ਲ ਜੰਮੀ ਏਂ, ਤੁਸੀਂ ਚੱਲ ਪਏ ਹੋ। ਕਿਸੇ ਤੋਂ ਡਰਦੇ ਹੋ ਅਜਨਬੀ?" ਫਕੀਰ ਨੇ ਉਸ ਤੋਂ ਹੱਸਦਿਆਂ ਹੋਇਆਂ ਪੁੱਛਿਆ, ਪਰ ਹੱਥ ਨਾ ਮਿਲਾਇਆ। ਉਸ ਨੇ ਆਖਰੀ ਸ਼ੱਕ ਭਰੀ ਨਿਗ੍ਹਾ ਥੜ੍ਹੇ 'ਤੇ ਬੈਠੇ ਹੋਏ ਹਰ ਆਦਮੀ 'ਤੇ ਸੁੱਟੀ ਅਤੇ ਚੱਲ ਪਿਆ। ਉਹ ਥੋੜ੍ਹੀ ਦੇਰ ਪਿੱਛੋਂ ਰੁਕਦਾ, ਪਿੱਛੇ ਮੁੜ ਕੇ ਵੇਖਦਾ ਅਤੇ ਚੱਲ ਪੈਂਦਾ।

"ਦੋਵੇਂ ਭੈਣਾਂ ਹਨ ਬੱਚਿਆ, ਇਕ ਸਕੂਲ ਪੜ੍ਹਾਉਂਦੀ ਏ ਤੇ ਦੂਜੀ ਪਿੰਡ ਦੀਆਂ ਔਰਤਾਂ ਨੂੰ ਨਿੱਤ ਨਵੀਆਂ ਨਸੀਹਤਾਂ ਤੇ ਹਦਾਇਤਾਂ ਦਿੰਦੀ ਰਹਿੰਦੀ ਏ। ਇਹ ਪਿਸ਼ਾਵਰ ਵਿਚ ਪੜ੍ਹਦੀ ਰਹੀ ਏ। ਅਸਲ ਵਿਚ ਇਹ ਕਰੋੜ ਦੀਆਂ ਰਹਿਣ ਵਾਲੀਆਂ ਹਨ, ਪਰ ਹੁਣ ਇਥੇ ਹੀ ਪੱਕੇ ਤੌਰ 'ਤੇ ਰਹਿ ਗਈਆਂ ਹਨ, ਚੱਲ ਚੱਲ ਦੇਹ ਸਾਈਂ ਮਰੀ।" ਉਹਨੂੰ ਆਪਣੇ ਕੜ੍ਹੇ ਨੂੰ ਵੀ ਹਾਕ ਲਾਉਣੀ ਪੈਂਦੀ ਜਿਸ ਤੋਂ ਉਹ ਚਕਰਾ ਜਾਂਦਾ।

"ਉਂਜ ਹਨ ਉਹ ਭਲੀਆਂ ਮਾਣਸ ਔਰਤਾਂ। ਬਈ ਇਨ੍ਹਾਂ ਕੁੜੀਆਂ ਨੇ ਤਾਂ ਮਰਦਾਂ ਨਾਲੋਂ ਵੱਧ ਔਰਤਾਂ ਨੂੰ ਪੜ੍ਹਾ ਦਿੱਤਾ ਏ... ਵੱਡੀ ਭੈਣ ਤਾਂ ਬਕਾਇਦਾ ਪੰਚਾਇਤ ਲਾ ਕੇ ਬੈਠਦੀ ਏ। ਤੁਸੀਂ ਦਿਨ ਛੁਪਣ ਤੋਂ ਬਾਅਦ ਰਾਤ ਵੇਲੇ ਉਨ੍ਹਾਂ ਦੇ ਘਰ ਜਾ ਰਹੇ ਹੋ। ਦੋਵੇਂ ਇਕੱਲੀਆਂ ਸੁੱਤੀਆਂ ਹੋਈਆਂ ਹੋਣਗੀਆਂ।" ਕੜ੍ਹੇ ਵਾਲੇ ਨੇ ਉਹਨੂੰ ਉਸਤਾਨੀ ਦੇ ਘਰ ਤੀਕ ਪਹੁੰਚਾ ਦਿੱਤਾ। ਉਸ ਨੇ ਦਰਵਾਜ਼ਾ ਖਟਖਟਾਇਆ।

"ਕੌਣ... ਬਈ ਕੌਣ ਏਂ ਇਸ ਵੇਲੇ?" ਅੰਦਰੋਂ ਕਿਸੇ ਨੇ ਰੇਡੀਓ ਬੰਦ ਕੀਤਾ ਅਤੇ ਕਿਸੇ ਦੇ ਕਦਮਾਂ ਦੀ ਚਾਪ ਦਰਵਾਜ਼ੇ ਤੱਕ ਆਈ।

"ਮਿਸ ਰੱਜ਼ੀ ਹਨ?"

"ਤੁਸੀਂ ਕੌਣ ਹੋ?"

"ਮੈਂ ਹਸਨੀ ਆਂ, ਮਾਰਫ਼ਤ ਪ੍ਰੋਫੈਸਰ ਜ਼ਾਹਿਰ ਸ਼ਾਹ। ਉਂਝ ਮੈਂ ਹਸਨੀ ਆਂ, ਪੰਜ ਸਾਲ ਪਹਿਲਾਂ...।"

"ਹਸਨੀ, ਹਸਨੀ।" ਇੰਨੇ ਵਿਚ ਉਸ ਨੇ ਦਰਵਾਜ਼ਾ ਖੋਲ੍ਹ ਦਿੱਤਾ।

"ਅੱਛਾ, ਅੱਛਾ ਹਸਨੀ! ਆਓ ਬਈ, ਉਨ੍ਹਾਂ ਦਿਨਾਂ ਵਿਚ ਤਾਂ ਤੁਸੀਂ ਸਿਰਫ਼ ਮੋਟਰਸਾਈਕਲ ਚਲਾਇਆ ਕਰਦੇ ਸਓ।" ਉਹ ਖਿੜ ਉਠੀ।

ਹਸਨੀ ਨੇ ਵੇਖਿਆ ਕਿ ਲਾਲਟੈਣ ਦੀ ਮੱਧਮ ਰੋਸ਼ਨੀ ਵਿਚ ਉਹ ਥਲ ਦੀਆਂ ਆਮ ਔਰਤਾਂ ਵਾਲੀ ਪੁਸ਼ਾਕ ਪਾਈ ਕਿਸੇ ਘਰ-ਬਾਰ ਵਾਲੀ ਉਸ ਔਰਤ ਵਾਂਗ ਉਸ ਦੇ ਸਾਹਮਣੇ ਖੜ੍ਹੀ ਸੀ ਜਿਸ ਨੇ ਹੁਣੇ ਹੁਣੇ ਰੋਂਦੇ ਹੋਏ ਬੱਚਿਆਂ ਨੂੰ ਚੁੱਪ ਕਰਾ ਕੇ ਸੁਆ ਦਿੱਤਾ ਹੋਵੇ। ਉਸ ਦੀਆਂ ਗੱਲ੍ਹਾਂ ਉਤੇ ਹਲਕਾ ਹਲਕਾ ਪਸੀਨਾ ਝਲਕ ਰਿਹਾ ਸੀ। ਗਰਮੀ ਦੀ ਵਜ੍ਹਾ ਨਾਲ ਗਲੇ ਵਾਲੀ ਕਮੀਜ਼ ਦੇ ਬਟਨ ਵੀ ਖੋਲ੍ਹ ਰੱਖੇ ਸਨ ਅਤੇ ਉਸ ਦੇ ਸਰੀਰ ਉਤੇ ਕੱਸੀ ਹੋਈ ਬਨੈਣ ਸਾਫ਼ ਨਜ਼ਰ ਆ ਰਹੀ ਸੀ... ਹਾਲਾਂਕਿ ਮੌਸਮ ਇੰਨਾ ਗਰਮ ਨਹੀਂ ਸੀ।

"ਬਈ ਅਸੀਂ ਤਾਂ ਸਾਂ ਅਜਨਬੀ ਅਤੇ ਤੁਸੀਂ ਲੀਡਰ ਸਓ... ਅਸੀਂ ਤੁਹਾਨੂੰ ਸਿਰਫ਼ ਮੋਟਰਸਾਈਕਲ ਚਲਾਉਂਦੇ ਦੇਖਿਆ ਕਰਦੇ ਸਾਂ।" ਉਹ ਵਿਹੜੇ ਵਿਚ ਇਕ-ਦੋ ਕਦਮ ਚੱਲ ਕੇ ਵਾਪਸ ਆ ਗਈ।




"ਗੱਲ ਇਹ ਹੈ ਰਜ਼ੀਆ ਬੀਬੀ, ਮੈਂ ਬੜੀ ਮੁਸ਼ਕਿਲ ਵਿਚ ਫਸ ਗਿਆ ਹਾਂ। ਐਰਾ-ਗੈਰਾ ਦੇ ਕੇਸ ਬਣ ਗਏ ਹਨ। ਮੈਨੂੰ ਦੱਸਿਆ ਗਿਆ ਹੈ ਕਿ ਤੁਹਾਡੀ ਫਾਈਲ ਕਲੋਜ਼ ਹੋ ਚੁੱਕੀ ਹੈ। ਮਤਲਬ ਇਹ ਹੈ ਕਿ ਤੁਸੀਂ ਨਜ਼ਰਾਂ ਤੋਂ ਛੁਪੇ ਰਹੋ, ਇਸ ਲਈ ਮੈਂ ਛੁਪਣ ਲਈ ਆਇਆ... ਇਹ ਥਾਂ ਸੁਰੱਖਿਅਤ ਹੋ ਗਈ।"

"ਫੈਜ਼ੋ...। ਉਠ ਮੈਂ ਤੈਨੂੰ ਇਨਕਲਾਬੀ ਵਿਖਾਵਾਂ।" ਇਕ ਮੁਟਿਆਰ ਮੰਜੀ ਉਤੇ ਬੇਸੁੱਧ ਜਿਹੀ ਸੌਂ ਰਹੀ ਸੀ।

"ਰੋਜ਼ ਕਹਿੰਦੀ ਸੈਂ ਕਿ ਇਹ ਕਿਹੋ ਜਿਹੇ ਹੁੰਦੇ ਹਨ... ਸੋਤੜ।" ਉਸ ਨੇ ਆਪ ਹਸਨੀ ਦੀ ਆਓ ਭਗਤ ਸ਼ੁਰੂ ਕਰ ਦਿੱਤੀ।

"ਤੁਸੀਂ ਪਨਾਹ ਲੈਣ ਆਏ ਹੋ?" ਉਸ ਨੇ ਜ਼ਰਾ ਸੋਚ ਕੇ ਕਿਹਾ।

"ਹੁਣ ਤੁਸੀਂ ਇਥੇ ਮੇਰੀ ਭੈਣ ਫੈਜ਼ੋ ਦੇ ਦਿਓਰ ਹੋ... ਸਮਝੇ?... ਇਥੋਂ ਦੇ ਲੋਕੀਂ ਬੜੇ ਅਜੀਬ ਹਨ... ਉਂਝ ਇਸ ਵਿਚਾਰੀ ਨੇ ਸ਼ਾਦੀ ਕੀਤੀ ਸੀ, ਪਰ ਉਹ ਇਹਨੂੰ ਛੱਡ ਕੇ ਕਰਾਚੀ ਭੱਜ ਗਿਆ। ਉਥੇ ਉਹ ਬਲੱਡ ਬੈਂਕ ਨੂੰ ਖ਼ੂਨ ਵੇਚਦਾ ਏ।"

ਉਹ ਜ਼ਰਾ ਥੋੜ੍ਹੀ ਦੂਰ ਪਈ ਮੰਜੀ 'ਤੇ ਲੇਟ ਗਈ।

"ਬਿਜਲੀ ਦਾ ਪੱਖਾ ਇਥੇ ਨਹੀਂ ਹੈ, ਪਰ ਥਲ ਵਿਚ ਮੱਛਰ ਬਹੁਤਾ ਨਹੀਂ ਹੁੰਦਾ।"

"ਤੁਸੀਂ ਛੁਪਣ ਲਈ ਆ ਗਏ ਹੋ ਹਸਨੀ, ਤਾਂ ਛੁਪੇ ਹੀ ਰਹਿ ਜਾਓਗੇ... ਇਸੇ ਤਰ੍ਹਾਂ ਹੀ ਹੁੰਦਾ ਹੈ।"

"ਤੁਸੀਂ ਨੌਜਵਾਨ ਆਦਮੀ ਹੋ, ਆਖੋਗੇ ਮੇਰੇ ਨਾਲ ਖ਼ਾਹ-ਮਖ਼ਾਹ ਮਜ਼ਾਕ ਕਰਦੀ ਹੈ।" ਉਹ ਦੂਜੇ ਪਾਸੇ ਪਾਸਾ ਪਰਤ ਕੇ ਸੌਂ ਗਈ।

ਸਵੇਰ ਹੋਈ, ਫੈਜ਼ੋ ਇੰਨੀ ਅੱਛੀ ਕੁੜੀ ਸੀ ਜਿੰਨੀ ਮਿਸ ਰੱਜ਼ੀ ਨੇ ਉਸ ਉਤੇ ਮਿਹਨਤ ਕੀਤੀ ਸੀ। ਉਂਝ ਹਸਨੀ ਨੇ ਉਸ ਵਿਚ ਖਾਸੀ ਤਲਖ਼ੀ ਮਹਿਸੂਸ ਕੀਤੀ ਸੀ। ਉਸ ਦੀ ਚਾਲ ਇਕੋ ਜਿਹੀ ਨਹੀਂ ਸੀ। ਉਹ ਹਸਨੀ ਦੀ ਬੜੀ ਲਗਨ ਨਾਲ ਸੇਵਾ ਕਰਦੀ ਸੀ। ਉਹ ਅਚਾਨਕ ਚੌਂਕ ਪਈ।

"ਨਾ ਬੀਬੀ! ਮੈਂ ਸਕੂਲ ਨਹੀਂ ਜਾਣਾ। ਤੁਸੀਂ ਕਰੋ ਇਹ ਨਿਕੰਮੇ ਕੰਮ।" ਇਸੇ ਦੌਰਾਨ ਉਹ ਹਸਨੀ ਵੱਲ ਵੀ ਚੋਰ ਨਜ਼ਰਾਂ ਨਾਲ ਵੇਖ ਲਿਆ ਕਰਦੀ ਸੀ... ਜਿਥੇ ਇਕ ਸਿਆਸੀ ਵਰਕਰ ਬਰਫ਼ ਦੀ ਸਿੱਲ ਵਾਂਗ ਆਪਣਾ ਚਿਹਰਾ ਲਈ ਬੈਠਾ ਸੀ।

"ਚੰਗਾ ਮੇਰੀ ਫਾਈਲ ਕਲੋਜ਼ ਹੋ ਚੁੱਕੀ ਹੈ।" ਉਸ ਦੇ ਲਹਿਜੇ ਵਿਚ ਨਿਰਾਸ਼ਤਾ ਸੀ। ਉਹ ਬੜੀ ਤੇਜ਼ ਸਟੂਡੈਂਟ ਲੀਡਰ ਅਤੇ ਉਸ ਤੋਂ ਬਾਅਦ ਪਾਰਟੀ ਦੀ ਦਲੇਰ ਕਾਰਕੁਨ ਸਮਝੀ ਜਾਂਦੀ ਸੀ।

"ਹਾਂ ਜੀ, ਆਖਰੀ ਨੋਟ ਜਿਹੜਾ ਤੁਹਾਡੀ ਫਾਈਲ 'ਤੇ ਚੜ੍ਹਾਇਆ ਗਿਆ, ਉਹ ਖਾਸਾ ਮਕਬੂਲ ਹੋ ਚੁੱਕਾ ਏ।"

ਉਸ ਨੇ ਨੋਟ ਪੜ੍ਹਨਾ ਸ਼ੁਰੂ ਕੀਤਾ:

"ਮਿਸ ਰੱਜ਼ਾ... ਸ਼ੀ ਸੈੱਡ ਗੁੱਡਬਾਈ ਟੂ ਹਾਇਰ ਲਰਨਿੰਗ, ਪੌਲਿਟਿਕਸ ਐਂਡ ਰੈਵੋਲਿਊਸ਼ਨ... ਰੀਟਰਨਡ ਹਰ ਵਿਲੇਜ਼ ਐਂਡ ਪਰਹੈਪਸ ਮੈਰਿਡ... ਫਾਈਲ ਬਹੁਤ ਦਿਲਚਸਪ ਹੈ...।"

"ਹਸਨੀ ਤੁਸੀਂ ਨਵੇਂ ਲੋਕ ਇੰਨੀ ਜਲਦੀ ਛੁਪਣ ਕਿਉਂ ਲੱਗ ਪੈਂਦੇ ਹੋ, ਜਾਂ ਫਿਰ ਇੰਨੇ ਤੇਜ਼ ਹੋ ਜਾਂਦੇ ਹੋ ਕਿ ਤੁਹਾਨੂੰ ਛੁਪਣਾ ਪੈਂਦਾ ਹੈ।"

ਫੈਜ਼ੋ ਸਕੂਲ ਗਈ ਹੋਈ ਸੀ।

"ਰੱਜ਼ੀ...!" ਹਸਨੀ ਨੇ ਵੀ ਉਸੇ ਲਹਿਜੇ ਵਿਚ ਬੁਲਾਇਆ। "ਤੁਸੀਂ ਆਪਣੀ ਭੈਣ ਨੂੰ ਵੱਡਾ ਨਹੀਂ ਹੋਣ ਦਿੱਤਾ। ਇਹ ਤੁਹਾਡਾ ਕੀ ਮਸਲਾ ਹੈ? ਕਿਉਂ ਵੱਡੇ ਦਰਖ਼ਤ ਦੀ ਸੰਘਣੀ ਛਾਂ ਬਣ ਜਾਂਦੀ ਹੈ ਕਿ ਉਸ ਦੇ ਥੱਲੇ ਕੋਈ ਬੂਟਾ ਫਲ-ਫੁੱਲ ਹੀ ਨਾ ਸਕੇ।"

ਮਿਸ ਰੱਜ਼ੀ ਉਹਦੇ ਨਾਲ ਬਜ਼ੁਰਗਾਂ ਵਾਂਗ ਪੇਸ਼ ਆ ਰਹੀ ਸੀ, ਪਰ ਇਹ ਕਹਿ ਕੇ ਹਸਨੀ ਨੇ ਉਸ ਦੇ ਬਜ਼ੁਰਗੀ ਵਾਲੇ ਹੱਕ 'ਤੇ ਲਕੀਰ ਫੇਰਨ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਹ ਉਸ ਨੂੰ ਖਾਸੀ ਜੁਆਨ ਲੱਗ ਰਹੀ ਸੀ।

ਹਸਨੀ ਅੰਦਰਲੀ ਸਾਜ਼ਿਸ਼ ਲਈ ਬੈਠਾ ਸੀ ਵਿਚਾਰਾ- "ਆਖਰ ਅਸੀਂ ਲੋਕ ਜੁ ਇਥੇ ਹਾਂ ਤਾਂ ਇਹ ਭਲਾ ਕਿਵੇਂ ਨਾਰਮਲ ਰਹਿ ਸਕਦਾ ਏ।"

"ਹਸਨੀ ਜਾਨ, ਜ਼ਰਾ ਬਾਹਰ ਚੱਲ-ਫਿਰ ਆਓ, ਲੋਕਾਂ ਨੂੰ ਮਿਲ ਕੇ ਆਓ।"

"ਲੋਕਾਂ ਦੇ ਨਾਲ ਖੈਰ, ਖੈਰ ਮੈਨੂੰ ਪਿੰਡ ਵਿਚ ਇਨਕਲਾਬ ਖੜ੍ਹਾ ਕਰਨ ਦਾ ਕੋਈ ਖਾਸ ਸ਼ੌਕ ਨਹੀਂ ਹੈ... ਹਾਂ ਮੈਂ ਸ਼ਾਇਦ ਅੱਡੇ 'ਤੇ ਜਾਵਾਂਗਾ। ਵਿਚੋ-ਵਿਚ ਜ਼ਰਾ ਅਖ਼ਬਾਰ ਪੜ੍ਹ ਕੇ ਆਵਾਂਗਾ।"

"ਹਾਅ!" ਉਸ ਨੇ ਹੈਰਾਨੀ ਨਾਲ ਅੱਖਾਂ ਬਾਹਰ ਕੱਢ ਲਈਆਂ।

"ਵੇਖਣਾ ਕਿਤੇ ਇੰਟੈਲੀਜੈਂਸ ਵਾਲੇ ਤੁਹਾਨੂੰ ਇਥੋਂ ਤਾਈਂ ਫਾਲੋ ਤਾਂ ਨਹੀਂ ਕਰ ਰਹੇ... ਇਹ ਵੀ ਸੋਚਿਆ ਹੈ ਕਿ ਕਿਤੇ ਤੁਹਾਡੀਆਂ ਮੇਜ਼ਬਾਨਣਾਂ ਵੀ ਇਨਫ਼ਾਰਮਰ ਤਾਂ ਨਹੀਂ?" ਉਹ ਮੁਸਕਰਾਈ ਅਤੇ ਉਹ ਫਿੱਕੀ ਜਿਹੀ ਸ਼ਕਲ ਬਣਾ ਕੇ ਬਾਹਰ ਨਿਕਲ ਗਿਆ।

ਰੱਜ਼ੀ ਉਠੀ। ਇਕ-ਦੋ ਅੰਗੜਾਈਆਂ ਲਈਆਂ। ਹਸਨੀ ਦਾ ਸ਼ੇਵ ਦਾ ਸਾਮਾਨ ਜਿਹੜਾ ਉਹ ਧੋ ਕੇ ਰੱਖ ਗਿਆ ਸੀ, ਉਸ ਨੇ ਆਲੇ ਵਿਚ ਸਲੀਕੇ ਨਾਲ ਰੱਖਿਆ ਤੇ ਫਿਰ ਉਪਰੋਥਲੀ ਦੂਜੇ ਕੰਮਾਂ ਵਿਚ ਜੁਟ ਗਈ। ਅੱਜ ਮੌਸਮ ਵੀ ਕੁਝ ਚੰਗਾ ਸੀ। ਉਸ ਦੇ ਛੋਟੇ ਵੱਡੇ ਬਹੁਤ ਸਾਰੇ ਮਸਲੇ ਇਕੋ ਵੇਲੇ ਆਪਣੇ ਆਪ ਸੁਲਝਦੇ ਗਏ। ਕਦੇ ਕਦੇ ਅੰਦਰੋਂ ਕੋਈ ਰਚਨਾਤਮਕ ਸ਼ਕਤੀ ਜਾਗ ਪੈਂਦੀ ਹੈ। ਘਰ ਦੀਆਂ ਬਹੁਤ ਸਾਰੀਆਂ ਚੀਜ਼ਾਂ ਜਿਹੜੀਆਂ ਕਦੇ ਆਪਣੀ ਅਸਲ ਥਾਂ ਸਿਰ ਨਹੀਂ ਸਨ ਮਿਲਦੀਆਂ ਅਤੇ ਇਧਰ-ਉਧਰ ਰੁਲਦੀਆਂ ਰਹਿੰਦੀਆਂ ਸਨ, ਉਨ੍ਹਾਂ ਨੂੰ ਸਹੀ ਥਾਂਵਾਂ ਮਿਲਦੀਆਂ ਚਲੀਆਂ ਗਈਆਂ। ਇਹ ਟਰੰਕ ਇਧਰ, ਪੀੜ੍ਹਾ ਉਸ ਥਾਂ ਉਤੇ, ਤੇ ਅਨਾਜ ਦਾ ਡਰੰਮ ਕੋਨੇ ਵਿਚ। ਛੋਟੀ ਭੈਣ ਦੀਆਂ ਬੀ.ਏ. ਦੀਆਂ ਕਿਤਾਬਾਂ ਕਿਥੇ ਰੱਖੀਆਂ ਜਾਣ?... ਇਥੇ ਹਸਨੀ ਦੀਆਂ ਚੀਜ਼ਾਂ ਦੇ ਨਾਲ! ਮੇਰੀਆਂ ਕਿਤਾਬਾਂ ਆਲੇ ਵਿਚ। ਹੋਰ ਕੋਈ ਕੰਮ ਨਾ ਬਚਿਆ ਤਾਂ ਉਹ ਲੱਸੀ ਲੈਣ ਚੱਲ ਪਈ। ਉਥੇ ਉਹ ਇਕ ਮੁਟਿਆਰ ਨੂੰ ਗਲ ਲੱਗ ਕੇ ਮਿਲੀ। ਉਹ ਚੰਗੀ ਕੁੜੀ ਸੀ। ਉਸ ਦਾ ਮੰਗੇਤਰ ਮਰ ਗਿਆ ਸੀ ਜਿਸ ਦੀ ਵਜ੍ਹਾ ਨਾਲ ਉਹ ਬੜੀ ਨਿੰਮੋਝੂਣੀ ਜਿਹੀ ਫਿਰ ਰਹੀ ਸੀ। ਉਹਨੂੰ ਕੁਝ ਕਰਨਾ ਜ਼ਰੂਰੀ ਸੀ। ਉਹ ਮੱਖਣ-ਮੁੱਖਣ ਲੈ ਕੇ ਆਈ ਅਤੇ ਇਕ-ਦੋ ਚੰਗੇ ਖਾਣੇ ਬਣਾਏ...। ਹਸਨੀ ਤਾਂ ਸ਼ਾਇਦ ਸ਼ਾਮ ਨੂੰ ਹੀ ਵਾਪਸ ਆਏਗਾ। ਹਾਂ, ਮੈਂ ਅਤੇ ਛੋਟੀ ਮਿਲ ਕੇ ਖਾ ਲਵਾਂਗੀਆਂ। ਉਸ ਨੇ ਫੈਜ਼ੋ ਦਾ ਘਟੀਆ ਕਿਸਮ ਦਾ ਖ਼ੁਸ਼ਬੂ ਵਾਲਾ ਤੇਲ ਪਾਣੀ ਵਿਚ ਮਿਲਾ ਕੇ, ਕਮਰੇ ਵਿਚ ਛਿੜਕ ਕੇ ਬਾਰੀਆਂ ਤੇ ਦਰਵਾਜ਼ੇ ਬੰਦ ਕਰ ਦਿੱਤੇ। ਅਜਿਹੇ ਘਟੀਆ ਤੇਲ ਦੀ ਇਸ ਤੋਂ ਚੰਗੀ ਵਰਤੋਂ ਨਹੀਂ ਸੀ ਹੋ ਸਕਦੀ ਬੰਨੋ...।"

ਉਸ ਨੇ ਫੈਜ਼ੋ ਨੂੰ ਕਈ ਵਾਰ ਸਮਝਾਇਆ ਸੀ। ਫੈਜ਼ੋ ਵਾਪਸ ਆਈ ਤਾਂ ਅੱਜ ਉਹ ਪਹਿਲਾਂ ਵਾਂਗ ਆਪਣੇ ਤੇਲ ਦੇ ਜ਼ਾਇਆ ਹੋਣ 'ਤੇ ਰੋਈ ਨਹੀਂ।

"ਫੈਜ਼ੋ ਇਹ ਦਰਮਿਆਨੀ ਮੰਜੀ ਤੁਹਾਡੀ ਅਤੇ ਉਧਰ ਵਾਲੀ ਤੁਹਾਡੇ...।"

"ਬੀਬੀ।" ਉਹ ਸਟਪਟਾ ਕੇ ਰਹਿ ਗਈ।

"ਮੈਂ ਰੋ ਪਵਾਂਗੀ, ਇਹ ਆ ਕਿਥੋਂ ਗਿਆ ਏ ਊਤ ਕਿਤੋਂ ਦਾ।"

"ਫੈਜ਼ੋ, ਇਹ ਕੋਈ ਐਰਾ-ਗੈਰਾ ਲੋਕ ਨਹੀਂ ਹੁੰਦੇ ਕਮਲੀਏ।"

ਉਹ ਸ਼ਾਮ ਨੂੰ ਵਾਪਸ ਆ ਜਾਂਦਾ। ਰਾਤ ਇਕੱਠੇ ਬਿਤਾਉਂਦੇ। ਰੇਡੀਓ ਤੋਂ ਖ਼ਬਰਾਂ ਸੁਣਦੇ। ਥੋੜ੍ਹੀ ਬਹੁਤ ਇਧਰ-ਉਧਰ ਦੀ ਗੱਲਬਾਤ ਤੋਂ ਬਾਅਦ ਉਹ ਲੋਕੀਂ ਸੌਂ ਜਾਂਦੇ। ਸਵੇਰੇ ਉਹ ਢਾਈ ਮੀਲ ਦੂਰ ਅਖ਼ਬਾਰ ਪੜ੍ਹਨ ਲਈ ਜਾਂਦਾ। ਇਕ ਦਿਨ ਉਸ ਨੇ ਪੁਰਾਣਾ ਅਖ਼ਬਾਰ ਅਤੇ ਆਪਣੀਆਂ ਸਾਰੀਆਂ ਕਿਤਾਬਾਂ ਹਸਨੀ ਦੇ ਅੱਗੇ ਖੋਲ੍ਹ ਕੇ ਰੱਖ ਦਿੱਤੀਆਂ ਤੇ ਨੋਟਿਸ ਵੀ ਵਿਖਾ ਦਿੱਤੀ...। ਪੜ੍ਹੇ-ਲਿਖੇ ਲੋਕਾਂ ਦੀ ਜ਼ਿੰਦਗੀ ਦੇ ਕੁਝ ਕੋਨੇ ਉਨ੍ਹਾਂ ਦੇ ਵਿਦਿਅਕ ਰੁਝੇਵਿਆਂ ਵਿਚੋਂ ਲੱਭਣਾ ਰੱਜ਼ੀ ਦੀ 'ਰੀਜ਼ਰਵੇਸ਼ਨ' ਰਹੀ ਸੀ। ਹਸਨੀ ਇਕ ਖਾਸ ਅੰਦਾਜ਼ ਵਿਚ ਮੁਸਕਰਾਇਆ।

"ਮੈਂ ਨਿਕੰਮੀ ਜ਼ਰੂਰ ਰਹੀ ਹਾਂ, ਪਰ ਮੇਰੇ

*(ਬਾਕੀ ਅਗਲੇ ਸਫੇ 'ਤੇ)*

*ਕੈਨੇਡਾ ਵੱਸਦਾ ਨੌਜਵਾਨ ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਉੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਨੂੰ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਭਰਵੀਂ ਝਾਤੀ ਮਾਰੀ ਹੈ। ਇਸ ਵਿਚੋਂ ਕਹਾਣੀ ਵਰਗਾ ਰਸ ਵੀ ਡੁੱਲ੍ਹ ਡੁੱਲ੍ਹ ਪੈਂਦਾ ਹੈ। ਆਪਣੇ ਪਾਠਕਾਂ ਲਈ ਇਹ ਰਚਨਾ ਲੜੀਵਾਰ ਛਾਪੀ ਜਾ ਰਹੀ ਹੈ। -ਸੰਪਾਦਕ*

# ਧੌਲਾ ਸਾਹਬ



ਟੈਕਸੀਨਾਮਾ

1


**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
e-mail: hsekha@hotmail.com


ਅਰਲੀ ਬਰਡ ਸਟੈਂਡ 'ਤੇ ਪਹੁੰਚਿਆ ਤਾਂ ਧੌਲਾ ਸਾਹਬ ਦੀ ਟੈਕਸੀ ਪਹਿਲਾ ਨੰਬਰ ਲਈ ਮੂਹਰੇ ਖੜ੍ਹੀ ਸੀ। 'ਚੱਲ, ਟਾਈਮ ਛੇਤੀ ਲੰਘ ਜਾਊ', ਮੈਂ ਸੋਚਿਆ। ਕੰਮ ਬਹੁਤ ਮੰਦਾ ਸੀ। ਰੇਡੀਓ ਡਿਸਪੈਚ ਦੀ ਇਹ ਮੌਜ ਸੀ ਕਿ ਮੰਦੇ ਕੰਮ ਵਾਲੇ ਦਿਨ ਗੱਲਾਂ ਮਾਰ ਕੇ ਟਾਈਮ ਸੌਖਾ ਲੰਘ ਜਾਂਦਾ। ਪਤਾ ਹੁੰਦਾ ਸੀ ਕਿ ਕਿਹੜੀ ਟੈਕਸੀ ਦਾ ਜ਼ੋਨ ਵਿਚ ਕਿਹੜਾ ਨੰਬਰ ਹੈ ਅਤੇ ਸਟੈਂਡ 'ਤੇ ਮੂਹਰੇ ਖੜ੍ਹੀ ਟੈਕਸੀ ਤੋਂ ਪਿੱਛੋਂ ਹੀ ਟ੍ਰਿੱਪ ਮਿਲੇਗਾ, ਇਸ ਕਰ ਕੇ ਪਿਛਲੀਆਂ ਟੈਕਸੀਆਂ ਵਾਲੇ ਮੂਹਰਲੀ ਟੈਕਸੀ ਵਿਚ ਜਾ ਬੈਠਦੇ। ਹੁਣ ਕੰਮ ਕੰਪਿਊਟਰ ਡਿਸਪੈਚ 'ਤੇ ਹੋ ਗਿਆ ਹੈ। ਨਵੇਂ ਜ਼ੋਨ ਅਤੇ ਨਵੇਂ ਸਟੈਂਡ ਬਣ ਗਏ ਹਨ। ਆਪਣੀ ਆਪਣੀ ਟੈਕਸੀ ਵਿਚ ਬੈਠ ਕੇ ਉਡੀਕ ਕਰਨੀ ਪੈਂਦੀ ਹੈ। ਖੈਰ, ਮੈਂ ਆਪਣੀ ਟੈਕਸੀ ਵਿਚੋਂ ਨਿਕਲ ਕੇ ਧੌਲਾ ਸਾਹਬ ਦੀ ਟੈਕਸੀ ਦਾ ਮਗਰਲਾ ਦਰਵਾਜ਼ਾ ਖੋਲ੍ਹ ਕੇ ਵਿਚ ਬੈਠਦੇ ਨੇ "ਮਾਰੁਜ, ਧੌਲਾ ਸਾਹਬ" ਕਿਹਾ। ਅੱਗਿਉਂ ਧੌਲਾ ਸਾਹਬ ਨੇ ਵੀ ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ ਦੋਹੇਂ ਹੱਥ ਮੱਥੇ ਤੋਂ ਥੋੜ੍ਹਾ ਉਪਰ ਜੋੜ ਕੇ ਘਰੋੜਵੀਂ ਆਵਾਜ਼ ਵਿਚ ਕਿਹਾ, "ਮਾਰੁਜ, ਲਖਾਰੀ ਸਾਹਬ।"

ਅਸਲ ਵਿਚ 'ਧੌਲਾ ਸਾਹਬ' ਉਨ੍ਹਾਂ ਦਾ ਅਸਲੀ ਨਾਂ ਨਹੀਂ ਸੀ। ਇਹ ਉਨ੍ਹਾਂ ਦੀ ਪਛਾਣ ਸੀ। ਤੇ ਇਹ ਅੱਲ ਵੀ ਉਨ੍ਹਾਂ ਦੀ ਉਸ ਮੌਕੇ ਪਈ ਸੀ ਜਦ ਉਹ ਮੇਰੇ ਨਾਲ ਗੱਲਬਾਤ ਕਰ ਰਹੇ ਸਨ। ਮੈਂ ਕਿਤੇ ਇਨ੍ਹਾਂ ਨੂੰ ਕਈ ਟੈਕਸੀ ਵਾਲਿਆਂ ਦੇ ਬੈਠਿਆਂ 'ਅੰਕਲ ਜੀ' ਆਖ ਦਿੱਤਾ। ਮੈਂ ਬਾਈ-ਤੇਈ ਸਾਲ ਦਾ ਸੀ ਤੇ ਇਨ੍ਹਾਂ ਦੀ ਉਮਰ ਮੈਨੂੰ ਪੰਜਾਹਾਂ ਦੇ ਗੇੜ 'ਚ ਲੱਗੀ। ਇਹ ਮੈਂ ਇੰਡੋ-ਕੈਨੇਡੀਅਨ ਰਿਵਾਜ ਮੁਤਾਬਿਕ ਹੀ ਕਿਹਾ ਸੀ, ਪਰ ਇਹ ਸੰਬੋਧਨ ਸੁਣਦਿਆਂ ਹੀ ਉਹ ਭੜਕ ਕੇ ਬੋਲੇ, "ਗੱਲ ਸੁਣ ਓ ਮੁੰਡਿਆ, ਮੁੜ ਕੇ ਨਾ ਮੈਨੂੰ ਅੰਕਲ-ਉਂਕਲ ਕਹੀਂ। ਐਵੇਂ ਮੇਰੀ ਕੋਈ 'ਅੱਲ' ਪੁਆਏਂਗਾ, ਹੁਣ ਤਾਈਂ ਬਚੇ ਹੋਏ ਆਂ। ਨਾਲੇ ਮੈਂ ਕਿਹੜੋਂ ਤੈਨੂੰ ਅੰਕਲ ਲਗਦੈਂ? ਦਿਸਦਾ ਕੋਈ ਧੌਲਾ?" ਮੈਂ ਤਾਂ ਇਨ੍ਹਾਂ ਦੇ ਬੋਲਣ ਦੇ ਅੰਦਾਜ਼ ਤੋਂ ਸਹਿਮ ਜਿਹਾ ਗਿਆ, ਪਰ ਨਾਲ ਬੈਠਿਆਂ 'ਚੋਂ ਕਿਸੇ ਨੇ ਕਿਹਾ, "ਧੌਲਾ ਤੇਰੇ ਕਿੱਥੋਂ ਦਿਸੂ? ਮੂੰਹ ਸਿਰ ਤਾਂ ਜਵਾਂ ਰਗੜ ਕੇ ਰੱਖਦੈਂ।"

"ਜਿੱਥੋਂ ਰਗੜ ਕੇ ਨ੍ਹੀਂ ਰੱਖਦਾ, ਉਥੋਂ ਦਿਖਾ ਦਿੰਨੈ", ਇਨ੍ਹਾਂ ਦੇ ਇਹ ਕਹਿਣ ਸਾਰ ਹੀ ਹਾਸੜ ਮੱਚ ਗਈ। ਇਸ ਤਰ੍ਹਾਂ ਇਨ੍ਹਾਂ ਦਾ ਨਾਂ ਅੰਕਲ ਤਾਂ ਨਾ ਪਿਆ ਪਰ 'ਧੌਲਾ ਸਾਹਬ' ਜ਼ਰੂਰ ਪੈ ਗਿਆ।

ਸਬੱਬ ਨਾਲ ਮੇਰਾ ਨਾਂ 'ਲਖਾਰੀ' ਵੀ ਧੌਲਾ ਸਾਹਬ ਦੀ ਬਦੌਲਤ ਹੀ ਪਿਆ ਸੀ। ਧੌਲਾ ਸਾਹਬ ਕੋਲ ਚਾਰ ਟੈਕਸੀਆਂ ਸਨ। ਇਕ ਟੈਕਸੀ ਮੈਂ ਹਰ ਸਨਿੱਚਰਵਾਰ ਨੂੰ ਚਲਾਉਂਦਾ ਸੀ। ਇਸੇ ਤਰ੍ਹਾਂ ਇਕ ਦਿਨ ਅਸੀਂ ਕਿਸੇ ਸਟੈਂਡ 'ਤੇ ਬੈਠੇ ਸੀ। ਧੌਲਾ ਸਾਹਬ ਮੈਨੂੰ ਕਹਿਣ ਲੱਗੇ, "ਕਿਓਂ ਬਈ ਮੁੰਡਿਆ, ਕੱਲ੍ਹ ਨੂੰ ਟੈਕਸੀ ਚਲਾ ਲਵੀਂ। ਸੰਡੇ ਆਲਾ ਡਰੈਵਰ ਸਾਲਾ ਛੁੱਟੀ ਕਰ ਗਿਆ।"

"ਸੰਡੇ ਤਾਂ ਮੈਂ ਛੁੱਟੀ ਕਰਦਾ ਹੁੰਨੈਂ।"

"ਮੁੰਡਾ-ਖੁੰਡੈਂ, ਐਸ ਉਮਰ 'ਚ ਨ੍ਹੀਂ ਛੁੱਟੀਆਂ ਕਰੀਦੀਆਂ ਹੁੰਦੀਆਂ। ਕੀ ਕਰਦਾ ਹੁੰਨੈਂ ਸਾਰਾ ਦਿਨ ਘਰੇ?"

"ਛੁੱਟੀ ਮਨਾਈਦੀ ਐ, ਪੜ੍ਹ-ਲਿਖ ਲਈਦੈ ਕੁਛ।" ਸੁਣ ਕੇ ਧੌਲਾ ਸਾਹਬ ਪਲ ਭਰ ਲਈ ਇਕ ਟੱਕ ਮੇਰੇ ਵੱਲ ਇਸ ਤਰ੍ਹਾਂ ਵੇਖਦੇ ਰਹੇ ਜਿਵੇਂ ਉਨ੍ਹਾਂ ਨੂੰ ਮੇਰੀ ਗੱਲ ਦਾ ਯਕੀਨ ਨਾ ਆਇਆ ਹੋਵੇ। ਫਿਰ ਬੋਲੇ, "ਆਹ ਜਿਹੜੀਆਂ ਕਦੇ ਕਦੇ ਅਖ਼ਬਾਰ 'ਚ ਤੇਰੀਆਂ ਘਾਣੀਆਂ ਜੀਆਂ ਛਪਦੀਆਂ ਹੁੰਦੀਐਂ, ਇਹ ਲਿਖਦਾ ਹੁੰਨੈਂ?"

"ਹਾਂ।"

"ਕੁਛ ਦਿੰਦੇ-ਲੈਂਦੇ ਵੀ ਆ ਓਹ ਤੈਨੂੰ?"

"ਦੇਣਾ ਕੀ ਐ?"

"ਫੇਰ?"

"ਬੱਸ ਚੰਗਾ ਲੱਗਦੈ ਲਿਖ ਕੇ।" ਇਹ ਸੁਣ ਕੇ ਧੌਲਾ ਸਾਹਬ ਜ਼ੋਰ ਨਾਲ ਹੱਸੇ। ਫਿਰ ਬੋਲੇ, "ਅਖੇ ਚੰਗਾ ਲੱਗਦੈ, ਓਹ ਗੁਰੂਆ...।" ਆਖ ਕੇ ਧੌਲਾ ਸਾਹਬ ਫਿਰ ਹੱਸ ਪਏ। ਉਨ੍ਹਾਂ ਵੱਲ ਵੇਖ ਕੇ ਹੋਰ ਬੈਠੇ ਬੰਦੇ ਵੀ ਹੱਸ ਪਏ। ਕੁਝ ਦੇਰ ਬਾਅਦ ਧੌਲਾ ਸਾਹਬ ਗੰਭੀਰ ਆਵਾਜ਼ ਵਿਚ ਬੋਲੇ, "ਬੰਦਾ ਬਣ ਕੇ ਕੰਮ ਕਰਿਆ ਕਰ। ਇਨ੍ਹਾਂ ਘਾਣੀਆਂ-ਘੂਣੀਆਂ ਨੇ ਕੁਛ ਨ੍ਹੀਂ ਦੇਣਾ ਤੈਨੂੰ, ਲਖਾਰੀ ਸਾਹਬ।" ਤੇ ਮੇਰਾ ਨਾਂ 'ਲਖਾਰੀ ਸਾਹਬ' ਪੈ ਗਿਆ। ਕਈ ਜਾੜ੍ਹ ਘੁੱਟ ਕੇ ਆਖਦੇ ਅਤੇ ਕਈ ਸੰਘ ਘਰੋੜ ਕੇ, ਜਿਵੇਂ ਹੁਣੇ ਹੁਣੇ ਧੌਲਾ ਸਾਹਬ ਨੇ ਕਿਹਾ ਸੀ।



"ਕਿਵੇਂ, ਅੱਜ ਕੰਮ ਬੜਾ ਸਲੋਅ ਕੀਤੈ?" ਮੈਂ ਸਵਾਰ ਕੇ ਬੈਠਦੇ ਨੇ ਕਿਹਾ।

"ਜਵਾਂ ਭੱਠਾ ਬਹਿੰਦਾ ਜਾਂਦੈ ਦਿਨੋ-ਦਿਨ ਬਿਜਨਸ ਵਾਲਾ। ਜਦੋਂ ਦੇ ਆ ਬੂਝੇ ਆਉਣ ਲੱਗੇ ਆ ਨਾ ਇੰਡੀਆ ਤੋਂ, ਕੰਮ ਆਲ਼ਾ ਬੇੜਾ ਗਰਕ ਕਰ ਕੇ ਰੱਖ'ਤਾ। ਇਕ ਸਾਲ਼ਾ ਹੋਰ ਆਇਐ ਨਵਾਂ।"

"ਕਿਹੜਾ?"

"ਹੈਗਾ ਇਕ ਕਿਸ਼ਤਾ ਮੱਲ।"

"ਇਹ ਕਿਹੜਾ ਹੋਇਆ?"

"ਮ੍ਹੀਨਾ ਕੁ ਹੋਇਐ ਨਵਾਂ ਟੈਕਸੀ ਚਲਾਉਣ ਲੱਗੈ। ਸਾਲੇ ਨੇ ਨਾ ਕਦੇ ਗੱਡੀ ਵੈਕਿਊਮ ਕਰਨੀ, ਨਾ ਕੁਛ ਹੋਰ। ਗੋਰੇ ਕਿਓਂ ਲੈਣ ਬਈ ਟੈਕਸੀਆਂ, ਜਦੋਂ ਵਿਚ ਬੈਠੋ ਸਾਲਾ ਮੁਸ਼ਕ ਮਾਰਦੈ। ਦਿਨਾਂ 'ਚ ਇੰਜਣ ਬਠਾ ਕੇ ਰੱਖ'ਤਾ।"

"ਕੀਹਦੇ ਆਲੀ ਟੈਕਸੀ ਚਲਾਉਂਦਾ ਸੀ?"

"ਘੋੜੇ ਦੀ।"

"ਓਹੀ ਐ ਨਾ ਘੋੜਾ ਜਿਹੜਾ ਕਹਿੰਦੇ ਘੋੜੇ ਆਂਗੂ ਟਪੂਸੀ ਮਾਰ ਕੇ ਇਕ ਜ਼ੋਨ 'ਚੋਂ ਦੂਜੇ ਜ਼ੋਨ 'ਚ ਜਾਣ ਨੂੰ ਮਿੰਟ ਈ ਲਾਉਂਦੈ। ਬਲੂਅ ਸੈਵਨ ਆਲਾ?"

"ਹੋਰ ਕਿਹੜਾ। ਏਸੇ ਕਰ ਕੇ ਤੈਨੂੰ ਕਹਿੰਨੈ ਬਈ ਪੱਕੀ ਚਲਾਉਣ ਲੱਗ ਜਾ, ਸਾਰਿਆਂ ਨੂੰ ਜਾਣਨ ਲੱਗ ਪਵੇਂਗਾ।" ਧੌਲਾ ਸਾਹਬ ਮੈਨੂੰ ਕਈ ਵਾਰ ਆਖ ਚੁੱਕੇ ਸਨ ਕਿ ਮੈਂ ਮਸ਼ੀਨ ਸ਼ਾਪ 'ਚੋਂ ਕੰਮ ਛੱਡ ਕੇ ਫੁੱਲ-ਟਾਈਮ ਟੈਕਸੀ ਚਲਾਉਣ ਲੱਗ ਜਾਵਾਂ, ਪਰ ਮੈਂ ਟੈਕਸੀ ਚਲਾਉਣ ਦੇ ਕੰਮ ਨੂੰ ਸਨਿੱਚਰਵਾਰ ਤੱਕ ਹੀ ਸੀਮਤ ਰੱਖਣਾ ਚਾਹੁੰਦਾ ਸੀ। ਇਸ ਕਰ ਕੇ ਪਹਿਲਾਂ ਵਾਂਗ ਹੀ ਮੈਂ ਗੱਲ ਨੂੰ ਹੋਰ ਪਾਸੇ ਪਾਉਣ ਲਈ ਪੁੱਛ ਲਿਆ, "ਕਿਵੇਂ ਇੰਜਣ ਬਠਾ'ਤਾ ਓਹਨੇ?"

"ਤੇਲ ਨ੍ਹੀਂ ਸੀ ਚੈਕ ਕਰਦਾ। ਬਿਨਾਂ ਤੇਲ ਤੋਂ ਹੀ ਦੱਬੀ ਫਿਰਦਾ ਰਿਹਾ। ਜਦੋਂ ਘੋੜੇ ਨੇ ਪੁੱਛਿਆ, ਬਈ ਤੇਲ ਕਾਹਤੋਂ ਨ੍ਹੀਂ ਸੀ ਚੈਕ ਕਰਦਾ ਤਾਂ ਅੱਗਿਉਂ ਕਹਿੰਦਾ, ਬਈ ਕਿਸ਼ਤੀ ਜੀ ਦਾ ਸਾਈਨ ਤਾਂ ਆਇਆ ਨ੍ਹੀਂ, ਮੈਂ ਕਿਹਾ ਠੀਕ ਈ ਹੋਊ।"

"ਕਿਹੜੀ ਕਿਸ਼ਤੀ?"

"ਓਹੀ ਯਾਰ ਜਿਹੜਾ ਇੰਜਣ-ਆਇਲ ਦੇ ਘਟੇ ਤੋਂ ਸਾਈਨ ਜਿਹਾ ਨ੍ਹੀਂ ਆਉਂਦਾ ਹੁੰਦਾ।"

"ਓ ਅੱਛਾ ਅੱਛਾ...ਤਾਂ ਹੀ ਤੁਸੀਂ ਉਹਨੂੰ ਕਿਸ਼ਤਾ ਮੱਲ ਕਿਹਾ ਸੀ", ਮੈਂ ਹੱਸ ਕੇ ਕਿਹਾ।

"ਤੈਨੂੰ ਆਉਂਦੈ ਹਾਸਾ, ਘੋੜੇ ਨੂੰ ਪੁੱਛ ਕੇ ਵੇਖ, ਜੀਹਨੂੰ ਥੁੱਕ ਲੱਗੀ। ਹੁਣੇ ਤੇਰੇ ਮੂਹਰੇ ਮੂਹਰੇ ਰੋਂਦਾ ਗਿਐ।"

ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਕਰ ਹੀ ਰਹੇ ਸੀ ਕਿ ਡਿਸਪੈਚ ਰੇਡੀਓ 'ਤੇ ਕਿਸੇ ਡਰਾਈਵਰ ਦੀ ਚੀਕਵੀਂ ਜਿਹੀ ਆਵਾਜ਼ ਸੁਣਾਈ ਦਿੱਤੀ। ਅਸੀਂ ਗੱਲਾਂ ਕਰਨੀਆਂ ਰੋਕ ਕੇ ਰੇਡੀਓ ਸੁਣਨ ਲੱਗੇ। ਡਰਾਈਵਰ ਆਖ ਰਿਹਾ ਸੀ, "ਮਾਈ ਟਾਇਰ ਪੰਚਰ, ਆਈ ਐਮ ਆਨ ਪਟਰੌਲ ਪੰਪ, ਨੋ ਸਟਿੱਪਨੀ ਐਂਡ ਟਾਇਰਪਾਨਾ ਇਨ ਡਿੱਕੀ...।

ਅਸੀਂ ਦੋਵੇਂ ਹੱਸ ਪਏ। ਮੈਨੂੰ ਇੰਡੀਆ ਤੋਂ ਆਏ ਨੂੰ ਹਾਲੇ ਥੋੜ੍ਹਾ ਸਮਾਂ ਹੋਇਆ ਹੋਣ ਕਰ ਕੇ ਇਹ ਨਾਂ ਓਪਰੇ ਤਾਂ ਲੱਗੇ, ਪਰ ਬਹੁਤੇ ਨਾ। ਇਥੇ ਟਾਇਰ ਪੈਂਚਰ ਦੀ ਥਾਂ ਫਲੈਟ ਟਾਇਰ ਆਖਦੇ ਹਨ, ਪੈਟਰੌਲ ਪੰਪ ਦੀ ਥਾਂ ਗੈਸ ਸਟੇਸ਼ਨ ਲਫ਼ਜ਼ ਵਰਤਦੇ ਹਨ, ਟਾਇਰਪਾਨਾ ਨੂੰ ਰੈਂਚ ਆਖਿਆ ਜਾਂਦਾ ਹੈ ਤੇ ਡਿੱਕੀ ਨੂੰ ਟਰੰਕ। ਡਰਾਈਵਰ ਵੱਲੋਂ ਪੰਜਾਬੀ ਲਹਿਜ਼ੇ ਵਿਚ ਘੋਟ ਘੋਟ ਕੇ ਬੋਲੀ ਜਾਂਦੀ ਅੰਗਰੇਜ਼ੀ ਸੁਣ ਕੇ ਧੌਲਾ ਸਾਹਬ ਦਾ ਹਾਸਾ ਰੁਕਣ 'ਚ ਨਾ ਆਵੇ। ਫਿਰ ਉਨ੍ਹਾਂ ਆਪਣਾ ਹਾਸਾ ਰੋਕ ਕੇ ਕਿਹਾ, "ਇਹ ਤਾਂ ਸੱਜਰਾ ਈ ਜਹਾਜ਼ 'ਚੋਂ ਉਤਰਿਐ", ਤੇ ਉਹ ਫਿਰ ਹੱਸ ਪਏ ਤੇ ਮੈਂ ਵੀ। ਅਸੀਂ ਇਸ ਤਰ੍ਹਾਂ ਹੱਸ ਹੀ ਰਹੇ ਸੀ ਕਿ ਰੇਡੀਓ 'ਤੇ ਇਕ ਹੋਰ ਡਰਾਈਵਰ ਦੀ ਆਵਾਜ਼ ਸੁਣਾਈ ਦਿੱਤੀ। ਉਹ ਡਿਸਪੈਚਰ ਤੋਂ ਪੁੱਛ ਰਿਹਾ ਸੀ, "ਪਲੀਜ਼, ਆਸਕ ਮਿਸਟਰ 'ਟਾਇਰਪਾਨਾ' ਦੈਟ ਵੇਅਰ ਅਬਾਊਟ ਹੀ ਇਜ਼। ਸੋ ਆਈ ਕੈਨ ਹੈਲਪ ਹਿਮ।"

"ਲੈ ਇਕ ਹੋਰ ਡਰਾਈਵਰ ਦੀ ਪਛਾਣ ਬਣ ਗਈ। ਚੱਲ, ਚੇਤੇ ਰੱਖਣਾ ਸੌਖਾ ਰਹੂ। ਐਨੀ ਖਲਕਤ ਦੇ ਨਾਂ ਕਿਹੜਾ ਚੇਤੇ ਰੱਖਣੇ ਆਸਾਨ ਹੁੰਦੇ ਐ। 'ਟਾਇਰਪਾਨਾ' ਆਖ ਕੇ ਧੌਲ਼ਾ ਸਾਹਬ ਫਿਰ ਹੱਸ ਪਏ ਤੇ ਮੈਂ ਵੀ।

**(ਚਲਦਾ)**

# ਸੁਆਹ ਦਾ ਸੇਕ

*(ਪਿਛਲੇ ਸਫੇ ਦੀ ਬਾਕੀ)*

ਕੋਲ ਕਿਤਾਬਾਂ ਚੰਗੀਆਂ ਰਹੀਆਂ ਹਨ... ਤੇ ਇਹ ਮੇਰੇ ਨੋਟਿਸ।" ਹਸਨੀ ਆਪਣੀ ਸੋਚ ਵਿਚ ਫਿੱਕਾ ਪੈ ਚੁੱਕਾ ਸੀ। ਉਹ ਗੋਡੇ ਉਚੇ ਕਰ ਕੇ ਆਪਣੀ ਸਫੈਦ ਠੋਡੀ ਦੇ ਥੱਲੇ ਆਪਣੀਆਂ ਗੋਰੀਆਂ ਗੋਰੀਆਂ ਉਂਗਲਾਂ ਇੰਜ ਰੱਖ ਕੇ ਬੈਠੀ ਸੀ ਜਿਵੇਂ ਉਸ ਦੀ ਸ਼ਗਿਰਦ ਹੋਵੇ।

"ਹੁਣ ਇਹ ਠੀਕ ਏ ਮਿਸ ਰੱਜ਼ੀ...।" ਉਹ ਨਹੁੰਆਂ ਨਾਲ ਆਪਣੇ ਪੈਰ ਖੁਰਕ ਰਿਹਾ ਸੀ।

"ਕੌਣ ਕਹਿ ਸਕਦਾ ਹੈ ਕਿ ਤੁਸੀਂ ਲੀਡਰ ਹੋ, ਖਤਰਨਾਕ ਹੋ ਅਤੇ ਤੁਹਾਡੀਆਂ ਫਾਈਲਾਂ ਵੀ ਹਨ। ਕਿਤਾਬ ਤਾਂ ਤੁਹਾਡੀ ਮੈਂ ਲਿਖਾਂਗੀ, ਆਪਣੀ ਤੇ ਤੁਹਾਡੀ ਇਕੱਠੀ... ਜ਼ਰਾ ਵਿਹਲੀ ਹੋ ਕੇ।"

"ਹੈਂ? ਵਿਹਲੀ ਹੋਣ ਦੀ ਉਡੀਕ... ਫਿਰ ਪੈ ਗਿਆ ਬਜ਼ੁਰਗੀ ਦਾ ਦੌਰਾ...।" ਪਰ ਉਹ ਪੀ ਗਿਆ... ਤੇ ਉਸ ਨੇ ਕਿਤਾਬਾਂ ਖੋਲ੍ਹ ਕੇ ਵਰਕੇ ਪਲਟਣੇ ਸ਼ੁਰੂ ਕਰ ਦਿੱਤੇ।

ਉਸ ਦਿਨ ਉਹ ਪੇੜੇ ਬਣਾ ਰਹੀ ਸੀ। ਉਹ ਚੁੱਲ੍ਹੇ ਕੋਲ ਉਸ ਦੇ ਸਾਹਮਣੇ ਸਬਜ਼ੀ ਕੱਟਣ ਲਈ ਆ ਬੈਠਾ। ਰੱਜ਼ੀ ਅੱਖਾਂ ਝਪਕਾਉਂਦੀ ਰਹੀ ਅਤੇ ਜਲਦੀ ਜਲਦੀ ਰੋਟੀਆਂ ਪਕਾਉਂਦੀ ਰਹੀ...।

"ਕੌਣ ਕਹਿੰਦਾ ਹੈ ਤੁਸੀਂ ਸਿਆਸਤਦਾਨ ਹੋ... ਅਜਿਹੀਆਂ ਚਮਕਦੀਆਂ ਹੋਈਆਂ ਤੁਹਾਡੀਆਂ ਅੱਖਾਂ ਹਨ। ਹੋਠਾਂ ਨੂੰ ਸੁੰਗੇੜਦਿਆਂ ਹੋਇਆਂ ਬਹੁਤ ਕੱਚੀ ਹੋ ਗਈ ਲੱਗਦੀ ਹੋ... ਖਿੰਦੀਆਂ ਬਾਂਹਾਂ ਵਾਲੀਆਂ ਤੁਹਾਡੀਆਂ ਕਮੀਜ਼ਾਂ ਇਥੋਂ ਸਾਹਮਣਿਉਂ ਘਸ ਘਸ ਕੇ ਫਟ ਜਾਂਦੀਆਂ ਹੋਣਗੀਆਂ, ਪਰ ਤੁਸੀਂ ਹੋ ਬਹੁਤ ਵੱਡੇ। ਅਸੀਂ ਤੁਹਾਨੂੰ ਸਲਾਮ ਕਰਦੇ ਹਾਂ। ਵੱਡੀ ਬੀਬੀ। ਤੁਸੀਂ ਇਧਰ ਹੀ ਵੇਖਦੇ ਰਹਿਣਾ।" ਉਸ ਨੇ ਆਪਣਾ ਦੁਪੱਟਾ ਜ਼ਰਾ ਝੁਕਾ ਲਿਆ।

"ਤੁਸੀਂ ਸਬਜ਼ੀ ਦੀ ਥਾਂ ਹੱਥ ਕੱਟ ਬੈਠੋਗੇ... ਹੁਣ ਕੰਮ ਨਾ ਕਰਨ ਦਾ ਤੁਹਾਡਾ ਮੂਡ ਬਣਦਾ ਜਾ ਰਿਹਾ ਏ ਦਿਨ ਬਦਿਨ... ਤੁਸੀਂ ਹੱਥ ਕੱਟਣਾ ਆਪਣੇ... ਬਹੁਤ ਥੋੜ੍ਹ-ਦਿਲੇ ਹੁੰਦੇ ਹੋ ਅੰਦਰੋਂ।"

"ਬੱਸ ਇਕ ਗੱਲ ਬਾਕੀ ਰਹਿ ਗਈ ਏ ਕਿ ਆਪਣੇ ਹਿੱਸੇ ਦਾ ਕੰਮ ਮੈਂ ਵੀ ਕਰ ਆਇਆ ਹਾਂ ਪਾਰਟਨਰ, ਤੇ ਤੁਸੀਂ ਵੀ ਆਪਣੇ ਲਈ ਕਾਫੀ ਨਾਂ ਪੈਦਾ ਕਰ ਚੁੱਕੀ ਹੋ... ਆਓ ਹੁਣ ਹੱਥ ਕੱਟੀਏ।"

ਅੰਦਰੋਂ ਕਿੰਨੇ ਨੀਚ ਹੁੰਦੇ ਹੋ ਤੁਸੀਂ ਲੋਕ... ਜੀ ਹਾਂ, ਲੋਕ ਕਹਿਣਗੇ ਬੜੀ ਸੰਘਣੀ ਬੇਰੀ ਸੀ ਉਹ। ਇਕ ਖੂਬਸੂਰਤ ਜਿਹਾ ਪੌਦਾ ਜਿਹਨੂੰ ਛਾਂ ਥੱਲੇ ਸੁਕਾ ਦਿੱਤਾ ਗਿਆ ਹੈ। ਕੰਧਾਰੀ ਅਨਾਰ ਦਾ... ਛਾਂ ਮਾਰ ਗਈ ਸੀ ਉਹਨੂੰ... ਨਾ ਅਸੀਂ ਸੰਘਣੀ ਬੇਰੀ, ਨਾ ਅਸੀਂ ਠੰਢੀ ਛਾਂ।"

"ਹੂੰ।"

ਉਸ ਦਾ ਚਿਹਰਾ ਪੀਲਾ ਪੈ ਗਿਆ।

"ਧੂੰਆਂ।" ਉਹਨੂੰ ਅੱਖਾਂ ਝਪਕਣੀਆਂ ਪੈ ਗਈਆਂ।

"ਐਂ, ਧੂੰਆਂ ਤਾਂ ਨਹੀਂ ਅਸਲ ਵਿਚ ਬੁੱਲੇ ਉਠੇ ਹਨ, ਹਵਾ ਜੁ ਦੇ ਦਿੱਤੀ ਹੈ ਮੈਂ... ਹੁਣ ਉਹੀ ਸੇਕ ਮਹਿਸੂਸ ਕੀਤਾ ਜਾ ਰਿਹਾ ਏ ਨਾ।" ਉਹ ਚੁੱਪ-ਚਾਪ ਮੁਸਕਰਾਉਂਦਾ ਰਿਹਾ।

"ਫੈਜ਼ੋ, ਆਓ ਬੰਨੋ ਰੋਟੀਆਂ ਪਕਾ ਲੈ... ਆ ਜਾ ਛੇਤੀ। ਥਾਂ ਮੈਂ ਧੋ ਲੈਂਦੀ ਹਾਂ।" ਫੈਜ਼ੋ ਰੋਟੀਆਂ ਪਕਾਉਣ ਆ ਬੈਠੀ। ਹਸਨੀ ਨੇ ਇਕਦਮ ਰੋਟੀ ਚੁੱਕੀ ਅਤੇ ਚਾਰ ਗਰਾਹੀਆਂ ਮੂੰਹ ਵਿਚ ਪਾ ਲਈਆਂ।

"ਹਾਏ, ਭਾੱਜੀ ਤਾਂ ਬਣ ਲੈਣ ਦਿਓ।" ਫੈਜ਼ੋ ਨੇ ਰੋਟੀਆਂ ਵਾਲੀ ਚੰਗੇਰ ਸਰਕਾ ਲਈ, ਪਰ ਉਹ ਗਰਮ ਗਰਮ ਗਰਾਹੀਆਂ ਕਾਰਨ ਹੱਫ਼ ਹੱਫ਼ ਕਰਦਾ ਹੋਇਆ ਅੱਡੇ 'ਤੇ ਜਾਣ ਲਈ ਘਰੋਂ ਨਿਕਲ ਗਿਆ। ਉਹ ਨੀਵੀਂ ਪਾਈ ਥਾਂ ਧੋਂਦੀ ਰਹੀ, ਉਹ ਗਿਆ ਅਤੇ ਹਰ ਰੋਜ਼ ਦੇ ਮੁਕਾਬਲੇ ਛੇਤੀ ਵਾਪਸ ਆ ਗਿਆ। ਉਸ ਨੇ ਅਖ਼ਬਾਰ ਬਗਲ ਵਿਚ ਦਬਾ ਰੱਖਿਆ ਸੀ। ਉਸ ਨੇ ਆਉਂਦਿਆਂ ਹੀ ਆਪਣੀਆਂ ਚੀਜ਼ਾਂ ਬ੍ਰੀਫ਼ਕੇਸ ਵਿਚ ਪਾਉਣੀਆਂ ਸ਼ੁਰੂ ਕਰ ਦਿੱਤੀਆਂ।

"ਕੀ ਹੋ ਗਿਆ ਏ?"

"ਮਿਸ ਰੱਜ਼ੀ! ਉਨ੍ਹਾਂ ਨੇ ਅਖ਼ਬਾਰ ਵਿਚ ਮੇਰੀ ਤਸਵੀਰ ਵੀ ਛਾਪ ਦਿੱਤੀ ਏ... ਹੁਣ ਇਥੋਂ ਨਿਕਲਣਾ ਜ਼ਰੂਰੀ ਹੋ ਗਿਆ ਹੈ।"

"ਤਸਵੀਰ ਛਪ ਜਾਵੇ ਤਾਂ ਛੁਪਣਾ ਜ਼ਰੂਰੀ ਵੀ ਹੁੰਦਾ ਏ ਪਾਗਲ, ਨਾ ਕਿ ਕਿਤੇ ਬਾਹਰ ਨਿਕਲਣਾ।"

ਉਹ ਉਸ ਵੱਲ ਵੇਖ ਕੇ ਲਾਲ ਪੀਲਾ ਹੋ ਗਿਆ।

"ਹੁਣ ਨਾ ਜਾਣਾ, ਕਾਫ਼ੀ ਦੇਰ ਹੋ ਗਈ ਏ। ਤੁਸੀਂ ਲੋਕ ਸਾਰੇ ਹੀ ਇਹੋ ਜਿਹੇ ਹੀ ਹੁੰਦੇ ਹੋ।"

"ਨਹੀਂ, ਹੁਣ ਕੁਝ ਨਹੀਂ ਕਰਨਾ ਪਏਗਾ।"

ਰੱਜ਼ੀ ਨੇ ਅਖ਼ਬਾਰ ਉਸ ਦੇ ਹੱਥਾਂ ਵਿਚੋਂ ਲੈ ਲਿਆ, "ਇਹਨੂੰ ਤੁਰਤ ਸਾੜ ਦਿਓ, ਹੁਣੇ।"

"ਕਿਉਂਕਿ ਅਖ਼ਬਾਰ ਦੀ ਇਸੇ ਕਾਪੀ ਵਿਚ ਤਸਵੀਰ ਛਪੀ ਹੈ?" ਉਹ ਹੱਸਣ ਲੱਗੀ। ਫੈਜ਼ੋ ਸੌਂ ਰਹੀ ਸੀ।

"ਉਹਨੂੰ ਪਿਆਰ ਕਹਿ ਦੇਣਾ।" ਉਹ ਹੌਲੀ ਜਿਹੀ ਚੱਲ ਪਿਆ।

ਰੱਜ਼ੀ ਨੇ ਕਿਹੜਾ ਪਿੱਛੇ ਪਿੱਛੇ ਆਉਣਾ ਏ, ਇਹ ਸੋਚ ਕੇ ਉਹ ਤੇਜ਼ ਤੇਜ਼ ਕਦਮ ਪੁੱਟਦਾ ਹੋਇਆ ਚੱਲ ਪਿਆ।

ਉਸ ਨੇ ਘੱਲੂ ਫਕੀਰ ਤੋਂ ਪਾਣੀ ਪੀਤਾ। ਘੱਲੂ ਫਕੀਰ ਨੇ ਉਹਨੂੰ ਉਲਾਂਭਾ ਦਿੱਤਾ। ਅਗਲੇ ਦਿਨ ਦੋਵੇਂ ਭੈਣਾਂ ਇਕੋ ਮੰਜੀ 'ਤੇ ਇਕੱਲੀਆਂ ਬੈਠੀਆਂ ਸਨ। ਫੈਜ਼ੋ ਨੇ ਹਮੇਸ਼ਾ ਵਾਂਗ ਆਪਣੀ ਭੈਣ ਤੋਂ ਨੌਜਵਾਨ ਮੁਟਿਆਰਾਂ ਵਾਲੀਆਂ ਜਜ਼ਬਾਤੀ ਗੱਲਾਂ ਸੁਣਨ ਲਈ ਗੱਲ ਛੇੜਨ ਦੀ ਵਾਰ ਵਾਰ ਕੋਸ਼ਿਸ਼ ਕੀਤੀ।

ਇਹ ਉਸ ਦਾ ਤਜਰਬਾ ਸੀ ਕਿ ਜਦੋਂ ਉਸ ਦੀ ਭੈਣ ਦੀਆਂ ਪਲਕਾਂ ਭਿੱਜੀਆਂ ਹੋਈਆਂ ਹੁੰਦੀਆਂ ਅਤੇ ਉਹ ਉਦਾਸ ਹੁੰਦੀ, ਤਾਂ ਉਸ ਵੇਲੇ ਉਸ ਦੀ ਅਜਿਹੀ ਕੋਸ਼ਿਸ਼ ਕਾਮਯਾਬ ਹੋ ਜਾਂਦੀ।

"ਹਾਂ... ਇਹ ਦੱਸ ਫੈਜ਼ੋ, ਮੈਨੂੰ ਉਹ ਇਕ ਨਜ਼ਾਰਾ ਬਹੁਤ ਚੰਗਾ ਲੱਗਦਾ ਏ...! ਕਦੇ ਤੂੰ ਕਿਸੇ ਰੇਲਵੇ ਸਟੇਸ਼ਨ 'ਤੇ ਗਈ ਏਂ?... ਥਲ ਦਾ ਕੋਈ ਸੁੰਨਸਾਨ ਸਟੇਸ਼ਨ, ਆਬਾਦੀ ਤੋਂ ਹਟ ਕੇ, ਜਿਥੇ ਗਹਿਰੀ ਖਾਮੋਸ਼ੀ ਹੋਵੇ... ਚਿੜੀ ਵੀ ਨਾ ਬੋਲਦੀ ਹੋਵੇ, ਜਿਥੇ ਸੁੰਨਸਾਨ ਸੁੰਨਸਾਨ ਹੋਵੇ... ਅੱਠਵੇਂ ਪਹਿਰ ਉਸ ਸਟੇਸ਼ਨ ਉਤੇ ਟਰੇਨ ਆ ਕੇ ਰੁਕਦੀ ਹੈ... ਬੱਸ ਘੜੀ ਪਲ ਲਈ ਮੇਲਾ ਜਿਹਾ ਲੱਗ ਜਾਂਦਾ ਏ... ਨਵੇਂ ਨਵੇਂ ਚਿਹਰੇ, ਨਵੀਆਂ ਨਵੀਆਂ ਆਵਾਜ਼ਾਂ... ਇਸ ਤੋਂ ਬਾਅਦ ਗੱਡੀ ਸੀਟੀਆਂ ਮਾਰਦੀ ਹੋਈ ਚੱਲ ਪੈਂਦੀ ਹੈ। ਸਾਰੀਆਂ ਰੌਣਕਾਂ ਨਾਲ ਲੈ ਕੇ। ਆਪਣੀਆਂ ਰੌਣਕਾਂ ਆਪੇ ਸਮੇਟ ਕੇ ਲੈ ਜਾਂਦੀ ਏ, ਤੇ ਦੋ ਨਿਗਾਹਾਂ, ਦੋ ਕਾਲੀਆਂ ਤੇ ਚਮਕਦੀਆਂ ਹੋਈਆਂ ਰੇਲਵੇ ਲਾਈਨਾਂ ਉਤੇ ਉਸ ਦੇ ਪਿੱਛੇ ਪਿੱਛੇ ਦੂਰ ਤਾਈਂ ਤਿਲ੍ਹਕਦੀਆਂ ਚਲੀਆਂ ਜਾਂਦੀਆਂ ਹਨ। ਫ਼ਿਰ ਸਟੇਸ਼ਨ ਉਤੇ ਕਾਲੀ ਉਦਾਸੀ ਅਤੇ ਵੀਰਾਨੀ, ਕਾਲੀ ਚੁੱਪ, ਕਾਲੀ ਉਦਾਸ ਧੁੱਪ-ਛਾਂ... ਇਹ ਸਾਰੀਆਂ ਕਾਨਿਆਂ ਵਿਚੋਂ ਨਿਕਲ ਕੇ ਮੁੜ ਤੋਂ ਸਟੇਸ਼ਨ ਉਤੇ ਕਬਜ਼ਾ ਜਮਾ ਲੈਂਦੀਆਂ ਹਨ।

## ਮਿੰਨੀ ਕਹਾਣੀ

### ਵਫਾਦਾਰ

"ਇਹ ਕਿਹੜਾ ਕੁੱਤਾ ਹੈ," ਅੰਦਰ ਬੈਠੇ ਇਕ ਵਿਅਕਤੀ ਨੇ ਵਿਹੜੇ ਵਿਚ ਘੁੰਮਦੇ ਕੁੱਤੇ ਨੂੰ ਵੇਖ ਕੇ ਕਿਹਾ। "ਇਹ ਓਹੀ ਕੁੱਤਾ ਹੈ ਜਿਹੜਾ ਓਦਣ ਤੁਹਾਨੂੰ ਭੌਂਕ ਰਿਹਾ ਸੀ," ਪੁੱਤਰ ਨੇ ਅੱਗੋਂ ਜਵਾਬ ਦਿੱਤਾ। ਫਿਰ ਉਹ ਸੋਟੀ ਦੇ ਸਹਾਰੇ ਜਿਉਂ ਹੀ ਵਿਹੜੇ ਵਿਚ ਆਇਆ, ਤਾਂ ਕੁੱਤਾ ਭੱਜ ਕੇ ਉਸ ਦੇ ਪੈਰਾਂ ਨੂੰ ਚੰਬੜ ਗਿਆ। "ਅੱਜ ਤਾਂ ਬੜੇ ਹੀ ਪਿਆਰ ਨਾਲ ਮਿਲ ਰਿਹਾ ਹੈ ਪੂਛ ਹਿਲਾ ਕੇ," ਉਸ ਦੇ ਮੂੰਹੋਂ ਨਿਕਲਿਆ। "ਸ਼ਾਇਦ ਉਸ ਦਿਨ ਤੋਂ ਇਸ ਨੂੰ ਤੁਹਾਡੀ ਪਹਿਚਾਣ ਹੋ ਗਈ ਹੋਣੀ ਹੈ ਕਿ ਇਹੀ ਮਾਲਕ ਹੈ ਇਸ ਘਰ ਦਾ," ਪੁੱਤਰ ਨੇ ਅੰਦਰੋਂ ਜਵਾਬ ਦਿੱਤਾ। "ਹਾਂ ਇਹ ਤਾਂ ਹੈ, ਕਹਿੰਦੇ ਨੇ ਕਈ ਜਾਨਵਰ ਜਿਸ ਦਾ ਇਕ ਵਾਰ ਅੰਨ ਖਾ ਲੈਣ ਉਹ ਸਦਾ ਲਈ ਉਸ ਦੇ ਵਫਾਦਾਰ ਹੋ ਜਾਂਦੇ ਨੇ।"

"ਹਾਂ-ਪਾਪਾ, ਹੁਣ ਇਹ ਮੈਂ ਹੀ ਰੱਖ ਲੈਣਾ ਹੈ ਇਸ ਨੂੰ ਅਕਲ ਵੀ ਬਹੁਤ ਹੈ, ਖੂਬ ਖਿਲਾ-ਪਿਲਾ ਕੇ ਬੱਬਰ ਸ਼ੇਰ ਬਣਾ ਦੇਵਾਂਗਾ," ਪੁੱਤਰ ਵਿਹੜੇ ਵਿਚ ਆਉਂਦਾ ਬੋਲਿਆ। "ਪਰ ਪੁੱਤਰਾ, ਸਾਨੂੰ ਤਾਂ ਤੂੰ ਸਮੇਂ ਸਿਰ ਰੋਟੀ ਨਹੀਂ ਦਿੰਦਾ, ਤੂੰ ਤਾਂ ਇਨਸਾਨ ਹੈਂ, ਤੈਨੂੰ ਤਾਂ ਜਾਨਵਰਾਂ ਨਾਲੋਂ ਵੱਧ ਅਕਲ ਹੋਣੀ ਚਾਹੀਦੀ ਹੈ, ਆਪਣੀ ਘਰ ਵਾਲੀ ਦੇ ਕਹਿਣ ਤੇ ਤੂੰ ਆਪਣੀ ਮਾਂ ਤੇ ਮੈਨੂੰ ਵੱਢ ਖਾਣ ਨੂੰ ਪੈ ਜਾਨਾਂ।"


***-ਨਾਇਬ ਸਿੰਘ 'ਸੈਂਪਲੇ'***
***ਫੋਨ: 91-98724-05203***


# ਮੇਡ ਇਨ ਇੰਡੀਆ ਪ੍ਰੈਜ਼ੀਡੈਂਟ ਅਬਦੁਲ ਕਲਾਮ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮਿਜ਼ਾਈਲ ਮੈਨ, ਭਾਰਤ ਰਤਨ ਦੇ ਜਨਤਾ ਦੇ ਰਾਸ਼ਟਰਪਤੀ ਵਜੋਂ ਜਾਣੇ ਜਾਂਦੇ ਏ.ਪੀ.ਜੇ. ਅਬਦੁਲ ਕਲਾਮ ਦਾ 84 ਵਰ੍ਹੇ ਦਾ ਪ੍ਰਭਾਵਸ਼ਾਲੀ ਤੇ ਸਫਲ ਜੀਵਨ ਜੀਊ ਕੇ ਤੁਰ ਜਾਣਾ ਅਣਹੋਣੀ ਘਟਨਾ ਜਾਪਦਾ ਹੈ। ਖ਼ਾਸ ਕਰਕੇ ਇਸ ਲਈ ਕਿ ਉਸ ਦਾ ਵੱਡਾ ਭਰਾ ਮੁਹੰਮਦ ਮਾਰੀਕੇਰ 99 ਸਾਲ



*ਏ.ਪੀ.ਜੇ. ਅਬਦੁਲ ਕਲਾਮ*

ਦੀ ਲੰਮੀ ਆਯੂ ਦੇ ਬਾਵਜੂਦ ਜੀਵਤ ਹੈ। ਕਲਾਮ ਦੀ ਵਿਗਿਆਨਕ ਤੇ ਖੋਜੀ ਰੁਚੀ ਉਸ ਨੂੰ ਸਾਰੇ ਰਾਸ਼ਟਰਪਤੀਆਂ ਨਾਲੋਂ ਵਿਲੱਖਣ ਬਣਾਉਂਦੀ ਹੈ। ਵੱਡੀ ਗੱਲ ਇਹ ਕਿ ਉਸ ਦੀ ਸਮੁੱਚੀ ਵਿਦਿਆ ਭਾਰਤ ਦੇ ਸਕੂਲਾਂ, ਕਾਲਜਾਂ ਤੇ ਵਿਸ਼ਵ ਵਿਦਿਆਲਿਆਂ ਤੋਂ ਲਈ ਹੋਈ ਸੀ। ਮਿਜ਼ਾਈਲ ਦੀ ਕਾਢ ਤੇ ਪ੍ਰਾਪਤੀ ਉਸ ਦੀ ਅਣਥੱਕ ਲਗਨ ਤੇ ਵਿਗਿਆਨਕ ਦ੍ਰਿਸ਼ਟੀ ਦੀ ਉਪਜ ਹੈ। ਭਾਰਤ ਦਾ ਇਹ ਸੱਚਾ ਸਪੂਤ ਅੰਤਮ ਸੁਆਸ ਤਿਆਗਣ ਤੱਕ ਕਰਮਸ਼ੀਲ ਰਿਹਾ। 84 ਵਰ੍ਹੇ ਨੂੰ ਢੁਕਿਆ ਇਹ ਹੀਰਾ ਵਿਅਕਤੀ ਅੰਤਮ ਸਵਾਸ ਲੈਂਦੇ ਸਮੇਂ ਅਪਣੇ ਦੇਸ਼ ਦੇ ਪੂਰਬੀ ਸ਼ਹਿਰ ਸ਼ਿਲਾਂਗ ਦੀ ਇੰਡੀਅਨ ਇੰਸਟੀਚਿਊਟ ਆਫ ਬਿਜਨਸ ਮੈਨੇਜਮੈਂਟ ਵਿਚ ਭਾਸ਼ਨ ਦੇ ਰਿਹਾ ਸੀ। ਜਿਹੜੇ ਲੋਕ ਉਸ ਨੂੰ ਐਨ ਨੇੜਿਓਂ ਜਾਣਦੇ ਹਨ ਉਹ ਦਸਦੇ ਹਨ ਕਿ ਉਸ ਦੇ ਤਨ ਮਨ ਵਿਚ ਸਾਦਗੀ ਤੇ ਪ੍ਰਤਿਭਾ ਇਕ ਦੂਜੇ ਨਾਲ ਕਦਮ ਮਿਲਾ ਕੇ ਚਲਦੀਆਂ ਸਨ। ਭਾਰਤੀ ਵਿਦਿਆ ਪ੍ਰਣਾਲੀ ਨੂੰ ਬਿਹਤਰੀਨ ਕਹਿਣ ਵਾਲੀ ਇਹ ਹਸਤੀ ਆਪਣੇ ਆਪ ਨੂੰ ਮੇਡ ਇਨ ਇੰਡੀਆ ਕਹਿੰਦੀ ਸੀ। ਉਸ ਦੀ ਮਿਜ਼ਾਈਲ ਵਾਲੀ ਕਾਢ ਤੇ ਪ੍ਰਾਪਤੀ ਉਸ ਦੀ ਮੇਡ ਇਨ ਇੰਡੀਆ ਪ੍ਰਤਿਭਾ ਦੀ ਸਿਖਰ ਸੀ। ਅਬਦੁਲ ਕਲਾਮ ਨੂੰ ਸਾਡਾ ਸਦੀਵੀ ਸਲਾਮ!

**ਡਾ. ਹਮਦਰਦ ਦੀ ਛੇਵੀਂ ਐਲਬਮ 'ਮੇਰੀ ਪਸੰਦ':** ਮੈਨੂੰ ਡਾ. ਬਰਜਿੰਦਰ ਸਿੰਘ ਹਮਦਰਦ ਦੀ ਛੇਵੀਂ ਐਲਬਮ 'ਮੇਰੀ ਪਸੰਦ' ਦੇ ਜਾਰੀ ਹੋਣ ਦੀ ਉਚੇਚੀ ਖੁਸ਼ੀ ਹੈ। ਉਸ ਦੀ ਹਰ ਐਲਬਮ ਉਸ ਦੀ ਵਿਲੱਖਣ ਪੇਸ਼ਕਾਰੀ ਨੂੰ ਸਰੋਤਿਆਂ ਤੱਕ ਪਹੁੰਚਾਉਂਦੀ ਹੈ। ਉਸ ਦਾ ਇਹ ਗੁਣ ਉਸ ਦੇ ਅਜੀਤ ਸਮਾਚਾਰ ਪਤਰਕਾ ਸਮੂਹ ਦਾ ਮਾਲਕ ਹੋਣ ਤੋਂ ਵੀ ਪਹਿਲਾਂ ਉਸ ਦੇ ਅੰਦਰਲੇ ਮਨ ਵਿਚ ਹਾਜ਼ਰ ਨਾਜ਼ਰ ਸੀ। ਕਿੰਨਾ ਤੇ ਕਿਹੋ ਜਿਹਾ ਉਸ ਦੀਆਂ ਐਲਬਮਾਂ ਦੇ ਨਾਵਾਂ ਤੋਂ ਪ੍ਰਤੱਖ ਹੈ। ਜਜ਼ਬਾਤ, ਆਹਟ, ਸਿਜਦਾ, ਖੁਸ਼ਬੂ, ਸ਼ਰਧਾਂਜਲੀ ਤੇ ਮੇਰੀ ਪਸੰਦ। ਮੈਂ ਉਸ ਦੇ ਉਨ੍ਹਾਂ ਮਿੱਤਰਾਂ ਵਿਚੋਂ ਇਕ ਹਾਂ ਜਿਨ੍ਹਾਂ ਨੇ ਉਸ ਦੀਆਂ ਗਾਈਆਂ ਗਜ਼ਲਾਂ ਤੇ ਗੀਤ ਐਲਬਮਾਂ ਵਿਚ ਚੜ੍ਹਨ ਤੋਂ ਪਹਿਲਾਂ ਉਸ ਦੇ ਮੂੰਹੋਂ ਸੁਣੇ ਹੋਏ ਹਨ। ਧੁਨੀ, ਸਹਿਜ ਤੇ ਸਲੀਕਾ ਦੇ ਮੁਜੱਸਮੇ। ਉਹ ਨਿਦਾ ਫਾਜ਼ਲੀ ਵਰਗਿਆਂ ਦੀਆਂ ਆਮ ਗਜ਼ਲਾਂ ਨੂੰ ਵੀ ਉਸ ਟੀਸੀ ਉਤੇ ਲੈ ਜਾਂਦਾ ਹੈ ਜਿਸ ਨੂੰ ਕੇ. ਐਲ. ਸਹਿਗਲ ਯਾਦਗਾਰੀ ਹਾਲ ਹੀ ਸੁਖਾਂਦਾ ਹੈ। ਪ੍ਰਬੰਧਕਾਂ ਵਲੋਂ ਰਿਲੀਜ਼ ਸਮਾਗਮ ਵਾਸਤੇ ਇਸ ਹਾਲ ਦੀ ਚੋਣ ਸੋਨੇ ਉਤੇ ਸੁਹਾਗੇ ਦਾ ਕੰਮ ਕਰਦੀ ਹੈ।

ਮੈਂ ਬਰਜਿੰਦਰ ਹਮਦਰਦ ਦੀ ਪੇਸ਼ਕਾਰੀ ਨੂੰ ਸ਼ਿਵਕੁਮਾਰ ਬਟਾਲਵੀ ਦੇ ਹਾਣ ਦੀ ਮੰਨਦਾ ਹਾਂ। ਭਾਵੇਂ ਪ੍ਰਸਿੱਧ ਕਵੀ ਹਰਿਭਜਨ ਸਿੰਘ ਵੀ ਇਨ੍ਹਾਂ ਤੋਂ ਘੱਟ ਨਹੀਂ ਸੀ ਪਰ ਉਹ ਧੁਨੀ ਨਿਅੰਤਰਣ ਵਿਚ ਇਨ੍ਹਾਂ ਨੂੰ ਮਾਤ ਨਹੀਂ ਸੀ ਪਾਉਂਦਾ। ਜਿੱਥੋਂ ਤੱਕ ਭਾਸ਼ਨ ਦੀ ਅਦਾਇਗੀ ਦਾ ਸਬੰਧ ਹੈ ਉਸ ਦਾ ਕਿਸੇ ਪੱਖ ਤੋਂ ਕੋਈ ਸਾਨੀ ਨਹੀਂ ਸੀ।

ਤੁਸੀਂ ਹੈਰਾਨ ਨਾ ਹੋਣਾ ਜੇ ਮੈਂ ਦੱਸਾਂ ਕਿ ਮੈਨੂੰ ਬਰਜਿੰਦਰ ਹਮਦਰਦ ਦੀ ਉਹ ਵਾਲੀ ਪੇਸ਼ਕਾਰੀ ਸਭ ਤੋਂ ਉਤਮ ਲੱਗੀ ਹੈ ਜਿਹੜੀ ਉਸ



*ਡਾ. ਬਰਜਿੰਦਰ ਸਿੰਘ ਹਮਦਰਦ*

ਦੇ ਮਨ ਦੀ ਸੱਚੀ ਤੇ ਸੁਚੀ ਭਾਵਨਾ ਨਾਲ ਅਪਣੇ ਪਿਤਾ ਦੀ ਰਚਨਾ 'ਤੇਰੇ ਜਾਣ ਪਿੱਛੋਂ' ਪਿਛੋਂ ਨਿੱਤਰ ਕੇ ਆਈ ਹੈ। ਇਸ ਦਾ ਸਬੰਧ ਪਿਤਾ ਦੇ ਉਸ ਵਿਗੋਚੇ ਨਾਲ ਹੈ ਜਿਹੜਾ ਬਰਜਿੰਦਰ ਹੁਰਾਂ ਦੀ ਮਾਤਾ ਦੇ ਤੁਰ ਜਾਣ ਪਿਛੋਂ ਉਨ੍ਹਾਂ ਦੇ ਮਨ ਉਤੇ ਭਾਰੀ ਸੀ। ਐਵੇਂ ਤਾਂ ਨਹੀਂ ਵਿਦਿਆ ਮੰਤਰੀ ਦਿਲਜੀਤ ਸਿੰਘ ਚੀਮਾ, ਉਪ ਕੁਲਪਤੀ ਜਸਪਾਲ ਸਿੰਘ ਤੇ ਪੁਡੂਚਰੀ ਦੇ ਸਾਬਕਾ ਲੈਫਟੀਨੈਂਟ ਗਵਰਨਰ ਵਰਗੇ ਵਿਅਕਤੀ 'ਮੇਰੀ ਪਸੰਦ' ਦੇ ਰਿਲੀਜ਼ ਸਮਾਰੋਹ ਉਤੇ ਹੁਮ ਹੁਮਾ ਕੇ ਆਏ। ਮੈਂ ਅਪਣੇ ਮਿੱਤਰ ਦੀ ਗਾਇਨ ਕਲਾ ਨੂੰ ਸਲਾਮ ਕਰਦਾ ਹਾਂ।

ਗੋਰਕੀ ਦੀ ਰਚਨਾ 'ਮਾਂ' ਦਾ ਨਾਟਕੀਕਰਨ: ਮੇਰੀ ਚੜ੍ਹਦੀ ਉਮਰੇ ਅਗਾਂਹਵਧੂ ਤੇ ਸਮਾਜਵਾਦੀ ਰੁਚੀਆਂ ਵਾਲੇ ਸਾਰੇ ਵਿਅਕਤੀ ਰੂਸੀ ਲੇਖਕ ਮੈਕਸਿਮ ਗੋਰਕੀ ਦੀ 'ਮਾਂ' ਨੂੰ ਸਰ੍ਹਾਣੇ ਰੱਖ ਕੇ ਸੌਂਦੇ ਸਨ। ਇਹ ਰਚਨਾ ਸੰਸਾਰ ਦੀਆਂ ਕਿੰਨੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ ਇਸ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਇਸ ਦੀ ਨਾਇਕਾ ਸਮਾਜਵਾਦ ਦੇ ਮਾਰਗ ਤੁਰ ਰਹੇ ਅਪਣੇ ਪੁੱਤਰ ਪਾਵੇਲ ਦੀਆਂ ਗਤੀਵਿਧੀਆਂ ਤੋਂ ਏਨਾ ਪ੍ਰਭਾਵਤ ਹੋ ਜਾਂਦੀ ਹੈ ਕਿ ਪਾਵੇਲ ਦੇ ਸਮੁੱਚੇ ਟੋਲੇ ਨੂੰ ਅਪਣੀ ਬੁਕਲ ਵਿਚ ਲੈ ਕੇ ਉਨ੍ਹਾਂ ਦੀ ਮਾਰਗ ਦਰਸ਼ਕ ਹੋ ਨਿਬੜਦੀ ਹੈ।

ਚੰਡੀਗੜ੍ਹ ਦੀ ਪ੍ਰਸਿੱਧ ਰੰਗ ਕਰਮੀ ਸੰਗੀਤਾ ਗੁਪਤਾ ਨੇ ਇਸ ਰਚਨਾ ਨੂੰ ਨਾਟਕੀ ਰੂਪ ਦੇ ਕੇ ਉਨ੍ਹਾਂ ਦਰਸ਼ਕਾਂ ਤੇ ਸਰੋਤਿਆਂ ਦੇ ਦਿਲਾਂ ਵਿਚ ਵਧਾਇਆ ਹੈ ਜਿਹੜੇ ਕਿਸੇ ਕਾਰਨ ਮੂਲ ਰਚਨਾ ਨੂੰ ਪੜ੍ਹਨ ਤੋਂ ਵਾਂਝੇ ਰਹਿ ਗਏ ਸਨ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਉਸ ਦੇ ਟੋਲੇ ਦੀ ਸਾਦਾ, ਸੁੱਚੀ ਤੇ ਸੰਗੀਤਮਈ ਪੇਸ਼ਕਾਰੀ ਥੀਏਟਰ ਦੀਆਂ ਕੰਧਾਂ ਨੂੰ ਬੋਲਣ ਲਾ ਦਿੰਦੀ ਹੈ। ਨਾਟਕ ਵਿਚ ਮਾਂ ਦਾ ਰੋਲ ਖੁਦ ਸੰਗੀਤਾ ਗੁਪਤਾ ਨੇ ਕੀਤਾ ਹੈ। ਮਾਵਾਂ ਜ਼ਿੰਦਾਬਾਦ।

**ਅੰਤਿਕਾ:** (ਤੁਰ ਗਏ ਪ੍ਰਮਿੰਦਰਜੀਤ ਦੀਆਂ ਸੱਚੀਆਂ ਸੁੱਚੀਆਂ)

ਦੇਹ ਦਾ ਪੈਂਡਾ ਮੁੱਕ ਜਾਂਦਾ ਏ
ਪਰ ਮਨ ਦਾ ਨਹੀਂ ਮੁੱਕਦਾ,
ਅੰਦਰ ਦਾ ਸੱਚ ਤਾਂ ਲੁਕਿਆ ਰਹਿੰਦਾ
ਬਾਹਰ ਦਾ ਝੂਠ ਨਾ ਲੁਕਦਾ।
ਦੇਹਾਂ ਦੀ ਕਥਾ ਕੀ ਛੋਹੀ
ਇਹ ਮੁੱਕਦੀ ਮੁੱਕਦੀ ਮੁੱਕਣੀ,
ਜਿਉਂ ਉਮਰਾਂ ਦੀ ਗਿੱਲੀ ਚਾਦਰ
ਸੁੱਕਦੀ ਸੁੱਕਦੀ ਸੁੱਕਣੀ।
ਛੂਹ ਅਣਛੂਹ ਦੀ ਕਥਾ ਸੁਣਾਈ
ਦੇਹ ਦਾ ਪੰਧ ਨਾ ਕੀਤਾ,
ਆਪਣੇ ਹਿੱਸੇ ਆਏ ਤੇਹ ਦਾ
ਆਪ ਨਾ ਪਾਣੀ ਪੀਤਾ।
ਤਨ ਤੰਦੂਰ ਜਦੋਂ ਤੱਕ ਤਪਦਾ
ਕੋਈ ਜੀਅ ਭਰ ਅੰਨ ਪਕਾਵੇ,
ਠਰ ਗਈ ਮਿੱਟੀ ਦੀ ਬਾਤ ਨੂੰ
ਨਾ ਕੋਈ ਸੁਣੇ ਸੁਣਾਵੇ।

---

# ਕੁੜੀਆਂ ਕਹਿਣ ਕਹਾਣੀਆਂ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਧੀਆਂ ਦੇ ਅਰਮਾਨਾਂ ਨੂੰ ਪੈਰਾਂ ਥੱਲੇ ਕੁਚਲ ਕੇ ਪੁੱਤਾਂ ਨੂੰ ਵਿਦੇਸ਼ਾਂ ਦੇ ਪੱਕੇ ਵਸਨੀਕ ਬਣਾਉਣ ਦੀ ਪਿਰਤ ਕੋਈ ਨਵੀਂ ਨਹੀਂ। ਇੰਗਲੈਂਡ ਦੇ ਕਿਸੇ ਵੱਡੀ ਉਮਰ ਦੇ ਅਮੀਰ ਲਾੜੇ ਨੂੰ, ਆਪਣੀ ਫੁੱਲਾਂ ਵਰਗੀ ਧੀ ਦੀ ਡੋਲੀ ਦੇਣੀ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਜੇ ਧੀ ਮਾਪਿਆਂ ਦੇ ਫੈਸਲੇ ਤੋਂ ਬਾਗੀ ਸੁਰ ਵਿਚ ਬੋਲੇ ਤਾਂ ਬਾਪ ਆਪਣਾ ਆਖਰੀ ਹਥਿਆਰ ਧੀ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਵਰਤ ਲੈਂਦਾ ਹੈ। ਬਾਬਲ ਦੀ ਪੱਗ ਦੀ ਲਾਜ ਬਚਾਉਣ ਲਈ ਧੀ ਜ਼ਹਿਰ ਨੂੰ ਅੰਮ੍ਰਿਤ ਸਮਝ ਕੇ ਪੀ ਜਾਂਦੀ ਹੈ। ਕੁਝ ਇਸੇ ਤਰ੍ਹਾਂ ਦੀ ਕਹਾਣੀ ਹੈ ਮਨਦੀਪ ਕੌਰ ਦੀ।

ਮਨਦੀਪ ਦਰਮਿਆਨੇ ਕਿਸਾਨ ਦੀ ਧੀ ਸੀ। ਦੋ ਭਰਾਵਾਂ ਦੀ ਵੱਡੀ ਭੈਣ। ਰਿਸ਼ਤੇਦਾਰੀ ਵਿਚੋਂ ਕੋਈ ਵੀ ਬਾਹਰਲੇ ਮੁਲਕ ਵਿਚ ਨਹੀਂ ਸੀ, ਨਾ ਕਿਸੇ ਨੇ ਬਾਹਰਲੇ ਮੁਲਕ ਦਾ ਕੋਈ ਸੁਪਨਾ ਦੇਖਿਆ ਸੀ। ਮਨਦੀਪ ਬੀ.ਏ. ਦੇ ਦੂਜੇ ਸਾਲ ਵਿਚ ਪੜ੍ਹਦੀ ਸੀ। ਪੜ੍ਹ ਲਿਖ ਕੇ ਚੰਗੀ ਨੌਕਰੀ 'ਤੇ ਲੱਗਣਾ ਚਾਹੁੰਦੀ ਸੀ ਤੇ ਆਪਣੇ ਭਰਾਵਾਂ ਨੂੰ ਪੜ੍ਹਾਉਣਾ ਚਾਹੁੰਦੀ ਸੀ। ਮਨਦੀਪ ਦਾ ਬਾਪ ਨਾਜਰ ਟੁੱਟੀਆਂ-ਭੱਜੀਆਂ ਲੱਤਾਂ-ਬਾਹਾਂ ਬੰਨ੍ਹ ਲੈਂਦਾ ਸੀ। ਮਾਸ ਪਾਟੇ ਜਾਂ ਗੋਡੇ-ਗਿੱਟੇ ਦੇ ਹੱਡ ਹਿੱਲੇ ਦਾ ਉਹ ਵਧੀਆ ਦੇਸੀ ਡਾਕਟਰ ਸੀ। ਕਿਸੇ ਸਾਧੂ ਫਕੀਰ ਤੋਂ ਸਿੱਖੇ ਇਸ ਗੁਣ ਦੀ ਕਮਾਈ ਉਹ ਘਰ ਨਹੀਂ ਵਰਤਦਾ ਸੀ, ਨਾ ਕਿਸੇ ਤੋਂ ਉਹ ਕੋਈ ਪੈਸਾ ਮੰਗਦਾ ਸੀ। ਜਦੋਂ ਮਰੀਜ਼ ਠੀਕ ਹੋ ਜਾਂਦਾ ਤਾਂ ਆਪਣੀ ਸ਼ਰਧਾ ਮੁਤਾਬਕ ਜੋ ਦਿੰਦਾ, ਫੜ ਲੈਂਦਾ। ਫਿਰ ਇਨ੍ਹਾਂ ਪੈਸਿਆਂ ਨਾਲ ਕੋਈ ਪੁੰਨ ਦਾ ਕਾਰਜ ਕਰ ਦਿੰਦਾ। ਕਈ ਵਾਰ ਉਹ ਖੇਤ ਹੁੰਦਾ ਤਾਂ ਨਾਜਰ ਦੀ ਘਰਵਾਲੀ ਖੇਤ ਦਾ ਰਾਹ ਦੱਸ ਦਿੰਦੀ। ਉਹ ਹੱਥਲਾ ਕੰਮ ਛੱਡ ਕੇ ਵੀ ਅਗਲੇ ਦੀ ਤਕਲੀਫ਼ ਸੁਣਦਾ। ਨਾਜ਼ਰ ਦਾ ਨਾਂ ਇਲਾਕੇ ਵਿਚ ਮਸ਼ਹੂਰ ਸੀ।

ਇਕ ਦਿਨ ਦੋ ਮੁੰਡੇ ਆਪਣੀ ਮਾਂ ਦਾ ਗਿੱਟਾ ਦਿਖਾਉਣ ਆਏ। ਗਿੱਟਾ ਬੰਨ੍ਹਣ ਸਮੇਂ ਗੱਲਾਂ ਚੱਲ ਪਈਆਂ। ਉਸ ਔਰਤ ਦੀ ਨਜ਼ਰ ਮਨਦੀਪ ਉਤੇ ਪੈ ਗਈ ਤੇ ਉਹ ਝੱਟ ਬੋਲੀ, "ਨਾਜਰ ਸਿਆਂ! ਧੀ ਤਾਂ ਮੁਟਿਆਰ ਹੈ। ਕਿਤੇ ਪੱਕ-ਠੱਕ ਕੀਤਾ ਹੈ ਜਾਂ ਨਹੀਂ।"

"ਨਹੀਂ ਭੈਣ ਜੀ, ਅਜੇ ਤਾਂ ਪੜ੍ਹਦੀ ਆ ਚੌਦਮੀਂ ਵਿਚ।" ਨਾਜਰ ਨੇ ਪੱਟੀ ਦਾ ਆਖਰੀ ਲੜ ਬੰਨ੍ਹਦਿਆਂ ਕਿਹਾ।

"ਮੇਰਾ ਭਤੀਜਾ ਅਮਰੀਕਾ ਤੋਂ ਵਿਆਹ ਕਰਵਾਉਣ ਆਇਐ। ਇਕੱਲੀ ਕੁੜੀ ਚਾਹੀਦੀ ਹੈ ਤਿੰਨ ਕੱਪੜਿਆਂ ਵਿਚ, ਹੋਰ ਕੋਈ ਲੈਣਾ ਦੇਣਾ ਨਹੀਂ।" ਔਰਤ ਨੇ ਕਿਹਾ।

"ਕੋਈ ਨਾ ਭੈਣੇ, ਸਲਾਹ ਕਰ ਕੇ ਦੱਸ ਦੇਵਾਂਗੇ।" ਨਾਜਰ ਨੇ ਕਿਹਾ।

ਮੁੰਡੇ ਨੇ ਪਿੰਡ ਦਾ ਪਤਾ ਲਿਖ ਕੇ ਨਾਜਰ ਨੂੰ ਫੜਾ ਦਿੱਤਾ। ਨਾਜਰ ਨੇ ਮਨਦੀਪ ਦੀ ਮਾਂ ਤਾਰੋ ਨੂੰ ਸੱਦ ਕੇ ਗੱਲ ਸਾਂਝੀ ਕੀਤੀ। ਤਾਰੋ ਕਹਿੰਦੀ, ਦੇਖ ਲਵੋ, ਦੇਖਣ ਵਿਚ ਤਾਂ ਕੋਈ ਹਰਜ ਨਹੀਂ, ਪਹਿਲਾਂ ਮਨਦੀਪ ਨੂੰ ਪੁੱਛ ਲਵੋ। ਤਾਰੋ ਨੇ ਮਨਦੀਪ ਨੂੰ ਆਵਾਜ਼ ਮਾਰੀ ਤੇ ਅਮਰੀਕਾ ਦੇ ਰਿਸ਼ਤੇ ਬਾਰੇ ਦੱਸਿਆ। ਮਨਦੀਪ ਦੇ ਚਿਹਰੇ ਉਤੇ ਕੋਈ ਚਮਕ ਨਾ ਆਈ, "ਮੈਂ ਤਾਂ ਅਜੇ ਪੜ੍ਹਨਾ ਹੈ, ਤੇ ਅਮਰੀਕਾ ਨਹੀਂ ਜਾਣਾ।" ਨਾਜ਼ਰ ਤਾਂ ਧੀ ਦੀ ਗੱਲ ਮੰਨ ਗਿਆ, ਪਰ ਤਾਰੋ ਕਹੇ, ਤੂੰ ਇੰਨੇ ਚੰਗੇ ਰਿਸ਼ਤੇ ਨੂੰ ਕਿਉਂ ਜਵਾਬ ਦਿੰਦੀ ਏਂ।

ਤਾਰੋ ਨੇ ਸਿਰਨਾਵੇਂ ਵਾਲਾ ਕਾਗਜ਼ ਫੜਿਆ ਤੇ ਮੂੰਹ ਉਤੇ ਚਾਰ ਕੁ ਛਿੱਟੇ ਮਾਰ ਕੇ ਪੇਕਿਆਂ ਨੂੰ ਜਾਣ ਲਈ ਮਿੰਨੀ ਬੱਸ ਵਿਚ ਬੈਠ ਗਈ। ਅਮਰੀਕਾ ਵਾਲੇ ਰਿਸ਼ਤੇ ਦੀ ਗੱਲ ਆਪਣੇ ਭਰਾ ਕਰਨੈਲ ਨੂੰ ਸੁਣਾਈ। ਉਸ ਨੇ ਕੋਸੇ ਪਾਣੀ ਨਾਲ ਮੂੰਹ-ਹੱਥ ਧੋਤਾ ਤੇ ਤਾਰੋ ਨਾਲ ਮਿੰਨੀ ਬੱਸ ਬੈਠ ਕੇ ਮਨਦੀਪ ਕੋਲ ਆ ਗਿਆ।

"ਹਾਂ ਕੁੜੀਏ! ਤੇਰਾ ਕੀ ਇਰਾਦਾ ਹੈ? ਵਿਆਹ ਕਰਵਾਉਣਾ ਕਿ ਨਹੀਂ? ਅਮਰੀਕਾ, ਕੈਨੇਡਾ ਦੇ ਰਿਸ਼ਤੇ ਬਗੈਰ ਪੈਸਿਆਂ ਤੋਂ ਨਹੀਂ ਲੱਭਦੇ। ਅਗਲੇ ਦਾਜ ਵਿਚ ਪੰਡ ਰੁਪਏ ਦੀ ਮੰਗਦੇ ਨੇ। ਉਹ ਆਪਾਂ ਨੂੰ ਦੱਸ ਪਾ ਕੇ ਗਏ ਨੇ, ਆਪਾਂ ਜਾ ਕੇ ਦੇਖ ਆਉਂਦੇ ਹਾਂ। ਜੇ ਚੰਗਾ ਲੱਗੂ, ਕਰ ਲਵਾਂਗੇ; ਜੇ ਨਾ ਲੱਗਿਆ ਤਾਂ ਪੜ੍ਹਦੀ ਜਾਈਂ।" ਮਾਮੇ ਨੇ ਇਕੋ ਸਾਹ ਸਭ ਕੁਝ ਕਹਿ ਦਿੱਤਾ।

"ਮਾਮਾ ਜੀ! ਮੈਂ ਅਜੇ ਵਿਆਹ ਨਹੀਂ ਕਰਵਾਉਣਾ। ਪੜ੍ਹ ਲਿਖ ਕੇ ਕੁਝ ਬਣਨਾ ਹੈ। ਤੁਸੀਂ ਮੈਨੂੰ ਕਿਉਂ ਘਰੋਂ ਕੱਢਣ ਲਈ ਕਾਹਲੇ ਹੋ।" ਮਨਦੀਪ ਨੇ ਰੋਂਦਿਆਂ ਕਿਹਾ।

ਸ਼ਾਮ ਨੂੰ ਮਾਮੇ ਨੇ ਨਾਜਰ ਨੂੰ ਵੀ ਦੋ ਪੈਗ ਲੁਆ ਦਿੱਤੇ। ਹੁਣ ਇਕ ਪਾਸੇ ਤਿੰਨ ਜਣੇ ਹੋ ਗਏ ਤੇ ਦੂਜੇ ਪਾਸੇ ਇਕੱਲੀ ਮਨਦੀਪ। ਉਸ ਨੇ ਫਿਰ ਕਸਾਈਆਂ ਅੱਗੇ ਆਪਣੀ ਧੌਣ ਕਰ ਦਿੱਤੀ। ਅਗਲੇ ਦਿਨ ਮੁੰਡਾ ਦੇਖਿਆ। ਮਾਮੇ ਨੂੰ ਮੁੰਡੇ ਦੀ ਉਮਰ ਤਾਂ ਜ਼ਿਆਦਾ ਲੱਗੀ, ਪਰ ਆਪਣੇ ਭਾਣਜਿਆਂ ਦੀ ਜ਼ਿੰਦਗੀ ਸੰਵਰਦੀ ਵੀ ਦਿਸੀ। ਮਾਮੇ ਤੋਂ ਵੱਧ ਕਾਹਲ ਮੁੰਡੇ ਵਾਲਿਆਂ ਨੇ ਦਿਖਾਈ। ਮਨਦੀਪ ਨੂੰ ਦੇਖ ਕੇ ਸ਼ਗਨ ਪਾ ਦਿੱਤਾ ਤੇ ਦਸ ਦਿਨਾਂ ਬਾਅਦ ਵਿਆਹ ਧਰ ਦਿੱਤਾ। ਉਡਦੀ ਕੂੰਜ ਨੂੰ ਅਮਰੀਕਾ ਵਾਲਿਆਂ ਆਪਣੇ ਪਿੰਜਰੇ ਵਿਚ ਬੰਦ ਕਰ ਦਿੱਤਾ।

ਮਨਦੀਪ ਰੋਂਦੀ-ਕੁਰਲਾਉਂਦੀ ਡੋਲੀ ਬੈਠ ਗਈ। ਸ਼ਰੀਕਾ ਹੈਰਾਨ ਵੀ ਹੋਇਆ ਤੇ ਖੁਸ਼ ਵੀ। ਮਨਦੀਪ ਦਾ ਭਵਿੱਖ ਤਾਂ ਅਜੇ ਗਰਭ ਵਿਚ ਸੀ, ਕਿ ਇਹ ਸੁੱਖਾਂ ਭਰਿਆ ਹੋਊ, ਜਾਂ ਜ਼ਿੰਦਗੀ ਨਰਕ ਤੋਂ ਭੈੜੀ ਹੋ ਜਾਵੇਗੀ? ਇੰਨੀ ਜਲਦੀ ਦੇ ਵਿਆਹ ਕਈ ਵਾਰ ਸਿਰੇ ਨਹੀਂ ਲੱਗਦੇ!

ਅਮਰੀਕਾ ਵਾਲਿਆਂ ਨੇ ਮਨਦੀਪ ਲਈ ਵਧੀਆ ਵਰੀ ਤੇ ਗਹਿਣੇ ਬਣਵਾਏ, ਪਰ ਉਹ ਚਾਵਾਂ ਦੇ ਦਿਨਾਂ ਵਿਚ ਵੀ ਉਦਾਸ ਸੀ; ਜਿਵੇਂ ਕੋਈ ਨਦੀ ਦੇ ਕਿਨਾਰੇ ਬੈਠਾ ਵੀ ਪਿਆਸਾ ਹੋਵੇ। ਉਸ ਦੇ ਚਾਅ ਤੇ ਅਰਮਾਨ ਤਾਂ ਕਦੋਂ ਦੇ ਭੱਠੀ ਵਿਚ ਸੜ ਗਏ ਸਨ। ਅਮਰੀਕਾ ਵਾਲਾ ਗੈਰੀ ਤਾਂ ਦੋ ਮਹੀਨੇ ਰਹਿ ਕੇ ਵਾਪਸ ਮੁੜ ਗਿਆ। ਇਨ੍ਹਾਂ ਦਿਨਾਂ ਵਿਚ ਹੀ ਮਨਦੀਪ ਗਰਭਵਤੀ ਹੋ ਗਈ। ਗੈਰੀ ਕੋਲ ਗਰੀਨ ਕਾਰਡ ਸੀ। ਉਨ੍ਹਾਂ ਦਿਨਾਂ ਵਿਚ ਪਤਨੀ ਨੂੰ ਅਮਰੀਕਾ ਆਉਂਦਿਆਂ ਚਾਰ ਸਾਲ ਲੱਗ ਜਾਂਦੇ ਸਨ। ਵਿਆਹ ਨੂੰ ਸਾਲ ਵੀ ਨਹੀਂ ਸੀ ਹੋਇਆ ਕਿ ਮਨਦੀਪ ਨੇ ਧੀ ਨੂੰ ਜਨਮ ਦਿੱਤਾ। ਗੈਰੀ ਨੇ ਇਕ-ਦੋ ਵਾਰ ਕਾਲ ਕੀਤੀ ਤੇ ਫਿਰ ਆਪਣੇ ਕੰਮੀਂ ਲੱਗ ਗਿਆ। ਟਿੱਬਿਆਂ ਦੀ ਰੇਤ ਵਾਂਗ ਮਨਦੀਪ ਦਾ ਹੁਸਨ ਉਡ ਗਿਆ। ਮਾਂ ਨੇ ਅੱਗੇ ਪੜ੍ਹਨ ਲਈ ਕਿਹਾ, ਮਨਦੀਪ ਨੇ ਕਿਹਾ ਕਿ ਹੁਣ ਮਾਂ ਕਿਹੜੀਆਂ ਪੜ੍ਹਾਈਆਂ ਕਰਨੀਆਂ ਨੇ, ਤੁਸੀਂ ਤਾਂ ਪਹਿਲੀਆਂ ਪੜ੍ਹਾਈਆਂ ਦਾ ਚੰਗਾ ਮੁੱਲ ਮੋੜ ਦਿੱਤਾ! ਚਾਰ ਸਾਲਾਂ ਵਿਚ ਗੈਰੀ ਇਕ ਵਾਰ ਇੰਡੀਆ ਗਿਆ। ਫਿਰ ਮਨਦੀਪ ਅਮਰੀਕਾ ਆ ਗਈ। ਘਰ ਵਿਚ ਦਸ ਸਾਲ ਦੀ ਫਿਰਦੀ ਕੁੜੀ ਬਾਰੇ ਪੁੱਛਿਆ, ਗੈਰੀ ਨੇ ਕਿਹਾ ਕਿ ਸਮਾਂ ਆਉਣ 'ਤੇ ਸਭ ਕੁਝ ਦੱਸ ਦੇਵਾਂਗੇ। ਜਦ ਉਸ ਕੁੜੀ ਨੇ ਗੈਰੀ ਨੂੰ ਡੈਡੀ ਬੁਲਾਇਆ ਤਾਂ ਮਨਦੀਪ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੂੰ ਸਮਝ ਨਾ ਆਵੇ ਕਿ ਉਹ ਕੀ ਕਰੇ।

"ਤੁਹਾਡਾ ਪਹਿਲਾਂ ਵੀ ਵਿਆਹ ਹੋਇਐ?" ਮਨਦੀਪ ਨੇ ਮਸਾਂ ਇਹ ਸ਼ਬਦ ਜ਼ਬਾਨੋਂ ਕੱਢੇ। ਹੋਰ ਕੋਈ ਟਿਕਾਣਾ ਨਾ ਹੋਣ ਕਰ ਕੇ ਮਨਦੀਪ ਨੇ ਫਿਰ ਜ਼ਹਿਰ ਦਾ ਘੁੱਟ ਭਰ ਲਿਆ। ਸ਼ਾਮ ਨੂੰ ਗੈਰੀ ਸ਼ਰਾਬ ਨਾਲ ਡੱਕ ਕੇ ਸੌਂ ਗਿਆ। ਮਨਦੀਪ ਆਪਣੀ ਧੀ ਨੂੰ ਬੁੱਕਲ ਵਿਚ ਲੈ ਕੇ ਕਰਮਾਂ ਨੂੰ ਰੋਣ ਲੱਗੀ। ਸਾਰੀ ਰਾਤ ਬੈਠ ਕੇ ਲੰਘਾਈ, ਤੜਕੇ ਜਾ ਕੇ ਮਾੜੀ ਜਿਹੀ ਅੱਖ ਲੱਗੀ। ਇਕ ਸੁਪਨਾ ਆਇਆ ਜਿਸ ਵਿਚ ਗਾਂ ਤੇ ਉਸ ਦੀ ਵੱਛੀ ਨੂੰ ਗਿੱਦੜ ਨੇ ਘੇਰ ਲਿਆ ਸੀ। ਗਿੱਦੜ ਨੇ ਵੱਛੀ ਨੂੰ ਫੜਨਾ ਚਾਹਿਆ ਪਰ ਗਾਂ ਨੇ ਆਪਣੀ ਹਿੰਮਤ ਨਾਲ ਗਿੱਦੜ ਦੀਆਂ ਪਦੀੜਾਂ ਪੁਆ ਦਿੱਤੀਆਂ। ਸਵੇਰੇ ਗੈਰੀ ਨੇ ਉਠਦਿਆਂ ਕਿਹਾ ਕਿ ਜੇ ਤੂੰ ਮੇਰੇ ਨਾਲ ਨਹੀਂ ਰਹਿਣਾ ਚਾਹੁੰਦੀ, ਤਾਂ ਕੁੜੀ ਮੈਨੂੰ ਦੇ ਦੇ, ਤੇ ਤੂੰ ਆਪਣਾ ਟਿਕਾਣਾ ਲੱਭ ਲੈ। ਮਨਦੀਪ ਕੁਝ ਨਾ ਬੋਲੀ। ਗੈਰੀ ਨੇ ਹੀ ਇੰਡੀਆ ਫੋਨ ਕਰ ਕੇ ਦੱਸ ਦਿੱਤਾ ਕਿ ਮਨਦੀਪ ਅਮਰੀਕਾ ਪਹੁੰਚ ਗਈ ਹੈ। ਮਾਪਿਆਂ ਤੋਂ ਚਾਅ ਚੁੱਕ ਨਹੀਂ ਸੀ ਹੁੰਦਾ, ਪਰ ਧੀ ਨੂੰ ਇਕ ਪਾਸੇ ਪਹਾੜ ਤੇ ਦੂਜੇ ਪਾਸੇ ਖਾਈ ਦਿਸ ਰਹੀ ਸੀ।

ਗੈਰੀ ਦੀ ਰੋਜ਼ ਦੀ ਸ਼ਰਾਬ ਤੇ ਫਿਰ ਮਨਦੀਪ ਦੀ ਮਾਰ-ਕੁਟਾਈ ਆਮ ਜਿਹੀ ਗੱਲ ਹੋ ਗਈ। ਫਿਰ ਕਦੇ ਕਦੇ ਗੈਰੀ ਦੀ ਪਹਿਲੀ ਪਤਨੀ ਵੀ ਆ ਜਾਂਦੀ। ਉਸ ਦੀ ਕਹਾਣੀ ਵੀ ਮਨਦੀਪ ਵਰਗੀ ਸੀ, ਪਰ ਉਨ੍ਹਾਂ ਦਾ ਵਿਆਹ ਇਥੇ ਹੀ ਹੋਇਆ ਸੀ। ਗੈਰੀ ਦੀ ਸ਼ਰਾਬ ਤੇ ਮਾਰ-ਕੁਟਾਈ ਦੇ ਦੁੱਖੋਂ ਹੀ ਉਸ ਨੇ ਤਲਾਕ ਲਿਆ ਸੀ। ਧੀ ਗੈਰੀ ਨੇ ਰੱਖ ਲਈ ਤੇ ਉਹ ਕਦੇ ਕਦੇ ਆਪਣੀ ਧੀ ਨੂੰ ਮਿਲਣ ਆ ਜਾਂਦੀ ਸੀ। ਥੋੜ੍ਹਾ ਸਮਾਂ ਹੋਰ ਬੀਤਿਆ, ਮਨਦੀਪ ਬਾਹਰ ਨਿਕਲੀ ਤਾਂ ਕਿਸੇ ਨੇ ਕੰਨੀਂ ਫੂਕ ਮਾਰੀ ਕਿ ਗਰੀਨ ਕਾਰਡ ਲੈ ਕੇ ਤਲਾਕ ਲੈ ਲਈਂ।

ਫਿਰ ਇਕ ਦਿਨ ਗੈਰੀ ਦਾ ਕਾਰ ਐਕਸੀਡੈਂਟ ਹੋ ਗਿਆ ਤੇ ਦੋਵੇਂ ਲੱਤਾਂ ਟੁੱਟ ਗਈਆਂ। ਉਹ ਘਰ ਬੈਠ ਗਿਆ ਤੇ ਮਨਦੀਪ ਨੂੰ ਕੰਮ ਕਰਨਾ ਪਿਆ। ਉਹ ਰੋਜ਼ ਬਾਰਾਂ ਘੰਟੇ ਕੰਮ ਕਰਦੀ, ਘਰ ਤੇ ਗੈਰੀ ਦਾ ਖਿਆਲ ਵੀ ਰੱਖਦੀ। ਉਹ ਭੁੱਲ ਗਈ ਸੀ ਕਿ ਪਿੱਛੇ ਉਸ ਦੇ ਮਾਪੇ ਵੀ ਹਨ। ਮਾਪੇ ਕਹਿੰਦੇ, ਕੁੜੀ ਅਮਰੀਕਾ ਜਾ ਕੇ ਪਰਾਈ ਹੋ ਗਈ ਹੈ।

ਇਕ ਸਾਲ ਵਿਚ ਮਨਦੀਪ ਬਹੁਤ ਕੁਝ ਸਿੱਖ ਗਈ। ਗੈਰੀ ਨੇ ਠੀਕ ਹੁੰਦਿਆਂ ਹੀ ਮਨਦੀਪ ਦੀ ਕੀਤੀ ਸੇਵਾ ਖੂਹ ਵਿਚ ਪਾ ਦਿੱਤੀ। ਫਿਰ ਉਹੀ ਕੁਝ ਹੋਣ ਲੱਗ ਗਿਆ। ਗੈਰੀ ਮਨਦੀਪ ਨੂੰ ਗਾਲ਼ਾਂ ਕੱਢਦਾ ਕਿ ਤੂੰ ਮੈਨੂੰ ਪੁੱਤ ਕਿਉਂ ਨਹੀਂ ਦਿੰਦੀ। ਮਨਦੀਪ ਨੇ ਸਬਰ ਦਾ ਘੁੱਟ ਭਰੀ ਰੱਖਿਆ। ਗਰੀਨ ਕਾਰਡ ਮਿਲਦਿਆਂ ਉਹ ਬਦਲਣ ਲੱਗ ਪਈ। ਫਿਰ ਬਹੁਤਾ ਸਮਾਂ ਤਲਾਕ ਲੈਣ ਨੂੰ ਨਾ ਲੱਗਿਆ। ਮਨਦੀਪ ਨੇ ਆਪਣੀ ਧੀ ਨੂੰ ਨਾਲ ਹੀ ਰੱਖਿਆ। ਉਹ ਕਿਸੇ ਦੇ ਘਰ ਕਿਰਾਏ 'ਤੇ ਰਹਿਣ ਲੱਗੀ।


ਆਪਣਾ ਕੰਮ ਕਰ ਕੇ ਵਧੀਆ ਗੁਜ਼ਾਰਾ ਕਰਨ ਲੱਗੀ। ਫਿਰ ਉਹ ਇਕ ਦਿਨ ਆਪਣੇ ਕਿਸੇ ਪੇਪਰ ਲਈ ਵਕੀਲ ਦੇ ਦਫਤਰ ਗਈ। ਉਥੇ ਉਸ ਦੀ ਮੁਲਾਕਾਤ ਉਸ ਦੇ ਪਿੰਡ ਵੱਲ ਦੇ ਮੁੰਡੇ ਨਾਲ ਹੋਈ ਜੋ ਗਰੀਨ ਕਾਰਡ ਲਈ ਪਿਛਲੇ ਦਸ ਸਾਲਾਂ ਤੋਂ ਕੋਰਟਾਂ-ਕਚਹਿਰੀਆਂ ਦੇ ਗੇੜੇ ਕੱਢ ਰਿਹਾ ਸੀ। ਹੌਲੀ ਹੌਲੀ ਮਨਦੀਪ ਉਸ ਮੁੰਡੇ ਬੌਬੀ ਦੇ ਨੇੜੇ ਹੋਣ ਲੱਗੀ। ਫਿਰ ਉਨ੍ਹਾਂ ਨੇ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ।

ਮਨਦੀਪ ਨੇ ਆਪਣੀ ਸਾਰੀ ਵਿਥਿਆ ਬੌਬੀ ਨੂੰ ਸੱਚ ਸੱਚ ਸੁਣਾ ਦਿੱਤੀ। ਬੌਬੀ ਵੀ ਉਮਰੋਂ ਲੰਘਦਾ ਜਾਂਦਾ ਸੀ। ਉਸ ਨੇ ਸੋਚਿਆ, ਘਰ ਵੱਸਦਾ ਹੈ, ਹੋਰ ਕੀ ਲੈਣਾ ਹੈ! ਦੋਵਾਂ ਨੇ ਦਸ ਬੰਦੇ ਸੱਦ ਕੇ ਗੁਰਦੁਆਰੇ ਵਿਆਹ ਕਰਵਾ ਲਿਆ। ਫਿਰ ਵਿਆਹ ਦੇ ਕਾਗਜ਼ ਭਰ ਦਿੱਤੇ। ਬੌਬੀ ਮਿਹਨਤੀ ਮੁੰਡਾ ਸੀ। ਉਸ ਨੇ ਡਾਲਰ ਜੋੜ ਕੇ ਰੱਖੇ ਹੋਏ ਸਨ। ਵਿਆਹ ਤੋਂ ਬਾਅਦ ਹੀ ਉਸ ਨੇ ਘਰ ਖਰੀਦ ਲਿਆ। ਮਨਦੀਪ ਦੇ ਮੁੱਖ ਤੋਂ ਉਡੀ ਲਾਲੀ ਵਾਪਸ ਆਉਣ ਲੱਗੀ। ਨਸ਼ਿਆਂ ਤੋਂ ਰਹਿਤ ਬੌਬੀ ਉਸ ਦੇ ਸੁਪਨਿਆਂ ਦਾ ਰਾਜ ਕੁਮਾਰ ਬਣ ਕੇ ਆਇਆ। ਸਾਲ ਬਾਅਦ ਹੀ ਮਨਦੀਪ ਨੇ ਪੁੱਤਰ ਨੂੰ ਜਨਮ ਦਿੱਤਾ। ਮਨਦੀਪ ਦਾ ਵਿਹੜਾ ਖੁਸ਼ੀਆਂ ਨਾਲ ਭਰ ਗਿਆ। ਮੰਜ਼ਲਾਂ ਤੋਂ ਭਟਕੇ ਦੋ ਰਾਹੀ ਸਹੀ ਰਾਹ 'ਤੇ ਮਿਲ ਪਏ ਤੇ ਦੁਨਿਆਵੀ ਯਾਤਰਾ ਵੱਲ ਆਪਣੀ ਗ੍ਰਹਿਸਥੀ ਗੱਡੀ ਤੋਰ ਲਈ। ਮਨਦੀਪ ਨੇ ਮੁੜ ਪਿੰਡ ਵੱਲ ਮੂੰਹ ਨਹੀਂ ਕੀਤਾ। ਮਾਪਿਆਂ ਨੇ ਸ਼ਾਇਦ ਮਨਦੀਪ ਦਾ ਚੰਗਾ ਸੋਚਿਆ ਹੋਵੇ ਪਰ ਮਨਦੀਪ ਨੂੰ ਅੱਜ ਤੱਕ ਲੱਗਦਾ ਹੈ ਕਿ ਕਈ ਵਾਰ ਮਾਪੇ ਧੀਆਂ ਨਾਲ ਧੱਕਾ ਕਰ ਜਾਂਦੇ ਹਨ। ਧੀਆਂ ਨੂੰ ਦੁੱਖ ਮਾਪਿਆ ਵੱਲੋਂ ਹੀ ਸਹੇੜੇ ਜਾਂਦੇ ਹਨ। ਜੇ ਧੀ ਦੀ ਰਾਏ ਲਈ ਜਾਵੇ ਤਾਂ ਮਾੜੀ ਗੱਲ ਨਹੀਂ। ਮਨਦੀਪ ਦੇ ਭਰਾ ਵਿਦੇਸ਼ ਤਾਂ ਵਸੇ ਨਹੀਂ, ਪਰ ਪਿੰਡ ਵੀ ਉਹ ਮਾੜੇ ਨਹੀਂ ਰਹੇ।

ਕਿਸੇ ਦੇ ਅਰਮਾਨਾਂ ਦੀ ਸੰਘੀ ਘੁੱਟਦਿਆਂ ਉਸ ਦੀ ਆਖਰੀ ਖਾਹਿਸ਼ ਪੁੱਛ ਲੈਣੀ ਚਾਹੀਦੀ ਹੈ। ਨਹੀਂ ਤਾਂ ਮਨਦੀਪ ਵਾਂਗ ਜ਼ਿੰਦਗੀ ਦਾ ਇਕ ਦਹਾਕਾ ਦੁੱਖਾਂ ਤਕਲੀਫ਼ਾਂ ਵਿਚ ਹੀ ਲੰਘਦਾ ਹੈ।

# ਲਾਹੌਰ ਰੇਡੀਓ ਸਟੇਸ਼ਨ ਵਾਲਾ ਚੌਧਰੀ ਨਿਜ਼ਾਮੁਦੀਨ

ਅੱਜ ਅਸੀਂ ਰੋਜ਼ ਵਾਪਰਦੀਆਂ ਘਟਨਾਵਾਂ ਟੀ.ਵੀ. ਰਾਹੀਂ ਵੇਖ-ਸੁਣ ਸਕਦੇ ਹਾਂ। ਜਿਸ ਸਮੇਂ ਦੀ ਇਹ ਗੱਲ ਹੈ, ਉਹ ਟੀ.ਵੀ. ਤੋਂ ਪਹਿਲਾਂ ਦਾ ਸਮਾਂ ਹੈ। ਉਸ ਵਕਤ ਰੇਡੀਓ ਸਟੇਸ਼ਨ ਜਲੰਧਰ ਤੇ ਲਾਹੌਰ ਸਾਡੇ ਇਲਾਕੇ ਵਿਚ ਸੁਣੇ ਜਾਂਦੇ ਸਨ। ਜਿਵੇਂ ਕਹਿੰਦੇ ਨੇ, 12 ਕੋਹ ਉਤੇ ਬੋਲੀ ਬਦਲ ਜਾਂਦੀ ਹੈ; ਮਾਝੇ, ਮਾਲਵੇ ਤੇ ਦੁਆਬੇ ਵਿਚ ਪੰਜਾਬੀ ਬੋਲੀ ਦਾ ਇਕ-ਦੂਜੀ ਤੋਂ ਥੋੜ੍ਹਾ ਫਰਕ ਹੈ। ਜਲੰਧਰ ਰੇਡੀਓ ਤੋਂ ਵੀ ਪੇਂਡੂ ਭਰਾਵਾਂ ਲਈ ਵਧੀਆ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਸਨ, ਪਰ ਮਝੈਲ ਲਹਿਜੇ ਵਾਲੀ ਬੋਲੀ ਦਾ ਰੰਗ ਤੇ ਬੇਬਾਕ ਗੱਲਾਂ ਵਧੇਰੇ ਖਿੱਚ ਪਾਉਂਦੀਆਂ, ਇਸੇ ਕਰ ਕੇ ਬਾਰਡਰ ਦੇ ਲੋਕ ਰੇਡੀਓ ਸਟੇਸ਼ਨ ਲਾਹੌਰ ਜ਼ਿਆਦਾ ਸੁਣਦੇ ਸਨ,



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-516-5971**

ਕਿਉਂ ਜੋ ਲਾਹੌਰ ਰੇਡੀਓ ਤੋਂ 'ਸੋਹਣੀ ਧਰਤੀ' ਨਾਂ ਦਾ ਪ੍ਰੋਗਰਾਮ ਠੇਠ ਪੰਜਾਬੀ ਵਿਚ ਪੇਂਡੂ ਭਰਾਵਾਂ ਲਈ ਨਸ਼ਰ ਹੁੰਦਾ ਸੀ।

ਚੌਧਰੀ ਨਿਜ਼ਾਮੁਦੀਨ ਤੇ ਉਸ ਦਾ ਸਾਥੀ ਚੌਧਰੀ ਸਾਹਿਬ ਇਹ ਪ੍ਰੋਗਰਾਮ ਪੇਸ਼ ਕਰਦੇ। ਦੋਵੇਂ ਵਧੀਆ ਰੇਡੀਓ ਕਲਾਕਾਰ ਸਨ। ਨਿਜ਼ਾਮੁਦੀਨ ਨੂੰ ਤਾਂ ਪਾਕਿਸਤਾਨ ਸਰਕਾਰ ਵੱਲੋਂ ਰੇਡੀਓ ਪਾਕਿਸਤਾਨ ਲਾਹੌਰ ਦਾ ਵਧੀਆ ਕਲਾਕਾਰ ਹੋਣ ਦਾ ਸਨਮਾਨ ਵੀ ਮਿਲਿਆ ਹੋਇਆ ਸੀ।

ਨਿਜ਼ਾਮੁਦੀਨ ਮੁਲਕ ਦੀ ਵੰਡ ਤੋਂ ਬਾਅਦ ਲਾਹੌਰ ਰੇਡੀਓ ਤੋਂ ਪੇਂਡੂ ਭਰਾਵਾਂ ਲਈ ਸ਼ਾਮ ਨੂੰ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮ ਵਿਚ ਕਈ ਦਹਾਕਿਆਂ ਤੱਕ ਆਪਣੀ ਕਲਾ ਦੇ ਜੌਹਰ ਵਿਖਾਉਂਦਾ ਰਿਹਾ। ਰੇਡੀਓ ਉਤੇ ਗੱਲਬਾਤ ਕਰਦਿਆਂ ਉਹ ਆਪਣੇ ਪੁਰਾਣੇ ਪਿੰਡ ਅਤੇ ਜਾਣ-ਪਛਾਣ ਵਾਲੇ ਲੋਕਾਂ ਦਾ ਜ਼ਿਕਰ ਬੜੇ ਤੇਹ-ਮੋਹ ਨਾਲ ਕਰਦਾ। ਆਪਣੇ ਪਿੰਡ ਨੂੰ ਯਾਦ ਕਰਦਿਆਂ ਉਹ ਕਈ ਵਾਰ ਰੇਡੀਓ ਤੋਂ ਕਹਿ ਜਾਂਦਾ, "ਮੈਂ ਸੱਤ ਵਲੈਤਾਂ ਨੂੰ ਵਾਰ ਸੁੱਟਾਂ ਆਪਣੇ ਪਿੰਡ ਦੀ ਇਕ ਨਿੱਕੀ ਜਿਹੀ ਗਲੀ ਉਤੋਂ।"

ਮਾਪਿਆਂ ਨੇ ਨਿਜ਼ਾਮੁਦੀਨ ਦਾ ਨਾਂ ਸੁਲਤਾਨ ਬੇਗ ਰੱਖਿਆ ਸੀ, ਨਿਜ਼ਾਮੁਦੀਨ ਉਸ ਦਾ ਰੇਡੀਓ ਨਾਂ ਸੀ। ਇਹ ਦੋਵੇਂ ਜਦੋਂ ਪ੍ਰੋਗਰਾਮ ਪੇਸ਼ ਕਰਦੇ ਤਾਂ ਚੌਧਰੀ ਸਾਹਿਬ (ਅਸਲ ਨਾਂ ਅਬਦੁਲ ਲਤੀਫ਼ ਮੁਸਾਫ਼ਰ) ਦਾ ਰੋਲ ਪੜ੍ਹੇ-ਲਿਖੇ ਤੇ ਸਿਆਣੇ ਬੰਦੇ ਵਾਲਾ ਹੁੰਦਾ। ਉਹ ਕਿਸੇ ਵੀ ਮਸਲੇ ਬਾਰੇ ਆਪਣੀ ਫੈਸਲਾਕੁਨ ਰਾਏ ਦਿੰਦਾ ਅਤੇ ਨਿਜ਼ਾਮੁਦੀਨ ਸਿੱਧੇ ਸਾਦੇ ਪੇਂਡੂ ਵਾਲਾ ਰੋਲ ਅਦਾ ਕਰਦਾ। ਉਹਦੀਆਂ ਭੋਲੀਆਂ-ਭਾਲੀਆਂ ਅਤੇ ਝੱਲ-ਵਲੱਲੀਆਂ ਵਿਚ ਵੀ ਡੂੰਘਾ ਵਿਅੰਗ ਤੇ ਹਾਸਰਸ ਹੁੰਦਾ। ਉਹਦੀ ਬੋਲੀ ਦਾ ਪੇਂਡੂ ਲੋਕ ਮੁਹਾਵਰਾ ਅਜਿਹਾ ਜਾਨਦਾਰ ਤੇ ਉਸ ਵਿਚ ਪੰਜਾਬੀ ਸੁਭਾਅ ਦੀ ਅਜਿਹੀ ਮੜ੍ਹਕ ਤੇ ਖੁਸ਼ਬੂ ਹੁੰਦੀ ਕਿ ਲੋਕ ਉਹਦੀਆਂ ਗੱਲਾਂ ਦਾ ਰਸ ਲੈਣ ਲਈ ਉਚੇਚੇ ਤੌਰ 'ਤੇ 'ਲਾਹੌਰ' ਸੁਣਦੇ।

ਅਗਲੇ ਦਿਨ ਲੋਕ ਉਹਦੀਆਂ ਕੀਤੀਆਂ ਗੱਲਾਂ ਦੁਹਰਾਉਂਦੇ ਤੇ ਇਨ੍ਹਾਂ ਵਿਚਲੇ ਤਿੱਖੇ ਵਿਅੰਗ ਤੇ ਹਾਸੇ ਦਾ ਸਵਾਦ ਵੀ ਲੈਂਦੇ। ਅੱਜ ਵੀ ਕਦੀ ਕਦੀ ਉਨ੍ਹਾਂ ਵੇਲਿਆਂ ਦੇ ਸਾਡੇ ਵਰਗੇ ਲੋਕ ਉਸ ਦੀ ਕਹੀ ਕੋਈ ਗੱਲ ਸੁਣਾ ਕੇ ਯਾਦ ਤਾਜ਼ਾ ਕਰ ਲੈਂਦੇ ਹਨ। ਉਹ ਪਿੰਡ ਦੀ ਆਤਮਾ ਨਾਲ ਜੁੜਿਆ ਹੋਇਆ ਸੀ।

ਚੌਧਰੀ ਨਿਜ਼ਾਮੁਦੀਨ ਦਾ ਜਨਮ ਪਿੰਡ ਮੋਦੇ (ਨੇੜੇ ਅਟਾਰੀ ਸ਼ਾਮ ਸਿੰਘ, ਤਹਿਸੀਲ ਤਰਨ ਤਾਰਨ) ਵਿਖੇ ਹੋਇਆ। ਉਸ ਦੇ ਖਾਨਦਾਨ ਦਾ ਸਬੰਧ ਪੱਟੀ ਦੇ ਮੁਗਲ ਘਰਾਣੇ ਨਾਲ ਸੀ। ਉਸ ਦੇ ਵਾਲਦ (ਪਿਤਾ) ਅਟਾਰੀ ਜ਼ੈਲ ਦੇ ਜ਼ੈਲਦਾਰ ਸਨ। ਬਚਪਨ ਤੋਂ ਹੀ ਉਸ ਦਾ ਸੁਭਾਅ ਹਾਸੇ-ਮਖੌਲ ਵਾਲਾ ਸੀ। ਮੇਰਾ ਪਿੰਡ ਉਸ ਦੇ ਪਿੰਡ ਤੋਂ ਅੱਠ ਮੀਲ ਹੈ। ਉਸ ਨੇ ਦਸਵੀਂ ਜਮਾਤ ਡੀ.ਬੀ. ਹਾਈ ਸਕੂਲ ਅਟਾਰੀ (ਅੰਮ੍ਰਿਤਸਰ) ਤੋਂ ਪਾਸ ਕੀਤੀ। ਮੈਂ ਵੀ ਇਸੇ ਸਕੂਲ ਤੋਂ 1959 ਵਿਚ ਦਸਵੀਂ ਪਾਸ ਕੀਤੀ ਸੀ। ਇਉਂ ਮੈਂ ਉਸ ਦਾ ਸਕੂਲ ਫੈਲੋ ਹਾਂ। ਉਚੇਰੀ ਵਿਦਿਆ ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਸੀ।

ਵਿਦਿਆਰਥੀ ਜੀਵਨ ਵਿਚ ਵੀ ਉਹਦਾ ਸੁਭਾਅ ਹਾਸੇ-ਠੱਠੇ ਵਾਲਾ ਸੀ। ਉਸ ਦੇ ਇਕ ਜਮਾਤੀ ਨੇ ਗੱਲ ਸੁਣਾਈ ਕਿ ਅਟਾਰੀ ਸਕੂਲ ਦੇ ਦਸਵੀਂ ਦੇ 41 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ ਜਿਸ ਵਿਚੋਂ 39 ਫੇਲ੍ਹ ਹੋ ਗਏ। ਇਕ ਟੀਚਰ ਨੇ ਸੁਲਤਾਨ ਬੇਗ (ਨਿਜ਼ਾਮੁਦੀਨ) ਨੂੰ ਕਿਹਾ, "ਓ ਬੇਗਿਆ! ਪੜ੍ਹਿਆ ਕਰੋ, ਵੇਖ ਲੈ ਇਸ ਵਾਰ ਦਸਵੀਂ ਦਾ ਨਤੀਜਾ ਕਿੰਨਾ ਮਾੜਾ ਆਇਆ।" ਅੱਗਿਉਂ ਬੇਗੇ ਦਾ ਜਵਾਬ ਸੀ, "ਮਾਸਟਰ ਜੀ! ਨਤੀਜੇ ਮਾੜੇ ਦਾ ਤਾਂ ਮੈਨੂੰ ਪਤਾ ਨਹੀਂ, ਉਸ ਤਰ੍ਹਾਂ ਦੇਖ ਲਓ ਰੌਣਕ ਕਿਹੜੇ ਪਾਸੇ ਜ਼ਿਆਦਾ ਹੈ?"

ਪੜ੍ਹਾਈ ਖਤਮ ਕਰ ਕੇ 'ਰਿਆਸਤ' ਅਖਬਾਰ ਦੇ ਦਫ਼ਤਰ ਵਿਚ ਛੇ ਆਨੇ ਦਿਹਾੜੀ ਉਤੇ ਨੌਕਰੀ ਕੀਤੀ। ਜਦ ਦੂਜੀ ਸੰਸਾਰ ਜੰਗ ਲੱਗ ਗਈ ਤਾਂ ਉਹ 34 ਰੁਪਏ ਮਹੀਨੇ ਉਤੇ ਸਟੋਰ ਮੁਣਸ਼ੀ ਲੱਗ ਗਿਆ। ਲੜਾਈ ਖਤਮ ਹੋਣ 'ਤੇ ਨੌਕਰੀਓਂ ਜਵਾਬ ਮਿਲ ਗਿਆ। ਪ੍ਰਸਿੱਧ ਫਿਲਮ ਐਕਟਰ ਓਮ ਪ੍ਰਕਾਸ਼ ਉਸ ਦਾ ਯਾਰ ਸੀ। ਉਸ ਨੇ ਦੱਸ ਪਾਈ, ਰੇਡੀਓ ਸਟੇਸ਼ਨ ਲਾਹੌਰ 'ਤੇ ਇਕ ਜਗ੍ਹਾ ਖਾਲੀ ਹੈ, ਅਪਲਾਈ ਕਰ ਦੇ। ਉਸ ਵਕਤ ਲਾਹੌਰ ਦੇ ਲਾਹੌਰੀ ਦਰਵਾਜ਼ੇ ਤੋਂ ਜੇ.ਕੇ. ਬੱਸਾਂ ਜੰਮੂ ਕਸ਼ਮੀਰ ਨੂੰ ਚੱਲਦੀਆਂ ਸਨ। ਉਹ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਦੇ ਦਫਤਰ ਪੁੱਜਾ, ਅੱਗੇ ਨੇਮ ਪਲੇਟ ਲੱਗੀ ਸੀ ਜੇ.ਕੇ. ਮਹਿਰਾ। ਨਿਜ਼ਾਮੁਦੀਨ ਨੂੰ ਸ਼ਰਾਰਤ ਸੁੱਝੀ, ਉਹਨੇ ਡਾਇਰੈਕਟਰ ਨੂੰ ਕਿਹਾ, "ਜੀ, ਮੈਂ ਜੰਮੂ ਕਸ਼ਮੀਰ (ਜੇ.ਕੇ.) ਬੱਸ ਦੀ ਟਿਕਟ ਲੈਣੀ ਹੈ।" ਨਾਲ ਹੀ ਪੰਜਾਂ ਦਾ ਨੋਟ ਮੇਜ਼ 'ਤੇ ਰੱਖ ਦਿੱਤਾ।

ਅੱਗਿਉਂ ਡਾਇਰੈਕਟਰ ਨੇ ਕਿਹਾ, "ਇਹ ਤਾਂ ਰੇਡੀਓ ਸਟੇਸ਼ਨ ਦਾ ਦਫਤਰ ਹੈ, ਤੈਨੂੰ ਭੁਲੇਖਾ ਲੱਗੈ।" ਨਿਜ਼ਾਮੁਦੀਨ ਨੇ ਕਿਹਾ, "ਜੀ ਬਾਹਰ ਜੇ.ਕੇ. ਮਹਿਰਾ ਲਿਖਿਆ, ਮੈਂ ਸਮਝਿਆ ਇਹ ਜੇ.ਕੇ ਬ੍ਰਾਂਚ ਦਾ ਦਫਤਰ ਹੈ ਤੇ ਇਥੇ ਬੱਸਾਂ ਦੀਆਂ ਟਿਕਟਾਂ ਮਿਲਦੀਆਂ।" ਜੁਗਲ ਕਿਸ਼ੋਰ ਮਹਿਰਾ ਉਸ ਦੇ ਜਵਾਬ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਉਸੇ ਵੇਲੇ ਅਰਜ਼ੀ ਲੈ ਕੇ ਉਹਨੂੰ 75 ਰੁਪਏ ਮਹੀਨੇ ਉਤੇ ਭਰਤੀ ਕਰ ਲਿਆ। 27 ਜਨਵਰੀ 1945 ਨੂੰ ਨਿਜ਼ਾਮੁਦੀਨ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਪਹਿਲਾ ਪ੍ਰੋਗਰਾਮ ਕੀਤਾ।

ਪਾਕਿਸਤਾਨ ਬਣਿਆ ਤਾਂ ਉਹ ਲਾਹੌਰ ਚਲਾ ਗਿਆ। ਉਹ ਆਪਣੇ ਪਿੰਡ, ਜਮਾਤੀਆਂ ਤੇ ਯਾਰਾਂ-ਦੋਸਤਾਂ ਨੂੰ ਨਾ ਭੁਲਾ ਸਕਿਆ। ਉਹ ਦੂਜੇ-ਤੀਜੇ ਸਾਲ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਪਣਾ ਘਰ ਵਿਖਾਉਂਦਾ। ਉਹ ਪੰਜਾਬ ਦਾ ਸੱਚਾ ਸਪੂਤ ਸੀ, ਪੰਜਾਬੀ ਜ਼ੁਬਾਨ ਨੂੰ ਪਿਆਰ ਕਰਨ ਵਾਲਾ। ਜਦ ਕੋਈ ਪੰਜਾਬੀ ਉਸ ਨਾਲ ਉਰਦੂ ਜਾਂ ਅੰਗਰੇਜ਼ੀ ਵਿਚ ਗੱਲ ਕਰਦਾ, ਉਹ ਉਸ ਨੂੰ ਬਿਮਾਰ ਆਦਮੀ ਕਹਿੰਦਾ।

ਪਾਕਿਸਤਾਨ ਮਜ਼ਹਬ ਦੇ ਨਾਂ 'ਤੇ ਬਣਿਆ ਸੀ, ਪਰ ਉਹ ਮਜ਼ਹਬਾਂ ਤੋਂ ਉਪਰ ਸੋਚ ਦਾ ਮਾਲਕ ਸੀ। ਮੈਂ ਪਹਿਲੀ ਵਾਰ ਉਸ ਨੂੰ 1961 ਵਿਚ ਸੁਣਿਆ ਜਦੋਂ ਉਹ ਨੂਰਦੀਪ (ਸੁਲਤਾਨ ਖੂਸਟ ਜੋ ਪਾਕਿਸਤਾਨੀ ਡਰਾਮੇ 'ਅੰਧੇਰਾ ਉਜਾਲਾ' ਦੇ ਹੌਲਦਾਰ ਪਾਤਰ ਇਰਫ਼ਾਨ ਖੂਸਟ ਦਾ ਬਾਪ ਸੀ) ਨਾਲ ਪ੍ਰੋਗਰਾਮ ਦਿੰਦਾ ਹੁੰਦਾ ਸੀ। ਨੂਰਦੀਨ ਦੀ ਮੌਤ ਤੋਂ ਬਾਅਦ ਚੌਧਰੀ ਸਾਹਿਬ ਉਸ ਦਾ ਸਾਥੀ ਬਣਿਆ। ਉਸ ਨੇ ਕਈ ਵਾਰ ਗੁਰੂ ਨਾਨਕ ਦੀ ਬਾਣੀ ਦੀਆਂ ਤੁਕਾਂ ਰੇਡੀਓ ਲਾਹੌਰ ਤੋਂ ਬੜੇ ਅਦਬ ਨਾਲ ਬੋਲਣੀਆਂ। ਰੇਡੀਓ ਤੋਂ ਬਾਬੇ ਨਾਨਕ ਦਾ ਜ਼ਿਕਰ ਸੁਣ ਕੇ ਮੈਨੂੰ ਉਸ ਦਾ ਬੜਾ ਲਾਡ ਆਉਂਦਾ।

1965 ਦੀ ਜੰਗ ਲੱਗ ਗਈ। ਸਭ ਅਖਬਾਰਾਂ ਪਿੰਡ ਵਿਚ ਆਉਣੋਂ ਬੰਦ ਹੋ ਗਈਆਂ। ਉਹ ਰੇਡੀਓ ਤੋਂ ਆਪਣੀ ਫੌਜ ਅਤੇ ਲੋਕਾਂ ਦੇ ਹੌਸਲੇ ਬੁਲੰਦ ਰੱਖਣ ਲਈ ਧੜੱਲੇ ਦਾ ਪ੍ਰਚਾਰ ਕਰਦਾ। ਉਹਦੇ ਪ੍ਰਚਾਰ ਪਿੱਛੇ ਬੜਾ ਕੁਝ ਛੁਪਿਆ ਹੁੰਦਾ। ਉਹ ਸਿੱਖਾਂ ਨੂੰ ਬੜਾ ਸਲਾਹੁੰਦਾ। ਇਕ ਵਾਰ ਰੇਡੀਓ ਤੋਂ ਕਹਿ ਰਿਹਾ ਸੀ, "ਚੌਧਰੀ ਜੀ! ਆਹ ਸਾਨੂੰ ਵਾਘੇ ਤੋਂ ਲੈ ਕੇ ਅੰਬਾਲੇ ਤੱਕ ਥੋੜ੍ਹੀ ਜਿਹੀ ਰੁਕਾਵਟ ਪੈਣੀ ਆਂ। ਅੱਗੇ ਤਾਂ ਭਾਵੇਂ ਡੀ.ਡੀ.ਟੀ. ਛਿੜਕੀ ਜਾਈਏ, ਹਥਿਆਰਾਂ ਦੀ ਲੋੜ ਈ ਨਹੀਂ ਪੈਣੀ।" ਅੱਗਿਉਂ ਚੌਧਰੀ ਨੇ ਕਿਹਾ, "ਉਹ ਕਿਉਂ?" ਕਹਿੰਦਾ, "ਓ ਜੀ! ਇਥੇ ਬਹਾਦਰ ਸਿੱਖ ਕੌਮ ਵਸਦੀ ਹੈ। ਅਸੀਂ ਆਹਨੇ ਆਂ... ਭਾਵੇਂ ਦੁਸ਼ਮਣ ਹੋਏ, ਪਰ ਹੋਏ ਬਹਾਦਰ।"

ਪਿਆਰ ਤੇ ਇੱਜ਼ਤ-ਮਾਣ ਮਨੁੱਖ ਨੂੰ ਜੋੜਦਾ ਹੈ ਪਰ ਨਫ਼ਰਤ ਤੇ ਨਿਰਾਦਰੀ ਮਨੁੱਖ ਨੂੰ ਤੋੜਦੀ ਹੈ। ਮੁਲਕ ਦੀ ਵੰਡ ਦਾ ਕਾਰਨ ਵੀ ਸ਼ਾਇਦ ਇਹੋ ਸੀ। 'ਸਾਰੇ ਜਹਾਂ ਸੇ ਅੱਛਾ, ਹਿੰਦੁਸਤਾਨ ਹਮਾਰਾ' ਲਿਖਣ ਵਾਲੇ ਸ਼ਾਇਰ ਨੂੰ ਆਖਰ ਕਿਉਂ ਪਾਕਿਸਤਾਨ ਬਣਾਉਣ ਦਾ ਵਿਚਾਰ ਪੇਸ਼ ਕਰਨਾ ਪਿਆ। ਕੀ ਉਹਦੇ ਇਸੇ ਤਰਾਨੇ ਵਿਚ ਹੀ ਹਕੀਕਤ ਨਹੀਂ ਸੀ ਛੁਪੀ ਹੋਈ, ਜਦੋਂ ਉਸ ਨੇ ਇਹ ਵੀ ਕਿਹਾ,

ਇਕਬਾਲ ਕੋਈ ਮਹਿਰਮ
ਅਪਨਾ ਨਹੀਂ ਜਹਾਂ ਮੇਂ,
ਕੋਈ ਨਹੀਂ ਜੋ ਸਮਝੇ
ਦਰ ਸੇ ਨਿਹਾਂ ਹਮਾਰਾ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਪਾਕਿਸਤਾਨ ਬਣਨ ਦੇ ਹੱਕ ਵਿਚ ਨਿਜ਼ਾਮੁਦੀਨ ਰੇਡੀਓ ਲਾਹੌਰ ਤੋਂ ਮਿਸਾਲ ਦੇ ਰਿਹਾ ਸੀ, "ਚੌਧਰੀ ਜੀ! ਪਾਕਿਸਾਤਨ ਬਣਨ ਨਾਲ ਸਾਨੂੰ ਸਾਡਾ ਘਰ ਮਿਲਿਐ। ਇਜ਼ਤ ਤੇ ਆਬਰੂ ਮਿਲੀ। ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡੇ ਮੁਸਲਮਾਨਾਂ ਦੀ ਹਾਲਤ ਕੀ ਸੀ, ਉਹ ਵੀ ਸੁਣ ਲਓ, ਸਾਡੇ ਪਿੰਡ ਦਾ ਇਕ ਕਾਂਸ਼ੀ ਬਾਹਮਣ ਹੁੰਦਾ ਸੀ। ਉਹਦੀ ਕੁੜੀ ਦਾ ਵਿਆਹ ਸੀ। ਉਨ੍ਹਾਂ ਨੇ ਹਲਵਾ ਬਣਾ ਕੇ ਪਰਾਤਾਂ ਵਿਚ ਪਾ ਕੇ ਬਾਹਰ ਵਿਹੜੇ ਵਿਚ ਠੰਢਾ ਹੋਣ ਲਈ ਰੱਖਿਆ। ਉਨ੍ਹਾਂ ਦੇ ਵਿਹੜੇ ਦੀ ਇਕ ਕੰਧ 'ਤੇ ਮੁਸਲਮਾਨ ਸਨ, ਤੇ ਦੂਜੀ 'ਤੇ ਕੁੱਤੇ। ਘੁਰ ਘੁਰ ਕਰਦੇ ਕੁੱਤੇ ਆਪਸ ਵਿਚ ਲੜ ਪਏ ਤੇ ਇਕ ਕੁੱਤਾ ਪਰਾਤ ਵਿਚ ਡਿੱਗ ਪਿਆ। ਉਸ ਪਰਾਤ ਵਾਲਾ ਹਲਵਾ ਉਨ੍ਹਾਂ ਨੇ ਸਾਡੇ ਮੁਸਲਮਾਨਾਂ ਵਿਚ ਵੰਡਿਆ। ਇਹ ਸੀ ਹਾਲਤ ਸਾਡੇ ਮੁਸਲਮਾਨਾਂ ਦੀ।"

ਨਿਜ਼ਾਮੁਦੀਨ ਦਾ ਹਸਾਉਣੇ ਢੰਗ ਨਾਲ ਹੀ ਕਾਟਵੀਂ ਗੱਲ ਕਰਨ ਦਾ ਆਪਣਾ ਹੀ ਅੰਦਾਜ਼ ਸੀ। ਕੱਟੜ ਹਿੰਦੂ ਭਾਈਚਾਰੇ ਨੇ ਮੁਸਲਮਾਨ ਨੂੰ ਕਦੀ ਵੀ ਆਪਣੇ ਬਰਾਬਰ ਨਹੀਂ ਸੀ ਸਮਝਿਆ। ਉਨ੍ਹਾਂ ਦੀ ਹਾਲਤ ਨੂੰ ਇਨਸਾਨ ਦੀ ਕੁੱਤੇ ਨਾਲ ਤੁਲਨਾ ਵਜੋਂ ਪੇਸ਼ ਕਰਨਾ ਬਹੁਤ ਵੱਡਾ ਦੁਖਾਂਤਕ ਵਿਅੰਗ ਸੀ। 'ਹਿੰਦੂ ਪਾਣੀ ਮੁਸਲਮਾਨ ਪਾਣੀ' ਨੇ ਮੁਲਕ ਦੀ ਵੰਡ ਦਾ ਮੁੱਢ ਬੰਨ੍ਹਿਆ।

ਉਹ ਆਪਣੀ ਗੱਲ ਵਿਚ ਪੇਂਡੂ ਮੁਹਾਵਰੇ ਵਿਚ ਬੜੇ ਮੁੱਲਵਾਨ ਲਤੀਫ਼ੇ ਸੁਣਾਉਂਦਾ ਰਹਿੰਦਾ। ਉਹਦੇ ਲਤੀਫਿਆਂ ਤੋਂ ਆਦਮੀ ਨੂੰ ਸੇਧ ਮਿਲਦੀ। ਰੇਡੀਓ ਸਟੇਸ਼ਨ ਨੂੰ ਕਿਸੇ ਨੇ ਖਤ ਲਿਖਿਆ, "ਜੀ ਮੈਂ ਸ਼ਾਇਰ ਹਾਂ ਤੇ ਆਪਣਾ ਕਲਾਮ ਰੇਡੀਓ ਤੋਂ ਨਸ਼ਰ ਕਰਵਾਉਣਾ ਚਾਹੁੰਦਾ ਹਾਂ, ਦੱਸੋ ਮੈਂ ਕਿਵੇਂ ਕਰਾਂ?" ਨਿਜ਼ਾਮੁਦੀਨ ਨੇ ਕਿਹਾ, "ਜੀ ਆਪਣਾ ਕਲਾਮ ਏਸੇ ਪਤੇ 'ਤੇ ਭੇਜ ਦਿਓ। ਜੇ ਤੁਹਾਡਾ ਕਲਾਮ ਨਸ਼ਰ ਕਰਨ ਵਾਲਾ ਹੋਇਆ ਤਾਂ ਨਸ਼ਰ ਕਰ ਦਿੱਤਾ ਜਾਵੇਗਾ, ਤੇ ਜੇ ਤੁਹਾਡਾ ਕਲਾਮ 'ਬਦਕਲਾਮ' ਹੋਇਆ ਤਾਂ ਤੁਹਾਨੂੰ ਵਾਪਸ ਕਰ ਦਿੱਤਾ ਜਾਵੇਗਾ।"

ਪਾਕਿਸਤਾਨ ਬਣਨ ਤੋਂ ਪਹਿਲਾਂ ਉਸ ਦੇ ਪਰਿਵਾਰ ਦੀ ਰਿਹਾਇਸ਼ ਪਿੰਡ ਮੋਦੇ ਵਿਚ ਸੀ। ਨਿਜ਼ਾਮੁਦੀਨ ਦਾ ਆਪਣੇ ਬਾਪ ਨਾਲ ਬੜਾ ਪਿਆਰ ਸੀ। ਉਹ ਉਸ ਨੂੰ ਆਪਣਾ ਮੁਰਸ਼ਦ ਮੰਨਦਾ। ਉਹ ਰੇਡੀਓ ਸਟੇਸ਼ਨ ਲਾਹੌਰ 'ਤੇ ਡਿਊਟੀ ਦੇ ਕੇ ਰੇਲ ਰਾਹੀਂ ਰੋਜ਼ ਪਿੰਡ ਆ ਜਾਂਦਾ। ਇਕ ਵਾਰ ਉਸ ਦਾ ਬਾਪ ਸਖਤ ਬਿਮਾਰ ਹੋ ਗਿਆ। ਨਿਜ਼ਾਮੁਦੀਨ ਆਪਣੇ ਬਾਪ ਦੇ ਗਲ ਲੱਗ ਕੇ ਰੋਣ ਲੱਗਾ, ਤਾਂ ਬਾਪ ਨੇ ਹੌਸਲਾ ਦਿੰਦਿਆਂ ਕਿਹਾ, "ਸੁਲਤਾਨ! ਤੂੰ ਤਾਂ ਐਂ ਕਰਦਾ ਜਿਵੇਂ ਤੂੰ ਮੈਨੂੰ ਘਰ ਈ ਰੱਖ ਲੈਣਾ ਏ। ਤੇਰਾ ਮੇਰਾ ਸੌਦਾ ਹੋਇਆ ਏ, ਮੈਂ ਵਾਲਦ ਤੋਂ ਚਾਬੀਆਂ ਲਈਆਂ, ਤੇ ਤੈਨੂੰ ਦੇ ਜਾਣੀਆਂ, ਤੇ ਤੂੰ ਅਗਾਂਹ ਦੇ ਜਾਵੀਂ। ਯਾਦ ਰੱਖ, ਸੌ ਪਿਓ ਰਲ ਕੇ ਇਕ ਪੁੱਤਰ ਦਾ ਮਰਨਾ ਨਹੀਂ ਝੱਲ ਸਕਦੇ, ਪਰ ਇਕ ਪੁੱਤਰ ਸੌ ਬਜ਼ੁਰਗ ਪਿਓਆਂ ਦਾ ਮਰਨਾ ਝੱਲ ਸਕਦਾ ਹੈ।"

ਕਹਾਣੀਕਾਰ ਵਰਿਆਮ ਸਿੰਘ ਸੰਧੂ ਲੇਖਕਾਂ ਦੀ ਗੋਸ਼ਟੀ ਦੀ ਪ੍ਰਧਾਨਗੀ ਕਰ ਰਹੇ ਸਨ ਜਿਸ ਵਿਚ ਆਲੋਚਕਾਂ ਨੇ ਪੁਰਾਣੇ ਲੇਖਕਾਂ ਦੀਆਂ ਸਾਧਾਰਨ ਲਿਖਤਾਂ ਦੀ ਜ਼ਿਆਦਾ ਹੀ ਤਾਰੀਫ਼ ਕਰ ਦਿੱਤੀ, ਪਰ ਨਵੇਂ ਪੁੰਗਰ ਰਹੇ ਲੇਖਕਾਂ ਦੀਆਂ ਚੰਗੀਆਂ ਲਿਖਤਾਂ ਵੱਲ ਘੱਟ ਹੀ ਧਿਆਨ ਦਿੱਤਾ। ਉਨ੍ਹਾਂ ਚੌਧਰੀ ਨਿਜ਼ਾਮੁਦੀਨ ਦੇ ਇਕ ਲਤੀਫ਼ੇ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ, ਇਕ ਵਾਰ ਨਿਜ਼ਾਮੁਦੀਨ ਸੜਕ 'ਤੇ ਤੁਰਿਆ ਜਾ ਰਿਹਾ ਸੀ। ਕੋਈ ਬੰਦਾ ਸੜਕ ਕੰਢੇ ਛਾਬਾ ਲਾ ਕੇ ਸੰਤਰੇ ਵੇਚ ਰਿਹਾ ਸੀ। ਨਿਜ਼ਾਮੁਦੀਨ ਨੇ ਸੰਤਰਿਆਂ ਦਾ ਭਾਅ ਪੁੱਛਿਆ, ਤਾਂ ਉਸ ਨੇ ਇਕ ਸੰਤਰੇ ਦਾ ਮੁੱਲ ਦੋ ਆਨੇ ਦੱਸਿਆ। ਨਿਜ਼ਾਮੁਦੀਨ ਨੇ ਕਿਹਾ, 'ਯਾਰ! ਸੰਤਰੇ ਤੇ ਛੋਟੇ ਨੇ, ਭਾਅ ਤੂੰ ਜ਼ਿਆਦਾ ਲਾ ਰਿਹਾ ਏਂ?' ਬੰਦੇ ਨੇ ਜਵਾਬ ਦਿੱਤਾ, 'ਚੌਧਰੀ ਸਾਹਬ! ਜਿਥੋਂ ਤੁਸੀਂ ਵੇਖ ਰਹੇ ਹੋ, ਉਥੋਂ ਛੋਟੇ ਹੀ ਦਿਸਦੇ ਨੇ, ਬਹਿ ਕੇ ਵੇਖੋ ਤਾਂ ਸੰਤਰੇ ਵਾਹਵਾ ਵੱਡੇ ਨੇ'।

ਇਕ ਵਾਰ ਰੇਡੀਓ ਸਟੇਸ਼ਨ ਤੋਂ ਮੰਡੀਆਂ ਦੇ ਭਾਅ ਦੱਸਦਿਆਂ ਚੌਧਰੀ ਸਾਹਿਬ ਨੇ ਕਿਹਾ, "ਨਿਜ਼ਾਮੁਦੀਨ ਜੀ! ਅੱਜ ਕੱਲ੍ਹ ਸਬਜ਼ੀਆਂ ਦੇ ਭਾਅ ਆਸਮਾਨੀ ਚੜ੍ਹ ਗਏ ਆ, ਅੱਗ ਲੱਗੀ ਪਈ ਏ।" ਨਿਜ਼ਾਮੁਦੀਨ ਨੇ ਕਿਹਾ, "ਚੌਧਰੀ ਜੀ! ਸਬਜ਼ੀਆਂ ਦੇ ਭਾਵਾਂ ਨੂੰ ਅੱਗ ਲੱਗੇ ਵੀ ਕਿਉਂ ਨਾ? ਅਰਾਈਆਂ ਦਾ ਰਾਜ ਜੂ ਹੋਇਆ।" ਅਰਾਈਂ ਲੋਕ ਸਬਜ਼ੀਆਂ ਬੀਜਣ ਤੇ ਵੇਚਣ ਦਾ ਕੰਮ ਕਰਦੇ ਹਨ। ਉਨ੍ਹਾਂ ਦਿਨਾਂ ਵਿਚ ਪਾਕਿਸਤਾਨ ਵਿਚ ਜਨਰਲ ਜ਼ਿਆ-ਉਲ ਹੱਕ ਦੀ ਹਕੂਮਤ ਸੀ ਅਤੇ ਉਹ ਅਰਾਈਂ ਸੀ। ਕਿਸੇ ਦੋਖੀ ਨੇ ਉਸ ਦੀ ਸ਼ਿਕਾਇਤ ਕਰ ਦਿੱਤੀ। ਦੋਖੀ ਨੇ ਜੋ ਚਾਹਿਆ, ਉਹੋ ਹੋ ਗਿਆ। ਨਿਜ਼ਾਮੁਦੀਨ ਨੂੰ ਨੌਕਰੀ ਤੋਂ ਲਾਹ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਪਿਛੋਂ ਉਸ ਦੇ ਬਹੁਤ



*ਚੌਧਰੀ ਨਿਜ਼ਾਮੁਦੀਨ*

ਵੱਡੇ ਪ੍ਰਸ਼ੰਸਕ ਦਾਇਰੇ ਵੱਲੋਂ ਨਿਜ਼ਾਮੁਦੀਨ ਦੀ ਉਚੀ ਪ੍ਰਤਿਭਾ ਬਾਰੇ ਜਨਰਲ ਜ਼ਿਆ-ਉਲ ਹੱਕ ਨੂੰ ਦੱਸਿਆ ਤਾਂ ਉਸ ਦੀ ਨੌਕਰੀ ਬਹਾਲ ਹੋ ਗਈ।

ਜਦ ਨਿਜ਼ਾਮੁਦੀਨ ਨੂੰ ਉਸ ਦੀ ਨੌਕਰੀ ਖੁੱਸਣ ਅਤੇ ਮੁੜ ਮਿਲਣ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਵਾਰਤਾ ਸੁਣਾ ਛੱਡੀ, "ਇਕ ਵਾਰ ਮੇਰੇ ਵਰਗੇ ਨੂੰ ਰਾਤ ਚੋਰਾਂ ਦੀ ਢਾਣੀ ਮਿਲ ਗਈ। ਉਸ ਨੇ ਪੁੱਛਿਆ, 'ਕਿਧਰ ਚੱਲੇ ਜੇ?' ਉਨ੍ਹਾਂ ਆਪਣੀ ਹਕੀਕਤ ਦੱਸ ਕੇ ਕਿਹਾ, 'ਜੇ ਨਾਲ ਜਾਣਾ ਈ ਤੇ ਆ ਜਾ।' ਉਹ ਵੀ ਤੁਰ ਪਿਆ। ਕਿਸੇ ਦੇ ਘਰ ਜਾ ਕੇ ਚੋਰ ਤਾਂ ਆਪਣੇ ਕੰਮ ਲੱਗ ਗਏ, ਉਹ ਵਿਚਾਰਾ ਸਿਆਲ ਦੇ ਦਿਨ ਸਨ, ਘਰੋਂ ਕਣਕ ਮੁੱਕੀ ਹੋਈ ਸੀ, ਗਰੀਬੀ ਦਾ ਮਾਰਿਆ। ਉਹ ਉਤੇ ਲਿਆ ਖੇਸ ਵਿਛਾ ਕੇ ਦਾਣੇ ਪਾਉਣ ਲੱਗ ਪਿਆ ਤੇ ਪਾਈ ਗਿਆ। ਚੋਰਾਂ ਨੇ ਵਿਹਲੇ ਹੋ ਕੇ ਆਖਿਆ, 'ਚੱਲ ਚਲੀਏ, ਛੇਤੀ ਛੇਤੀ ਕਰ।' ਉਸ ਨੇ ਲਾਲਚ ਨਾਲ ਏਨੀ ਕਣਕ ਪਾ ਲਈ ਕਿ ਖੇਸ ਦੀਆਂ ਚਾਰੇ ਕੰਨੀਆਂ ਵੀ ਕਣਕ ਹੇਠ ਲੁਕ ਗਈਆਂ। ਗੱਲਾਂ ਸੁਣ ਕੇ ਘਰ ਵਾਲੇ ਜਾਗ ਪਏ, ਪਰ ਉਹ ਖੇਸ ਦੀਆਂ ਕੰਨੀਆਂ ਲੱਭਦਾ ਲੱਭਦਾ ਕਾਬੂ ਆ ਗਿਆ। ਘਰਦਿਆਂ ਨੇ ਵੇਖ ਕੇ ਕਿਹਾ, 'ਉਇ ਤੇਰਾ ਬੇੜਾ ਗਰਕ, ਤੂੰ ਤਾਂ ਚੋਰ ਏਂ!' ਉਹ ਅੱਗਿਉਂ ਕਹਿੰਦਾ, 'ਜਨਾਬ! ਮੈਂ ਕੋਈ ਚੋਰ-ਚਾਰ ਨਹੀਂ ਜੇ। ਰੱਬ ਦਾ ਨਾਂ ਲੈ ਕੇ ਮੇਰਾ ਖੇਸ ਕਢਾ ਦਿਓ। ਜੇ ਮੈਂ ਮੁੜ ਇਧਰ ਆ ਗਿਆ ਤਾਂ ਮੈਨੂੰ ਆਖਿਓ'।"

ਉਹ ਰੇਡੀਓ ਤੋਂ ਇਸਲਾਮ ਅਤੇ ਦੇਸ਼ ਭਗਤੀ ਦਾ ਪ੍ਰਚਾਰ ਕਰਦਾ, ਪਰ ਦਿਲ ਉਹਦਾ ਦੋਹਾਂ ਪੰਜਾਬਾਂ ਨਾਲ ਜੁੜਿਆ ਹੋਇਆ ਸੀ। 1983 ਵਿਚ ਉਹ ਚੜ੍ਹਦੇ ਪੰਜਾਬ ਵਿਚ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਸਰਕਾਰੀ ਮਹਿਮਾਨ ਬਣ ਕੇ ਐਮ.ਐਲ.ਏ. ਫਲੈਟ ਵਿਚ ਠਹਿਰਿਆ ਹੋਇਆ ਸੀ। ਪ੍ਰਸਿੱਧ ਲਿਖਾਰੀ ਸ਼ਮਸ਼ੇਰ ਸਿੰਘ ਸੰਧੂ ਨੇ ਉਸ ਦੀ ਇੰਟਰਵਿਊ ਲੈਂਦਿਆਂ ਪੁੱਛਿਆ, "ਤੁਸੀਂ ਪੈਂਹਟ ਦੀ ਲੜਾਈ ਵਿਚ ਚੜ੍ਹਦੇ ਪੰਜਾਬ (ਭਾਰਤ) ਵਿਰੁਧ ਧੂੰਆਂਧਾਰ ਪ੍ਰਚਾਰ ਦਿਲੋਂ ਕਰਦੇ ਸੀ ਜਾਂ ਤੁਹਾਡੀ ਮਜਬੂਰੀ ਸੀ?"

ਜਵਾਬ ਸੀ, "ਚੜ੍ਹਦੇ ਪੰਜਾਬ ਵਿਚ ਮੇਰਾ ਪਿੰਡ, ਮੇਰੇ ਬਚਪਨ ਦੇ ਯਾਰ-ਦੋਸਤ ਅਤੇ ਮੇਰੇ ਪੰਜਾਬੀ ਭਰਾ ਵੱਸਦੇ ਸਨ। ਸਰਕਾਰੀ ਨੌਕਰੀ ਕਰ ਕੇ ਚੜ੍ਹਦੇ ਪੰਜਾਬ ਵਿਰੁਧ ਪ੍ਰਚਾਰ ਕਰਨਾ ਮੇਰੀ ਮਜਬੂਰੀ ਸੀ। ਇਹ ਪ੍ਰਚਾਰ ਮੈਂ ਆਪਣੇ ਦਿਲ 'ਤੇ ਪੱਥਰ ਰੱਖ ਕੇ ਕਰਦਾ ਸੀ। ਦੋਹਾਂ ਪੰਜਾਬਾਂ ਵਿਚ ਮੇਰੇ ਪ੍ਰਸ਼ੰਸਕ ਬਹੁਤ ਹਨ। ਹੁਣ ਜਦੋਂ ਮੈਂ ਰੇਡੀਓ ਤੋਂ ਰਿਟਾਇਰ ਹੋਇਆ ਹਾਂ, ਤਾਂ ਮੈਨੂੰ ਹਜ਼ਾਰਾਂ ਖਤ ਦੋਹਾਂ ਪੰਜਾਬਾਂ ਤੋਂ ਆਏ ਨੇ, ਲਿਖਿਆ ਏ, 'ਤੂੰ ਮਰ ਜਾਨੋਂ ਤਾਂ ਅਸੀਂ ਤੇਰਾ ਵਿਛੋੜਾ ਝੱਲ ਲੈਂਦੇ, ਪਰ ਰੇਡੀਓ ਤੋਂ ਤੇਰੀ ਗੈਰ-ਹਾਜ਼ਰੀ ਤੇਰੇ ਜਿਉਂਦਿਆਂ ਅਸੀਂ ਨਹੀਂ ਝੱਲ ਸਕਦੇ'।"

ਇਸਲਾਮਿਕ ਜਮਹੂਰੀਅਤ ਦੇ ਬਿਜਲਈ ਮੀਡੀਏ ਦਾ ਮੁਲਾਜ਼ਮ ਹੁੰਦਾ ਹੋਇਆ ਵੀ ਉਹ ਆਪਣੇ ਹਮ-ਮਜ਼ਹਬ ਬੰਦਿਆਂ ਨੂੰ ਮੁਆਫ਼ ਨਹੀਂ ਸੀ ਕਰਦਾ। ਇਕ ਵਾਰ ਚੌਧਰੀ ਤੇ ਨਿਜ਼ਾਮੁਦੀਨ ਗੱਲਾਂ ਕਰ ਰਹੇ ਸਨ, "ਨਜ਼ਾਮਦੀਨ ਜੀ! ਅੱਲਾ ਦੇ ਫਜ਼ਲ-ਓ-ਕਰਮ ਨਾਲ ਪਾਕਿਸਤਾਨ ਦੀ ਸਰਜ਼ਮੀਂ, ਇਹ ਖਿੱਤਾ ਇਸਲਾਮਿਕ ਸਟੇਟ ਤਾਂ ਅਸੀਂ ਬਣਾ ਲਿਆ, ਪਰ ਹੁਣ ਸਾਨੂੰ ਸੱਚੇ ਸੁੱਚੇ ਮੁਸਲਮਾਨ ਬਣਨ ਲਈ ਸਦਾ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਏ।" ਚੌਧਰੀ ਨੇ ਆਖਿਆ ਤਾਂ ਨਿਜ਼ਾਮੁਦੀਨ ਕਹਿਣ ਲੱਗਾ, "ਇਕ ਕੋਸ਼ਿਸ਼ ਤਾਂ ਮੈਂ ਵੀ ਕੀਤੀ ਸੀ, ਪਰ ਉਸ ਨਾਲੋਂ ਵੱਡੀ ਕੋਸ਼ਿਸ਼ ਮੇਰੇ ਕੁਝ ਹੋਰ ਭਰਾਵਾਂ ਨੇ ਕਰ ਦਿੱਤੀ। ਕਾਨ੍ਹੇ ਕਾਛੇ ਮੇਰੀ ਜ਼ਮੀਨ ਵਿਚੋਂ ਸੂਆ ਲੰਘਦਾ ਏ। ਸੂਏ ਦੇ ਕੰਢੇ ਮੇਰਾ ਛੋਟਾ ਜਿਹਾ ਬਾਗ ਏ। ਮੈਂ ਸੋਚਿਆ ਵਗਦਾ ਰਾਹ ਏ, ਆਉਂਦੇ ਜਾਂਦੇ ਰਾਹਗੀਰਾਂ ਲਈ ਸਾਹ ਲੈਣ ਤੇ ਛਾਂਵੇਂ ਬਹਿਣ ਦਾ ਨਿੱਕਾ ਜਿਹਾ ਜੁਗਾੜ ਹੀ ਕਰ ਛੱਡਾਂ। ਮੈਂ ਜੀ ਰੁੱਖਾਂ ਦੀ ਛਾਂਵੇਂ ਤਖ਼ਤਪੋਸ਼ ਬਣਵਾ ਦਿੱਤਾ। ਦੋ ਬੈਂਚ ਰਖਵਾ ਦਿੱਤੇ, ਇਕ ਨਲਕਾ ਲਵਾ ਦਿੱਤਾ। ਨੇੜੇ ਗੜਵਾ ਤੇ ਲੋਟਾ ਰੱਖਵਾ ਦਿੱਤਾ। ਸਫ਼ਾਂ ਵੀ ਰੱਖ ਦਿੱਤੀਆਂ। ਸੋਚਿਆ, ਲੰਘਦੇ ਆਉਂਦੇ ਮੁਸਾਫ਼ਰ ਨਾਲੇ ਆਰਾਮ ਕਰਨਗੇ, ਪਾਣੀ-ਧਾਣੀ ਪੀ ਲੈਣਗੇ, ਤੇ ਨਾਲੇ ਜੀ ਚਾਹੇ ਤਾਂ ਵੁਜ਼ੂ ਕਰ ਕੇ ਨਮਾਜ਼ ਪੜ੍ਹ ਲੈਣਗੇ। ਸਵਾਬ (ਪੁੰਨ) ਦਾ ਕੰਮ ਸੀ ਜੀ, ਪਰ ਦੋ ਹਫ਼ਤਿਆਂ ਬਾਅਦ ਜਾ ਕੇ ਵੇਖਿਆ ਤਾਂ ਸੱਚੇ ਸੁੱਚੇ ਮੁਸਲਮਾਨ ਭਰਾਵਾਂ ਦੀ ਬਦੌਲਤ ਨਲਕੇ ਦੀ ਹੱਥੀ, ਉਤਲਾ ਕੱਪ ਜਿਹਾ, ਛੋਟੇ ਬੈਂਚ ਤੇ ਭਾਂਡਿਆਂ ਸਮੇਤ ਸਫ਼ਾਂ ਵਲ੍ਹੇਟੀਆਂ ਜਾ ਚੁੱਕੀਆਂ ਸਨ। ਮਸ਼ੀਨ ਪੁੱਟਣੀ ਤੇ ਤਖ਼ਤਪੋਸ਼ ਚੁਕਣਾ ਵਧੇਰੇ ਬੰਦਿਆਂ ਦਾ ਕੰਮ ਹੋਣ ਕਰ ਕੇ ਉਹ ਇਹ ਕੰਮ ਅਗਲੇ ਹਫ਼ਤੇ ਉਤੇ ਪਾ ਗਏ ਨੇ। ਇਸ ਵਾਸਤੇ ਪਾਕਿਸਤਾਨ ਬਣਾਇਆ ਸੀ ਅਸੀਂ?"

## ਜੇ ਕਿਤੇ ਅਕਬਰ ਤੇ ਬੀਰਬਲ ਹੁਣ ਆ ਜਾਣ...

**(ਸਫਾ 21 ਦੀ ਬਾਕੀ)**

"ਜਿਨ੍ਹਾਂ ਕੋਲ ਚਾਬੀਆਂ ਸਨ।"

ਜਦ ਨੂੰ ਇਕ ਬੀਬੀ ਲੇਰ ਮਾਰ ਕੇ ਦੁਹੱਥੜ ਪਿੱਟੀ, 'ਬਾਦਸ਼ਾਹ ਜੀ! ਮੇਰੇ ਦੋ ਪੁੱਤ ਸਮੈਕ ਪੀ ਕੇ ਮਰ ਗਏ ਨੇ, ਮੈਂ ਕੀ ਕਰਾਂ? ਤੁਸੀਂ ਹੁਣ ਗੱਦੀ ਨਾ ਛੱਡਿਓ।'

ਅਕਬਰ ਬੋਲਿਆ, 'ਬੀਰਬਲ ਇਹ ਸਮੈਕ ਕੀ ਬਲਾ ਐ, ਮੈਂ ਪਹਿਲੀ ਵਾਰ ਨਾ ਸੁਣਿਆਂ।'

'ਸਰਕਾਰੀ ਗ੍ਰਾਂਟ।'

'ਕਰ ਦਿਓ ਹੁਕਮ ਅੱਜ ਤੋਂ ਅਕਬਰ ਦਾ ਰਾਜ ਐ... ਸਭ ਖੁਸ਼ੀ ਵੱਸਣਗੇ। ਖਜ਼ਾਨਾ ਜਿੱਥੇ ਗਿਆ, ਵਾਪਸ ਲਿਆਂਦਾ ਜਾਵੇਗਾ।'

ਬਈ ਜਦ ਨੂੰ ਵੱਜ ਪਏ ਹੂਟਰ, ਆ ਗਈ ਪੁਲਿਸ...ਇਹ ਅਕਬਰ ਹੁੰਦਾ ਕੌਣ ਐ ਸਾਡੀ ਜੱਦੀ ਜਗੀਰ ਉਤੇ ਕਬਜ਼ੇ ਕਰਨ ਦੇ ਸੁਪਨੇ ਲੈਣ ਵਾਲਾ?

ਹਫੜਾ-ਦਫੜੀ ਮੱਚ ਗਈ। ਜਾਣ ਨਾ, ਫੜ ਲਵੋ, ਢਾਅ ਲਵੋ...ਮੈਂ ਵੀ ਭੱਜਣ ਲੱਗਾ ਤਾਂ ਪੱਖੇ ਵਿਚ ਵੱਜੀ ਲੱਤ... ਪੱਖਾ ਲੱਗਾ ਮੱਝ ਦੇ ਗਿੱਟੇ ਵਿਚ, ਤੇ ਮੱਝ ਨੇ ਮਾਰੀ ਲੱਤ, ਭਾਨੀ ਦਾ ਦੁੱਧ ਢੇਰੀ। ਫਿਰ ਉਹਨੇ ਲਾਹ ਲਈ- ਬਿਮਾਰੀ ਪੈਣਾ, ਇਹਨੂੰ ਪੱਖੇ ਥੱਲੇ ਵੀ ਨ੍ਹੀਂ ਚੈਨ, ਮਾਰਾਂ ਤੇਰੇ ਫੌੜਾ ਸਿਰ ਵਿਚ, ਡੂਢ ਸੌ ਦਾ ਦੁੱਧ ਰੋੜ੍ਹ'ਤਾ...।"

"ਚਲੋ ਫਿਰ ਚਲੀਏ ਸਰਪੰਚ ਸਾਹਿਬ। ਤੁਸੀਂ ਤਾਂ ਸੱਚੀਂ ਸੂਰਤ ਹੀ ਚੁੱਕੀ ਫਿਰਦੇ ਓ, ਵੇਖ ਲਈ ਅਮਲੀਆਂ ਦੀ ਅਕਲ।"

"ਤੇ ਫਿਰ ਭਲਾ ਕੁਪੱਤ ਤੋਂ ਅੰਦਰੋਂ ਬਾਹਰੋਂ ਕਾਹਨੂੰ ਡਰਦੇ ਆ?" ਜਾਗਰ ਤੇ ਨੱਥਾ ਸਿਹੁੰ ਵੀ ਪੂਰਨ ਨੂੰ ਉਥੇ ਛੱਡ ਚਲੇ ਗਏ।

ਲਗਦੈ, ਸੂਰਜ ਹੁਣ ਸਿਆਲ ਵਿਚ ਨਿੱਘਾ ਨਹੀਂ ਹੋਵੇਗਾ...।

# ਟੋਰਾਂਟੋ ਫਿਲਮ ਮੇਲੇ ਵਿਚ ਮਾਈਕਲ ਮੂਰ ਦਾ ਮੇਲਾ

## 'ਵ੍ਹੇਅਰ ਟੂ ਇਨਵੇਡ ਨੈਕਸਟ' ਨਾਲ ਫਰੋਲੇਗਾ ਮਿੱਟੀ




ਐਤਕੀਂ 40ਵੇਂ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਪ੍ਰਸਿੱਧ ਫਿਲਮਸਾਜ਼ ਮਾਈਕਲ ਮੂਰ ਦੀ ਨਵੀਂ ਫਿਲਮ 'ਵ੍ਹੇਅਰ ਟੂ ਇਨਵੇਡ ਨੈਕਸਟ' ਦਿਖਾਈ ਜਾ ਰਹੀ ਹੈ। ਇਹ ਫਿਲਮ ਅਮਰੀਕਾ ਦੀ ਹੋਰ ਮੁਲਕਾਂ ਪ੍ਰਤੀ ਧਾੜਵੀ ਪਹੁੰਚ ਬਾਰੇ ਹੈ। ਮਾਈਕਲ ਨੇ ਇਸ ਫਿਲਮ ਦੀ ਸ਼ੂਟਿੰਗ ਕਈ ਮੁਲਕਾਂ ਵਿਚ ਜਾ ਕੇ ਕੀਤੀ ਹੈ। ਇਸ ਤੋਂ ਪਹਿਲਾਂ ਉਹ 9/11 ਬਾਰੇ ਚਰਚਿਤ ਫਿਲਮ 'ਫਾਰਨਹੀਟ 9/11' ਬਣਾ ਚੁੱਕਾ ਹੈ। ਇਸ ਤੋਂ ਇਲਾਵਾ 'ਕੈਪੀਟਲਿਜ਼ਮ', 'ਸੀਕੋ', 'ਬਿਗਵੰਨ' ਆਦਿ ਫਿਲਮਾਂ ਨਾਲ ਉਹਦੀ ਵਾਹਵਾ ਚਰਚਾ ਹੋਈ ਸੀ। 23 ਅਪਰੈਲ 1954 ਨੂੰ ਜਨਮੇ ਮਾਈਕਲ ਮੂਰ ਨੇ ਆਪਣਾ ਕਰੀਅਰ ਬਤੌਰ ਪੱਤਰਕਾਰ ਸ਼ੁਰੂ ਕੀਤਾ ਸੀ ਅਤੇ ਉਸ ਦੀ ਪਹਿਲੀ ਡਾਕੂਮੈਂਟਰੀ ਫਿਲਮ 'ਰੋਜ਼ਰ ਐਂਡ ਮੀ' 1989 ਆਈ ਸੀ। ਉਸ ਤੋਂ ਬਾਅਦ ਉਸ ਨੇ ਮੁੜ ਪਿਛਾਂਹ ਨਹੀਂ ਦੇਖਿਆ ਅਤੇ ਅੱਜ ਕੱਲ੍ਹ ਉਸ ਦੀ ਗਿਣਤੀ ਸੰਸਾਰ ਦੇ ਚੋਟੀ ਦੇ ਫਿਲਮਸਾਜ਼ਾਂ, ਪੱਤਰਕਾਰਾਂ ਅਤੇ ਕਾਰਕੁਨਾਂ ਵਿਚ ਹੁੰਦੀ ਹੈ। ਹੋਰ ਇਨਾਮਾਂ ਤੋਂ ਇਲਾਵਾ ਉਹ ਆਸਕਰ ਇਨਾਮ ਵੀ ਹਾਸਲ ਕਰ ਚੁੱਕਾ ਹੈ। ਉਹਦੀ ਹਰ ਫਿਲਮ ਇਕ ਤਰ੍ਹਾਂ ਨਾਲ ਸਿਆਸੀ ਸੁਨੇਹਾ ਹੀ ਹੁੰਦੀ ਹੈ ਅਤੇ ਬਿਰਤਾਂਤ ਬੜਾ ਠੁੱਕਦਾਰ ਹੁੰਦਾ ਹੈ।


ਮਾਈਕਲ ਮੂਰ

# ਮੇਘਨਾ ਦੀ 'ਤਲਵਾਰ'

## ਅਸਲੀ ਕਹਾਣੀ ਦੀ ਕਥਾ

ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਫਿਲਮਸਾਜ਼ ਗੁਲਜ਼ਾਰ ਦੀ ਧੀ ਮੇਘਨਾ ਗੁਲਜ਼ਾਰ ਦੀ ਫਿਲਮ 'ਤਲਵਾਰ' ਦਿਖਾਈ ਜਾ ਰਹੀ ਹੈ। 10 ਤੋਂ 20 ਸਤੰਬਰ 2015 ਤੱਕ ਚੱਲਣ ਵਾਲੇ ਇਸ ਮੇਲੇ ਤੋਂ ਬਾਅਦ ਹੀ ਇਹ ਫਿਲਮ ਰਿਲੀਜ਼ ਕੀਤੀ ਜਾਵੇਗੀ। ਫਿਲਮ ਦਿੱਲੀ ਦੇ ਚਰਚਿਤ ਅਰੁਸ਼ੀ ਕਤਲ ਕਾਂਡ ਨੂੰ ਆਧਾਰ ਬਣਾ ਕੇ ਬਣਾਈ ਗਈ ਹੈ। ਮੇਘਨਾ ਦਾ ਦਾਅਵਾ ਹੈ ਕਿ ਇਸ ਫਿਲਮ ਵਿਚ ਇਸ ਕੇਸ ਦੀਆਂ ਕਈ ਤੰਦਾਂ ਪਹਿਲੀ ਵਾਰ ਫਰੋਲੀਆਂ ਗਈਆਂ ਹਨ। ਫਿਲਮ ਵਿਚ ਅਰੁਸ਼ੀ ਦਾ ਕਿਰਦਾਰ ਅਵੀਕਾ ਗੌੜ ਨੇ ਨਿਭਾਇਆ ਹੈ। ਅਵੀਕਾ ਗੁਜਰਾਤੀ ਅਦਾਕਾਰਾ ਹੈ ਅਤੇ ਉਸ ਨੇ 'ਬਾਲਿਕਾ ਵਧੂ' ਟੀ.ਵੀ. ਸ਼ੋਅ ਵਿਚ ਆਪਣੀ ਕਲਾ ਦੇ ਜੌਹਰ ਦਿਖਾਏ। ਅਵੀਕਾ ਤੋਂ ਇਲਾਵਾ ਫਿਲਮ ਵਿਚ ਇਰਫ਼ਾਨ ਖਾਨ, ਤੱਬੂ, ਕੋਨਕਨਾ ਸੇਨ ਸ਼ਰਮਾ ਅਤੇ ਸੋਹਮ ਸ਼ਾਹ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸੰਗੀਤ ਵਿਸ਼ਾਲ ਭਾਰਦਵਾਜ ਦਾ ਹੈ। ਅਤੇ ਇਸ ਦੀ ਪਟਕਥਾ ਵੀ ਵਿਸ਼ਾਲ ਨੇ ਹੀ ਲਿਖੀ ਹੈ। ਦਰਅਸਲ ਮੇਘਨਾ ਗੁਲਜ਼ਾਰ ਦੀਆਂ ਪਹਿਲੀਆਂ ਫਿਲਮਾਂ 'ਫਿਲਹਾਲ' ਅਤੇ 'ਜਸਟ ਮੈਰਿਡ' ਚੱਲ ਨਹੀਂ ਸਕੀਆਂ ਅਤੇ ਹੁਣ ਮੇਘਨਾ ਦੀ ਬੇੜੀ ਪਾਰ ਲੰਘਾਉਣ ਦਾ ਜ਼ਿੰਮਾ ਵਿਸਾਲ ਭਾਰਦਵਾਜ ਨੇ ਚੁੱਕਿਆ ਹੈ। ਯਾਦ ਰਹੇ ਕਿ ਵਿਸ਼ਾਲ ਨੂੰ ਹੀ ਗੁਲਜ਼ਾਰ ਨੇ ਹੀ ਸਭ ਤੋਂ ਵੱਧ ਪ੍ਰੋਮੋਟ ਕੀਤਾ ਸੀ। ਵਿਸ਼ਾਲ ਹੁਣ ਆਪਣੇ ਗੁਰੂ ਦਾ ਕਰਜ਼ ਲਾਹ ਰਿਹਾ ਹੈ।


ਮੇਘਨਾ ਗੁਲਜ਼ਾਰ


ਅਵੀਕਾ ਗੌੜ

# ਫਿਲਮ 'ਗੰਗਾ ਜਮੁਨਾ' ਦਾ ਜੋੜ

ਆਵਾਜ਼ ਦੇ ਕਹਾਂ ਹੈ... -10-



**ਕੁਲਦੀਪ ਕੌਰ**
ਫੋਨ: +91-98554-04330

1961 ਵਿਚ ਨਿਰਦੇਸ਼ਕ ਨਿਤਿਨ ਬੋਸ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਗੰਗਾ ਜਮੁਨਾ' ਉਸ ਸਮੇਂ ਦੇ ਮਕਬੂਲ ਅਦਾਕਾਰ ਦੇਵ ਆਨੰਦ ਨੇ ਬਣਾਈ ਸੀ। ਫਿਲਮ ਨਾਲ ਜੁੜੇ ਕਈ ਤੱਥ ਬੇਹੱਦ ਦਿਲਚਸਪ ਹਨ। ਉਦੋਂ ਤੱਕ ਭਾਰਤੀ ਸਿਨੇਮਾ ਦੀ ਭਾਸ਼ਾ ਵਿਚ ਕਾਫ਼ੀ ਅੰਤਰ ਦੇਖਣ ਨੂੰ ਮਿਲ ਰਿਹਾ ਸੀ। ਉਰਦੂ ਜ਼ੁਬਾਨ ਦਾ ਜਾਦੂ ਘਟ ਰਿਹਾ ਸੀ ਅਤੇ ਸਥਾਨਕ ਜਾਂ ਖੜੀ ਬੋਲੀ ਦੀਆਂ ਕਹਾਣੀਆਂ ਫਿਲਮੀ ਹਲਕਿਆਂ ਦਾ ਸਫ਼ਰ ਕਰ ਰਹੀਆਂ ਸਨ। 'ਗੰਗਾ ਜਮੁਨਾ' ਵਿਚ ਕਾਨੂੰਨ ਦੀ ਸਾਰਥਿਕਤਾ 'ਤੇ ਤਾਂ ਸਵਾਲ ਉਠਾਏ ਹੀ ਗਏ, ਨਿਰਦੇਸ਼ਕ ਨਿਤਿਨ ਬੋਸ ਬਹੁਤ ਕਲਾਤਮਿਕ ਢੰਗ ਨਾਲ ਕਾਨੂੰਨ ਖਿਲਾਫ ਖੜ੍ਹੇ ਡਾਕੂ ਦੀ ਤਰਾਸਦੀ ਤੇ ਭਾਵਨਾਵਾਂ ਪਰਦੇ 'ਤੇ ਸਾਕਾਰ ਕਰਦਾ ਹੈ। ਫਿਲਮ ਦੇ ਬਹੁਤੇ ਡਾਇਲਾਗ ਪੂਰਬੀ ਉਤਰ ਪ੍ਰਦੇਸ਼ ਵਿਚ ਬੋਲੀ ਜਾਂਦੀ ਖੜੀ ਬੋਲੀ ਭੋਜਪੁਰੀ ਵਿਚ ਸਨ। ਗੀਤਾਂ ਉਤੇ ਵੀ ਉਤਰ ਪ੍ਰਦੇਸ਼ ਦਾ ਗੂੜ੍ਹਾ ਰੰਗ ਸੀ।

ਫਿਲਮ ਵਿਚ ਦਿਲੀਪ ਕੁਮਾਰ ਤੋਂ ਬਿਨਾਂ ਵੈਜੰਤੀਮਾਲਾ, ਦਲੀਪ ਕੁਮਾਰ ਦਾ ਭਰਾ ਨਾਸਿਰ ਖਾਨ, ਕਨਈਆ ਲਾਲ ਅਤੇ ਅਨਵਰ ਹੁਸੈਨ ਵਰਗੇ ਸਮਰੱਥ ਅਦਾਕਾਰ ਸਨ। ਡਾਇਲਾਗ ਲੇਖਕ ਵਜਾਹਤ ਮਿਰਜ਼ਾ ਚੰਗੇਜ਼ੀ ਪਹਿਲਾਂ 'ਮੁਗਲ-ਏ-ਆਜ਼ਮ' ਅਤੇ 'ਮਦਰ ਇੰਡੀਆ' ਲਈ ਡਾਇਲਾਗ ਲਿਖ ਚੁੱਕੇ ਸਨ। ਫਿਲਮ ਦੀ ਕਹਾਣੀ ਦੋ ਭਰਾਵਾਂ ਦੇ ਇਰਦ-ਗਿਰਦ ਘੁੰਮਦੀ ਹੈ। ਵੱਡਾ ਭਰਾ ਪਿੰਡ ਦੇ ਆੜ੍ਹਤੀਏ ਦੁਆਰਾ ਦਿੱਤੀਆਂ ਨਿੱਤ ਦਿਨ ਦੀਆਂ ਧਮਕੀਆਂ ਅਤੇ ਜ਼ਲਾਲਤ ਤੋਂ ਪਰੇਸ਼ਾਨ ਹੋ ਕੇ ਡਾਕੂ ਬਣ ਜਾਂਦਾ ਹੈ। ਛੋਟਾ ਭਰਾ ਸ਼ਹਿਰ ਵਿਚ ਪੜ੍ਹ ਕੇ ਥਾਣੇਦਾਰ ਬਣਦਾ ਹੈ। ਵਕਤ ਤੇ ਹਾਲਾਤ ਦੋਵਾਂ ਨੂੰ ਇਕ-ਦੂਜੇ ਦੇ ਖਿਲਾਫ ਲਿਆ ਖੜ੍ਹਾ ਕਰਦੇ ਹਨ। ਫ਼ਰਜ਼ ਅਤੇ ਚੰਗਿਆਈ-ਬੁਰਾਈ ਦੀ ਜੰਗ ਵਿਚ ਭਾਵੇਂ ਛੋਟਾ ਭਰਾ ਵੱਡੇ ਨੂੰ ਗੋਲੀ ਮਾਰ ਕੇ ਮਾਰ ਦਿੰਦਾ ਹੈ, ਪਰ ਦਰਸ਼ਕਾਂ ਦੀਆਂ ਭਾਵਨਾਵਾਂ ਤੇ ਹਮਦਰਦੀ ਵੱਡੇ ਭਰਾ ਨਾਲ ਹਨ। ਫਿਲਮ ਦਾ ਸੰਗੀਤ ਨੌਸ਼ਾਦ ਨੇ ਦਿੱਤਾ ਸੀ। ਫਿਲਮ ਦੇ ਸਾਰੇ ਗਾਣੇ ਬੇਹੱਦ ਮਕਬੂਲ ਹੋਏ ਜਿਨ੍ਹਾਂ ਵਿਚੋਂ ਮੁੱਖ ਸਨ- 'ਨਯਨ ਲੜ ਗਏ' ਤੇ 'ਦੋ ਹੰਸੋਂ ਕਾ ਜੋੜਾ ਵਿਛੜ ਗਿਓ ਰੇ' ਨੇ ਇਕ ਵਾਰ ਤਾਂ ਉਤਰ ਪ੍ਰਦੇਸ਼ ਦੀਆਂ ਲੋਕ-ਧੁਨਾਂ ਨੂੰ ਦਰਸ਼ਕਾਂ ਦੀ ਜ਼ੁਬਾਨ 'ਤੇ ਥਿਰਕਣ ਲਾ ਦਿੱਤਾ। ਫਿਲਮ ਰਾਹੀਂ ਜਿੱਥੇ ਭਾਸ਼ਾ ਦੇ ਪੱਧਰ 'ਤੇ ਸਿਨੇਮਾ ਵਿਚ ਸਥਾਨਕ ਭਾਸ਼ਾਵਾਂ ਨੂੰ ਬਣਦਾ ਸਥਾਨ ਦੇਣ ਦੀ ਦਲੀਲ ਨੂੰ ਬਲ ਮਿਲਿਆ, ਉਥੇ ਦਲੀਪ ਕੁਮਾਰ ਆਪਣੇ 'ਟਰੈਜਿਡੀ ਕਿੰਗ' ਵਾਲੇ ਅਕਸ ਨੂੰ ਬਦਲਣ ਵਿਚ ਵੀ ਕੁਝ ਹੱਦ ਤੱਕ ਕਾਮਯਾਬ ਹੋਇਆ।

(ਚਲਦਾ)







ਅਦਾਕਾਰਾ ਵੈਜੰਤੀਮਾਲਾ ਅਤੇ (ਸੱਜੇ) ਫਿਲਮ 'ਗੰਗਾ ਜਮੁਨਾ' ਦਾ ਪੋਸਟਰ।

# ਮਾਂਝੀ: ਬਿਹਾਰ ਦੇ ਫਰਹਾਦ ਦੀ ਸੱਚੀ ਕਹਾਣੀ

ਚੋਟੀ ਦੇ ਅਦਾਕਾਰ ਨਵਾਜ਼-ਉਦ-ਦੀਨ ਸਿੱਦੀਕੀ ਦੀ ਨਵੀਂ ਫਿਲਮ 'ਮਾਂਝੀ' 21 ਅਗਸਤ ਨੂੰ ਰਿਲੀਜ਼ ਹੋ ਰਹੀ ਹੈ। ਕੇਤਨ ਮਹਿਤਾ ਵੱਲੋਂ ਨਿਰਦੇਸ਼ਕ ਇਹ ਫਿਲਮ ਦਸ਼ਰਥ ਮਾਂਝੀ ਦੇ ਜੀਵਨ 'ਤੇ ਆਧਾਰਿਤ ਹੈ ਜਿਸ ਨੇ 22 ਸਾਲ ਹਥੌੜਾ ਚਲਾ ਕੇ ਪਿੰਡ ਲਈ ਸੜਕ ਕੱਢ ਲਈ ਸੀ। ਦਸ਼ਰਥ ਮਾਂਝੀ ਦਾ ਪਿੰਡ ਗਹਿਲੋਰ, ਬਿਹਾਰ ਵਿਚ ਗਯਾ ਨੇੜੇ ਪੈਂਦਾ ਹੈ। ਅਸਲ ਵਿਚ ਦਸ਼ਰਥ ਮਾਂਝੀ ਦੀ ਪਤਨੀ ਫਾਲਗੁਨੀ ਦੇਵੀ ਦੀ ਮੌਤ ਇਲਾਜ ਖੁਣੋਂ 1959 ਵਿਚ ਹੋ ਗਈ ਸੀ। ਹਸਪਤਾਲ ਉਸ ਦੇ ਪਿੰਡ ਤੋਂ 70 ਕਿਲੋਮੀਟਰ ਦੂਰ ਪੈਂਦਾ ਸੀ। ਫਿਰ ਦਸ਼ਰਥ ਨੇ 360 ਫੁੱਟ ਲੰਮਾ ਅਤੇ 25 ਫੁੱਟ ਉਚਾ ਪਹਾੜ ਕੱਟ ਕੇ ਆਪਣੇ ਪਿੰਡ ਲਈ ਸ਼ਾਰਟ ਕੱਟ ਰਸਤਾ ਕੱਢ ਲਿਆ। ਇਹ ਕੰਮ ਉਸ ਨੇ 1960 ਵਿਚ ਸ਼ੁਰੂ ਕੀਤਾ ਸੀ ਜੋ 1982 ਵਿਚ ਖ਼ਤਮ ਹੋਇਆ।




ਫਿਲਮ 'ਮਾਂਝੀ' ਦਾ ਪੋਸਟਰ।




ਫਿਲਮ 'ਮਾਂਝੀ' ਦਾ ਅਸਲ ਹੀਰੋ ਦਸ਼ਰਥ ਮਾਂਝੀ।

# MWOSE & DHALIWAL ATTORNEYS AT LAW




IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ



FREE CONSULTATION!

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

317-222-1567

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

ਅਟਾਰਨੀ ਐਟ ਲਾਅ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842

# Imperial Truck Driving School

3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !

ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Ph: 559-266-4000, Cell: 916-470-5520

# Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*

Call:734-261-0936
734-890-1767

e-mail: raj@syanvideo.com
visit at: www.syanvideo.com


KAPURTHALA SPORTS & CULTURAL CLUB USA (regd.)
Presents
4th FOOTBALL, BASKETBALL
& VOLLEYBALL TOURNAMENT
ਫੁੱਟਬਾਲ, ਬਾਸਕਿਟਬਾਲ ਅਤੇ
ਵਾਲੀਬਾਲ ਟੂਰਨਾਮੈਂਟ
ਅਸੀਂ ਇਹ ਟੂਰਨਾਮੈਂਟ ਅਪਣੇ ਹਰਮਨ ਪਿਆਰੇ
ਸਾਥੀ (Late) ਸ. ਸੁਰਿੰਦਰ ਸਿੰਘ ਮੱਟੂ (ਵਾਈਸ ਪ੍ਰੈਜ਼ੀਡੈਂਟ)
ਨੂੰ ਸਮਰਪਿਤ ਕਰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ,
ਉਹਨਾ ਦੀ ਖੇਡਾਂ ਪ੍ਰਤੀ ਸੇਵਾ ਭਾਵਨਾ ਹਮੇਸ਼ਾ ਯਾਦ ਰੱਖੀ ਜਾਏਗੀ।
Late S. Surinder S. Mattu
S. Kuldeep Singh Cheema
Deputy Commandant (Retd.) BSF
International Basketball Player
SUNDAY AUGUST 9th, 2015
Q-435-M Van Buren High School
230-17 Hillside Ave., Queens, NY 11427
TARSEM SINGH KHERA
PARGAN S. AULA
TONY AVELLA
SATNAM S. PARHAR
Shaheed Bhai Mani Singh Cultural Society
Shaheed Kartar Singh Sarabha Sports Club
GURDEV S. KANG
HARDEV S. PADDA
MR. & MRS. GUS
Bellerose Sports Club.
Panthak Sikh Society NY
KAPURTHALA SPORTS & CULTURAL CLUB
Punjabi Virsa Sports Club
Bhagat Dhanna Jatt Society
Dhan Dhan Baba Budha Ji
Shere Punjab Sports Club
Shaheed Bhagat Singh
Association of NY Inc.
75 Super Bazar
Dalvir S. Bassi
Jaswinder Singh
Arvinder Singh
Gurdev S. Bains
Karnail S. Bains
Manjinder Singh
Dr. Pritam Singh
Karnail S. Aujla
Ajay Choudhri (Papa Johns Pizza)
Vasdev & Sharma Family
Narinder S. Padda
Mr. Trivedi
Narinder S. Deol
Sandeep Sharma
Arman Bridal
Kulwant Singh Bajwa
Gian Singh
Sher Singh Madra
Naresh Kumar
Satnam Singh
Kuldip S. Dhillon
Parmod K. Master
Pinka Ji
Dharam Pal Sharma
Jasbir S. Kataria
Harninder S. Rintu
Kuljit Singh
Harjit Singh
Charanjit Singh
Mr. Pushp
Azad Party
79 St. Deli
SHIV DASS PRESIDENT
JACKSON HEIGHTS
MERCHANTS ASSOCIATION
MUKTI
President J.S.Kari 917 681 5959
Vice President J. S. Bal 917 915 1900
Secretary R. K. Sharma 516 263 8373
Treasurer M. S. Waraich 917 597 6667
Joint Secretary Sukhdev S. Matu 347-229-2227
Surya Sweets
AASHIAN TRAVEL
TOLL FREE : 1-877-755-7476
One Stop Driving School
917 751 6492
Khera Transport Inc.
718 647 4744
Hillside Hardware Store Inc.
718 343 0072
Arora Insurance Agency Inc.
718 831 1230
Sunny Truck Driving School
718 353 6745
FOR PLAYERS MUST
BRING ID PLEASE
Bhagat Auto Repair Center
718 347 7200
Malwa Brother Organization
SINGH FARM
PUNJABI DHABA
GLOBAL PUNJAB
JAI HIND ENTERPRISES INC.
718 470 9020
ask for
KUMAR OR RAJ
MoneyGram
THAKUR DIGITAL
PHOTO & VIDEO
917 854 4109
646 492 9700
A SHARMA LAW FIRM
YOUR SUCCESS IS OUR ONLY MISSION
Print & Design By:
INFINITY 347 475 7751
ਆਪਣਾ ਪੰਜਾਬ
ਸ਼ਾਨੇ ਪੰਜਾਬ
ਪੰਜਾਬ ਟਾਈਮਜ਼